**ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)** ਅਮਰੀਕਾ ਦੇ ਵੱਖ ਵੱਖ ਮੁੱਖ ਸਿਹਤ ਕੈਂਦਰਾਂ ਮੁਤਾਬਕ ਕੋਰੋਨਾਵਾਇਰਸ ਤੋਂ ਅਮਰੀਕਾ ਵਿਚ ਮਰਨ ਵਾਲਿਆਂ ਦੀ ਗਿਣਤੀ ਹੁਣ ਤੱਕ 72,271 ਹੈ, ਕੁੱਲ ਕੇਸ 1,237,633 ਹਨ। ਤਾਜ਼ਾ ਅੰਕੜੇ ਉਦੋਂ ਸਾਹਮਣੇ ਆਏ ਹਨ ਜਦੋਂ ਜ਼ਿਆਦਾਤਰ ਮਹਾਂਮਾਰੀ ਦੌਰਾਨ ਕਈ ਸੂਬੀਆਂ ਵਿੱਚ ਕੁਝ ਢਿੱਲ ਦਿੱਤੀ ਗਈ ਹੈ । ਅਮਰੀਕਾ ਵਿੱਚ ਦੇ ਕਰੋਨਾ ਦੇ ਕੇਸਾਂ ਅਤੇ ਮੌਤਾਂ ਦੀ ਗਿਣਤੀ ਪਿਛਲੇ 24 ਘੰਟਿਆਂ ਦੌਰਾਨ ਦਰ ਕੁਝ ਘੱਟ ਰਹੀ ਹੈ । ਅਮਰੀਕਾ 13 ਮਾਰਚ ਤੋਂ ਕੌਮੀ ਐਮਰਜੈਂਸੀ ਦੇ ਆਦੇਸ਼ਾਂ ਹੇਠ ਹੈ, ਜਿਸ ਨੇ ਇੱਥੋਂ ਅਤੇ ਵਿਦੇਸ਼ਾਂ ਦੀਆਂ ਆਰਥਿਕਤਾਵਾਂ ਨੂੰ ਪ੍ਰਭਾਵਤ ਕੀਤਾ ਹੈ।ਵਿਸ਼ਵਵਿਆਪੀ ਤੌਰ 'ਤੇ ਵਾਇਰਸ ਕਾਰਨ 258,343 ਮੌਤਾਂ ਹੋਈਆਂ ਹਨ। ਅਮਰੀਕਾ ਵਿੱਚ ਕੇਸਾਂ ਦੀ ਕੁੱਲ ਸੰਖਿਆ ਹੁਣ ਪਹਿਲੇ ਛੇ ਸਭ ਤੋਂ ਵੱਧ ਸੰਕਰਮਿਤ ਦੇਸ਼ਾਂ ਦੇ ਬਰਾਬਰ ਹੋ ਗਈ ਹੈ। ਸਪੇਨ, ਜੋ ਕਿ ਇਟਲੀ ਨੂੰ ਸਭ ਤੋਂ ਵੱਧ ਕੇਸਾਂ ਦੇ ਨਾਲ ਯੂਰਪ ਵਿੱਚ ਪਛਾੜ ਗਿਆ ਹੈ, ਉਸਦੇ ਬਾਅਦ ਯੂਕੇ, ਜਰਮਨੀ, ਰੂਸ ਅਤੇ ਫਰਾਂਸ ਹੈ। ਜੋਹਨਜ ਹਾਪਕਿਨਜ਼ ਕੋਰੋਨਾਵਾਇਰਸ ਰਿਸੋਰਸ ਸੈਂਟਰ ਮੁਤਾਬਕ ਅਮਰੀਕਾ ਦੇ ਸਿਹਤ ਵਿਭਾਗ ਨੇ ਦੁਪਹਿਰ ਤੱਕ ਰਾਜ ਭਰ ਵਿੱਚ ਕੁੱਲ 1,237,633 ਕੇਸਾਂ ਦੀ ਰਿਪੋਰਟ ਕੀਤੀ ਹੈ। ਉਨ੍ਹਾਂ ਵਿਚੋਂ ਅੱਧੇ ਤੋਂ ਜ਼ਿਆਦਾ ਨਿਉ ਯਾਰਕ ਸਿਟੀ ਨਾਲ ਸਬੰਧਤ ਹਨ , ਜਿਨ੍ਹਾਂ ਦੀ ਕੁਲ ਗਿਣਤੀ 330,139 ਹੈ। ਸ਼ਹਿਰ ਵਿਚ ਹੁਣ ਰਾਜ ਦੀਆਂ 25204 ਮੌਤਾਂ ਵਿਚੋਂ 16,889 ਇਕੱਲੇ ਨਿਉਯਾਰਕ ਦੀਆਂ ਹੀ ਹਨ ਜੇਕਰ ਨਿਉਯਾਰਕ ਅਤੇ ਨਿਉ ਜਰਸੀ ਕੁੱਲ ਮਿਲਾ ਲਈਏ ਤਾਂ 461,844 ਮਾਮਲੇ ਹਨ, ਜੋ ਹੁਣ ਤੱਕ ਅਮਰੀਕਾ ਤੋਂ ਬਾਹਰ ਕਿਸੇ ਵੀ ਹੋਰ ਦੇਸ਼ ਨਾਲੋਂ ਕੁੱਲ ਦੁੱਗਣੇ ਹਨ। ਕੈਲੀਫੋਰਨੀਆ ਇਸ ਦੌਰਾਨ 58,625 ਸੰਕਰਮਿਤ ਕੇਸਾਂ ਅਤੇ ਮੰਗਲਵਾਰ ਤੱਕ 2,376 ਮੌਤਾਂ ਦੇ ਨਾਲ ਅਮਰੀਕਾ ਦਾ ਪੰਜਵਾਂ ਸਭ ਤੋਂ ਸੰਕਰਮਿਤ ਰਾਜ ਰਿਹਾ।



**ਰਾਸ਼ਟਰਪਤੀ ਦੀ ਚੋਣ ਚ ਜੋਇ ਬਾਇਡੇਨ ਡੈਮੋਕ੍ਰੈਟਿਕ ਦਾ ਹੱਥ ਫਿਰ ਉਪਰ:**

ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਨਵੰਬਰ ਵਿੱਚ ਹੋਣ ਜਾ ਰਹੀ ਹੈ, ਜੋਇ ਬਾਇਡੇਨ ਡੈਮੋਕ੍ਰੈਟਿਕ ਉਮੀਦਵਾਰ ਹਨ ਤੇ ਉਨਾ ਦਾ ਸਿੱਧਾ ਮੁਕਾਬਲਾ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਹੈ ਬਿਨਾਂ ਸ਼ੱਕ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਕਰੋਨਾ ਮਹਾਂਮਾਰੀ ਨੇ ਮਧੋਲ ਦਿੱਤਾ ਹੈ ਜਿਸਦਾ ਅਸਰ ਉਸਦੀ ਲੋਕਪ੍ਰਿਅਤਾ ਤੇ ਵੀ ਪਿਆ ਹੈ ਇਸ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਗਰਾਫ ਹਾਲ ਦੇ ਹਫਤਿਆਂ ਵਿਚ ਘੱਟ ਗਿਆ ਹੈ ਕਿਉਂਕਿ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਕੋਰੋਨਾਵਾਇਰਸ ਮਹਾਂਮਾਰੀ ਦੌਰਾਨ ਵੋਟਰਾਂ ਨਾਲ ਸੰਪਰਕ ਕਰਨ ਲਈ ਸੰਘਰਸ਼ ਕਰ ਰਹੇ ਹਨ। ਅੱਜ ਜਾਰੀ ਕੀਤੇ ਗਏ ਇਕ ਸਰਵੇ ਅਨੁਸਾਰ ਸੋਮਵਾਰ ਅਤੇ ਮੰਗਲਵਾਰ ਨੂੰ ਕਰਵਾਏ ਗਏ ਓਪੀਨੀਅਨ ਪੋਲ ਵਿੱਚ ਪਾਇਆ ਗਿਆ ਕਿ ਰਜਿਸਟਰਡ ਵੋਟਰਾਂ ਵਿੱਚੋਂ 43% ਨੇ ਕਿਹਾ ਕਿ ਉਹ 3 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿੱਚ ਬਿਡੇਨ ਦਾ ਸਮਰਥਨ ਕਰਨਗੇ, ਜਦੋਂ ਕਿ 41% ਨੇ ਕਿਹਾ ਕਿ ਉਹ ਟਰੰਪ ਦਾ ਸਮਰਥਨ ਕਰਨਗੇ। ਇਹ ਗਰਾਫ ਮੁਕਾਬਲੇ ਨੂੰ ਟੌਸ ਵਾਂਗ ਬਣਾ ਦਿੰਦਾ ਹੈ, ਕਿਉਂਕਿ ਨਤੀਜੇ ਪੋਲ ਦੀ ਭਰੋਸੇਯੋਗਤਾ ਦੇ ਅੰਤਰਾਲ ਵਿੱਚ ਬਹੁਤਾ ਫਰਕ ਨਹੀਂ । ਜ

ੋਇ ਬਾਇਡੇਨ ਨੇ ਪਿਛਲੇ ਹਫਤੇ ਇਸੇ ਤਰ੍ਹਾਂ ਦੇ ਇੱਕ ਮਤਦਾਨ ਵਿੱਚ 6 ਪ੍ਰਤੀਸ਼ਤ ਅੰਕਾਂ ਦੀ ਬੜਤ ਹਾਸਲ ਕੀਤੀ ਸੀ ਅਤੇ 15 ਤੋਂ 21 ਅਪ੍ਰੈਲ ਨੂੰ ਹੋਏ ਇੱਕ ਮਤਦਾਨ ਵਿੱਚ 8 ਅੰਕ ਉਪਰ ਬਣੇ ਸਨ।ਸਾਬਕਾ ਉਪ ਰਾਸ਼ਟਰਪਤੀ ਜੋਇ ਬਿਡੇਨ ਨੇ ਵਾਇਰਸ ਕਰਕੇ ਪਾਬੰਦੀਆਂ ਨੂੰ ਧਿਆਨ ਵਿਚ ਰੱਖਦੇ ਹੋਏ, ਆਪਣੇ ਰਾਸ਼ਟਰਪਤੀ ਅਭਿਆਨ ਨੂੰ ਆਪਣੇ ਡੇਲਾਵੇਅਰ ਘਰ ਤੋਂ ਚਲਾਉਣ ਲਈ ਸ਼ੁਰੂ ਕੀਤਾ ਸੀ। ਟਰੰਪ ਦੀ ਕਰੋਨਾ ਵਾਇਰਸ ਨਾਲ ਲੜਨ ਦੀ ਨੀਤੀ ਨੇ ਗਰਾਫ ਵਿੱਚ ਵੀ ਬਹੁਤ ਫਰਕ ਪਾਇਆ ਜਿਸ ਨਾਲ ਅਮਰੀਕਾ ਵਿਚ 70,000 ਤੋਂ ਵੱਧ ਲੋਕ ਮਾਰੇ ਗਏ ਹਨ ਅਤੇ 30 ਮਿਲੀਅਨ ਲੋਕਾਂ ਨੂੰ ਕੰਮ ਤੋਂ ਘਰ ਬਿਠਾ ਦਿੱਤਾ ਹੈ, ਇਸ ਦੇ ਉਲਟ, ਟਰੰਪ ਨੇ ਆਪਣੇ ਆਪ ਨੂੰ ਅਮਰੀਕਾ ਦੇ ਮਹਾਂਮਾਰੀ ਨਾਲ ਨਜਿੱਠਣ ਲਈ ਸਿਹਰਾ ਦਿੱਤਾ ਜੋ ਆਮ ਲੋਕਾਂ ਦੇ ਫਿਟ ਨਹੀਂ ਬੈਠ ਰਹੀ।

# ਕਰੋਨਾ ਵਾਇਰਸ ਵੈਕਸੀਨ ਲਈ ਅਮਰੀਕਾ ਵਲੋਂ ਸਵਿਟਜਰਲੈਂਡ ਨਾਲ ਸਮਝੌਤਾ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾਵਾਇਰਸ ਨਾਲ 1668 ਮੌਤਾਂ ਹੋਣ ਦੀ ਰਿਪੋਰਟ ਹੈ ਤੇ ਮ੍ਰਿਤਕਾਂ ਦੀ ਕੁੱਲ ਗਿਣਤੀ 67444 ਹੋ ਗਈ ਹੈ। ਕੋਰੋਨਾ ਨਾਲ ਪੀੜਤ 29322 ਨਵੇਂ ਮਰੀਜ਼ ਸਾਹਮਣੇ ਆਏ ਹਨ ਤੇ ਵਾਇਰਸ ਨਾਲ ਪੀੜਤ ਅਮਰੀਕੀਆਂ ਦੀ ਕੁਲ ਗਿਣਤੀ 11,60,774 ਹੋ ਗਈ ਹੈ। ਮਰੀਜ਼ਾਂ ਦੇ ਠੀਕ ਹੋਣ ਦੀ ਦਰ ਵਧਕੇ 72% ਹੋ ਗਈ ਹੈ। ਕੁਲ 2,41,169 ਮਾਮਲਿਆਂ ਵਿਚੋਂ 1,73,725 ਅਮਰੀਕੀ ਠੀਕ ਹੋ ਕੇ ਘਰਾਂ ਨੂੰ ਪਰਤ ਗਏ ਹਨ। ਇਸੇ ਦੌਰਾਨ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਕੋਰੋਨਾਵਾਇਰਸ ਦੇ ਫੈਲਣ ਸਬੰਧੀ ਜਨਵਰੀ ਵਿਚ ਖੁਫ਼ੀਆ ਜਾਣਕਾਰੀ ਮਿਲ ਗਈ ਸੀ। ਵਾਈਟ ਹਾਊਸ ਦੇ ਇਕ ਅਧਿਕਾਰੀ ਅਨੁਸਾਰ ਜਨਵਰੀ ਵਿਚ ਦੋ ਵਾਰ 23 ਤੇ 28 ਜਨਵਰੀ ਨੂੰ ਟਰੰਪ ਨੂੰ ਖੁਫ਼ੀਆ ਜਾਣਕਾਰੀ ਦਿੱਤੀ ਗਈ ਸੀ। ਪਹਿਲੀ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਕੋਰੋਨਾਵਾਇਰਸ ਵਿਚ ਵਿਸ਼ਵ ਭਰ 'ਚ ਫੈਲਣ ਦੀ ਸਮਰੱਥਾ ਹੈ। ਇਹ ਚਿਤਾਵਨੀ ਅਮਰੀਕਾ ਵਿਚ ਪਹਿਲਾ ਮਾਮਲਾ ਸਾਹਮਣੇ ਆਉਣ ਉਪਰੰਤ ਦਿੱਤੀ ਗਈ ਸੀ। ਪਰੰਤੂ ਇਸ ਦੇ ਨਾਲ ਹੀ ਰਾਸ਼ਟਰਪਤੀ ਨੂੰ ਇਹ ਵੀ ਦਸਿਆ ਗਿਆ ਸੀ ਕਿ ਇਹ ਵਾਇਰਸ ਜਿਆਦਾ ਖਤਰਨਾਕ ਨਹੀਂ ਹੈ। ਇਸ ਤੋਂ 5 ਦਿਨਾਂ ਬਾਅਦ ਰਾਸ਼ਟਰਪਤੀ ਨੂੰ ਦਸਿਆ ਗਿਆ ਕਿ ਵਾਇਰਸ ਚੀਨ ਤੋਂ ਬਾਹਰ ਫੈਲ ਰਿਹਾ ਹੈ ਪਰੰਤੂ ਮੌਤਾਂ ਚੀਨ ਵਿਚ ਹੀ ਹੋ ਰਹੀਆਂ ਹਨ ਤੇ ਚੀਨ ਹੋ ਰਹੀਆਂ ਮੌਤਾਂ ਨੂੰ ਛੁਪਾ ਰਿਹਾ ਹੈ।

**ਮਰੀਜ਼ਾਂ ਦੀ ਗਿਣਤੀ ਵਧਣ ਦੀ ਸੰਭਾਵਨਾ**

ਕੋਵਿਡ-19 ਨਾਲ ਪੀੜਤ ਮਰੀਜ਼ਾਂ ਦੀ ਗਿਣਤੀ ਆਉਣ ਵਾਲੇ ਦਿਨਾਂ ਦੌਰਾਨ ਅਮਰੀਕਾ ਸਮੇਤ ਪੂਰੇ ਵਿਸ਼ਵ ਵਿਚ ਵਧਣ ਦੀ ਸੰਭਾਵਨਾ ਹੈ। ਮਾਹਿਰਾਂ ਅਨੁਸਾਰ ਅਮਰੀਕਾ ਵਿਚ ਆਉਣ ਵਾਲੇ ਹਫ਼ਤਿਆਂ ਦੌਰਾਨ ਟੈਸਟਾਂ ਦੇ ਨਤੀਜੇ ਆਉਣ ਨਾਲ ਮਰੀਜ਼ਾਂ ਦੀ ਗਿਣਤੀ ਵਿਚ ਰੋਜ਼ਾਨਾ ਵਾਧਾ ਹੋਵੇਗਾ। ਮਾਹਿਰਾਂ ਦਾ ਕਹਿਣਾ ਹੈ ਕਿ ਕੋਰੋਨਾ ਮਹਾਮਾਰੀ ਦਾ ਕੇਂਦਰ ਬਣ ਚੁੱਕੇ ਅਮਰੀਕਾ ਵਿਚ ਟੈਸਟ ਸਹੂਲਤਾਂ ਸੀਮਿਤ ਹੋਣ ਕਾਰਨ ਮਰੀਜ਼ਾਂ ਦੀ ਅਸਲ ਗਿਣਤੀ ਕਿਤੇ ਜਿਆਦਾ ਹੈ।




**ਕਈ ਰਾਜਾਂ ਨੇ ਪਾਬੰਦੀਆਂ ਹਟਾਈਆਂ**

ਲੁਸਿਆਨਾ, ਕੋਲੋਰਾਡੋ, ਮੈਨੀ ਤੇ ਸਾਊਥਕੋਰੋਲੀਨਾ ਸਮੇਤ ਦਰਜ਼ਨ ਤੋਂ ਵਧ ਰਾਜਾਂ ਨੇ ਕੁਝ ਸ਼ਰਤਾਂ ਸਹਿਤ ਰੈਸਟੋਰੈਂਟ, ਸਟੋਰ ਤੇ ਹੋਰ ਕਾਰੋਬਾਰੀ ਅਦਾਰੇ ਖੋਲ ਦਿੱਤੇ ਹਨ ਤਾਂ ਜੋ ਅਰਥ ਵਿਵਸਥਾ ਨੂੰ ਮੁੜ ਪੱਟੜੀ ਉਪਰ ਲਿਆਂਦਾ ਜਾ ਸਕੇ। ਸ਼ਰਤਾਂ ਦੀ ਸਖਤੀ ਨਾਲ ਪਾਲਣਾ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਲੁਸਿਆਨਾ ਵਿਚ ਲੋਕ ਰੈਸਟੋਰੈਂਟਾਂ 'ਚ ਖਾਣੇ ਦਾ ਆਨੰਦ ਲੈ ਸਕਣਗੇ ਪਰ ਇਕ ਮੇਜ਼ ਵਿਚਾਲੇ ਫਾਸਲਾ 10 ਫੁੱਟ ਦਾ ਹੋਵੇਗਾ ਤੇ ਕੋਈ ਵੇਟਰ ਨਹੀਂ ਹੋਵੇਗਾ। ਗਾਹਕ ਖੁਦ ਖਾਣਾ ਲੈ ਕੇ ਨਿਰਧਾਰਤ ਮੇਜ਼ ਉਪਰ ਬਹਿਕੇ ਖਾ ਸਕੇਗਾ। ਮੈਨੀ ਵਾਸੀਆਂ ਨੂੰ ਆਪਣੀਆਂ ਕਾਰਾਂ ਵਿਚ ਬੈਠਕੇ ਚਰਚ ਦੀ ਪ੍ਰਾਰਥਨਾ ਵਿਚ ਹਿੱਸਾ ਲੈਣ ਦੀ ਖੁਲ ਦਿੱਤੀ ਗਈ ਹੈ। ਇਥੇ ਗੋਲਫ਼ ਕੋਰਸ, ਨਾਈਆਂ ਦੀਆਂ ਦੁਕਾਨਾਂ ਤੇ ਦੰਦਾਂ ਦੇ ਡਾਕਟਰਾਂ ਦੀਆਂ ਦੁਕਾਨਾਂ ਵੀ ਖੋਲ ਦਿੱਤੀਆਂ ਗਈਆਂ ਹਨ। ਕੋਲੋਰਾਡੋ ਵਿਚ ਲੋਕ ਆਪਣੇ ਵਾਲ ਕਟਵਾ ਸਕਦੇ ਹਨ ਤੇ ਸਟੋਰਾਂ ਵਿਚ ਖ੍ਰੀਦਦਾਰੀ ਕਰ ਸਕਣਗੇ ਪਰ ਡੈਨਵਰ ਤੇ ਨਾਲ ਲੱਗਦੀਆਂ ਕਾਊਂਟੀਆਂ ਵਿਚ 'ਸਟੇਅ ਐਟ ਹੋਮ' ਦੇ ਆਦੇਸ਼ ਲਾਗੂ ਰਹਿਣਗੇ। ਮਹੀਨੇ ਦੇ ਵਧ ਸਮੇਂ ਤੋਂ ਬਾਅਦ ਸਾਊਥ ਕੋਰੋਲੀਨਾ ਵਿਚ ਬੀਚਾਂ ਖੋਲ ਦਿੱਤੀਆਂ ਹਨ ਤੇ ਸਟੇਟ ਪਾਰਕਾਂ ਨੇ ਆਪਣੇ ਗੇਟ ਖੋਲ ਦਿੱਤੇ ਹਨ। ਰਾਜ ਦੀ ਮਿਰਟਲ ਬੀਚ ਜਿਥੇ ਕਿ ਸੈਲਾਨੀਆਂ ਦੀ ਸਭ ਤੋਂ ਵਧ ਭੀੜ ਹੁੰਦੀ ਹੈ, ਵਿਖੇ ਹੋਟਲਾਂ ਦੀਆਂ ਲਿਫ਼ਟਾਂ ਵਿਚ ਇਕ ਵਾਰ ਇਕ ਵਿਅਕਤੀ ਜਾਂ ਇਕ ਪਰਿਵਾਰ ਦੇ ਮੈਂਬਰ ਹੀ ਜਾ ਸਕਣਗੇ। ਇਸ ਮੌਕੇ ਕੁੱਝ ਲੋਕਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਸ ਤਰਾਂ ਲੱਗ ਰਿਹਾ ਹੈ ਜਿਵੇਂ ਉਹ ਜੇਲ ਵਿਚੋਂ ਰਿਹਾਅ ਹੋ ਕੇ ਆਏ ਹੋਣ।

**ਕਰੋਨਾ ਵਾਇਰਸ ਵੈਕਸੀਨ ਲਈ ਅਮਰੀਕਾ ਵਲੋਂ ਸਵਿਟਜਰਲੈਂਡ ਨਾਲ ਸਮਝੌਤਾ**

ਵੈਕਸੀਨ ਤਿਆਰ ਕਰਨ ਵਾਲੀ ਅਮਰੀਕਾ ਦੀ ਵੱਡੀ ਕੰਪਨੀ ਮੋਡੇਰਨਾ (ਭੌਟਇਚਹ ਁਦਣਰਨਅ) ਤੇ ਸਵਿਟਜਰਲੈਂਡ ਦੀ ਲੌਂਜ਼ਾ (Lonza Biologics facility) ਕੋਰੋਨਵਾਇਰਸ ਵੈਕਸੀਨ ਦੀਆਂ ਅਰਬਾਂ ਖੁਰਾਕਾਂ ਤਿਆਰ ਕਰਨ ਦੀ ਤਿਆਰੀ ਕਰ ਰਹੀਆਂ ਹਨ। ਦੋਵੇਂ ਕੰਪਨੀਆਂ ਸ਼ੁਰੂ ਵਿਚ ਮੋਡੇਰਨਾ ਅਮਰੀਕਾ ਅਤੇ ਸਵਿਟਜ਼ਰਲੈਂਡ ਵਿਚ ਲੌਂਜ਼ਾ ਕੋਰੋਨਵਾਇਰਸ ਵੈਕਸੀਨ ਦਾ ਨਿਰਮਾਣ ਕਰਨ ਦੀ ਸਮਝੋਤਾ ਹੋਇਆ ਹੈ ਤਾਂ ਜੋ ਦੋਵਾਂ ਥਾਵਾਂ' ਤੇ ਟੀਕਾ ਬਣਾਇਆ ਜਾ ਸਕੇ, ਦੋਨਾਂ ਕੰਪਨੀਆਂ ਵਿੱਚ 10 ਸਾਲ ਦਾ ਸਮਝੌਤਾ ਹੋਇਆ ਹੈ। ਦੋਨੋਂ ਕੰਪਨੀਆਂ ਜੁਲਾਈ 2020 ਵਿਚ ਲੌਂਜ਼ਾ ਦੀ ਅਮਰੀਕੀ ਵਿਚਲੇ ਖੋਜ ਕੇਂਦਰ ਤੋਂ ਐਮ ਆਰ ਐਨ ਏ -1273 ਨਾਂ ਦਾ ਵੈਕਸੀਨ ਪਹਿਲੇ ਬੈਚ ਚ ਤਿਆਰ ਕਰਨ ਦੀ ਉਮੀਦ ਕਰਦੀਆਂ ਹਨ। ਅਮਰੀਕਾ ਵਲੋਂ ਮੋਡੇਰਨਾ ਕੰਪਨੀ ਰਾਹੀਂ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਅਮਰੀਕਾ ਵਲੋਂ ਸਮਝੋਤਾ ਕੀਤਾ ਗਿਆ ਹੈ। ਇਸ ਸਮੇਂ ਐਮਆਰਐਨਏ -1273 ਦੇ ਪੜਾਅ 1 ਦੇ ਟਰਾਇਲ ਚੱਲ ਰਹੇ ਹਨ , ਅਤੇ ਅਮਰੀਕਾ ਦੇ ਫੂਡ ਐਂਡ ਡਰੱਗ (ਐਫ ਡੀ ਏ) ਤੋਂ ਮੰਨਜੂਰੀ ਲਈ ਬਿਨੈ ਪੱਤਰ ਸੌਂਪਿਆ ਗਿਆ ਹੈ।

# ਟਰੇਸੀ, ਕੈਲੀਫੋਰਨੀਆ ਦੇ ਇੱਕ ਗੁਰਦੁਆਰਾ ਵੱਲ ਕੁਝ ਅਣਪਛਾਤਿਆਂ ਵਲੋਂ ਗੋਲੀਬਾਰੀ, ਪੰਜ ਹਿਰਾਸਤ 'ਚ ਲਏ ਗਏ

**ਕੈਲੀਫੋਰਨੀਆ, (ਹੁਸਨ ਲੜੋਆ ਬੰਗਾ)–** ਬੀਤੇ ਦਿਨ ਟਰੇਸੀ, ਕੈਲੀਫੋਰਨੀਆ ਦੇ ਇੱਕ ਗੁਰਦੁਆਰਾ ਵੱਲ ਕੁਝ ਅਣਪਛਾਤਿਆਂ ਲੋਕਾਂ ਵਲੋਂ ਗੋਲੀਆਂ ਚਲਾਉਣ ਦੀ ਖ਼ਬਰ ਨੇ ਇਕ ਵਾਰ ਤਾਂ ਸਥਾਨਕ ਸਿੱਖ ਭਾਇਚਾਰੇ ਨੂੰ ਦਹਿਸ਼ਤ ਚ ਪਾ ਦਿੱਤਾ ਸੀ ਪਰ ਹਕੀਕਤ ਕੁਝ ਹੋਰ ਨਿਕਲਣ ਕਾਰਣ ਭਾਈਚਾਰੇ ਨੇ ਸੁੱਖ ਦਾ ਸਾਹ ਲਿਆ। ਫਿਰ ਵੀ ਸਥਾਨਕ ਪੁਲੀਸ ਨੇ ਇਸ ਨੂੰ ਗੰਭਿਰਤਾ ਚ ਲੈਂਦੇ ਹੋਏ ਪੰਜ ਵਿਆਕਤੀ ਹਿਰਾਸਤ ਚ ਲੈ ਲਏ ਗਏ ਹਨ। ਸੈਨ ਵਾਕਿਨ ਕਾਊਂਟੀ ਸ਼ੈਰਿਫ ਦੇ ਦਫਤਰ ਮੁਤਾਬਿਕ ਸ਼ਾਮ ਛੇ ਵਜੇ ਤੋਂ ਬਾਅਦ, ਉਨਾਂ ਨੂੰ ਕਈ ਰਿਪੋਰਟਾਂ ਮਿਲੀਆਂ ਕਿ ਕਿਸੇ ਨੇ ਵੈਸਟ ਗ੍ਰਾਂਟ ਲਾਈਨ ਰੋਡ ਤੋਂ ਥੋੜ੍ਹੀ ਦੇਰ ਤੱਕ ਸਿੱਖ ਗੁਰਦੁਆਰਾ ਵੱਲ ਗੋਲੀਆਂ ਚਲਾਈਆਂ ਹਨ ਤੇ ਇਤਲਾਹ ਕਰਨ ਵਾਲਿਆਂ ਨੇ ਕਿਹਾ ਕਿ ਗੋਲੀਬਾਰੀ ਹੈਨਸਨ ਰੋਡ 'ਤੇ ਨਜ਼ਦੀਕੀ ਜਾਇਦਾਦ ਤੋਂ ਆ ਰਹੀ ਸੀ। ਸ਼ੈਰਿਫ ਦੇ ਦਫ਼ਤਰ ਦੇ ਅਨੁਸਾਰ ਟ੍ਰੇਸੀ ਪੁਲੀਸ ਅਫਸਰਾਂ ਨੇ ਘਟਨਾ ਵਾਲੀ ਥਾਂ ਤੇ ਜਾ ਕੇ ਪੰਜ ਲੋਕਾਂ ਨੂੰ ਹਿਰਾਸਤ ਵਿੱਚ ਲੈ ਲਿਆ ਜਿਨਾਂ ਕੋਲੋਂ ਤਿੰਨ ਰਾਈਫਲਾਂ ਤੇ ਦੋ ਪਸਤੋਲ ਬਰਾਮਦ ਕੀਤੇ ਗਏ ਹਨ ਤੇ ਉਨਾਂ ਉਪਰ ਅਣਗਹਿਲੀ ਨਾਲ ਵਰਤੇ ਅਸਲੇ ਦਾ ਕੇਸ ਪਾਇਆ ਗਿਆ ਹੈ । ਪੁਲੀਸ ਦੀ ਜਾਂਚ ਤੋਂ ਬਾਅਦ , ਪਤਾ ਚਲਿਆ ਹੈ ਕਿ ਇੱਕ ਪਰਿਵਾਰ ਦੇ ਮੈਂਬਰ ਜ਼ਮੀਨੀ ਖੱਭਿਆਂ ਵਿੱਚ ਗੋਲੀ ਮਾਰ ਰਹੇ ਸਨ ਤੇ ਕੁਝ ਗੋਲੀਆਂ ਦੀ ਦਿਸ਼ਾ ਗੁਰਦੁਆਰਾ ਵੱਲ ਚਲੇ ਗਈ ਇਸ ਦੌਰਾਨ ਕੋਈ ਜ਼ਖਮੀ ਨਹੀਂ ਹੋਇਆ ਸੀ ਪਰ ਨੇੜੇ ਹੀ ਇੱਕ ਖੜੀ ਕਾਰ ਦੀ ਇੱਕ ਖਿੜਕੀ ਵਿੱਚ ਗੋਲੀ ਜਰੂਰ ਲੱਗੀ ਜਿਸਦੇ ਸ਼ੀਸੇ ਟੱਟ ਗਏ। ਗੁਰਦੁਆਰਾ ਸਾਹਿਬ ਵਿੱਚ ਸਭ ਕੁਝ ਬੰਦ ਹੋਣ ਕਰਕੇ ਸੰਗਤ ਦੀ ਭੀੜ ਨਹੀਂ ਸੀ। ਸਥਾਨਕ ਗੁਰਦੁਆਰਾ ਦੇ ਪ੍ਰਬੰਧਕਾਂ ਨੇ ਵੀ ਦੱਸਿਆ ਕਿ ਗੁਰਦੁਆਰਾ ਸਾਹਿਬ ਦਾ ਕੋਈ ਜਾਨੀ ਤੇ ਮਾਲੀ ਨੁਕਸਾਨ ਨਹੀਂ ਹੋਇਆ।



# ਅਮਰੀਕਾ ਵਿਚ 24 ਘੰਟਿਆਂ ਦੌਰਾਨ 1450 ਕੋਰੋਨਾ ਪਾਜ਼ੇਟਿਵ ਮਰੀਜ਼ਾ ਦੀ ਮੌਤ

## ਹੁਣ ਤਕ 72,271 ਲੋਕਾਂ ਦੀ ਹੋਈ ਮੌਤ

**ਵਾਸ਼ਿੰਗਟਨ–** ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਮੰਨੇ ਜਾਣ ਵਾਲੇ ਅਮਰੀਕਾ ਵਿਚ ਕੋਰੋਨਾ ਵਾਇਰਸ ਕਾਰਨ ਤਬਾਹੀ ਰੁਕਣ ਦਾ ਨਾਮ ਨਹੀਂ ਲੈ ਰਹੀ ਹੈ। ਪਿਛਲੇ 24 ਘੰਟਿਆਂ ਵਿਚ, ਅਮਰੀਕਾ ਵਿੱਚ ਕੋਰੋਨਾ ਕਾਰਨ ਮਰਨ ਵਾਲਿਆਂ ਦੀ ਗਿਣਤੀ 1450 ਹੋ ਗਈ ਹੈ। ਇਸ ਦੇ ਨਾਲ, ਕੋਰੋਨਾ ਵਾਇਰਸ ਦੀ ਲਾਗ ਨਾਲ ਪੀੜਤ ਲੋਕਾਂ ਦੀ ਗਿਣਤੀ ਹੁਣ ਤੱਕ 12 ਲੱਖ ਦੇ ਨੇੜੇ ਪਹੁੰਚ ਗਈ ਹੈ, ਜਦਕਿ ਹੁਣ ਤੱਕ 72,271 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਹ ਰਾਹਤ ਦੀ ਗੱਲ ਹੈ ਕਿ 178,594 ਲੋਕ ਠੀਕ ਹੋ ਕੇ ਘਰ ਜਾ ਚੁੱਕੇ ਹਨ। ਅਮਰੀਕਾ ਵਿਚ 16,139 ਗੰਭੀਰ ਮਾਮਲੇ ਹਨ।



ਅਮਰੀਕਾ ਦਾ ਸ਼ਹਿਰ ਨਿਊਯਾਰਕ ਕੋਰੋਨਾ ਵਾਇਰਸ ਦਾ ਸਭ ਤੋਂ ਵੱਡਾ ਕੇਂਦਰ ਹੈ। ਨਿਊਯਾਰਕ ਵਿਚ ਕੋਰੋਨਾ ਪੀੜਤਾਂ ਦੀ ਗਿਣਤੀ 323,883 ਨੂੰ ਪਾਰ ਕਰ ਗਈ ਹੈ। ਕੋਰੋਨਾ ਕਾਰਨ ਹੁਣ ਤੱਕ 24,648 ਲੋਕਾਂ ਦੀ ਮੌਤ ਹੋ ਚੁੱਕੀ ਹੈ। ਸੂਬੇ ਵਿਚ 985,911 ਲੋਕਾਂ ਦੀ ਕੋ-ਰੋਨਾ ਜਾਂਚ ਕੀਤੀ ਗਈ ਹੈ। ਨਿਊਜਰਸੀ ਦੂਜਾ ਸੂਬਾ ਹੈ। ਨਿਊ ਯਾਰਕ ਤੋਂ ਬਾਅਦ ਨਿਊਜਰਸੀ ਵਿਚ ਸਭ ਤੋਂ ਵੱਧ ਕੋਰੋਨਾ ਦੇ ਮਰੀਜ਼ ਹਨ। 127,438 ਲੋਕ ਕੋਰੋਨ ਇਨਫੈਕਟਿਡ ਹਨ। ਹੁਣ ਤੱਕ ਕੋਰੋਨਾ ਮਹਾਂਮਾਰੀ ਨਾਲ 7,886 ਲੋਕਾਂ ਦੀ ਮੌਤ ਹੋ ਚੁੱਕੀ ਹੈ।

ਦੁਨੀਆ ਨਿਰੰਤਰ ਇਸ ਮਹਾਂਮਾਰੀ ਦੇ ਵਿਨਾਸ਼ ਨਾਲ ਜੂਝ ਰਹੀ ਹੈ। ਕੋਰੋਨਾ ਵਾਇਰਸ ਕਾਰਨ ਦੁਨੀਆ ਭਰ ਵਿਚ 35.66 ਲੱਖ ਲੋਕਾਂ ਪੀੜਤ ਹਨ, ਇਸ ਵਾਇਰਸ ਕਾਰਨ ਮਰਨ ਕਾਰਨ ਵਾਲਿਆਂ ਦੀ ਗਿਣਤੀ 2.48 ਲੱਖ ਤੋਂ ਵੱਧ ਹੋ ਗਈ ਹੈ। ਹੁਣ ਤੱਕ, ਦੁਨੀਆ ਭਰ ਵਿੱਚ 11.54 ਲੱਖ ਲੋਕ ਕੋਰੋਨਾ ਦੀ ਲਾਗ ਤੋਂ ਠੀਕ ਹੋ ਚੁੱਕੇ ਹਨ। ਦੁਨੀਆ ਦੇ ਸਭ ਤੋਂ ਪ੍ਰਭਾਵਤ ਦੇਸ਼ ਅਮਰੀਕਾ ਵਿਚ ਮਰਨ ਵਾਲਿਆਂ ਦੀ ਗਿਣਤੀ 68,598 ਨੂੰ ਪਾਰ ਕਰ ਗਈ ਹੈ।

## ਮਹਾਰਾਸ਼ਟਰ ਤੋਂ ਅੰਮ੍ਰਿਤਸਰ ਆਏ 15 ਹੋਰ ਵਿਅਕਤੀ ਪਾਜ਼ੇਟਿਵ ਪਾਏ ਗਏ

**ਅੰਮ੍ਰਿਤਸਰ–** ਮਹਾਰਾਸ਼ਟਰ ਨਾਂਦੇੜ ਸਾਹਿਬ ਤੋਂ ਪਰਤੇ ਯਾਤਰੂਆਂ 'ਚੋਂ 15 ਹੋਰ ਕੋਰੋਨਾ ਪਾਜ਼ੇਟਿਵ ਆਏ ਹਨ, ਇਸ ਦੇ ਨਾਲ ਮਹਾਰਾਸ਼ਟਰ ਤੋਂ ਆਏ 211 ਯਾਤਰੀ ਕੋਰੋਨਾ ਪਾਜ਼ੇਟਿਵ ਹੋ ਗਏ ਹਨ ਅੰਮ੍ਰਿਤਸਰ 'ਚ ਕੁੱਲ ਗਿਣਤੀ 226 ਹੋ ਗਈ ਹੈ। ਹੁਣ ਤੱਕ ਨਾਂਦੇੜ ਤੋਂ ਪਰਤੇ ਸ਼ਰਧਾਲੂਆਂ ਵਿੱਚੋਂ 3 ਕੋਰੋਨਾ ਪਾਜ਼ੇਟਿਵ ਦੀ ਵਿੱਚ 2 ਜਲੰਧਰ ਤੇ 1 ਗੁਰਦਾਸਪੁਰ ਦੇ ਵਿਅਕਤੀ ਸ਼ਾਮਲ ਸਨ, ਜਿਸ ਦੀ ਗਿਣਤੀ ਅੰਮ੍ਰਿਤਸਰ ਵਿੱਚ ਸ਼ਾਮਲ ਸੀ, ਜਦ ਕਿ ਕੁੱਲ 226 ਕੇਸ ਹੋ ਗਏ ਹਨ। ਅੰਮ੍ਰਿਤਸਰ ਜ਼ਿਲ੍ਹੇ ਵਿੱਚ 8 ਕੋਰੋਨਾ ਦੇ ਇਲਾਜ਼ ਵਿੱਚ ਸਫਲਤਾ ਤੋਂ ਬਾਅਦ ਘਰ ਵਾਪਸ ਪਰਤ ਚੁੱਕੇ ਹਨ ਅਤੇ ਚਾਰ ਕੋਰੋਨਾ ਪਾਜ਼ੇਟਿਵ ਤੋਂ ਇਕ ਲੈਬ ਅਟੈਂਡੇਟ ਵੀ ਕੋਰੋਨਾ ਪਾਜ਼ੇਟਿਵ ਜ਼ੇਰੇ ਇਲਾਜ ਹਨ।

## ਅਮਰੀਕੀ ਸੁਪਰੀਮ ਕੋਰਟ 'ਚ ਫੋਨ ਰਾਹੀ ਸੁਣਵਾਈ

**ਵਾਸ਼ਿੰਗਟਨ–** ਪਹਿਲੀ ਵਾਰ ਅਮਰੀਕੀ ਸੁਪਰੀਮ ਕੋਰਟ ਵਿਚ ਬਹਿਸ ਦਾ ਆਡੀਓ ਦੁਨੀਆ ਭਰ 'ਚ ਲਾਈਵ ਸੁਣਿਆ ਜਾਵੇਗਾ ਅਤੇ ਪਹਿਲੀ ਹੀ ਵਾਰ ਅਦਾਲਤੀ ਬਹਿਸ ਟੈਲੀਫੋਨ ਰਾਹੀਂ ਹੋਵੇਗੀ। ਇਹ ਬਦਲਾਅ ਕੋਰੋਨਾ ਵਾਇਰਸ ਮਹਾਮਾਰੀ ਦਾ ਪ੍ਰਭਾਵ ਹੈ ਜਿਸ ਨੇ ਅਦਾਲਤੀ ਕਮਰੇ ਵਿਚ ਕਾਰਵਾਈ ਨੂੰ ਅਸੁਰੱਖਿਅਤ ਬਣਾ ਦਿੱਤਾ ਹੈ। ਖ਼ਾਸ ਤੌਰ 'ਤੇ ਛੇ ਜੱਜਾਂ ਨੂੰ ਵਾਇਰਸ ਨਾਲ ਇਨਫੈਕਸ਼ਨ ਦਾ ਖ਼ਤਰਾ ਜ਼ਿਆਦਾ ਹੈ ਕਿਉਂਕਿ ਉਨ੍ਹਾਂ ਦੀ ਉਮਰ 65 ਸਾਲ ਜਾਂ ਜ਼ਿਆਦਾ ਹੈ। ਅਗਲੇ ਦੋ ਹਫ਼ਤਿਆਂ ਵਿਚ ਇਸ ਤਰੀਕੇ ਨਾਲ ਜਿਨ੍ਹਾਂ ਮਾਮਲਿਆਂ ਦੀ ਸੁਣਵਾਈ ਹੋਵੇਗੀ, ਉਨ੍ਹਾਂ ਵਿਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਟੈਕਸ ਅਤੇ ਹੋਰ ਵਿੱਤੀ ਰਿਕਾਰਡਜ਼ ਨੂੰ ਖ਼ੁਫ਼ੀਆ ਰੱਖਣ ਦੀ ਕੋਸ਼ਿਸ਼ ਸ਼ਾਮਲ ਹੈ।



ਕਾਰਵਾਈ ਦੀ ਸ਼ੁਰੂਆਤ ਵਿਚ ਹਰੇਕ ਵਕੀਲ ਨੂੰ ਸ਼ੁਰੂਆਤੀ ਬਿਆਨ ਦੇਣ ਲਈ ਦੋ ਮਿੰਟ ਦਾ ਸਮਾਂ ਦਿੱਤਾ ਜਾਵੇਗਾ। ਇਸ ਤੋਂ ਬਾਅਦ ਚੀਫ ਜਸਟਿਸ ਜੌਨ ਰਾਬਰਟਸ ਸਵਾਲਾਂ ਦਾ ਸਿਲਸਿਲਾ ਸ਼ੁਰੂ ਕਰਨਗੇ। ਬਾਅਦ ਵਿਚ ਸੀਨੀਅਰਾਂ ਦੀ ਲੜੀ ਵਿਚ ਬੈਂਚ ਦੇ ਸਾਰੇ ਜੱਜ ਸਵਾਲ ਕਰਨਗੇ। ਹਾਲਾਂਕਿ ਸੁਪਰੀਮ ਕੋਰਟ ਵਿਚ ਸਭ ਤੋਂ ਲੰਬੀ ਮਿਆਦ ਨਾਲ ਕੰਮ ਕਰਦੇ ਜੱਜ ਕਲੇਰੈਂਸ ਥਾਮਸ ਵਕੀਲਾਂ ਨਾਲ ਜ਼ਿਆਦਾਤਰ ਸਵਾਲ ਨਹੀਂ ਕਰਦੇ ਹਨ, ਲਿਹਾਜ਼ਾ ਉਨ੍ਹਾਂ ਦੀ ਵਾਰੀ ਸਭ ਤੋਂ ਆਖ਼ਰ ਵਿਚ ਆਵੇਗੀ।

## ਅਮਰੀਕਾ ਨਹੀ ਕਰੇਗਾ ਐਂਟੀਬਾਡੀ ਟੈਸਟ (ਬਲੱਡ ਟੈਸਟ)

ਵਾਸ਼ਿੰਗਟਨ- ਅਮਰੀਕੀ ਰੈਗੂਲੇਟਰੀ ਫੂਡ ਐਂਡ ਡੱਗ ਐਡਮਿਨਿਸਟ੍ਰੇਸ਼ਨ (US Food and Drug Administration) ਨੇ ਕੋਰੋਨਾ ਵਾਇਰਸ (ਛੋਰੋਨਅਵਰਿਸ) ਬਲੱਡ ਟੈਸਟ ਸਬੰਧੀ ਆਪਣਾ ਫ਼ੈਸਲਾ ਵਾਪਸ ਲੈ ਲਿਆ ਹੈ। ਜਾਂਚ ਦੇ ਬਦਲ ਵਧਾਉਣ ਦੇ ਦਬਾਅ ਹੇਠ ਐੱਫਡੀਏ ਨੇ ਬਿਨਾਂ ਮਨਜ਼ੂਰੀ ਵਾਲੀਆਂ ਕਈਆਂ ਕੰਪਨੀਆਂ ਨੂੰ ਵੀ ਖ਼ੂਨ ਰਾਹੀਂ ਐਂਟੀਬਾਡੀ ਟੈਸਟ (Antibody Test) ਦੀ ਇਜਾਜ਼ਤ ਦੇ ਦਿੱਤੀ ਸੀ। ਹੁਣ ਇਸ ਮਾਮਲੇ 'ਚ ਕਈ ਕੰਪਨੀਆਂ ਦੇ ਦਾਅਵੇ ਝੂਠ ਪਾਏ ਜਾਣ ਕਾਰਨ ਐੱਫਡੀਏ ਨੇ ਇਹ ਫ਼ੈਸਲਾ ਵਾਪਸ ਲੈ ਲਿਆ ਹੈ। ਹੁਣ ਏਜੰਸੀ ਨੂੰ ਸਬੂਤ ਦੇਣ ਤੋਂ ਬਾਅਦ ਹੀ ਕੰਪਨੀਆਂ ਨੂੰ ਜਾਂਚ ਦੀ ਇਜਾਜ਼ਤ ਦਿੱਤੀ ਜਾਵੇਗੀ।



ਐੱਫਡੀਏ ਨੇ ਦੱਸਿਆ ਕਿ ਕਈ ਕੰਪਨੀਆਂ ਨੇ ਜਾਂਚ ਤੇ ਉਸ ਦੀ ਤਸਦੀਕ ਸਬੰਧੀ ਝੂਠਾ ਦਾਅਵਾ ਕੀਤਾ ਸੀ। ਇਸ ਨੂੰ ਦੇਖਦੇ ਹੋਏ ਹੀ ਤਮਾਮ ਕੰਪਨੀਆਂ ਨੂੰ ਦਿੱਤੀ ਗਈ ਜਾਂਚ ਦੀ ਇਜਾਜ਼ਤ ਵਾਪਸ ਲੈ ਲਈ ਗਈ ਹੈ। ਐੱਫਡੀਏ ਦੇ ਡਿਪਟੀ ਕਮਿਸ਼ਨਰ ਡਾ. ਆਨੰਦ ਸ਼ਾਹ ਨੇ ਕਿਹਾ ਕਿ ਇਹ ਇਜਾਜ਼ਤ ਮੌਜੂਦਾ ਦੌਰ 'ਚ ਟੈਸਟ ਕਿੱਟ ਦੀ ਉਪਲਬਧਤਾ ਵਧਾਉਣ ਲਈ ਜ਼ਰੂਰੀ ਸਹੂਲਤ ਦੇ ਤੌਰ 'ਤੇ ਦਿੱਤੀ ਗਈ ਸੀ। ਹਾਲਾਂਕਿ ਸਹੂਲਤ ਦਾ ਇਹ ਅਰਥ ਬਿਲਕੁਲ ਨਹੀਂ ਹੈ ਕਿ ਫਰਾਡ ਨੂੰ ਮਨਜ਼ੂਰੀ ਦੇ ਦਿੱਤੀ ਜਾਵੇ। ਉਨ੍ਹਾਂ ਕਿਹਾ, 'ਇਹ ਮੰਦਭਾਗਾ ਹੈ ਕਿ ਕਈ ਮਾਮਲਿਆਂ 'ਚ ਝੂਠੀ ਟੈਸਟ ਕਿੱਟ ਦੀ ਮਾਰਕੀਟਿੰਗ ਕੀਤੀ ਗਈ ਤੇ ਮਹਾਮਾਰੀ ਨੂੰ ਫਾਇਦਾ ਲੈਣ ਦੇ ਅਵਸਰ ਦੇ ਰੂਪ 'ਚ ਦੇਖਿਆ ਗਿਆ। ਜੌਨ ਹੌਪਕਿੰਸ ਯੂਨੀਵਰਸਿਟੀ ਅਨੁਸਾਰ ਅਮਰੀਕਾ 'ਚ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾ ਮਹਾਮਾਰੀ ਨਾਲ 1015 ਲੋਕਾਂ ਦੀ ਮੌਤ ਹੋਈ ਹੈ। ਦੇਸ਼ ਵਿਚ ਕੋਵਿਡ-19 ਨਾਲ ਮਰਨ ਵਾਲਿਆਂ ਦਾ ਅੰਕੜਾ ਮੰਗਲਵਾਰ ਸਵੇਰੇ 7 ਵਜੇ ਤਕ 68,920 ਪਹੁੰਚ ਗਿਆ ਹੈ, ਜਦਕਿ ਇਨਫੈਕਟਿਡ ਲੋਕਾਂ ਦੀ ਕੁੱਲ ਗਿਣਤੀ 11 ਲੱਖ 80 ਹਜ਼ਾਰ 288 ਹੋ ਗਈ ਹੈ। ਇਨ੍ਹਾਂ ਵਿਚੋਂ 1 ਲੱਖ 87 ਹਜ਼ਾਰ ਤੋਂ ਜ਼ਿਆਦਾ ਲੋਕ ਹੁਣ ਤਕ ਠੀਕ ਹੋ ਚੁੱਕੇ ਹਨ।






ਦੇਸ਼ ਦੁਆਬਾ

# Relevance of Tathagat Buddha in Contemporary Times

Prem K. Chumber
Editor-in-Chief: www.ambedkartimes.com
Ambedkar Times & Desh Doaba Weekly Newspapers

Tathagat Buddha started his search for an answer to 'dukha' (suffering -physical, mental, moral & social) by abandoning palace and seeking the company of the known recluses of his time. His sufferings did not begin out of either scarcity of material resources or of any physical ailment. It was the outcome of subtle realization on his part after a chance encounter of sickness, old age, and death. It went deep into his rational mind that if someone faces sickness, turned old and become dead then this will be the fate of every human being irrespective of his status, age and place. In this way, Buddha's suffering was the outcome of his encounter with the sufferings of others. In other words, it was contagious! So it cannot be designated as moral or something else. May be, we can call it impersonal-personal- suffering that he attributed to his very inner being after the chance encounter. Nevertheless, it occurred despite the presence of all comforts at his end. And this impersonal-personal-suffering led him to renounce his palacial living, King father, beautiful wife, a very small son and to live a mendicant life full of self-invited sufferings. He began his search for the emancipation of sufferings of all sorts outside the palace and in the company of the known renouncers. He did what was told to do to attain the 'truth'. He practiced every formula, yogic exercise and put himself to self-severe physical afflictions to the extent of turning his body frame into a mere skeletal. Living for days just on a single grain. None did work. Finally, I became clear to him that answer to suffering cannot be found outside. It might have occurred to him that how come an answer to sufferings that experienced within could be located in the outerworld? This led him do perform a new journey in search of the 'truth, - a journey within his very self. It also made him realise that on this journey, the best way is the middle way - in between extreme indulgence and total renunciation! But what distinguished Tathagat Buddha from all other practioners of spiritual way of finding truth is his scientific approach to know 'thyself'. He taught us there is dukha in life. It has a cause. The cause can be tracked down. And the answer to get rid of that could be found.

Another insight of the realized truth that he shared with the humanity is that all human beings are same. There is no upper and lower caste. Freedom, equality and social justice are the fundamental foundations for the journey to launch within by each one of us. Suffering begin in craving and it never ends at any stage of life. The only exit is to light one's own lamp within. Babasaheb Dr B.R. Ambedkar found the noble way to the emancipation and empowerment of the lower castes in embracing Buddhism, which for him not a religion of rituals but of social justice, freedom and equality. It taught us to struggle for salvation through our own efforts. It did not ask for any mediator between the sufferers and the God. It called upon us to understand what caused our suffering and to find a way out. The way he suggested is: Educate, Agitate, and Organize!

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-134

## ਚਉਪੜ ਅਤੇ ਗੁਰਮਤਿ



ਅਵਤਾਰ ਸਿੰਘ ਮਿਸ਼ਨਰੀ
510-432-5827

ਚਉਪੜ ਉਹ ਖੇਡ ਜੋ ਚਾਰ ਪੱਲਿਆਂ ਵਾਲਾ ਕਪੜਾ ਵਿਛਾ ਉਸ ਪਰ ਖਾਨੇ ਬਣਾ ਕੇ ਗੋਟੀਆਂ (ਨਰਦਾਂ) ਨਾਲ ਖੇਡੀ ਜਾਂਦੀ ਹੈ। ਗੁਰੂ ਗ੍ਰੰਥ ਵਿਸ਼ਵ ਕੋਸ਼ ਅਨੁਸਾਰ ਇਹ ਖੇਡ ਜੂਏ ਨਾਲ ਸਬੰਧਤ ਤੇ ਵਿਦਵਾਨਾਂ ਨੇ ਇਸ ਦਾ ਆਰੰਭ ਪੰਜਾਬ ਦੀ ਧਰਤੀ ਤੋਂ ਮੰਨਿਆਂ ਹੈ।ਇੱਥੋਂ ਹੀ ਵਾਪਾਰੀਆਂ ਰਾਹੀਂ ਪੱਛਮੀ ਦੇਸ਼ਾਂ ਵੱਲ ਪਸਰੀ ਤੇ ਇਸ 'ਚ ਕੁਝ ਬਦਲਾ ਵੀ ਹੋਇਆ। ਸ਼ਤਰੰਜ ਇਸੇ ਦਾ ਬਦਲਵਾਂ ਰੂਪ ਹੈ।

ਸ਼ਬਦ ਗੁਰੂ ਗ੍ਰੰਥ ਅਨੁਸਾਰ-ਐਸੀਆਂ ਜੂਆ ਰੂਪ ਚਉਪੜ ਖੇਡਾਂ ਵਿੱਚ ਸਮਾ ਗਵਾਉਣਾ ਵਿਅਰਥ ਹੈ। ਇਸ ਨੂੰ ਹਉਮੈ ਦਾ ਪ੍ਰਤੀਕ ਮਿਥ ਕੇ ਸਾਰਾ ਸੰਸਾਰ ਇਸ ਖੇਡ ਵਿੱਚ ਹਾਰਦਾ ਦਰਸਾਇਆ ਗਿਆ ਹੈ। ਕੇਵਲ ਗੁਰੂ ਸ਼ਬਦ ਦੀ ਵਿਚਾਰ ਕਰਨ ਵਾਲਾ ਗਿਆਨੀ ਹੀ ਇਸ ਪਰ ਫਤੇ ਪਾ ਸਕਦਾ ਹੈ-ਹਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ॥ ਸਭੁ ਜਗੁ ਹਾਰੈ ਸੋ ਜਿਤੈ ਗੁਰ ਸਬਦੁ ਬੀਚਾਰਾ॥(੪੨੨) ਇਸ ਚਉਪੜ ਦੀ ਖੇਡ ਬਾਰੇ ਗੁਰੂ ਅਰਜਨ ਸਾਹਿਬ ਨੇ ਦਰਸਾਇਆ ਕਿ ਕਾਮ, ਕ੍ਰੋਧ ਆਦਿਕ ਵਿਕਾਰਾਂ ਨੂੰ ਜਿੱਤ ਕੇ ਜੀਵਨ ਬਸਰ ਕਰਦੇ ਹਰਿ ਨਾਮ (ਪ੍ਰਭੂ ਨਿਯਮ) ਦੀ ਪਾਲਣਾ ਕਰਨੀ ਇਹੀ ਚੌਪੜ ਦਾ ਅਸਲ ਖੇਲ ਹੈ-ਇਨਿ ਬਿਧਿ ਪਾਸਾ ਢਾਲਹੁ ਬੀਰ॥ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ॥ ਕਰਮ ਧਰਮ ਤੁਮ ਚਉਪੜਿ ਸਾਜਹੁ ਸਤੁ ਕਰਹੁ ਤੁਮ ਸਾਰੀ॥ ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ॥ (ਮ:੫-੧੧੮੫)

ਚਉਪੜ ਬਾਰੇ ਭਾਈ ਗੁਰਦਾਸ ਜੀ ਦੇ ਵਿਚਾਰ-ਇਹੁ ਜਗੁ ਚਉਪੜ ਖੇਲੁ ਹੈ ਆਵਾ ਗਉਣ ਭਉਜਲ ਸੈਂਸਾਰੇ।ਗੁਰਮੁਖਿ ਜੋੜਾ ਸਾਧਸੰਗਿ ਪੂਰਾ ਸਤਿਗੁਰ ਪਾਰਿ ਉਤਾਰੇ।ਲਗ ਜਾਇ ਸੋ ਪੁਗ ਜਾਇ ਗੁਰ ਪਰਸਾਦੀ ਪੰਜ ਨਿਵਾਰੇ।ਗੁਰਮੁਖਿ ਸਹਜਿ ਸੁਭਾਉ ਹੈ ਆਪਹੁੰ ਬੁਰਾ ਨਾ ਕਿਸੈ ਵਿਚਾਰੇ।ਸਬਦ ਸੁਰਤਿ ਲਿਵ ਸਾਵਧਾਨ ਗੁਰਮੁਖਿ ਪੰਥ ਚਲੈ ਪਗੁ ਧਾਰੇ।ਲੋਕ ਵੇਦ ਗੁਰੁ ਗਿਆਨ ਮਤਿ ਭਾਇ ਭਗਤਿ ਗੁਰੁ ਸਿਖ ਪਿਆਰੇ। ਨਿਜ ਘਰਿ ਜਾਇ ਵਸੈ ਗੁਰ-ਦੁਆਰੇ॥ ੨੭॥(ਭਾ.ਗੁ ਵਾਰ-੩੭ ਪਉੜੀ-੨੭)

ਸੋ ਕਾਮ, ਕ੍ਰੋਧ ਆਦਿਕ ਪੰਜ ਵਿਕਾਰਾਂ ਨੂੰ ਕਾਬੂ 'ਚ ਰੱਖਦੇ ਗੁਰੂ ਜੁਗਤਿ ਦੁਆਰਾ ਜਗਤ-ਚਉਪੜ ਖੇਲ ਜਿਤ ਕੇ ਜਿੰਦਗੀ ਸਫਲ ਹੁੰਦੀ ਹੈ।

# ਕਿਹੋ ਜਿਹੀ ਸੋਚ ਦੇ ਮਾਲਕ ਬਣੀਏ ?



ਮਨਪ੍ਰੀਤ ਕੌਰ ਚੰਬਲ

ਸਕਾਰਾਤਮਕ ਸੋਚ ਹਮੇਸ਼ਾਂ ਮਨੁੱਖ ਨੂੰ ਸੱਚਾਈ ਦੇ ਪੰਧ ਉੱਪਰ ਚੱਲਣ ਦਾ ਬਲ ਬਖਸ਼ਦੀ ਹੈ। ਸਕਾਰਾਤਮਕ ਸੋਚ ਦੀ ਹੋਂਦ ਬਰਕਰਾਰ ਰੱਖਣ ਲਈ ਮਨੁੱਖੀ ਦਿਮਾਗ ਤਾਂ ਹੀ ਕਾਰਗਰ ਸਾਬਤ ਹੁੰਦਾ ਹੈ ਜੇਕਰ ਅਸੀਂ ਖੁਦ ਆਪਣੇ ਆਪ ਨੂੰ ਮੱਕਾਰੀ ਅਤੇ ਵਿਕਾਰੀ ਪ੍ਰਵਿਰਤੀਆਂ ਵਾਲੇ ਇਨਸਾਨਾਂ ਤੋਂ ਦੂਰ ਰੱਖਾਂਗੇ। ਇਨਸਾਨੀ ਮਨੋਬਿਰਤੀ ਅਤੇ ਦਿਮਾਗੀ ਸੂਹਜ ਜਦੋਂ ਗਿਆਨਹੀਣ ਅਤੇ ਸੰਸਾਰਕ ਭੋਗ-ਵਿਲਾਸਾਂ ਵਿੱਚ ਗ੍ਰਸਤ ਇਨਸਾਨਾਂ ਦੀ ਸੰਗਤ ਦੇ ਅਸਰ ਹੇਠ ਆਉਂਦੀ ਹੈ ਤਾਂ ਉਸ ਦਾ ਪਰਿਮਾਣ ਸਵਰੂਪ ਆਪਣੇ ਅਕਸ ਨੂੰ ਬਦਲ ਕੇ ਭਾਵਨਾਤਮਕ ਪੱਧਰ ਤੇ ਸਾਹਮਣੇ ਆਉਣਾ ਸੁਭਾਵਿਕ ਵਰਤਾਰਾ ਹੈ। ਇਸੇ ਕਰਕੇ ਸਿਆਣਿਆਂ ਦਾ ਕਹਿਣਾ ਹੈ ਕਿ ਮਨੁੱਖ ਨੂੰ ਹਮੇਸ਼ਾਂ ਚੰਗੀ ਤੇ ਉੱਚੀ-ਸੁੱਚੀ ਸੋਚ ਦੇ ਮਾਲਕ ਇਨਸਾਨਾਂ ਦੀ ਸੰਗਤ ਕਰਨੀ ਚਾਹੀਦੀ ਹੈ। ਮਨੁੱਖੀ ਦਿਮਾਗ ਵਿੱਚ ਹਰ ਵੇਲੇ ਸਕਾਰਾਤਮਕ ਅਤੇ ਨਕਾਰਾਤਮਕ ਸੋਚ ਦੀਆਂ ਤਰੰਗਾਂ ਪ੍ਰਵਾਹ ਚੱਲਦਾ ਰਹਿੰਦਾ ਹੈ ਜਿਸ ਦੇ ਫਲਸਰੂਪ ਮਨੁੱਖ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਚੰਗੇ ਅਤੇ ਮਾੜੇ ਕੰਮਾਂ ਦੀ ਰੁਚੀ ਪ੍ਰਤੀ ਸੁਚੇਤ ਹੁੰਦਾ ਰਹਿੰਦਾ ਹੈ।

ਇਨਸਾਨੀ ਦਿਮਾਗ ਵਿਸ਼ਵ-ਵਿਆਪੀ ਵਰਤਾਰੇ ਨੂੰ ਚਲਾ ਰਿਹਾ ਹੈ। ਹਰ ਦਿਮਾਗ ਦਾ ਕੰਮ ਪ੍ਰਤੀ ਨਜ਼ਰੀਆ ਵੱਖਰਾ ਹੁੰਦਾ ਹੈ। ਅਕਸਰ ਹੀ ਇਹ ਕਹਿ ਦਿੱਤਾ



ਜਾਂਦਾ ਹੈ ਕਿ ਸੂਝਵਾਨ ਇਨਸਾਨ ਚੰਗੀ ਸੋਚ ਦੇ ਮਾਲਕ ਹੁੰਦੇ ਹਨ ਅਤੇ ਮੂਰਖ ਲੋਕ ਮਾੜੀ ਸੋਚ ਦੇ ਮਾਲਕ ਹੁੰਦੇ ਹਨ ਜਾਂ ਫਿਰ ਇਉਂ ਕਹਿ ਲਵੋ ਕਿ ਆਦਰਸ਼ ਪ੍ਰਵਿਰਤੀ ਦੇ ਮਨੁੱਖ ਸਕਾਰਾਤਮਕ ਸੋਚ ਦੇ ਧਨੀ ਮੰਨੇ ਜਾਂਦੇ ਹਨ ਪਰ ਇਸ ਦੇ ਉਲਟ ਵਿਕਾਰੀ ਪ੍ਰਵਿਰਤੀ ਵਾਲੇ ਮਨੁੱਖ ਨਕਾਰਾਤਮਕ ਸੋਚ ਦੇ ਪਿਤਾਮਾ ਕਹੇ ਜਾ ਸਕਦੇ ਹਨ। ਇੱਥੇ ਇਹ ਵੇਖਣਾ ਜ਼ਰੂਰੀ ਹੈ ਕਿ ਕੀ ਸਾਡੀ ਚੰਗੀ ਤੇ ਮਾੜੀ ਸੋਚ ਸਾਡੇ ਕਿਰਦਾਰ ਅਤੇ ਜੀਵਨ ਨੂੰ ਪ੍ਰਭਾਵਿਤ ਕਰਦੀ ਹੈ ਤਾਂ ਇੱਥੇ ਸਾਨੂੰ ਬਿਨਾਂ ਸੰਕੋਚ ਦੇ ਹਾਂ ਕਹਿਣ ਵਿੱਚ ਕੋਈ ਝਿਜਕ ਮਹਿਸੂਸ ਨਹੀਂ ਹੋਣੀ ਚਾਹੀਦੀ। ਕਿਉਂਕਿ ਇਸ ਗੱਲ ਤੋਂ ਅਸੀਂ ਮੁਨਕਰ ਨਹੀਂ ਹੋ ਸਕਦੇ ਕਿ ਸਾਡੀ ਸੋਚ ਸਾਡੇ ਆਦਰਸ਼ਾਂ,ਸਾਡੇ ਜੀਵਨ ਅਤੇ ਸਾਡੇ ਕਿਰਦਾਰ ਨੂੰ ਪ੍ਰਭਾਵਿਤ ਕਰਦੀ ਹੈ।

ਅਹਿਮ ਸਵਾਲ ਇਹ ਹੈ ਕਿ ਕਿਸ ਇਨਸਾਨ ਦੀ ਸੋਚ ਸਕਾਰਾਤਮਕ ਹੈ ਅਤੇ ਕਿਸ ਦੀ ਨਕਾਰਾਤਮਕ ਹੈ ਇਸ ਦਾ ਅੰਦਾਜ਼ਾ ਕਿਵੇਂ ਲੱਗ ਸਕਦਾ ਹੈ? ਇਸ ਸਵਾਲ ਦਾ ਜਵਾਬ ਆਸਾਨੀ ਨਾਲ ਨਹੀਂ ਦਿੱਤਾ ਜਾ ਸਕਦਾ। ਹਾਂ,ਪਰ ਇੱਕ ਸੂਝਵਾਨ,ਵਿਵੇਕਸ਼ੀਲ ਅਤੇ ਬੁੱਧੀਮਾਨ ਇਨਸਾਨ ਕਿਸੇ ਵੀ ਇਨਸਾਨ ਦੇ ਆਚਾਰ-ਵਿਹਾਰ ਅਤੇ ਉਸ ਦੁਆਰਾ ਕੀਤੇ ਜਾਂਦੇ ਕੰਮਾਂ-ਕਾਜਾਂ ਨੂੰ ਤੇਜੀ ਨਾਲ ਨਿਰਖ-ਪਰਖ ਕੇ ਉਸ ਦੀ ਸੋਚ ਦੀ ਦਸ਼ਾ ਦਾ ਸਹਿਜੇ ਹੀ ਅਨੁਮਾਨ ਲਗਾ ਸਕਦਾ ਹੈ। ਇੱਥੇ ਇੱਕ ਹੋਰ ਪਹਿਲੂ ਵੀ ਅਹਿਮ ਹੈ ਕਿ ਜਿਹੜਾ ਇਨਸਾਨ ਕਾਮ, ਕ੍ਰੋਧ, ਲੋਭ ਮੋਹ, ਹੰਕਾਰ, ਈਰਖਾ ਅਤੇ ਦਵੈਤ ਆਦਿ ਨਾਲ ਹਰ ਵਕਤ ਆਪਣੇ ਦਿਮਾਗ ਨੂੰ ਲਬਰੇਜ਼ ਰੱਖਦੇ ਹਨ ਅਸੀਂ ਉਨ੍ਹਾਂ ਦੇ ਦਿਮਾਗ ਵਿੱਚ ਸਕਾਰਾਤਮਕ ਸੋਚ ਦੇ ਬਿੰਦੂ ਦੀ ਉਪਜ ਦੀ ਕਲਪਨਾ ਵੀ ਨਹੀਂ ਕਰ ਸਕਦੇ। ਜੇਕਰ ਇਨਸਾਨ ਧਰਤੀ ਤੇ ਰਹਿ ਰਹੇ ਜੀਵ-ਜੰਤੂਆਂ ਦੇ ਮਨੋਭਾਵਾਂ ਅਤੇ ਜ਼ਰੂਰਤਾਂ ਨੂੰ ਨਹੀਂ ਸਮਝ ਪਾ ਰਿਹਾ ਤਾਂ ਉਹ ਇੱਥੇ ਕਿਸੇ ਹੋਰ ਨੂੰ ਦੋਸ਼ ਨਾ ਦੇਵੇ ਕਿਉਂਕਿ ਇਹ ਸਿਰਫ ਉਸ ਦੀ ਦਿਮਾਗੀ ਪ੍ਰਵਿਰਤੀ ਦੇ ਕਾਰਨ ਹੀ ਹੋ ਰਿਹਾ ਹੈ। ਪੜ੍ਹਾਈ, ਲਿਖਾਈ, ਤਜ਼ਰਬਾ ਅਤੇ ਬੁੱਧੀਮਾਨ ਲੋਕਾਂ ਦੀ ਸੰਗਤ ਤੁਹਾਡੀ ਸੋਚ ਦੀ ਤਸਵੀਰ ਬਦਲਣ ਵਿੱਚ ਹਮੇਸ਼ਾ ਸਹਾਇਕ ਸਿੱਧ ਹੁੰਦੀ ਰਹੀ ਹੈ ਅਤੇ ਅਗਾਂਹ ਵੀ ਇਹ ਸ੍ਰੋਤ ਆਪਣਾ ਕੰਮ ਨਿਰੰਤਰ ਪ੍ਰਵਾਹ ਵਿੱਚ ਜਾਰੀ ਰੱਖਣਗੇ।

ਆਧੁਨਿਕ ਯੁੱਗ ਵਿੱਚ ਜ਼ਿਆਦਾਤਰ ਨੌਜਵਾਨ ਪੀੜ੍ਹੀ ਜਿੱਥੇ ਸੂਝਵਾਨ ਅਤੇ ਵਿਦਵਾਨ ਸਾਬਤ ਹੋ ਰਹੀ ਹੈ ਉੱਥੇ ਹੀ ਇਸ ਪੀੜ੍ਹੀ ਦਾ ਕੁਝ ਹਿੱਸਾ ਪਿਛਲੱਗ ਹਿੰਸਾਵਾਦੀ ਗੈਰ-ਸੰਵਿਧਾਨਿਕ ਅਤੇ ਅਤਿਆਚਾਰੀ ਪ੍ਰਵਿਰਤੀਆਂ ਦਾ ਧਾਰਨੀ ਹੋ ਨਿਬੜਿਆ ਹੈ। ਸਮਾਜ ਵਿੱਚ ਸਕਾਰਾਤਮਕ ਅਤੇ ਨਕਾਰਾਤਮਕ ਦੋਵੇਂ ਤਰ੍ਹਾਂ ਦੀ ਸੋਚ ਦੇ ਤੱਤ ਸਰੂਪ ਵਰਗ ਦੇ ਲੋਕ ਵਾਸ ਕਰ ਰਹੇ ਹਨ। ਕਿਸ ਮੋੜ ਤੇ ਤੁਹਾਨੂੰ ਕਿਹੜੀ ਸੋਚ ਦਾ ਮਾਲਕ ਇਨਸਾਨ ਟੱਕਰਦਾ ਹੈ ਇਸ ਦਾ ਅਨੁਮਾਨ ਲਗਾਉਣ ਲਈ ਤੁਹਾਨੂੰ ਆਪਣੇ ਵਿਵੇਕ ਤੋਂ ਕੰਮ ਲੈਣਾ ਪਵੇਗਾ। ਸਮਾਜ ਵਿੱਚ ਫੈਲੀਆਂ ਬੁਰਾਈਆਂ ਦੀ ਜੜ੍ਹ ਸ਼ਰਾਰਤੀ ਅਨਸਰ ਹੁੰਦੇ ਹਨ ਇਨ੍ਹਾਂ ਦੀ ਸੋਚ ਕਦੇ ਵੀ ਸਕਾਰਾਤਮਕ ਪ੍ਰਵਿਰਤੀ ਵਾਲੀ ਨਹੀਂ ਹੋ ਸਕਦੀ ਕਿਉਂਕਿ ਇਨ੍ਹਾਂ ਦਾ ਵਾਹ-ਵਾਸਤਾ ਸਾਰਾ ਦਿਨ ਵਿਕਾਰੀ ਅਤੇ ਗਿਆਨਹੀਣ ਪ੍ਰਵਿਰਤੀ ਵਾਲੇ ਲੋਕਾਂ ਨਾਲ ਹੀ ਹੁੰਦਾ ਹੈ ਪ੍ਰੰਤੂ ਕਿਤੇ ਨਾ ਕਿਤੇ ਕਈ ਵਾਰ ਅਜਿਹੀ ਉਦਾਹਰਣ ਵੀ ਸਮਾਜ ਵਿੱਚ ਵੇਖਣ ਨੂੰ ਮਿਲੀ ਹੈ ਕਿ ਤੀਬਰ ਨਕਾਰਾਤਮਕ ਸੋਚ ਵਾਲੇ ਮਨੁੱਖ ਜਦੋਂ ਕਿਸੇ ਭਲੇ ਪੁਰਸ਼ ਦੀ ਸੰਗਤ ਵਿੱਚ ਆਉਂਦੇ ਹਨ ਤਾਂ ਉਹ ਪਲਾਂ ਵਿੱਚ ਹੀ ਸਕਾਰਾਤਮਕ ਸੋਚ ਦੇ ਆਦੀ ਹੋ ਜਾਂਦੇ ਹਨ ਜਿਸ ਦੇ ਫਲਸਰੂਪ ਉਹ ਮਾੜੇ ਕੰਮਾਂ ਨੂੰ ਛੱਡ ਕੇ ਆਪਣੇ ਜੀਵਨ ਨੂੰ ਸੰਵਾਰ ਲੈਂਦੇ ਹਨ।

ਅਜੋਕਾ ਬੁੱਧੀਜੀਵੀ ਵਰਗ ਇਸ ਗੱਲ ਉੱਤੇ ਬਹੁਤ ਜ਼ੋਰ ਦੇ ਰਿਹਾ ਹੈ ਕਿ ਅੱਜ ਦੇ ਸਮਾਜ ਦੀ ਸੋਚ ਨੂੰ ਸਕਾਰਾਤਮਕ ਰੱਖਣ ਲਈ ਕੀ ਉਪਰਾਲੇ ਕੀਤੇ ਜਾਣ ਅਤੇ ਕਿਸ ਤਰ੍ਹਾਂ ਨਾਲ ਕਿਸੇ ਇਨਸਾਨੀ ਦਿਮਾਗ ਵਿੱਚ ਸਕਾਰਾਤਮਕ ਸੋਚ ਦੀ ਉਪਜ ਸੰਭਵ ਹੋ ਸਕਦੀ ਹੈ। ਇਸ ਸਮੇਂ ਨਕਾਰਾਤਮਕ ਸੋਚ ਨੇ ਹਰ ਇੱਕ ਮਨੁੱਖ ਨੂੰ ਇੱਕ ਦੂਜੇ ਤੋਂ ਵੱਧ ਸ਼ਕਤੀਸ਼ਾਲੀ ਹੋਣ ਦਾ ਹੰਕਾਰ ਕਰਵਾਇਆ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਇਸੇ ਪ੍ਰਵਿਰਤੀ ਨਾਲ ਦੁਨੀਆ ਦਾ ਅੰਤ ਹੁੰਦਾ ਅਸੀਂ ਆਪਣੀਆਂ ਅੱਖਾਂ ਨਾਲ ਵੇਖਾਂਗੇ। ਨਕਾਰਾਤਮਕ ਸੋਚ ਨੇ ਸਮਾਜ ਦੇ ਹਰ ਵਰਗ ਨੂੰ ਪ੍ਰਭਾਵਿਤ ਕੀਤਾ ਹੈ। ਸਮਾਜਿਕ, ਧਾਰਮਿਕ, ਰਾਜਨੀਤਕ ਸਾਰੇ ਵਰਗ ਹੀ ਇਸ ਪ੍ਰਵਿਰਤੀ ਤੋਂ ਅਛੂਤੇ ਨਹੀਂ ਰਹਿ ਸਕੇ। ਨਕਾਰਾਤਮਕ ਸੋਚ ਦੇ ਧਾਰਨੀ ਮਨੁੱਖ ਹੰਕਾਰੀ, ਵਿਹਲੜ ਅਤੇ ਆਲਸੀ ਹੁੰਦੇ ਹਨ। ਅਜਿਹੇ ਮਨੁੱਖਾਂ ਦੀ ਸੰਗਤ ਮਾੜੀ ਸੰਗਤ ਅਖਵਾਉਂਦੀ ਹੈ। ਨਕਾਰਾਤਮਕ ਸੋਚ ਦੇ ਧਾਰਨੀ ਮਨੁੱਖ ਨਾਸਤਿਕ ਹੁੰਦੇ ਹਨ ਉਹ ਪ੍ਰਮਾਤਮਾ ਦੀ ਹੋਂਦ ਉੱਪਰ ਵੀ ਯਕੀਨ ਨਹੀਂ ਰੱਖਦੇ। ਦੂਜੇ ਪਾਸੇ ਜੇਕਰ ਸਕਾਰਾਤਮਕ ਸੋਚ ਦੇ ਮਨੁੱਖਾਂ ਦੀ ਗੱਲ ਕਰੀਏ ਤਾਂ ਉਹ ਮਨੁੱਖ ਬਹੁਤ ਹੀ ਮਿਹਨਤੀ, ਇਮਾਨਦਾਰ ਅਤੇ ਦਿਆਨਤਦਾਰੀ ਦੀ ਭਾਵਨਾ ਨਾਲ ਭਰੇ ਪਏ ਹੁੰਦੇ ਹਨ ਅਤੇ ਉਨ੍ਹਾਂ ਦਾ ਪ੍ਰਮਾਤਮਾ ਉੱਪਰ ਪੂਰਨ ਵਿਸ਼ਵਾਸ ਹੁੰਦਾ ਹੈ।

ਵਿਦਿਆਰਥੀ ਵਰਗ ਹੋਵੇ ਜਾਂ ਕਰਮਚਾਰੀ ਵਰਗ ਹਰ ਥਾਂ ਈਰਖਾ ਦੇਖਣ ਨੂੰ ਮਿਲ ਰਹੀ ਹੈ ਅਸਲ ਵਿੱਚ ਇਸ ਈਰਖਾ ਦਾ ਸ੍ਰੋਤ ਸਾਡੇ ਮਨਾਂ ਅੰਦਰ ਘਰ ਕਰਕੇ ਬੈਠੀ ਮਾੜੀ ਸੋਚ ਜਾਂ ਫਿਰ ਨਕਾਰਾਤਮਕ ਸੋਚ ਹੀ ਹੈ। ਜਦੋਂ ਕਿਸੇ ਵਿਦਿਆਰਥੀ ਦਾ ਮਨ ਪੜ੍ਹਾਈ ਨਾਲੋਂ ਜ਼ਿਆਦਾ ਬੁਰੇ ਕੰਮਾਂ ਵਿੱਚ ਲੱਗੇ ਅਤੇ ਜਦੋਂ ਕਰਮਚਾਰੀਆਂ ਦਾ ਆਪਸ ਵਿੱਚ ਵੈਰ-ਭਾਵ ਨਾਲ ਕੰਮ ਕਰਨਾ ਵੇਖੀਏ ਤਾਂ ਇਹ ਕਹਿਣਾ ਆਸਾਨ ਹੈ ਕਿ ਇਹ ਸਭ ਨਕਾਰਾਤਮਕ ਸੋਚ ਤੋਂ ਪ੍ਰਭਾਵਿਤ ਹੋਏ ਹੁੰਦੇ ਹਨ। ਨਕਾਰਾਤਮਕ ਸੋਚ ਕਾਰਨ ਦਿਮਾਗ ਦੀ ਸੋਚਣ ਸ਼ਕਤੀ ਦਾ ਦਾਇਰਾ ਵਿਸ਼ਾਲ ਹੋਣ ਦੀ ਥਾਂ ਸੁੰਗੜ ਜਾਂਦਾ ਹੈ ਅਤੇ ਮਨੁੱਖ ਵਿੱਚ ਵਿਵੇਕ ਅਤੇ ਤਰਕ ਦੀ ਦ੍ਰਿਸ਼ਟੀ ਤੋਂ ਕੰਮ ਲੈਣ ਦੀ ਸਮਰੱਥਾ ਘੱਟ ਜਾਂਦੀ ਹੈ। ਇਸ ਲਈ ਸਾਨੂੰ ਹਰ ਸਮੇਂ ਸਕਾਰਾਤਮਕ ਸੋਚਣਾ ਚਾਹੀਦਾ ਹੈ ਤਾਂ ਜੋ ਅਸੀਂ ਸਮਾਜ ਵਿੱਚ ਰਹਿੰਦੇ ਹੋਰ ਲੋਕਾਂ ਲਈ ਵੀ ਚੰਗੀ ਸੋਚ ਪੈਦਾ ਕਰਨ ਦਾ ਜ਼ਰੀਆ ਬਣ ਸਕੀਏ। ਇਸ ਸਮੇਂ ਸਮੁੱਚੇ ਵਿਸ਼ਵ ਵਿੱਚ ਇੱਕ ਦੂਜੇ ਤੋਂ ਅੱਗੇ ਨਿਕਲਣ ਅਤੇ ਵੱਧ ਸ਼ਕਤੀਸ਼ਾਲੀ ਹੋਣ ਦੀ ਪ੍ਰਵਿਰਤੀ ਨੂੰ ਛੱਡ ਕੇ ਸਾਨੂੰ ਸਾਰਿਆਂ ਨੂੰ ਸਕਾਰਾਤਮਕ ਸੋਚ ਦੇ ਧਾਰਨੀ ਬਣ ਕੇ ਇੱਕ-ਸਮਾਨ ਹੋ ਕੇ ਰਹਿਣ ਅਤੇ ਆਪਸੀ ਭਾਈਚਾਰੇ ਦੀਆਂ ਤੰਦਾਂ ਨੂੰ ਹੋਰ ਗੂੜ੍ਹਾ ਕਰਨ ਦੇ ਯਤਨ ਕਰਨੇ ਚਾਹੀਦੇ ਹਨ ਕਿਉਂਕਿ ਕਿਤੇ ਵਿਕਾਸ ਦੀ ਇਸ ਦੌੜ ਵਿੱਚ ਦੌੜਦੇ-ਦੌੜਦੇ ਅਸੀਂ ਆਪਣੇ ਅਸਲੀ ਮਾਨਵੀ ਸਰੋਕਾਰਾਂ ਅਤੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਾ ਭੁੱਲ ਬੈਠੀਏ।

# ਸਿਖਿਆਰਥੀ ਸਟੈਨੋਗ੍ਰਾਫੀ (ਇੰਸ.)
ਭਾਸ਼ਾ ਵਿਭਾਗ, ਪਟਿਆਲਾ
ਈਮੇਲ:- gurman0052@gmail.com


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਕੋਰੋਨਾਵਾਇਰਸ ਦੀ ਹਵਾਈ ਕੰਪਨੀਆਂ ਨੂੰ ਸਭ ਤੋਂ ਵੱਡੀ ਮਾਰ

**ਨਵੀਂ ਦਿੱਲੀ –** ਕਰੋਨਾ ਵਾਇਰਸ ਦੇ ਮੱਦੇਨਜ਼ਰ ਲਗਾਈਆਂ ਪਾਬੰਦੀਆਂ ਕਾਰਨ ਇਸ ਸਾਲ ਭਾਰਤੀ ਏਅਰਲਾਈਨਜ਼ ਕੰਪਨੀਆਂ ਨੂੰ 1122 ਕਰੋੜ ਡਾਲਰ ਦਾ ਮਾਲੀਆ ਨੁਕਸਾਨ ਹੋਵੇਗਾ ਅਤੇ 29 ਲੱਖ ਤੋਂ ਵੱਧ ਲੋਕ ਬੇਰੁਜ਼ਗਾਰ ਹੋਣਗੇ। ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸੀਏਸ਼ਨ (ਏ.ਆਈ.ਟੀ.ਏ.) ਵਲੋਂ ਜਾਰੀ ਰਿਪੋਰਟ ਅਨੁਸਾਰ ਜੇ ਯਾਤਰੀਆਂ ਦੀ ਹਵਾਈ ਸੇਵਾ 'ਤੇ ਸਖਤ ਪਾਬੰਦੀਆਂ ਤਿੰਨ ਮਹੀਨਿਆਂ ਲਈ ਜਾਰੀ ਰਹੀਆਂ ਤਾਂ ਸਾਲ 2019 ਦੇ ਮੁਕਾਬਲੇ ਇਸ ਸਾਲ ਦੇਸ਼ 'ਚ ਯਾਤਰੀਆਂ ਦੀ ਗਿਣਤੀ ਵਿਚ 8.98 ਕਰੋੜ ਭਾਵ 47 ਫੀਸਦੀ ਗਿਰਾਵਟ ਆਵੇਗੀ।

ਇਸ ਨਾਲ ਕੰਪਨੀਆਂ ਨੂੰ 1,122.1 ਕਰੋੜ ਡਾਲਰ ਦਾ ਮਾਲੀਆ ਨੁਕਸਾਨ ਹੋਵੇਗਾ ਤੇ ਨਾਲ ਹੀ 29,32,900 ਲੋਕਾਂ ਦੀ ਰੋਜ਼ੀ-ਰੋਟੀ ਖਤਮ ਹੋ ਜਾਵੇਗੀ। ਏਸ਼ੀਆ-ਪ੍ਰਸ਼ਾਂਤ ਖੇਤਰ ਲਈ ਜਾਰੀ ਕੀਤੀ ਗਈ ਰਿਪੋਰਟ 'ਚ ਭਾਰਤ ਵਿਚ ਵੱਧ ਤੋਂ ਵੱਧ ਨੌਕਰੀਆਂ ਜਾਣ ਦੀ ਭਵਿੱਖਬਾਣੀ ਕੀਤੀ ਗਈ ਹੈ, ਜਦਕਿ ਮਾਲੀਆ ਘਾਟੇ ਦੇ ਮਾਮਲੇ 'ਚ ਜਾਪਾਨ ਤੇ ਆਸਟ੍ਰੇਲੀਆ ਤੋਂ ਬਾਅਦ ਭਾਰਤ ਤੀਜੇ ਨੰਬਰ ਉਤੇ ਰਹੇਗਾ। ਏਅਰਲਾਈਨਜ਼ ਦੀ ਕਮਾਈ 'ਚ ਜਾਪਾਨ ਵਿਚ 2200 ਕਰੋੜ ਡਾਲਰ ਅਤੇ ਆਸਟ੍ਰੇਲੀਆ 'ਚ 1400 ਕਰੋੜ ਡਾਲਰ ਤੋਂ ਵੱਧ ਦੀ ਗਿਰਾਵਟ ਹੋਣ ਦੀ ਸੰਭਾਵਨਾ ਜਤਾਈ ਗਈ ਹੈ। ਏਸ਼ੀਆ-ਪ੍ਰਸ਼ਾਂਤ ਖੇਤਰ ਲਈ ਏ.ਆਈ.ਟੀ.ਏ. ਦੇ ਉਪ ਪ੍ਰਧਾਨ ਕੋਨਾਰਡ ਕਲਿਫੋਰਡ ਨੇ ਕਿਹਾ




ਕਿ ਪਿਛਲੀ ਰਿਪੋਰਟ ਤੋਂ ਬਾਅਦ ਹੁਣ ਹਾਲਾਤ ਹੋਰ ਵਿਗੜ ਗਏ ਹਨ ਅਤੇ ਜੇ ਸਰਕਾਰਾਂ ਮਦਦ ਨਹੀਂ ਕਰਦੀਆਂ ਤਾਂ ਬਹੁਤ ਸਾਰੀਆਂ ਏਅਰ ਲਾਈਨਾਂ ਬੰਦ ਹੋ ਸਕਦੀਆਂ ਹਨ।

ਉਧਰ, ਆਰ.ਬੀ.ਆਈ. ਦੇ ਸਾਬਕਾ ਗਵਰਨਰ ਡੀ. ਸੁੱਬਾਰਾਓ ਨੇ ਕਿਹਾ ਕਿ ਕਰੋਨਾ ਵਾਇਰਸ ਦੇ ਮੱਦੇਨਜ਼ਰ ਕੀਤੇ ਗਏ ਲੌਕਡਾਊਨ ਕਾਰਨ ਲੱਖਾਂ ਭਾਰਤੀਆਂ ਦੀ ਜ਼ਿੰਦਗੀ ਹਾਸ਼ੀਏ ਉਤੇ ਜਾ ਸਕਦੀ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਕੋਵਿਡ-19 ਦਾ ਸੰਕਟ ਇਕ ਵਾਰ ਖਤਮ ਹੋਣ ਤੋਂ ਬਾਅਦ ਭਾਰਤ ਦੇ ਅਰਥਚਾਰੇ ਵਲੋਂ ਦੁਨੀਆਂ ਦੇ ਕਈ ਅਰਥਚਾਰਿਆਂ ਨਾਲੋਂ ਤੇਜ਼ੀ ਨਾਲ ਉਭਰਨ ਦੀ ਆਸ ਹੈ। ਉਨ੍ਹਾਂ ਕਿਹਾ, 'ਬਹੁਤ ਸਾਰੇ ਮਾਹਿਰਾਂ ਦਾ ਮੰਨਣਾ ਸੀ ਕਿ ਇਸ ਸਾਲ ਭਾਰਤ ਦੀ ਵਿਕਾਸ ਦਰ ਬਹੁਤ ਘੱਟ ਰਹੇਗੀ। ਸਾਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਕਰੋਨਾ ਸੰਕਟ ਤੋਂ ਦੋ ਮਹੀਨੇ ਪਹਿਲਾਂ ਵੀ ਸਾਡੀ ਵਿਕਾਸ ਦਰ ਬਹੁਤ ਸੁਸਤ ਸੀ। ਇਹ ਸੱਚ ਹੈ ਕਿ ਭਾਰਤ ਦੀ ਸਥਿਤੀ ਇਸ ਸਮੇਂ ਕਈ ਮੁਲਕਾਂ ਮੁਕਾਬਲੇ ਬਿਹਤਰ ਹੈ ਪਰ ਸਾਡਾ ਮੁਲਕ ਬਹੁਤ ਗਰੀਬ ਹੈ ਅਤੇ ਜੇਕਰ ਇਹ ਸੰਕਟ ਲੰਮਾ ਸਮਾਂ ਰਹਿੰਦਾ ਹੈ ਤਾਂ ਸੰਭਵ ਹੈ ਕਿ ਲੱਖਾਂ ਲੋਕਾਂ ਦੀ ਜ਼ਿੰਦਗੀ ਹਾਸ਼ੀਏ ਉਤੇ ਚਲੀ ਜਾਵੇ।' ਸੁੱਬਾਰਾਓ ਨੇ ਕਿਹਾ, 'ਜਿਵੇਂ ਕਿ ਮਾਹਿਰ ਕਹਿ ਰਹੇ ਹਨ ਕਿ ਭਾਰਤ ਦੀ ਆਰਥਿਕਤਾ ਬਹੁਤ ਨਿਘਾਰ 'ਚ ਜਾ ਕੇ ਸਿਖਰ ਵਲ ਜਾਵੇਗੀ ਤਾਂ ਭਾਰਤ ਕੋਲ ਬਹੁਤ ਸਾਰੇ ਮੁਲਕਾਂ ਮੁਕਾਬਲੇ ਹਾਲਾਤ ਸੁਧਾਰਨ ਦਾ ਚੰਗਾ ਮੌਕਾ ਹੈ।'

## ਪ੍ਰਵਾਸੀਆਂ 'ਤੇ ਦੋਹਰੀ ਮਾਰ: ਇੱਕ ਕੋਰੋਨਾ 'ਤੇ ਦੂਜੀਆਂ ਮਹਿੰਗੀਆਂ ਟਿਕਟਾਂ

**ਅੰਮ੍ਰਿਤਸਰ–** ਵਿਸ਼ਵ ਭਰ ਕੋਰੋਨਾ ਵਾਇਰਸ ਦੇ ਕਹਿਰ ਕਾਰਨ ਤੇ ਹਵਾਈ ਸੇਵਾਵਾਂ ਠੱਪ ਹੋਣ 'ਤੇ ਭਾਰਤ 'ਚ ਪੁੱਜੇ ਭਾਰਤੀ ਮੂਲ, ਪ੍ਰੰਤੂ ਕੈਨੇਡਾ ਅਤੇ ਬਰਤਾਨੀਆ ਦੇ ਪੱਕੇ ਵਸਨੀਕਾਂ ਦੀ




ਵਾਪਸੀ ਲਈ ਕੈਨੇਡੀਅਨ ਅਤੇ ਬ੍ਰਿਟਿਸ਼ ਸਰਕਾਰ ਵਲੋਂ ਕਤਰ ਏਅਰਲਾਇਨ ਕੰਪਨੀ ਦੀਆਂ ਲਗਾਤਾਰ ਹਵਾਈ ਉਡਾਨਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਪਰ ਚਾਹਵਾਨ ਪਰਵਾਸੀਆਂ ਨੂੰ ਵਾਪਸ ਜਾਣ ਦੇ ਲਈ 3 ਗੁਣਾਂ ਜਿਆਦਾ ਮਹਿੰਗੀਆਂ ਟਿਕਟਾਂ ਖ਼੍ਰੀਦ ਕੇ ਕੇ ਵਾਪਸ ਜਾਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ।

ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਰਾਜਾਸਾਂਸੀ ਤੋਂ ਕਤਰ ਏਅਰਵੇਜ਼ ਦੀ ਵਿਸ਼ੇਸ਼ ਉਡਾਨ ਰਾਹੀਂ 358 ਯਾਤਰੀ ਵੈਨਕੂਵਰ (ਕੈਨੇਡਾ) ਨੂੰ ਰਵਾਨਾ ਹੋਏ, ਜਿਨ੍ਹਾਂ 'ਚ 310 ਕੈਨੇਡੀਅਨ ਨਾਗਰਿਕ, 4 ਇਟਾਲੀਅਨ ਅਤੇ 44 ਭਾਰਤੀ ਪਾਸਪੋਰਟ ਵਾਲੇ ਸਨ। ਇਸ ਉਡਾਨ ਰਾਹੀਂ ਭਾਰਤ 'ਚ ਕੋਰੋਨਾ ਵਾਇਰਸ ਦੀ ਮਹਾਂਮਾਰੀ ਦੌਰਾਨ ਭਾਰਤ 'ਚ ਫਸੇ ਯਾਤਰੀ ਆਪਣੇ ਘਰਾਂ 'ਚ ਪੁੱਜ ਸਕਣਗੇ। ਇੱਥੋਂ ਰਵਾਨਾ ਹੋਣ ਮੌਕੇ ਯਾਤਰੂ ਗੁਰਜੀਤ ਸਿੰਘ ਵਾਸੀ ਚਤਰਾ (ਫ਼ਿਰੋਜ਼ਪੁਰ) ਨੇ ਦੱਸਿਆ ਕਿ ਉਹ 4 ਮਾਰਚ ਨੂੰ ਆਪਣੀ ਧਰਮ ਪਤਨੀ ਤੋਂ ਇਲਾਵਾ ਬੇਟੀ ਅਤੇ ਬੇਟੇ ਨਾਲ ਇੱਥੇ ਪੁੱਜੇ ਅਤੇ 4 ਅਪ੍ਰੈਲ ਨੂੰ ਵਾਪਸ ਰਵਾਨਾ ਹੋਣਾ ਸੀ, ਪ੍ਰੰਤੂ ਹਵਾਈ ਸੇਵਾਵਾਂ ਠੱਪ ਹੋਣ ਕਾਰਨ ਇੱਥੇ ਕੈਦ ਹੋ ਕੇ ਰਹਿ ਗਏ ਸਨ ਅਤੇ ਡਾਢੇ ਪ੍ਰੇਸ਼ਾਨ ਸਨ। ਉਨ੍ਹਾਂ ਦੱਸਿਆ ਕਿ ਉਹ ਚਾਰੇ ਮੈਂਬਰ ਇੱਥੇ ਇਕੱਠੇ ਪੁੱਜੇ ਸਨ ਪ੍ਰੰਤੂ ਵਾਪਸ ਜਾਣ ਲੱਗਿਆਂ ਹੁਣ ਉਨ੍ਹਾਂ ਪਿਉ-ਪੁੱਤ ਦੋ ਜਣਿਆਂ ਨੂੰ 4 ਮਈ ਦੀਆਂ ਟਿਕਟਾਂ ਮਿਲੀਆਂ ਹਨ ਤੇ ਦੋ ਦਿਨ ਬਾਅਦ ਉਨ੍ਹਾਂ ਦੀ ਧਰਮ ਪਤਨੀ ਅਤੇ ਬੇਟੀ ਨੂੰ 6 ਮਈ ਨੂੰ ਵਾਪਸ ਜਾਣ ਦੀਆਂ ਟਿਕਟਾਂ ਮਿਲੀਆਂ ਹਨ, ਜਿਸ ਸਦਕਾ ਉਹ ਵਾਪਸ ਪਰਤ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਬੇਹੱਦ ਅਫ਼ਸੋਸ ਹੈ ਕਿ ਹਵਾਈ ਸੇਵਾਵਾਂ ਠੱਪ ਹੋਣ ਕਾਰਨ ਉਨ੍ਹਾਂ ਨੂੰ ਮਹਿੰਗੇ ਭਾਅ ਦੀਆਂ ਟਿਕਟਾਂ ਲੈਣ ਲਈ ਮਜਬੂਰ ਹੋਣਾ ਪਿਆ ਹੈ।

## ਸੁਰ ਸਿੰਘ 'ਚ ਹੈਡ ਟੀਚਰ ਰਹੇ ਬੀਬੀ ਕੈਲਾਸ਼ ਕੌਰ ਛੀਨਾ ਦਾ ਯੂਨੀਅਨ ਸਿਟੀ 'ਚ ਦੇਹਾਂਤ



**ਸਿਆਟਲ/ ਸੁਰ ਸਿੰਘ (ਗੁਰਚਰਨ ਸਿੰਘ ਢਿੱਲੋਂ)–** ਸੁਰ ਸਿੰਘ ਦੀ ਸਤਿਕਾਰਿਤ ਸ਼ਖਸੀਅਤ ਸਵਰਗੀ ਜਸਵੰਤ ਸਿੰਘ ਛੀਨਾ ਦੀ ਧਰਮ ਪਤਨੀ ਬੀਬੀ ਕੈਲਾਸ਼ ਕੌਰ (86) ਦਾ ਯੂਨੀਅਨ ਸਿਟੀ ਕੈਲੇਫੋਰਨੀਆ ਵਿਚ ਦੇਹਾਂਤ ਹੋ ਗਿਆ, ਜਿਹਨਾਂ ਦਾ ਸੁਰ ਸਿੰਘ ਨਿਵਾਸੀਆਂ, ਸਨੇਹੀਆਂ ਤੇ ਰਿਸ਼ਤੇਦਾਰਾਂ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਕੈਲੇਫੋਰਨੀਆ ਤੋਂ ਜਸਪਾਲ ਸਿੰਘ ਢਿੱਲੋਂ, ਜਗਦੀਸ਼ ਸਿੰਘ ਢਿੱਲੋਂ, ਅਜੀਤ ਸਿੰਘ ਸੰਧੂ, ਸੁਰ ਸਿੰਘ ਤੋਂ ਪਦਮ ਸ੍ਰੀ ਕਰਤਾਰ ਸਿੰਘ ਪਹਿਲਵਾਨ, ਡ; ਵਰਿਆਮ ਸਿੰਘ ਸੰਧੂ, ਸਾਬਕਾ ਸਰਪੰਚ ਸਵਰਨ ਸਿੰਘ, ਡਾ. ਮਨਜਿੰਦਰ ਸਿੰਘ ਹੀਰਾ ਸਮੇਤ ਸੁਰ ਸਿੰਘ ਨਿਵਾਸੀਆਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਦੱਸਿਆ ਕਿ ਬੀਬੀ ਕੈਲਾਸ਼ ਕੌਰ ਛੀਨਾ ਬਹੁਤ ਹੀ ਨੇਕ, ਮਿਹਨਤੀ ਤੇ ਮਿਲਣਸਾਰ ਸਨ, ਜਿਹਨਾਂ ਨੇ ਸਮਾਜ ਸੇਵੀ ਕਾਰਜਾਂ ਵਿਚ ਵੱਧ ਚੜ੍ਹ ਕੇ ਯੋਗਦਾਨ ਪਾਇਆ ਸੀ। ਬੀਬੀ ਕੈਲਾਸ਼ ਕੌਰ ਛੀਨਾ, ਬਾਬਾ ਅਵਤਾਰ ਸਿੰਘ ਬਿਧੀਚੰਦੀਏ ਨਾਲ ਪਰਿਵਾਰਕ ਸਬੰਧ ਸਨ ਅਤੇ ਆਪਣੇ ਪਿੱਛੇ 2 ਲੜਕੇ ਪਿੰਕੀ ਤੇ ਚੰਨ (ਕੈਲੇਫਰਨੀਆ) ਛੱਡ ਗਏ ਹਨ। ਜਿਹਨਾਂ ਦਾ ਅੰਤਿਮ ਸਸਕਾਰ ਸ਼ੁੱਕਰਵਾਰ ਨੂੰ ਕੈਲੇਫੋਰਨੀਆ 'ਚ ਕਰੋਨਾਵਾਇਰਸ ਕਾਰਨ ਸੀਮਤ ਮੈਂਬਰਾਂ ਦੀ ਹਾਜ਼ਰੀ ਵਿਚ ਹੋਵੇਗਾ। ਸੁਰ ਸਿੰਘ ਤੇ ਇਲਾਕੇ ਵਿਚ ਬੀਬੀ ਕੈਲਾਸ਼ ਕੌਰ ਛੀਨਾ ਦੀ ਮੌਤ ਕਾਰਨ ਗਮਹੀਣ ਤੇ ਗਹਿਰਾ ਦੁੱਖ ਪ੍ਰਗਟ ਕੀਤਾ ਜਾਂਦਾ ਹੈ।

Law Office of
NIRWAN & ASSOCIATES
www.nirwanlaw.com
Business Incorporation
Articles of Incorp
Dissolution
501 © Non-Profit
Jagdip S. Nirwan, Esq
916-832-3144
IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense
TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020
1104 Corporate Way Sacramento, CA 95831



A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics
Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu





# ਬੁੱਧ ਪੂਰਨਿਮਾ ਮਹਾਂਉਤਸਵ ਇਸ ਵਾਰ ਨਹੀਂ ਹੋਵੇਗਾ





ਫ਼ਾਇਲ ਚਿੱਤਰ



**ਜਲੰਧਰ–** ਭਿਖਸ਼ੂ ਪ੍ਰਗਿਆ ਬੋਧੀ ਇੰਚਾਰਜ ਤਕਸ਼ਿਲਾ ਮਹਾਂ ਬੁੱਧ ਵਿਹਾਰ ਅਤੇ ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਨੇ ਸਾਂਝੇ ਬਿਆਨ ਵਿਚ ਕਿਹਾ ਕਿ ਕਰੋਨਾ ਕਾਰਨ ਹੋਏ ਲਾਕਡਾਊਨ ਕਰਕੇ ਇਸ ਵਾਰ ਬੁੱਧ ਪੂਰਨਿਮਾ ਮਹਾਂਉਤਸਵ ਦਾ ਪ੍ਰੋਗਰਾਮ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਵਿਖੇ ਨਹੀਂ ਕੀਤਾ ਜਾ ਰਿਹਾ। ਸਾਰੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਬੁੱਧ ਪੂਰਨਿਮਾ ਮਹਾਂਉਤਸਵ ਦਾ ਪ੍ਰੋਗਰਾਮ ਆਪੋ-ਆਪਣੇ ਘਰਾਂ ਵਿਚ ਹੀ ਕੀਤਾ ਜਾਵੇ। ਉਪਾਸਕਾਂ ਨੂੰ ਅਪੀਲ ਕੀਤੀ ਹੈ ਕਿ ਬੁੱਧ ਪੂਰਨਿਮਾ ਮਹਾਂਉਤਸਵ ਧੂੰਮ-ਧਾਮ ਨਾਲ ਮਨਾਇਆ ਜਾਵੇ ਅਤੇ 7 ਮਈ ਨੂੰ ਰਾਤ ਵੇਲੇ ਘਰਾਂ ਉਪਰ ਰੋਸ਼ਨੀ ਕੀਤੀ ਜਾਵੇ ਅਤੇ ਲਾਕ ਡਾਊਨ ਦੀਆਂ ਹਦਾਇਤਾਂ ਦਾ ਪਾਲਣ ਕੀਤਾ ਜਾਵੇ। ਭਿਖਸ਼ੂ ਪ੍ਰਗਿਆ ਬੋਧੀ ਅਤੇ ਐਡਵੋਕੇਟ ਹਰਭਜਨ ਸਾਂਪਲਾ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਬੁੱਧ ਪੂਰਨਿਮਾ ਮਹਾਂ ਉਤਸਵ ਦੀ ਸਰਕਾਰੀ ਛੁੱਟੀ ਘੋਸ਼ਿਤ ਕੀਤੀ ਜਾਵੇ ਤਾਂ ਜੋ ਸਾਰੇ ਧਰਮਾਂ ਦੇ ਬਰਾਬਰ ਬੁੱਧ ਧੰਮ ਨੂੰ ਬਾਬਰ ਦਾ ਮਾਣ ਸਤਿਕਾਰ ਦਿੱਤਾ ਜਾ ਸਕੇ।

## ਕਾਰਲ ਮਾਰਕਸ ਦੇ 202ਵੇਂ ਜਨਮ ਦਿਵਸ 'ਤੇ ਵਿਚਾਰ ਚਰਚਾ

### ਲੋਕ-ਪੀੜਾ ਅਤੇ ਜਮਹੂਰੀ ਹੱਕਾਂ 'ਤੇ ਉਠਾਈ ਆਵਾਜ਼

ਜਲੰਧਰ: 5 ਮਈ 1818 ਨੂੰ ਜਨਮੇ ਕਾਰਲ ਮਾਰਕਸ ਦਾ ਜਨਮ ਦਿਹਾੜਾ ਹਰ ਸਾਲ ਦੀ ਤਰ੍ਹਾਂ, ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਮਨਾਇਆ ਗਿਆ। ਕਰੋਨਾ, ਕਰਫਿਊ ਅਤੇ ਲੌਕਡਾਊਨ ਕਾਰਨ ਇਸ ਵਾਰ ਸਰੀਰਕ-ਦੂਰੀ ਪ੍ਰਤੀ ਸਾਵਧਾਨ ਰਹਿੰਦਿਆਂ ਅਤੇ ਆਮ ਲੋਕਾਂ ਦੇ ਵਿਸ਼ਾਲ ਗਿਣਤੀ 'ਚ ਪਹੁੰਚਣ ਦੀਆਂ ਦਿੱਕਤਾਂ ਨੂੰ ਧਿਆਨ 'ਚ ਰੱਖਦਿਆਂ ਵਿਚਾਰ-ਚਰਚਾ ਨਿਰੰਤਰ ਲੜੀ ਵਜੋਂ ਕੀਤੀ ਗਈ। ਕਾਰਲ ਮਾਰਕਸ ਦੀ ਫੋਟੋ ਅੱਗੇ ਸੂਹੇ ਫੁੱਲਾਂ ਦੇ ਗੁਲਦਸਤੇ ਅਦਬ ਸਹਿਤ ਰੱਖਦਿਆਂ ਕੁੱਲ ਦੁਨੀਆ ਦੇ ਕਿਰਤੀਆਂ ਨੂੰ ਉਹਨਾਂ ਦੇ ਜਨਮ ਦਿਹਾੜੇ ਦੀਆਂ ਇਨਕਲਾਬੀ ਸ਼ੁਭ ਕਾਮਨਾਵਾਂ ਦਿੱਤੀਆਂ ਗਈਆਂ।

ਚਾਰ-ਚਰਚਾ ਵਿਚ ਕਮੇਟੀ ਦੇ ਕਾਰਜਕਾਰਨੀ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਟਰੱਸਟੀ ਕਾਮਰੇਡ ਮੰਗਤ ਰਾਮ ਪਾਸਲਾ, ਚਰੰਜੀ ਲਾਲ ਕੰਗਣੀਵਾਲ ਅਤੇ ਸੁਰਿੰਦਰ ਕੁਮਾਰੀ ਕੋਛੜ ਨੇ ਵਿਚਾਰ ਰੱਖੇ।

ਗੁਰਮੀਤ ਸਿੰਘ ਨੇ ਮਾਰਕਸ ਦੇ ਜਨਮ ਦਿਹਾੜੇ ਦੀ ਇਤਿਹਾਸਕ ਮਹੱਤਤਾ, ਮਾਰਕਸ ਦੇ ਫਲਸਫ਼ੇ ਦੀ ਮਜ਼ਦੂਰ ਜਮਾਤ ਦੇ ਮੁਕਤੀ ਸੰਗਰਾਮ ਨੂੰ ਅਮਿਟ ਦੇਣ ਅਤੇ ਉਹਨਾਂ ਦੇ ਕਥਨਾਂ ਦੀ ਅਟੱਲਤਾ ਜੱਗ ਦੇ ਸਾਹਮਣੇ ਆਉਣ ਉਪਰ ਚਾਨਣਾ ਪਾਇਆ। ਅਜਮੇਰ ਸਿੰਘ ਨੇ ਕਿਹਾ ਕਿ 202 ਸਾਲ ਬਾਅਦ ਮਾਰਕਸੀ ਦਰਸ਼ਨ ਦੀ ਉੱਭਰੀ ਪ੍ਰਸੰਗਕਤਾ ਉਹਨਾਂ ਕੂੜ ਪ੍ਰਚਾਰਕਾਂ ਨੂੰ ਲਾਜਵਾਬ ਕਰ ਰਹੀ ਹੈ, ਜਿਹੜੇ ਢੋਲ ਪਿੱਟ ਰਹੇ ਸੀ ਕਿ ਮਾਰਕਸੀ ਫਲਸਫਾ ਮਰ ਮੁੱਕ ਗਿਆ ਹੈ। ਮਾਰਕਸੀ ਫ਼ਲਸਫ਼ਾ ਹੀ ਲੋਕ ਪੱਖੀ ਨਵੇਂ ਯੁੱਗ ਦਾ ਰਾਹ-ਦਰਸਾਵਾ ਹੈ।

ਅਮੋਲਕ ਸਿੰਘ ਨੇ ਕਿਹਾ ਕਿ ਮਾਰਕਸ ਦੇ ਜਨਮ ਦਿਹਾੜੇ ਮੌਕੇ ਅਜੋਕੀਆਂ ਹਾਲਤਾਂ ਅੰਦਰ ਵਿਵਸਥਾ ਵਲੋਂ ਕਰੋਨਾ ਅਤੇ ਲੌਕਡਾਊਨ ਦੇ ਪਰਦੇ ਉਹਲੇ ਆਰਥਕ, ਜਿਸਮਾਨੀ ਅਤੇ ਜਮਹੂਰੀ ਹੱਕਾਂ ਉਪਰ ਤਿਕੋਣਾ ਹੱਲਾ ਬੋਲਿਆ ਜਾ ਰਿਹਾ ਹੈ ਜਿਸਦਾ ਵਿਰੋਧ ਕਰਨਾ ਹੀ ਜਨਮ ਦਿਹਾੜੇ ਦੀ ਪ੍ਰਸੰਗਕਤਾ ਹੈ।

ਮੰਗਤ ਰਾਮ ਪਾਸਲਾ ਨੇ ਕਿਹਾ ਕਿ ਪੂੰਜੀ ਦਾ ਘ੍ਰਿਣਤ ਚਿਹਰਾ ਜੋ ਮਾਰਕਸ ਨੇ ਚਿਰਾਂ ਪਹਿਲਾਂ ਹੀ ਪਹਿਚਾਣ ਲਿਆ ਸੀ ਹੁਣ ਉਹ ਸਾਰੀਆਂ ਹੱਦਾਂ ਪਾਰ ਕਰਕੇ ਅਲਫ਼ ਨੰਗਾ ਹੋ ਕੇ ਲੋਕਾਂ ਉਪਰ ਚੌਤਰਫ਼ੇ ਹੱਲੇ ਬੋਲ ਰਿਹਾ ਹੈ।

ਸੁਰਿੰਦਰ ਕੁਮਾਰੀ ਕੋਛੜ ਨੇ ਕਿਹਾ ਕਿ ਕਾਰਲ ਮਾਰਕਸ ਦੇ ਜਨਮ ਦਿਹਾੜੇ ਮੌਕੇ ਉਹਨਾਂ ਦੀ ਜੀਵਨ-ਸਾਥਣ ਜੈਨੀ ਨੂੰ ਸਿਜਦਾ ਕਰਨਾ ਲਾਜ਼ਮੀ ਬਣਦਾ ਹੈ, ਕਿਉਂਕਿ ਜਿਹਨਾਂ ਦੁਸ਼ਵਾਰੀਆਂ ਨਾਲ ਮੱਥਾ ਲਾਉਂਦਿਆਂ ਉਸਦੇ ਸੱਚੇ ਜੀਵਨ ਸਾਥੀ ਦਾ ਨਵਾਂ ਕੀਰਤੀਮਾਨ ਸਥਾਪਤ ਕੀਤਾ, ਉਹ ਸਦਾ ਰੌਸ਼ਨੀ ਵੰਡਦਾ ਰਹੇਗਾ।

ਚਰੰਜੀ ਲਾਲ ਕੰਗਣੀਵਾਲ ਨੇ ਕਿਹਾ ਕਿ ਗ਼ਦਰ ਲਹਿਰ, ਕਿਰਤੀ ਲਹਿਰ, ਨੌਜਵਾਨ ਭਾਰਤ ਸਭਾ ਲਹਿਰ ਸਮੇਤ ਸਾਡੇ ਸਾਰਿਆਂ ਅੰਦਰ ਚੱਲ ਰਹੀਆਂ ਕੌਮੀ ਮੁਕਤੀ ਅਤੇ ਲੋਕ-ਮੁਕਤੀ ਲਹਿਰਾਂ ਨੂੰ ਜਮਾਤੀ ਸੇਧ, ਜਮਾਤੀ ਜੱਦੋਜਹਿਦ ਅਤੇ ਨਵੇਂ ਸਮਾਜ ਦੀ ਸਿਰਜਣਾ ਦਾ ਮਾਰਗ-ਦਰਸ਼ਕ ਹੈ, ਮਾਰਕਸੀ ਫ਼ਲਸਫ਼ਾ। ਮਾਰਕਸ ਦਾ ਜਨਮ ਦਿਹਾੜਾ ਇਸ ਉਪਰ ਨਿਹਚਾ ਹੋਰ ਪੱਕਿਆਂ ਕਰਨ ਦਾ ਦਿਹਾੜਾ ਹੈ।

ਕਮੇਟੀ ਆਗੂਆਂ ਅਤੇ ਮੈਂਬਰਾਂ ਤੋਂ ਇਲਾਵਾ ਇਸ ਸਮਾਗਮ 'ਚ ਪਹੁੰਚੇ ਸਮੂਹ ਹਾਜ਼ਰੀਨ ਨੇ ਖੜ੍ਹੇ ਹੋ ਕੇ ਕਾਰਲ ਮਾਰਕਸ ਦੇ ਜਨਮ ਦਿਹਾੜੇ ਮੌਕੇ ਅਹਿਦ ਲਿਆ ਕਿ ਉਹ ਅਜੋਕੇ ਅਤੇ ਆਉਣ ਵਾਲੇ ਕੱਲ੍ਹ ਦੀਆਂ ਚੁਣੌਤੀਆਂ ਕਬੂਲ ਕਰਦਿਆਂ ਹਨੇਰੇ ਖ਼ਿਲਾਫ਼ ਚੇਤਨਾ ਅਤੇ ਸੰਗਰਾਮ ਦੀ ਮਸ਼ਾਲ ਜਗਦੀ ਰੱਖਣਗੇ। ਸਮਾਗਮ 'ਚ ਮਾਰਕਸ ਦੇ ਜਨਮ ਦਿਹਾੜੇ 'ਤੇ ਇਹ ਵੀ ਮੰਗ ਕੀਤੀ ਕਿ ਬੇਲੋੜੇ ਅਤੇ ਅਰਾਜਕਤਾ ਭਰੇ ਕਰਫ਼ਿਊ ਅਤੇ ਲੌਕਡਾਊਨ ਦੇ ਐਲਾਨ-ਦਰ-ਐਲਾਨ ਮੜ੍ਹਦੇ ਜਾਣ ਦੀ ਬਜਾਏ ਮਰਜ਼ ਤੋਂ ਲੋਕਾਂ ਅਤੇ ਸਿਹਤ ਕਾਮਿਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਖ਼ਾਸ ਕਰਕੇ ਕਿਰਤੀਆਂ ਦੇ ਉਜਾੜੇ, ਘਰੋਂ-ਬੇਘਰ ਹੋਣ, ਭੁੱਖ ਅਤੇ ਜਬਰ ਦੇ ਹੱਲੇ ਬੰਦ ਕੀਤੇ ਜਾਣ। ਨਿੱਜੀ ਹਸਪਤਾਲ ਲੋਕ ਸੇਵਾ ਲਈ ਸਰਕਾਰੀ ਕੰਟਰੋਲ ਅਧੀਨ ਲਏ ਜਾਣ। ਮਰਜ਼ ਅਤੇ ਲੌਕਡਾਊਨ ਦੀ ਵਾੜ ਗੱਡਕੇ, ਲੋਕਾਂ ਨੂੰ ਘਰਾਂ ਅੰਦਰ ਤਾੜਕੇ ਜਮਹੂਰੀ ਕਾਮਿਆਂ, ਪੱਤਰਕਾਰਾਂ, ਫੋਟੋ ਜਰਨਲਿਸਟਾਂ ਦੀਆਂ ਧੜਾ ਧੜ ਗ੍ਰਿਫ਼ਤਾਰੀਆਂ ਅਤੇ ਲੋਕ-ਹੱਕਾਂ ਲਈ ਸਰਗਰਮੀਆਂ ਉਪਰ ਰੋਕਾਂ ਮੜ੍ਹਨੀਆਂ ਬੰਦ ਕੀਤੀਆਂ ਜਾਣ।

## ਜ਼ਿੰਦਗੀ ਮੁੜ ਪਟੜੀ 'ਤੇ ਦੌੜਨ ਲੱਗੀ

ਨਵੀਂ ਦਿੱਲੀ – ਭਾਰਤ ਦੀ ਰਾਜਧਾਨੀ ਦਿੱਲੀ ਵਿਚ ਕਰੀਬ 40 ਦਿਨਾਂ ਬਾਅਦ ਸਖ਼ਤ ਪਾਬੰਦੀਆਂ 'ਚ ਰਾਹਤ ਦਿੱਤੀ ਗਈ ਹੈ। ਇਸ ਦੌਰਾਨ ਸਰਕਾਰੀ ਤੇ ਪ੍ਰਾਈਵੇਟ ਦਫ਼ਤਰ ਸੀਮਤ ਸਟਾਫ਼ ਨਾਲ ਖੁੱਲ੍ਹੇ। ਇਲੈਕਟ੍ਰੌਨਿਕਸ ਤੇ ਆਟੋ ਪਾਰਟਸ ਦੁਕਾਨਾਂ ਨੇ ਵੀ ਹੌਲੀ-ਹੌਲੀ ਆਪਣੀ ਗਤੀਵਿਧੀਆਂ ਆਰੰਭ ਦਿੱਤੀਆਂ ਹਨ। ਵੱਡੇ ਬਾਜ਼ਾਰਾਂ ਵਿਚ ਜ਼ਿਆਦਾਤਰ ਦੁਕਾਨਦਾਰਾਂ ਨੇ ਸਾਵਧਾਨੀ ਵਰਤਦਿਆਂ ਦੁਕਾਨਾਂ ਬੰਦ ਰੱਖੀਆਂ। ਕਈਆਂ ਨੇ ਕਿਹਾ ਕਿ ਗਾਹਕ ਜ਼ਿਆਦਾ ਨਹੀਂ ਹਨ, ਇਸ ਲਈ ਸਾਰਾ ਦਿਨ ਦੁਕਾਨਾਂ ਖੋਲ੍ਹਣ ਦਾ ਕੋਈ ਫ਼ਾਇਦਾ ਨਹੀਂ ਹੈ। ਗ਼ੈਰਜ਼ਰੂਰੀ ਸੇਵਾਵਾਂ ਨਾਲ ਸਬੰਧਤ ਦਿੱਲੀ ਸਰਕਾਰ ਦੇ ਦਫ਼ਤਰ ਵੀ ਅੱਜ ਖੁੱਲ੍ਹੇ। ਬੈਂਕਾਂ ਵਿਚ ਵੀ ਲੋਕ ਲਟਕੇ ਕਾਰਜ ਨਿਬੇੜਦੇ ਨਜ਼ਰ ਆਏ ਤੇ ਕੁੱਝ ਆਈਸਕ੍ਰੀਮ ਵੇਚਣ ਵਾਲੇ ਵੀ ਗਲੀਆਂ ਵਿਚ ਨਜ਼ਰ ਆਏ। ਨੋਇਡਾ ਵਿਚ ਜ਼ਿਲ੍ਹਾ ਪ੍ਰਸ਼ਾਸਨ ਨੇ ਧਾਰਾ 144 ਨੂੰ 17 ਮਈ ਤੱਕ ਲਾਗੂ ਰੱਖਣ ਦਾ ਫ਼ੈਸਲਾ ਕੀਤਾ ਹੈ। ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਅਨਿਲ ਬੈਜਲ ਨੇ ਪੁਲੀਸ ਤੇ ਪ੍ਰਸ਼ਾਸਕੀ ਅਧਿਕਾਰੀਆਂ ਨੂੰ ਕਿਹਾ ਹੈ ਕਿ ਸਮਾਜਿਕ ਦੂਰੀ ਦਾ ਵਿਸ਼ੇਸ਼ ਖਿਆਲ ਰੱਖਿਆ ਜਾਵੇ ਤੇ ਫ਼ਾਸਲਾ ਨਾ ਰੱਖ ਕੇ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਦੇਸ਼ ਦੇ ਹੋਰਨਾਂ ਸੂਬਿਆਂ ਵਿਚ ਵੀ ਲੌਕਡਾਊਨ ਵਿਚ ਢਿੱਲ ਮਗਰੋਂ ਜ਼ਿੰਦਗੀ ਹੌਲੀ-ਹੌਲੀ ਲੀਹ 'ਤੇ ਆਉਣ ਲੱਗੀ ਹੈ। ਤਾਮਿਲਨਾਡੂ 'ਚ ਦੁਪਹੀਆ ਵਾਹਨ ਤੇ ਪ੍ਰਾਈਵੇਟ ਕਾਰਾਂ ਸੜਕਾਂ ਉਤੇ ਨਜ਼ਰ ਆਈਆਂ ਜਦਕਿ ਜਨਤਕ ਟਰਾਂਸਪੋਰਟ ਤੇ ਟੈਕਸੀ-ਆਟੋ ਰਿਕਸ਼ਾ ਹਾਲੇ ਬੰਦ ਹਨ। ਕੇਂਦਰੀ ਤੇ ਸੂਬਾਈ ਸਰਕਾਰੀ ਦਫ਼ਤਰ 33 ਫ਼ੀਸਦੀ ਸਟਾਫਸਮਰੱਥਾ ਨਾਲ ਖੁੱਲ੍ਹੇ। ਹੋਰ ਕਈ ਦੁਕਾਨਾਂ ਵੀ ਖੁੱਲ੍ਹੀਆਂ ਪਰ ਭੀੜ ਨਹੀਂ ਸੀ। ਅਸਾਮ ਵਿਚ ਨੰਬਰ ਸਿਸਟਮ ਲਾਗੂ ਕੀਤਾ ਗਿਆ ਹੈ ਤੇ ਇਕੋ ਕਤਾਰ



ਵਿਚ ਸਥਿਤ ਸਿਰਫ਼ ਤੀਜਾ ਹਿੱਸਾ ਦੁਕਾਨਾਂ ਹੀ ਖੁੱਲ੍ਹੀਆਂ। ਅਸਾਮ ਵਿਚ ਸ਼ਾਮ 6 ਤੋਂ ਸਵੇਰੇ ਛੇ ਵਜੇ ਤੱਕ ਕਰਫਿਊ ਜਾਰੀ ਰਹੇਗਾ। ਉੜੀਸਾ ਵਿਚ ਗਰੀਨ ਤੇ ਔਰੇਂਜ ਜ਼ੋਨਾਂ ਵਿਚ ਕਾਰੋਬਾਰੀ ਗਤੀਵਿਧੀਆਂ ਹੋਈਆਂ ਤੇ ਲੋਕਾਂ ਦੀ ਆਵਾਜਾਈ ਵੀ ਦੇਖੀ ਗਈ। ਗੁਜਰਾਤ ਵਿਚ ਛੇ ਵੱਡੇ ਸ਼ਹਿਰਾਂ ਤੇ ਨਗਰ ਕੌਂਸਲਾਂ ਨੂੰ ਛੱਡ (ਰੈੱਡ ਜ਼ੋਨ) ਬਾਕੀ ਥਾਵਾਂ 'ਤੇ ਦੁਕਾਨਾਂ, ਬਾਜ਼ਾਰ ਤੇ ਹੋਰ ਉਦਯੋਗਿਕ ਇਕਾਈਆਂ ਅੱਜ ਖੁੱਲ੍ਹੀਆਂ।


BERKSHIRE HATHAWAY
BH HS BERKSHIRE HATHAWAY HOMESERVICES
Home Services



Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
MLS
7412 Elsie Ave., Sacramento, CA 95828



'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

# ਸ਼੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਪਿੰਡ ਬਹਾਦਰਕੇ ਵਲੋਂ 150 ਲੋੜਵੰਦ ਪਰਿਵਾਰਾਂ ਨੂੰ ਵੰਡਿਆ ਗਿਆ ਰਾਸ਼ਨ







ਜਿਵੇ ਕਿ ਸਾਰੇ ਸੰਸਾਰ ਨੂੰ ਪਤਾ ਹੀ ਹੈ ਕਿ ਕੋਰੋਨਾ ਨਾਂਮ ਦੀ ਨਾ ਮੁਰਾਦ ਬਿਮਾਰੀ ਚਲ ਰਹੀ ਹੈ ਇਸ ਬਿਮਾਰੀ ਕਾਰਨ ਸਾਰਾ ਦੇਸ਼ ਲਾਕਡਾਊਨ ਹੈ ਇਹਨਾਂ ਹਲਾਤਾ ਨੂੰ ਦੇਖਦੇ ਹੋਏ ਸ਼੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਪਿੰਡ ਬਹਾਦਰਕੇ ਨੇ ਸੁਰੇਸ਼ ਕੁਮਾਰ ਲੋਈ ਜੀ ਦੀ ਪ੍ਰਧਾਨਗੀ ਹੇਠ ਅਤੇ ਮੈਂਬਰਾ ਦੇ ਸਹਿਯੋਗ ਨਾਲ ਬਹਾਦਰਕੇ ਦੇ 150 ਤੋਂ ਜਿਆਦਾ ਪਰਿਵਾਰਾ ਨੂੰ ਰਾਸ਼ਨ ਦੇ ਕੇ ਓਹਨਾ ਦੀ ਮਦਦ ਕੀਤੀ ਜਿਸ ਵਿਚ ਜਿਥੇ ਪਿੰਡ ਦੇ 80 ਪਰਿਵਾਰ ਅਤੇ ਜੋ ਬਾਹਰ ਲੈ ਸੂਬਿਆ ਤੋਂ ਆਏ ਹੋਏ 70 ਪਰਵਾਸੀ ਪਰਿਵਾਰ ਵੀ ਸ਼ਾਮਲ ਸਨ।

ਉਹਨਾਂ ਨੂੰ ਰਾਸ਼ਨ ਦਿਤਾ ਗਿਆ ਅਤੇ ਕਮੇਟੀ ਦਾ ਕਹਿਣਾਂ ਹੈ ਕਿ ਅਜਿਹੇ ਸਮੇਂ ਵਿਚ ਦੇਸ਼ ਦੀਆ ਸਮਾਜਿਕ, ਧਾਰਮਿਕ, ਜਥੇਬੰਦੀਆਂ ਨੂੰ ਗਰੀਬਾ ਦੀ ਮਦਦ ਲਈ ਅਗੇ ਆਉਣਾ ਚਾਹੀਦਾ ਹੈ।

ਇਸ ਮੌਕੇ ਪ੍ਰਧਾਨ ਸੁਰੇਸ਼ ਕੁਮਾਰ ਲੋਈ, ਦਲਜੀਤ ਬਿੱਟੂ, ਮਿਸ਼ਨਰੀ ਗਾਇਕ ਵਿੱਕੀ ਬਹਾਦਰਕੇ ਰਾਜ ਮੱਲ, ਮਨਸਾ ਰਾਮ, ਬਲਜੀਤ ਭੱਟੀ, ਸ਼ਿੰਦਰਪਾਲ ਸੰਧੂ, ਮਨਜੀਤ ਸਿੰਘ, ਰਜੇਸ਼ ਲੋਈ, ਸੁਰਿਦਰ ਮੱਲ, ਸੱਤਪਾਲ ਬੱਤਪਗਾ, ਰਜਨੀਸ਼ ਲੋਈ, ਡਾ ਓਮ ਪ੍ਰਕਾਸ਼, ਹੈਪੀ ਸੰਧੂ, ਆਦਿ ਸ਼ਾਮਲ ਸਨ ਅਤੇ ਉਹਨਾਂ ਨੇ ਅਪੀਲ ਵੀ ਕੀਤੀ ਲੋਕਾਂ ਨੂੰ ਕੇ ਆਪਣੇ ਘਰਾਂ ਵਿਚ ਰਹਿਣ ਸਰਕਾਰ ਦਾ ਅਤੇ ਪ੍ਰਸ਼ਾਸ਼ਨ ਦਾ ਸਾਥ ਦੇਣ।

# ਸੁਰ ਸੰਗਮ ਵਿਦਿਅਕ ਟਰੱਸਟ ਮਾਹਿਲਪੁਰ ਨੇ ਜੱਸੋਵਾਲ ਦਾ ਜਨਮ ਦਿਨ ਮਨਾਇਆ

**ਮਾਹਿਲਪੁਰ–** ਸੁਰ ਸੰਗਮ ਵਿਦਿਅਕ ਟਰੱਸਟ ਮਾਹਿਲਪੁਰ ਵਲੋਂ ਪ੍ਰਧਾਨ ਬਲਜਿੰਦਰ ਮਾਨ ਦੀ ਅਗਵਾਈ ਹੇਠ ਮੀਡੀਏ ਦੇ ਅਧੁਨਿਕ ਯੰਤਰਾ ਦੀ ਸਹਾਇਤਾ ਨਾਲ ਮੇਲਿਆਂ ਦੇ ਬਾਦਸ਼ਾਹ ਸ. ਜਗਦੇਵ ਸਿੰਘ ਜੱਸੋਵਾਲ ਦਾ ਜਨਮ ਦਿਨ ਮਨਾਇਆ।ਇਸ ਮੌਕੇ ਬਲਜਿੰਦਰ ਮਾਨ ਨੇ ਮਾਹਿਲਪੁਰ ਇਲਾਕੇ ਵਿਚ ਉਹਨਾਂ ਦੀਆਂ ਸਰਗਰਮੀਆਂ ਤੇ ਰੌਸ਼ਨੀ ਪਾਉਂਦਿਆਂ ਕਿਹਾ ਕਿ ਸ਼ੌਂਕੀ ਮੇਲੇ ਰਾਹੀਂ ਉਹ ਇਸ ਇਲਾਕੇ ਨਾਲ ਨਿਰੰਤਰ ਜੁੜੇ ਰਹੇ। ਉਹਨਾਂ ਅੱਗੇ ਕਿਹਾ ਕਿ ਸਾਡੇ ਵਰਗੇ ਅਨੇਕਾਂ ਸਾਹਿਤਕਾਰਾਂ ਅਤੇ ਕਲਾਕਾਰਾਂ ਨੂੰ ਨਰੋਈਆਂ ਲੀਹਾਂ ਤੇ ਪਾ ਕੇ ਜੋ ਜੱਸ ਉਹਨਾਂ ਕਮਾਇਆ ਉਹ ਕੋਈ ਹੋਰ ਨਹੀਂ ਕਮਾ ਸਕਿਆ। ਜੂਮ ਐਪ ਤੇ ਅਮਰੀਕਾ ਤੋਂ ਐਸ ਅਸ਼ੋਕ ਭੌਰਾ ਨੇ ਕਿਹਾ ਕਿ ਉਹ ਤੀਹ ਅਪ੍ਰੈਲ 1935 ਨੂੰ ਜਨਮੇ ਅਤੇ ਸਾਰਾ ਜੀਵਨ 22 ਦਸੰਬਰ 1914 ਤਕ ਕਲਾਕਾਰਾਂ ਨੂੰ ਜੋ ਮਾਣ ਸਨਮਾਨ ਦਿਵਾਉਂਦੇ ਰਹੇ। ਉਹਨਾਂ ਦੀ ਮਹਾਨ ਦੇਣ ਪੰਜਾਬੀ ਸੱਭਿਆਚਾਰ ਦੇ ਇਤਿਹਾਸਕ ਪੰਨਿਆਂ ਤੇ ਦਰਜ ਹੈ।ਮਾਹਿਲਪੁਰ ਦੇ ਸ਼ੌਂਕੀ ਮੇਲੇ ਦੇ ਪ੍ਰਮੁੱਖ ਪ੍ਰੇਰਨਾ ਸਰੋਤ ਉਹੀ ਹਸਤੀ ਸੀ ਜੋ ਸਭ ਨੂੰ ਸਰ–



ਪ੍ਰੱਸਤੀ ਦਿੰਦੇ ਰਹੇ।ਮਾਸਟਰ ਗੁਰਮੇਜ ਸਿੰਘ ਅਤੇ ਪੰਮੀ ਖੁਸ਼ਹਾਲਪੁਰੀ ਨੇ ਤਰੰਨਮ 'ਚ ਗੀਤ ਪੇਸ਼ ਕਰਕੇ ਆਪਣੀ ਹਾਜ਼ਰੀ ਲਗਵਾਈ।ਗੀਤਕਾਰ ਸਾਬੀ ਈਸਪੁਰੀ, ਵਿਜੇ ਰਸੂਲਪੁਰੀ ਨੇ ਵੀ ਆਪਣੇ ਗੀਤਾਂ ਰਾਹੀਂ ਪੰਜਾਬੀ ਸੱਭਿਅਚਾਰ ਦੀਆਂ ਝਲਕਾਂ ਪੇਸ਼ ਕੀਤੀਆਂ।ਗਾਇਕ ਵਿਜੇ ਭੱਟੀ, ਕਮਲਜੀਤ ਨੀਲੋਂ, ਨੀਲ ਕਮਲ ਨੇ ਆਪਣੀ ਗਾਇਕੀ ਨਾਲ ਉਹਨਾਂ ਦੀ ਪਿਆਰੀ ਤੇ ਨਿਆਰੀ ਦੇਣ ਨੂੰ ਸਲੂਟ ਕੀਤਾ।

ਲੌਕ ਡਾਉਨ ਦੇ ਜ਼ਮਾਨੇ ਵਿਚ ਅਧੁਨਿਕ ਯੰਤਰਾਂ ਨਾਲ ਆਪਣੀਆਂ ਕਰਮਯੋਗੀ ਹਸਤੀਆਂ ਨੂੰ ਯਾਦ ਕਰਨ ਦੇ ਇਸ ਉਪਰਾਲੇ ਨੂੰ ਸਭ ਕਲਾ ਪ੍ਰੇਮੀਆਂ ਵਲੋਂ ਸਲਾਹਿਆ ਗਿਆ।

ਇਸ ਸਮਾਰੋਹ ਵਿਚ ਬੱਗਾ ਸਿੰਘ ਆਰਟਿਸਟ, ਚੈਂਚਲ ਸਿੰਘ ਬੈਂਸ, ਸੁਖਮਨ ਸਿੰਘ, ਆਰਟਿਸਟ ਕੁਲਵਿੰਦਰ ਕੌਰ ਰੂਹਾਨੀ, ਪ੍ਰਿੰ. ਮਨਜੀਤ ਕੌਰ, ਰਘੁਬੀਰ ਸਿੰਘ ਕਲੋਆ, ਅਸ਼ੋਕ ਪੁਰੀ, ਗੁਰਮੀਤ ਖਾਨਪੁਰੀ, ਬੀ ਐਸ ਬਾਗਲਾ, ਪ੍ਰੋ ਬਲਬੀਰ ਕੌਰ ਰੀਹਲ, ਨਿਧੀ ਅਮਨ ਸਹੋਤਾ ਆਦਿ ਨੇ ਆਪੋ ਆਪਣੇ ਢੰਗ ਨਾਲ ਆਪਣੀ ਹਾਜ਼ਰੀ ਲਗਵਾਈ।ਸਭ ਦਾ ਧੰਨਵਾਦ ਕੁਲਦੀਪ ਕੌਰ ਬੈਂਸ ਵਲੋਂ ਕੀਤਾ ਗਿਆ।



ਮਜਦੂਰ ਦਿਵਸ ਦੀਆਂ ਸਭ ਨੂੰ ਬਹੁਤ ਬਹੁਤ ਮੁਬਾਰਕਾਂ ਬਾਬਾ ਸਾਹਿਬ ਅੰਬੇਡਕਰ ਜੀ ਨੇ ਭਾਰਤ ਦੇ ਮਜਦੂਰਾਂ ਲਈ ਵੀ ਬਹੁਤ ਸੰਘਰਸ਼ ਕੀਤਾ ਜਿੱਥੇ ਮਜਦੂਰਾਂ ਕੋਲ 13–14 ਘੰਟੇ ਕੰਮ ਕਰਵਾਇਆ ਜਾਂਦਾ ਸੀ ਓਰ ਮਜਦੂਰਾ ਨੂੰ ਪੂਰਾ ਮਿਹਨਤਾਨਾ ਵੀ ਨਹੀ ਦਿੱਤਾ ਜਾਦਾ ਸੀ ਜਿਆਦਾਤਰ ਮਜਦੂਰਾ ਤੋ ਵਗਾਰ ਕਰਵਾਈ ਜਾਦੀ ਸੀ ਉੱਥੇ ਬਾਬਾ ਸਾਹਿਬ ਨੇ ਮਜਦੂਰਾਂ ਲਈ 8 ਘੰਟੇ ਦਾ ਸਮਾਂ ਨਿਸ਼ਚਿਤ ਕਰਵਾਇਆ ਓਰ ਓਨਾ ਨੂੰ ਕੰਮ ਦੇ ਬਦਲੇ ਪੂਰੇ ਪੈਸੇ ਦੇਣ ਦਾ ਕਾਨੂੰਨ ਵੀ ਪਾਸ ਕਰਵਾਇਆ ਤੇ ਮਜਦੂਰਾਂ ਦੇ ਹੱਕਾਂ ਲਈ ਵੀ ਬਹੁਤ ਸੰਘਰਸ਼ ਕੀਤਾ ਓਰ ਬਾਲ ਮਜਦੂਰੀ ਤੇ ਰੋਕ ਲਈ ਵੀ ਕਾਨੂੰਨ ਬਣਾਇਆ ਸਲਾਮ ਆ ਮਹਾਨ ਰਹਿਬਰ ਨੂੰ

**ਜੈ ਭੀਮ ਜੈ ਭਾਰਤ ਜੈ ਸਾਹਿਬ ਸ਼੍ਰੀ ਕਾਸ਼ੀ ਰਾਮ ਜੀ**
**ਵਲੋ :ਸਿੰਗਰ ਓਰ ਸ਼ੋਸ਼ਲ ਵਰਕਰ : ਮਨਜੀਤ ਸੋਨੂੰ**

# ਹਜ਼ੂਰ ਸਾਹਿਬ ਦੀਆ ਸੰਗਤਾਂ ਦੇ ਮਾਮਲੇ ਵਿਚ ਸਰਕਾਰ ਦਾ ਮਿਸ਼ਨ ਫਤਹਿ ਨਿੱਕੰਮੀ ਕਾਰਗੁਜ਼ਾਰੀ ਕਰਕੇ ਲੀਰੋ ਲੀਰ ਹੋਇਆ - ਬਸਪਾ ਸੂਬਾ ਪ੍ਰਧਾਨ

**ਜਲੰਧਰ (ਬਿਊਰੋ)–** ਬਸਪਾ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਪੰਜਾਬ ਸਰਕਾਰ ਦਾ ਹਜ਼ੂਰ ਸਾਹਿਬ ਦੀਆ ਸੰਗਤਾਂ ਨੂੰ ਵਾਪਸ ਲਿਆਉਣ ਦੇ ਮੁੱਦੇ ਉਪਰ ਸਰਕਾਰ ਨੂੰ ਸਵਾਲ ਕੀਤਾ ਹੈ ਕਿ ਸਰਕਾਰ ਉੱਤਰ ਦੇਵੇ ਕਿ ਜੇਕਰ ਹਜ਼ੂਰ ਸਾਹਿਬ ਗਈਆਂ ਸੰਗਤਾਂ ਦਾ ਕੋਰੋਨਾ ਟੈਸਟ ਤਿੰਨ ਵਾਰ ਹੋਇਆ ਸੀ, ਤਿੰਨੋ ਵਾਰ ਨੇਗਟਿਵ ਆਇਆ ਸੀ , ਤਾਂ ਪੰਜਾਬ ਪੁੱਜਦੇ ਪੁੱਜਦੇ ਸਿੱਖ ਸੰਗਤਾਂ ਪੋਜਟਿਵ ਕਿਵੇਂ ਹੋਈਆਂ। ਸਿੱਖ ਸੰਗਤਾਂ ਨੂੰ ਵਾਪਸ ਪੰਜਾਬ ਅੱਪਰਨ ਉਪਰੰਤ 14 ਦਿਨਾਂ ਇਕਾਂਵਾਸ ਕਿਉਂ ਲਾਗੂ ਨਹੀਂ ਕਰਵਾ ਸਕੇ। ਸਰਕਾਰ ਦਾ ਮਿਸਨ ਫਤਹਿ ਲੀਰਾਂ ਲੀਰ ਹੋ ਚੁੱਕਾ ਹੈ। ਕਾਂਗਰਸ ਸਰਕਾਰ ਪੰਜਾਬ ਦੇ ਲੋਕਾਂ ਨੂੰ ਸਹੂਲਤ ਦੇਣ ਦੀ ਜਗ੍ਹਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਦਾ ਸਤਸੰਗ ਹਰ ਹਫ਼ਤੇ ਸੁਣਾ ਕੇ ਗਰੀਬਾ ਮਜਦੂਰਾਂ ਤੇ ਮੱਧ ਵਰਗ ਦਾ ਭੁੱਖਾ ਢਿੱਡ ਭਰ ਰਹੀ ਹੈ। ਬਸਪਾ ਸੂਬਾ ਪ੍ਰਧਾਨ ਸਰਦਾਰ ਗੜ੍ਹੀ ਨੇ ਕਾਂਗਰਸ ਦੀ ਨਿਕੰਮੀ ਕਾਰਗੁਜਾਰੀ ਤੇ ਹਮਲਾ ਕਰਦਿਆ ਕਿਹਾ ਕਿ ਪੰਜਾਬ ਸਰਕਾਰ ਤਨਖਾਹਾਂ ਤਾਂ ਸਰਕਾਰੀ ਮੁਲਾਜ਼ਮਾਂ ਦੀਆ ਕਟ ਰਹੀ ਹੈ ਅਤੇ ਫਾਇਦਾ ਨਿੱਜੀ ਖੇਤਰਾਂ ਨੂੰ ਦੇ ਰਹੀ ਹੈ। ਹਜ਼ੂਰ ਸਾਹਿਬ ਤੋ ਸੰਗਤਾਂ ਲਿਆਂਉਣ ਦੇ ਮਾਮਲੇ ਵਿਚ ਪੰਜਾਬ ਸਰਕਾਰ ਨੇ ਪੀ ਆਰ ਟੀ ਸੀ ਦੀ ਕਿਲੋਮੀਟਰ ਸਕੀਮ ਵਾਲੀਆ ਬੱਸਾਂ ਦੀ ਵਰਤੋਂ ਕੀਤੀ, ਜਿਸਦਾ ਫਾਇਦਾ ਨਿਜੀ ਜਾਣਾ ਸੀ, ਜਦੋਂ ਕਿ ਇਕ ਇਕ ਦਿਨ ਦੀ ਤਨਖਾਹ ਪੀ ਆਰ ਟੀ ਸੀ ਦੇ ਰੈਗੂਲਰ ਮੁਲਾਜਮਾਂ ਦੀ ਕੱਟੀ ਹੈ। ਕਿਲੋਮੀਟਰ ਸਕੀਮ ਵਾਲੀਆਂ ਬੱਸਾਂ ਨੂੰ ਗਿਆ ਲੱਖਾਂ ਰੁਪਈਆਂ ਖਜਾਨੇ ਵਿੱਚ ਜਾਣ ਦੀ ਜਗ੍ਹਾ ਨਿਜੀ ਲੋਕਾਂ ਦੀ ਜੇਬ ਵਿਚ ਸਰਕਾਰ ਨੇ ਪਾਇਆ ਗਿਆ, ਜੋਕਿ ਸਰਕਾਰ ਦੀ ਮਿਲੀ ਭੁਗਤ ਨਾਲ ਘਪਲਾ ਹੋਇਆ ਹੈ। ਪੀਆਰਟੀਸੀ ਦੇ ਡਰਾਈਵਰ ਸ਼੍ਰੀ ਮਨਜੀਤ ਸਿੰਘ ਦੀ ਦਿਲ ਦੇ ਦੌਰੇ ਨਾਲ ਮੌਤ ਹੋਈ, ਬਸਪਾ ਨੇ ਉਸ ਪਰਿਵਾਰ ਲਈ ਇਕ ਕਰੋੜ ਮੁਆਵਜੇ ਦੀ ਮੰਗ ਕੀਤੀ। ਸਰਕਾਰ ਤੋ ਜਾਂਚ ਦੀ ਮੰਗ ਕਰਦਿਆ ਬਸਪਾ ਸੂਬਾ ਪ੍ਰਧਾਨ ਨੇ ਕਿਹਾ ਕਿ ਪਿਛਲੇ ਚਾਲੀ ਦਿਨਾਂ ਵਿਚ ਤਰਨਤਾਰਨ ਵਿਖੇ ਸਿੱਖ ਸੰਗਤਾਂ ਨੂੰ ਹਸਪਤਾਲ ਪੁੱਜਦਾ ਕਰਨ ਲਈ ਸਿਹਤ ਵਿਭਾਗ ਦੀ ਐਂਬੂਲੈਂਸ ਪੰਜ ਪੰਜ ਕਿਲੋ ਮਿੱਟੀ ਅਤੇ ਗੰਦਗੀ ਨਾਲ ਭਰੀਆਂ ਕਿਵੇਂ ਰਹੀਆ ਇਹ ਸਿੱਧ ਕਰਦਾ ਹੈ ਕਿ ਸਰਕਾਰ ਦਾ ਮਿਸਨ ਫਤਹਿ ਲੀਰੋਂ ਲੀਰ ਹੋ ਚੁੱਕਾ ਹੈ। ਬਸਪਾ ਨੇ ਇਸ ਗੱਲ ਦੀ ਵੀ ਜਾਂਚ ਦੀ ਮੰਗ ਕੀਤੀ ਕਿ ਤਬਲੀਗੀ ਜਮਾਤ ਦੀ ਤਰਜ ਉਪਰ ਸਿੱਖਾਂ ਅਤੇ ਹੋਰ ਘੱਟ ਗਿਣਤੀਆਂ ਨੂੰ ਕਿਵੇਂ ਬਦਨਾਮ ਕੀਤਾ ਜਾ ਰਿਹਾ ਹੈ? ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਭਾਜਪਾ ਅਤੇ ਕਾਂਗਰਸ ਹਮੇਸ਼ਾ ਤੋ ਹੀ ਪੰਜਾਬ ਸੂਬੇ ਪ੍ਰਤੀ ਸਾਜਿਸ਼ੀ ਸੋਚ ਅਤੇ ਸਾਜਿਸ਼ੀ ਕਾਰਜਸ਼ੈਲੀ ਨਾਲ ਪੰਜਾਬ, ਪੰਜਾਬੀਅਤ, ਦਲਿਤਾਂ ਪੱਛੜੀਆਂ ਤੇ ਘੱਟ ਗਿਣਤੀਆਂ ਵਿਰੋਧੀ ਮਾਨਸਿਕਤਾ ਰੱਖਦੇ ਰਹੇ ਹਨ। ਇਹਨਾ ਸਰਕਾਰਾਂ ਤੋ ਕਲਿਆਣਕਾਰੀ ਸਿਆਸਤ ਅਤੇ ਕਲਿਆਣਕਾਰੀ ਸਕੀਮਾਂ ਦੀ ਆਸ ਰੱਖਣਾ ਮਿਰਗਤ੍ਰਿਸ਼ਨਾ ਹੋਵੇਗਾ।

# ਡਾ ਅੰਬੇਡਕਰ ਦੀ ਪ੍ਰਤਿਮਾ ਦਾ ਅਨਾਦਰ ਨਿੰਦਣਯੋਗ

**ਜਲੰਧਰ (ਬਿਊਰੋ)–** ਕਰੋਨਾਵਾਇਰਸ ਦੀ ਮਹਾਂਮਾਰੀ ਦਾ ਕਹਿਰ ਦਿਨੋਂ ਦਿਨ ਵਧ ਰਿਹਾ ਹੈ ਪਰ ਮਾੜੇ ਅਨਸਰ ਅਪਣੀਆਂ ਸਮਾਜ ਵਿਰੋਧੀ ਹਰਕਤਾਂ ਤੋਂ ਬਾਜ ਨਹੀਂ ਆਉਂਦੇ। ਬੀਤੇ ਦਿਨੀ ਤਾਮਿਲਨਾਡੂ ਦੇ ਕੁਡਲੌਰ ਕਸਬੇ ਵਿਖੇ ਭਾਰਥੀ ਰੋਡ ’ਤੇ ਕੁਝ ਅਗਿਆਤ ਸਿਰ–ਫਿਰੇ ਅਨਸਰਾਂ ਦੁਆਰਾ ਡਾ. ਬੀ. ਆਰ. ਅੰਬੇਡਕਰ ਦੀ ਮੂਰਤੀ ਦਾ ਅਨਾਦਰ ਕਰਕੇ ਇਸ ’ਤੇ ਅਪਮਾਨਜਨਕ ਟਿੱਪਣੀਆਂ ਵਾਲਾ ਇੱਕ ਪੋਸਟਰ ਵੀ ਬੁੱਤ ਦੇ ਚਿਹਰੇ ਤੇ ਬੰਨਿਆ ਹੋਇਆ ਸੀ।

ਪਤਾ ਲੱਗਣ ’ਤੇ ਕੁਡਲੌਰ ਕਸਬੇ ਦੇ ਵਸਨੀਕ ਉਥੇ ਪਹੁੰਚ ਗਏ ਅਤੇ ਪੋਸਟਰ ਦੇ ਨਾਲ–ਨਾਲ ਅਪਮਾਨਜਨਕ ਸਮੱਗਰੀ ਵੀ ਹਟਾ ਦਿੱਤੀ।

ਮੂਰਤੀ ਦੀ ਸਫਾਈ ਕਰਨ ਵਾਲੇ ਕਰਮਚਾਰੀ ਨੇ ਕਿਹਾ, "ਇਹ ਘਟਨਾ ਇੱਕ ਮਈ ਸ਼ੁੱਕਰਵਾਰ ਨੂੰ ਦੁਪਹਿਰ ਵੇਲੇ ਵਾਪਰੀ"। ਉਸਨੇ ਅੱਗੇ ਕਿਹਾ ਕਿ ਬਾਬਾ ਸਾਹਿਬ ਦੀ ਇਹ ਮੂਰਤੀ ਕਸਬੇ ਦੇ ਇੱਕ ਧਮਣੀ ਜੰਕਸ਼ਨ ’ਤੇ ਸੀ, ਜਿੱਥੇ ਕਈ ਪੁਲਿਸ ਅਧਿਕਾਰੀ ਪਿਛਲੇ ਕਈ ਦਿਨਾਂ ਤੋਂ ਕੋਰੋਨਾਵਾਇਰਸ ਦੇ ਪ੍ਰਸਾਰ ਨੂੰ ਰੋਕਣ ਲਈ ਰਾਜ ਭਰ ਵਿੱਚ ਤਾਲਾਬੰਦੀ ਲਗਾਉਣ ਲਈ ਪਹਿਰੇਦਾਰੀ ਕਰ ਰਹੇ ਸਨ। ਜ਼ਿਲ੍ਹੇ ਦੇ ਨਾਮ ਨਾਲ, ਇਹ ਸ਼ਹਿਰ ਕੁਡਲੌਰ ਦਾ ਜ਼ਿਲ੍ਹਾ ਹੈਡਕੁਆਰਟਰ ਵੀ ਹੈ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ) ਦੇ ਜਨਰਲ ਸਕੱਤਰ ਵਰਿੰਦਰ ਕੁਮਾਰ ਨੇ ਇੱਕ ਪ੍ਰੈਸ ਬਿਆਨ ਵਿਚ ਦਿੱਤੀ।

ਵਰਿੰਦਰ ਕੁਮਾਰ ਨੇ ਕਿਹਾ ਕਿ ਸੋਸਾਇਟੀ ਦੇ ਸਮੂਹ ਮੈਂਬਰਾਂ ਨੇ ਇਸ ਘਟਨਾ ਦਾ ਬਹੁਤ ਦੁੱਖ ਮਨਾਇਆ ਤੇ ਇਸਦੀ ਘੋਰ ਨਿੰਦਾ ਕੀਤੀ ਹੈ ਅਤੇ ਤਾਮਿਲਨਾਡੂ ਤੇ ਕੇਂਦਰ ਸਰਕਾਰ ਤੋਂ ਇਹ ਮੰਗ ਕੀਤੀ ਕਿ ਅਜਿਹੇ ਦੋਸ਼ੀਆਂ ਦਾ ਜਲਦ ਤੋਂ ਜਲਦ ਪਤਾ ਲਗਾ ਕੇ ਉਨ੍ਹਾਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕਰਕੇ ਉਨ੍ਹਾਂ ਨੂੰ ਸਖ਼ਤ ਸਜਾ ਦਿੱਤੀ ਜਾਵੇ।

# ਬੇਹੱਦ ਪੱਛੜੇ ਦੇਸ਼ਾਂ ਤੋਂ ਵੀ ਕਿਉਂ ਪਛੜਦਾ ਜਾ ਰਿਹਾ ਹੈ ਭਾਰਤ?

**ਨਵੀਂ ਦਿੱਲੀ –** ਸੰਯੁਕਤ ਰਾਸ਼ਟਰ ਦੀ ‘ਵਰਲਡ ਹੈਪੀਨੈਸ ਰਿਪੋਰਟ–2020’ ਵਿਚ ਭਾਰਤ ਨੂੰ 144ਵਾਂ ਸਥਾਨ ਮਿਲਿਆ ਹੈ। ਪਿਛਲੇ ਸਾਲ ਭਾਰਤ 140ਵੇਂ ਸਥਾਨ ’ਤੇ ਸੀ ਅਤੇ ਉਸ ਤੋਂ ਪਹਿਲਾਂ ਭਾਵ 2018 ਵਿਚ ਭਾਰਤ 133ਵੇਂ ਸਥਾਨ ਅਤੇ 2017 ਵਿਚ 122ਵੇਂ ਸਥਾਨ ’ਤੇ ਸੀ। ਇਸ ਵਾਰ ਸਰਵੇਖਣ ਵਿਚ ਸ਼ਾਮਿਲ 156 ਦੇਸ਼ਾਂ ਵਿਚ ਭਾਰਤ ਦਾ ਸਥਾਨ ਏਨਾ ਹੇਠਾਂ ਹੈ, ਜਿੰਨਾ ਅਫਰੀਕੀ ਮਹਾਂਦੀਪ ਦੇ ਕੁੱਝ ਬੇਹੱਦ ਪੱਛੜੇ ਦੇਸ਼ਾਂ ਦਾ ਹੈ। ਭਾਵ ਇਨ੍ਹਾਂ ਦੇਸ਼ਾਂ ਦੇ ਨਾਗਰਿਕ ਵੀ ਭਾਰਤੀਆਂ ਦੇ ਮੁਕਾਬਲੇ ਜ਼ਿਆਦਾ ਖੁਸ਼ ਹਨ। ਭਾਰਤ ਖ਼ੁਸ਼ਮਿਜ਼ਾਜੀ ਦੇ ਮਾਮਲੇ ਵਿਚ ਭਾਰਤ ਦਾ ਮੁਕਾਮ ਦੁਨੀਆ ਦੇ ਤਮਾਮ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਤੋਂ ਹੀ ਨਹੀਂ ਪਛੜਿਆ ਸਗੋਂ ਤਮਾਮ ਛੋਟੇ ਛੋਟੇ ਗੁਆਂਢੀ ਦੇਸ਼ਾਂ ਅਤੇ ਯੁੱਧ ਨਾਲ ਗ੍ਰਸਤ ਫਲਸਤੀਨ ਤੋਂ ਵੀ ਪਿੱਛੇ ਹੈ।




ਇਸ ਸਾਲ ਜੋ ਵਿਸ਼ਵ ਖ਼ੁਸ਼ਮਿਜ਼ਾਜੀ ਰਿਪੋਰਟ ਜਾਰੀ ਹੋਈ ਹੈ, ਉਸ ਦੇ ਅਨੁਸਾਰ ਭਾਰਤ ਉਨ੍ਹਾਂ ਚੰਦ ਦੇਸ਼ਾਂ ਵਿਚੋਂ ਇਕ ਹੈ, ਜੋ ਹੇਠਾਂ ਜਾ ਰਹੇ ਹਨ। ਇਸ ਰਿਪੋਰਟ ਦੇ ਵਿੱਚ 66ਵੇਂ ਸਥਾਨ ’ਤੇ ਪਾਕਿਸਤਾਨ, 87ਵੇਂ ਸਥਾਨ ’ਤੇ ਮਾਲਦੀਪ, 92ਵੇਂ ਸਥਾਨ ’ਤੇ ਨਿਪਾਲ, 94ਵੇਂ ਸਥਾਨ ’ਤੇ ਚੀਨ ਅਤੇ 107ਵੇਂ ਸਥਾਨ ’ਤੇ ਰਹੇ ਬੰਗਲਾਦੇਸ਼ ਜਿਹੇ ਮੁਲਕ ਵੀ ਇਸ ਰਿਪੋਰਟ ਵਿਚ ਭਾਰਤ ਤੋਂ ਉੱਤੇ ਹਨ। ਜਿਨ੍ਹਾਂ ਨੂੰ ਅਸੀਂ ਸਥਾਈ ਤੌਰ ’ਤੇ ਆਫਤਗ੍ਰਸਤ ਦੇਸ਼ਾਂ ਵਿਚ ਹੀ ਗਿਣਦੇ ਹਾਂ। ਸਾਡੇ ਹੋਰ ਗੁਆਂਢੀ ਦੇਸ਼ ਸ੍ਰੀਲੰਕਾ, ਮਿਆਂਮਾਰ ਅਤੇ ਭੁਟਾਨ ਵੀ ਭਾਰਤ ਤੋਂ ਜ਼ਿਆਦਾ ਖੁਸ਼ਹਾਲ ਹਨ। ਸਾਰਕ ਦੇਸ਼ਾਂ ਵਿਚ ਸਿਰਫ ਅਫ਼ਗਾਨਿਸਤਾਨ ਹੀ ਖ਼ੁਸ਼ਮਿਜ਼ਾਜੀ ਦੇ ਮਾਮਲੇ ਵਿਚ ਭਾਰਤ ਤੋਂ ਪਿੱਛੇ ਹੈ ਜਦਕਿ ਲਗਾਤਾਰ ਯੁੱਧ ਨਾਲ ਗ੍ਰਸਤ ਫਲਸਤੀਨ ਵੀ ਇਸ ਸੂਚੀ ਵਿਚ ਭਾਰਤ ਨਾਲੋਂ ਬਿਹਤਰ ਸਥਿਤੀ ਵਿਚ ਹੈ। ਅੱਠ ਸਾਲ ਪਹਿਲਾਂ ਭਾਵ 2013 ਦੀ ਰਿਪੋਰਟ ਵਿਚ ਭਾਰਤ 111ਵੇਂ ਸਥਾਨ ’ਤੇ ਸੀ।

ਇਸ ਰਿਪੋਰਟ ਅਨੁਸਾਰ ਆਰਥਿਕ ਖੁਸ਼ਹਾਲੀ ਦੇ ਪ੍ਰਤੀਕ ਮੰਨੇ ਜਾਂਦੇ ਅਮਰੀਕਾ, ਬਰਤਾਨੀਆ ਅਤੇ ਸੰਯੁਕਤ ਅਰਬ ਅਮੀਰਾਤ ਵੀ ਦੁਨੀਆ ਦੇ ਸਭ ਤੋਂ ਖੁਸ਼ਹਾਲ 10 ਦੇਸ਼ਾਂ ਵਿਚ ਆਪਣੀ ਥਾਂ ਨਹੀਂ ਬਣਾ ਸਕੇ ਹਨ। ਰਿਪੋਰਟ ਵਿਚ ਫਿਨਲੈਂਡ ਨੂੰ ਦੁਨੀਆ ਦਾ ਸਭ ਤੋਂ ਖੁਸ਼ਹਾਲ ਦੇਸ਼ ਦੱਸਿਆ ਗਿਆ ਹੈ। ਉਹ ਲਗਾਤਾਰ ਤਿੰਨ ਸਾਲਾਂ ਤੋਂ ਸਿਖਰ ’ਤੇ ਹੈ। ਇਸ ਤੋਂ ਪਹਿਲਾਂ ਉਹ ਪੰਜਵੇਂ ਸਥਾਨ ’ਤੇ ਸੀ ਪਰ ਇਕ ਸਾਲ ਵਿਚ ਹੀ ਉਹ ਪਹਿਲੇ ’ਤੇ ਆ ਗਿਆ। ਫਿਨਲੈਂਡ ਨੂੰ ਦੁਨੀਆ ਵਿਚ ਸਭ ਤੋਂ ਸਥਿਰ, ਸਭ ਤੋਂ ਸੁਰੱਖਿਅਤ ਅਤੇ ਸਭ ਤੋਂ ਚੰਗੇ ਪ੍ਰਬੰਧਾਂ ਵਾਲੇ ਦੇਸ਼ ਦਾ ਦਰਜਾ ਦਿੱਤਾ ਗਿਆ ਹੈ। ਉਹ ਬਹੁਤ ਘੱਟ ਭ੍ਰਿਸ਼ਟ ਹੈ ਅਤੇ ਸਮਾਜਿਕ ਤੌਰ ’ਤੇ ਪ੍ਰਗਤੀਸ਼ੀਲ ਹੈ। ਉਸ ਦੀ ਪੁਲਿਸ ਦੁਨੀਆ ਦੀ ਸਭ ਤੋਂ ਸਾਫ ਸੁਥਰੀ ਅਤੇ ਭਰੋਸੇਮੰਦ ਪੁਲਿਸ ਹੈ। ਉਥੇ ਹਰ ਨਾਗਰਿਕ ਨੂੰ ਮੁਫਤ ਇਲਾਜ ਦੀ ਸਹੂਲਤ ਪ੍ਰਾਪਤ ਹੈ, ਜੋ ਦੇਸ਼ ਦੇ ਲੋਕਾਂ ਦੀ ਖੁਸ਼ਹਾਲੀ ਦੀ ਵੱਡੀ ਵਜ੍ਹਾ ਹੈ। ਫਿਨਲੈਂਡ ਤੋਂ ਬਾਅਦ ਕ੍ਰਮਵਾਰ ਡੈਨਮਾਰਕ, ਸਵਿਟਜ਼ਰਲੈਂਡ, ਆਈਸਲੈਂਡ, ਨਾਰਵੇ, ਨੀਦਰਲੈਂਡ, ਸਵੀਡਨ, ਨਿਊਜ਼ੀਲੈਂਡ, ਆਸਟ੍ਰੀਆ ਅਤੇ ਲਗਜ਼ਮਬਰਗ ਹਨ। ਇਨ੍ਹਾਂ ਸਾਰੇ ਦੇਸ਼ਾਂ ਵਿਚ ਪ੍ਰਤੀ ਵਿਅਕਤੀ ਆਮਦਨ ਬਹੁਤ ਜ਼ਿਆਦਾ ਹੈ। ਭਾਵ ਕਿ ਭੌਤਿਕ ਖੁਸ਼ਹਾਲੀ, ਆਰਥਿਕ ਸੁਰੱਖਿਆ ਅਤੇ ਵਿਅਕਤੀ ਦੀ ਪ੍ਰਸੰਨਤਾ ਦਾ ਸਿੱਧਾ ਰਿਸ਼ਤਾ ਹੈ। ਇਨ੍ਹਾਂ ਦੇਸ਼ਾਂ ਵਿਚ ਲੋਕਾਂ ’ਤੇ ਆਰਥਿਕ ਦਬਾਅ ਘੱਟ ਹੈ। ਇਸ ਲਈ ਜੀਵਨ ਦੇ ਫੈਸਲੇ ਲੈਣ ਦੀ ਆਜ਼ਾਦੀ ਵੀ ਜ਼ਿਆਦਾ ਹੈ। ਜਦੋਂਕਿ ਭਾਰਤ ਦੀ ਸਥਿਤੀ ਇਨ੍ਹਾਂ ਸਾਰੇ ਪੱਧਰਾਂ ’ਤੇ ਚੰਗੀ ਨਹੀਂ ਹੈ। ਅਸੀਂ ਪਾਕਿ–ਸਤਾਨ, ਬੰਗਲਾਦੇਸ਼ ਅਤੇ ਇਰਾਨ ਨਾਲੋਂ ਵੀ ਬਦਤਰ ਸਥਿਤੀ ਵਿਚ ਹੈ।

ਵਰਨਣਯੋਗ ਹੈ ਕਿ ਸੰਯੁਕਤ ਰਾਸ਼ਟਰ ਦੀ ‘ਸਸਟੈਨੇਬਲ ਡਿਵੈਲਪਮੈਂਟ ਨੈਟਵਰਕ’ (ਐਸ.ਡੀ.ਐਨ.) ਹਰ ਸਾਲ ਅੰਤਰਰਾਸ਼ਟਰੀ ਪੱਧਰ ’ਤੇ ਸਰਵੇਖਣ ਕਰਕੇ ‘ਵਿਸ਼ਵ ਖ਼ੁਸ਼ਮਿਜ਼ਾਜੀ ਸਬੰਧੀ ਰਿਪੋਰਟ’ ਜਾਰੀ ਕਰਦੀ ਹੈ। ਇਸ ਵਿਚ ਅਰਥਸ਼ਾਸਤਰੀਆਂ ਦੀ ਇਕ ਟੀਮ ਸਮਾਜ ਵਿਚ ਚੰਗੇ ਸ਼ਾਸਨ, ਪ੍ਰਤੀ ਵਿਅਕਤੀ ਆਮਦਨ, ਸਿਹਤ, ਜਿਊਂਦੇ ਰਹਿਣ ਦੀ ਉਮਰ, ਦੀਰਘ ਜੀਵਨ ਕਾਲ, ਸਮਾਜਿਕ ਸਹਿਯੋਗ, ਆਜ਼ਾਦੀ, ਉਦਾਰਤਾ, ਆਦਿ ਪੈਮਾਨਿਆਂ ’ਤੇ ਦੁਨੀਆ ਦੇ ਸਾਰੇ ਦੇਸ਼ਾਂ ਦੇ ਨਾਗਰਿਕਾਂ ਦੇ ਇਸ ਅਹਿਸਾਸ ਨੂੰ ਮਾਪਦੀ ਹੈ ਕਿ ਉਹ ਕਿੰਨੇ ਖ਼ੁਸ਼ ਹਨ।

# ਦੇਸ਼ ਦੀ ਮਜਦੂਰੀ ਵੀ ਬਿਹਾਰੀ ਕਰਨਗੇ ਅਤੇ ਦੇਸ਼ ਤੇ ਰਾਜ ਵੀ ਬਿਹਾਰੀ ਕਰਨਗੇ

ਦੋਸਤੋ ਇਹ ਗੱਲ ਸਹੀ ਹੈ ਕਰੋਨਾ ਵਾਇਰਸ ਕਰਕੇ ਲੱਗੇ ਲਾਕਡਾਊਨ ਨੇ ਸਾਡੇ ਸਾਹਮਣੇ ਕਈ ਸਚਾਈਆਂ ਵੀ ਉਭਾਰੀਆਂ ਹਨ। ਦੇਸ਼ ਵਿਆਪੀ ਲਾਕਡਾਊਨ ਨਾਲ ਦੇਸ਼ ਦੇ ਵੱਡੇ ਸ਼ਹਿਰਾਂ ਵਿਚੋਂ ਮਜਦੂਰ ਪਰਿਵਾਰਾਂ ਦੀ ਆਪਣੇ ਮੂਲ ਸੂਬਿਆਂ ਵੱਲ ਵੱਡੀ ਹਿਜਰਤ ਨੇ ਕਈ ਸੁਆਲ ਖੜ੍ਹੇ ਕੀਤੇ ਹਨ। ਇਹ ਮਜਦੂਰ ਦੇਸ਼ ਦੇ ਜਨ ਸੰਖਿਆ ਪੱਖੋਂ ਦੋ ਵੱਡੇ ਸੂਬਿਆਂ ਉੱਤਰ ਪ੍ਰਦੇਸ਼ ਅਤੇ ਬਿਹਾਰ ਤੋਂ ਹਨ ਜੋ ਕਿਰਤ ਦੀ ਭਾਲ ਵਿਚ ਸ਼ਹਿਰਾਂ ਵੱਲ ਰੁਖ ਕਰ ਗਏ ਸਨ। ਇਕ ਅਨੁਮਾਨ ਅਨੁਸਾਰ ਇਕੱਲੇ ਦਿੱਲੀ ਵਿਚ ਹੀ ਇਨ੍ਹਾਂ ਮਜਦੂਰਾਂ ਦੀ ਗਿਣਤੀ 1 ਕਰੋੜ ਦੇ ਲੱਗਭਗ ਹੈ। ਇਸੇ ਤਰ੍ਹਾਂ ਦੇਸ਼ ਦੇ ਹੋਰ ਵੱਡੇ ਅਤੇ ਸਨਅਤੀ ਸ਼ਹਿਰਾਂ ਕੋਲਕਾਤਾ, ਮੁੰਬਈ ਅਤੇ ਸੂਰਤ-ਅਹਿਮਦਾਬਾਦ ਵਿਚ ਵੀ ਇਨ੍ਹਾਂ ਦੀ ਗਿਣਤੀ ਕਰੋੜਾਂ ਵਿਚ ਹੈ। ਹੁਣੇ ਹੁਣੇ ਆਏ ਅੰਕੜਿਆਂ ਅਨੁਸਾਰ ਬਿਹਾਰ ਸਰਕਾਰ ਕੋਲ ਵੱਖ ਵੱਖ ਸ਼ਹਿਰਾਂ ਵਿਚ ਫਸੇ 27 ਲੱਖ ਬਿਹਾਰੀ ਮਜਦੂਰਾਂ ਨੇ ਸੂਬੇ ਵਿਚ ਪਹੁੰਚਣ ਲਈ ਆਵਾਜਾਈ ਦੇ ਪ੍ਰਬੰਧ ਕਰਨ ਦੀ ਫਰਿਆਦ ਕੀਤੀ ਹੈ। ਬਿਹਾਰ ਸਰਕਾਰ ਨੇ ਇਨਹਾਂ ਫਸੇ ਮਜਦੂਰਾਂ ਨੂੰ ਢੋਣ ਲਈ 1,30,000 ਬੱਸਾਂ ਦੀ ਲੋੜ ਬਾਰੇ ਕੇਂਦਰ ਨੂੰ ਦੱਸਿਆ ਹੈ। ਇਹ ਸਿਰਫ ਉਹ ਪਰਿਵਾਰ ਹਨ ਜਿਨ੍ਹਾਂ ਕੋਲ ਇਨਹਾਂ ਸ਼ਹਿਰਾਂ ਵਿਚ ਆਪਣਾ ਕੋਈ ਪੱਕਾ ਟਿਕਾਣਾ ਜਾਂ ਜਾਇਦਾਦ ਨਹੀਂ, ਜੋ ਗੁਜ਼ਾਇੰਸ਼ ਵਾਲੇ ਹਨ ਉਨਹਾਂ ਦੀ ਗਿਣਤੀ ਵੱਖਰੀ ਹੈ ਇਸੇ ਤਰ੍ਹਾਂ ਉੱਤਰ ਪ੍ਰਦੇਸ਼ ਦੇ ਵੀ 1 ਕਰੋੜ ਮਜਦੂਰ ਸੂਬੇ ਤੋਂ ਬਾਹਰਲੇ ਸ਼ਹਿਰਾਂ ਵਿਚ ਮਜਦੂਰੀ ਕਰਦੇ ਹਨ। ਲਾਕਡਾਊਨ ਦੌਰਾਨ ਉੱਤਰਪ੍ਰਦੇਸ਼ ਦੇ 7000 ਹਜਾਰ ਤੋਂ ਵੱਧ ਵਿਦਿਆਰਥੀ ਇੰਜੀਨੀਅਰਿੰਗ ਦੀ ਪੜ੍ਹਾਈ ਲਈ ਅਗਾਉਂ ਤਿਆਰੀ ਲਈ ਮੁਕਾ-ਬਲਾ ਇਮਤਿਹਾਨਾਂ ਦੀ ਤਿਆਰੀ ਦਾ ਧੁਰਾ ਸਮਝੇ ਜਾਂਦੇ ਸ਼ਹਿਰ ਕੋਟਾ (ਰਾਜਸਥਾਨ) ਵਿਖੇ ਉੱਚ ਪੱਧਰ ਦੀ ਪੜ੍ਹਾਈ ਲਈ ਸੀਟ ਲੈਣ ਦਾ ਹੁਨਰ ਪ੍ਰਾਪਤ ਕਰ ਰਹੇ ਸਨ। ਜਿਨ੍ਹਾਂ ਨੂੰ ਉੱਤਰਪਰਦੇਸ਼ ਸਰਕਾਰ ਨੇ ਹਜਾਰਾਂ ਬੱਸਾਂ ਰਾਹੀਂ ਪ੍ਰਦੇਸ ਲਿਆਂਦਾ ਹੈ। ਕੋਟਾ ਵਿਖੇ ਹੀ ਜਦੋਂ ਬਿਹਾਰ ਦੇ ਐਮ.ਪੀ. ਪੱਪੂ ਯਾਦਵ ਨੇ ਫਸੇ ਬਿਹਾਰੀ ਵਿਦਿਆਰਥੀਆਂ ਨੂੰ ਸੂਬੇ 'ਚ ਵਾਪਸ ਲਿਆਉਣ ਲਈ





30 ਬੱਸਾਂ ਭੇਜੀਆਂ ਤਾਂ ਕੋਟਾ ਪ੍ਰਸ਼ਾਸ਼ਨ ਨੇ ਇਹ ਕਹਿ ਕੇ ਬਰੰਗ ਮੋੜ ਦਿੱਤੀਆਂ ਕਿ ਕੋਟਾ ਵਿਚ ਫਸੇ ਬਿਹਾਰ ਦੇ 11000 ਵਿਦਿਆਰਥੀਆਂ ਨੂੰ ਢੋਣ ਲਈ ਘੱਟੋ ਘੱਟ 250 ਬੱਸਾਂ ਦੀ ਲੋੜ ਹੈ। ਹੁਣ ਅਗਲੀ ਗੱਲ ਇਹ ਹੈ ਕਿ ਬਿਹਾਰ ਤੇ ਯੂ.ਪੀ ਦੇ ਮਜਦੂਰ ਹਰ ਸ਼ਹਿਰ ਦੀ ਸਨਅਤ ਦਾ ਹਿੱਸਾ ਹਨ ਅਤੇ ਸਭ ਤੋਂ ਵੱਡੀ ਗਿਣਤੀ ਵਿਚ ਪੜ੍ਹਨ ਵਾਲੇ ਅਤੇ ਇੰਜੀਨੀਅਰਿੰਗ ਤੇ ਮੈਡੀਕਲ ਆਦਿ ਸਟ੍ਰੀਮ ਪੜ੍ਹਕੇ ਆਈ.ਏ.ਐਸ., ਆਈ.ਪੀ.ਐਸ. ਸਮੇਤ ਹੋਰ ਪ੍ਰਸ਼ਾਸ਼ਕੀ ਅਹੁਦਿਆਂ 'ਤੇ ਕਾਬਜ ਹੋਣ ਵਾਲੇ ਵੀ ਬਿਹਾਰ ਤੇ ਯੂ.ਪੀ ਦੇ ਲੋਕ ਹਨ ਅਸੀਂ ਕਹਿ ਸਕਦੇ ਹਾਂ ਕਿ ਕੋਈ ਸਰਕਾਰ ਆਵੇ ਤੇ ਕੋਈ ਜਾਵੇ, ਦੇਸ਼ ਲਈ ਮਜਦੂਰੀ ਅਤੇ ਪ੍ਰਸ਼ਾਸ਼ਕੀ ਰਾਜ ਵੀ ਬਿਹਾਰੀ ਲੋਕ ਹੀ ਕਰਨਗੇ।

ਲੁਧਿਆਣਾ ਵਿਚ ਵੀ ਲਾਕਡਾਊਨ ਕਰਕੇ 15 ਲੱਖ ਮਜਦੂਰ ਵਿਹਲਾ ਬੈਠਾ ਹੈ ਜਿਨਾਂ ਵਿਚੋਂ ਬਹੁਤੇ ਮਜਦੂਰ ਉੱਤਰ ਪ੍ਰਦੇਸ਼ ਅਤੇ ਬਿਹਾਰ ਰਾਜਾਂ ਤੋਂ ਹਨ। ਅਸੀ ਨਿੱਤ ਦੇਖਦੇ ਹਾਂ ਕਿ ਸਾਨੂੰ ਸਬਜ਼ੀ ਵੇਚਣ ਤੋਂ ਲੈ ਕੇ ਉਸਾਰੀ ਤੇ ਸਨਅਤੀ ਮਜਦੂਰੀ ਅਤੇ ਹੋਟਲ, ਢਾਬਾ ਤੇ ਮੈਰੇਜ ਪੈਲੇਸ ਇੰਡਸਟਰੀ ਲਈ ਇਨਹਾਂ 'ਤੇ ਹੀ ਨਿਰਭਰ ਹੋਣਾ ਪੈ ਰਿਹਾ ਹੈ। ਕੋਟਾ ਵਿਚ ਇਨ੍ਹਾਂ 2 ਰਾਜਾਂ ਦੇ ਹੀ ਲਗਭਗ 13 ਹਜਾਰ ਵਿਦਿਆਰਥੀਆਂ ਸਾਹਮਣੇ ਸਾਡੇ ਪੰਜਾਬ ਤੋਂ 13 ਵਿਦਿਆਰਥੀ ਵੀ ਨਹੀਂ ਸਨ ਜਿਹੜੇ 4 ਵਿਦਿਆਰਥੀ ਕੋਟਾ ਤੋਂ ਪੰਜਾਬ ਪੁੱਜੇ ਉਨਹਾਂ ਵਿਚ ਵੀ ਇਕ ਗੋਬਿੰਦਗੜ੍ਹ, ਲੁਧਿਆਣਾ ਵਿਖੇ ਇਕ ਪ੍ਰਵਾਸੀ ਮਜਦੂਰ ਦਾ ਬੱਚਾ ਸੀ। ਮੇਰੀ ਗੱਲ ਝੂਠ ਐ?

**– ਪਰਮਜੀਤ ਸਿੰਘ ਬਾਗੜੀਆ**
**91-98147-65705**

# ਭਾਰਤ ਵਿਚ ਧਾਰਮਿਕ ਆਜ਼ਾਦੀ 'ਚ ਗਿਰਾਵਟ-- ਯੂਐਸਸੀਆਈਆਰਐਫ ਦੀ ਰਿਪੋਰਟ

**ਜਲੰਧਰ (ਬਿਊਰੋ)-** ਸਯੁੰਕਤ ਰਾਜ ਅੰਤਰਰਾਸ਼ਟਰੀ ਧਾਰਮਿਕ ਅਜ਼ਾਦੀ ਕਮਿਸ਼ਨ (ਯੂ.ਐਸ.ਸੀ.ਆਈ.ਆਰ.ਐਫ.) ਨੇ ਹਾਲ ਹੀ ਵਿਚ ਆਪਣੀ 2020 ਸਾਲਾਨਾ ਰਿਪੋਰਟ ਜਾਰੀ ਕੀਤੀ ਹੈ, ਜਿਸ ਵਿਚ 2019 ਦੌਰਾਨ ਹੋਏ ਮਹੱਤਵਪੂਰਣ ਘਟਨਾਵਾਂ ਦੇ ਦਸਤਾਵੇਜ਼ ਸ਼ਾਮਲ ਕੀਤੇ ਗਏ ਹਨ ਤੇ ਜਿਸ ਵਿਚ ਸੁਡਾਨ ਵਿਚ ਸ਼ਾਨਦਾਰ ਪ੍ਰਗਤੀ ਅਤੇ ਭਾਰਤ ਵਿਚ ਤੇਜ਼ੀ ਨਾਲ ਹੇਠਾਂ ਆਉਣਾ ਸ਼ਾਮਲ ਹੈ ਅਤੇ 2020 ਵਿਚ ਅਮਰੀਕੀ ਸਰਕਾਰ ਦੀ ਵਿਦੇਸ਼ਾਂ ਵਿਚ ਧਰਮ ਜਾਂ ਵਿਸ਼ਵਾਸ ਦੀ ਆਜ਼ਾਦੀ ਦੀ ਤਰੱਕੀ ਨੂੰ ਵਧਾਉਣ ਲਈ ਸਿਫਾਰਸ਼ਾਂ ਕੀਤੀਆਂ ਗਈਆਂ ਹਨ । ਸਯੁੰਕਤ ਰਾਜ ਦੇ ਅੰਤਰਰਾਸ਼ਟਰੀ ਧਾਰਮਿਕ ਅਜ਼ਾਦੀ ਬਾਰੇ ਕਮਿਸ਼ਨ ਦੀ ਸਾਲਾਨਾ ਰਿਪੋਰਟ ਵਿਚ ਭਾਰਤ ਨੂੰ ਪਾਕਿਸਤਾਨ, ਚੀਨ ਅਤੇ ਉੱਤਰੀ ਕੋਰੀਆ ਦੇ ਨਾਲ ਰੱਖਿਆ ਗਿਆ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰਾਗ ਸ੍ਰੀਵਾਸਤਵ ਨੇ ਰਿਪੋਰਟ ਵਿਚ ਆਏ ਸਿੱਟੇ ਨੂੰ ਰੱਦ ਕਰ ਦਿੱਤਾ। ਉਨ੍ਹਾਂ ਕਿਹਾ, "ਭਾਰਤ ਵਿਰੁੱਧ ਕਮਿਸ਼ਨ ਦੀਆਂ ਪੱਖਪਾਤੀ ਅਤੇ ਸੁਭਾਵਿਕ ਟਿੱਪਣੀਆਂ ਕੋਈ ਨਵੀਆਂ ਨਹੀਂ ਹਨ। ਇਸ ਮੌਕੇ, ਇਸ ਦੀ ਗਲਤ ਜਾਣਕਾਰੀ ਨਵੇਂ ਪੱਧਰਾਂ ਤੇ ਪਹੁੰਚ ਗਈ ਹੈ।" ਇਹ ਜਾਣਕਾਰੀ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ), ਪੰਜਾਬ ਯੂਨਿਟ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਪ੍ਰੈਸ ਦੇ ਨਾਂ ਜਾਰੀ ਇੱਕ ਬਿਆਨ ਵਿਚ ਦਿੱਤੀ।

ਸ੍ਰੀ ਵਰਿਆਣਾ ਨੇ ਕਿਹਾ ਕਿ ਯੂਐਸਸੀ-ਆਈਆਰਐਫ ਦੇ ਚੇਅਰ ਟੋਨੀ ਪਰਕਿਨਜ਼ ਨੇ ਕਿਹਾ, "ਅਸੀਂ 2019 ਵਿਚ ਕੁਝ ਸਰਕਾਰਾਂ ਦੁਆਰਾ ਚੁੱਕੇ ਦੋ ਸਕਾਰਾਤਮਕ ਕਦਮਾਂ, ਖ਼ਾਸਕਰ ਜੋ - ਧਰਮ ਜਾਂ ਵਿਸ਼ਵਾਸ ਦੀ ਆਜ਼ਾਦੀ ਲਈ ਸੁਰੱਖਿਅਤ ਵਾਤਾਵਰਣ ਸਥਾਪਤ ਕਰਨ ਲਈ- ਯੂਐਸਸੀਆਈਆਰਐਫ ਨਾਲ ਮਿਲ ਕੇ ਕੰਮ ਕਰਦੇ ਹਨ, ਤੋਂ ਉਤਸ਼ਾਹਿਤ ਹੋਏ ਹਾਂ।



ਪਰ ਹਰੀਜਨ ਦੇ ਅਰਥ 'ਹਰਾਮ ਦੀ ਔਲਾਦ' ਹੋਣ ਕਰਕੇ ਇਸਦਾ ਪਿਛੋਕੜ ਦੇਵਦਾਸੀਆਂ ਦੀ ਨਾਜਾਇਜ਼ ਔਲਾਦ ਨਾਲ ਜਾ ਜੁੜਦਾ ਸੀ, ਜਿਸ ਕਰਕੇ ਦਲਿਤਾਂ ਨੇ ਪਹਿਲੀ ਵਾਰੀ ਆਪਣੇ ਨਾਂ 'ਤੇ ਇਤਰਾਜ਼ ਕੀਤਾ ਤਾਂ ਇਸ ਤੇ ਕਾਨੂੰਨੀ ਤੌਰ 'ਤੇ ਪਾਬੰਦੀ ਲੱਗ ਗਈ। ਡਾ. ਅੰਬੇਡਕਰ ਨੇ ਇਹਨਾਂ ਨੂੰ ਮਨੁੱਖੀ ਅਧਿਕਾਰ ਦਿਵਾਉਣ ਲਈ ਤੇ ਇਹਨਾਂ ਦੀ ਪਛਾਣ ਬਣਾਉਣ ਲਈ ਅਜਿਹੀਆਂ ਸਾਰੀਆਂ ਜਾਤਾਂ ਨੂੰ ਸੂਚੀਬੱਧ ਕੀਤਾ, ਜਿਹਨਾਂ ਨੂੰ ਜਾਤੀ ਦੇ ਤੌਰ ਤੇ ਸਮਾਜ ਵਿਚ ਆਰਥਿਕ ਅਤੇ ਸਮਾਜਿਕ ਪੱਧਰ ਪੱਖੋਂ ਪਛਾੜਿਆ ਗਿਆ ਸੀ। ਇਸ ਸੂਚੀ ਦੇ ਆਧਾਰ 'ਤੇ ਇਹ ਅਨੁਸੂਚਿਤ ਜਾਤੀ, ਜਨਜਾਤੀ ਅਤੇ ਹੋਰ ਪਿਛੜੀਆਂ ਜਾਤਾਂ ਵਿਚ ਵੰਡੇ ਗਏ। ਫਿਰ ਇਹਨਾਂ ਨੂੰ ਛੋਟਾ ਨਾਂ ਦਲਿਤ ਮਿਲ ਗਿਆ ਜੋ ਕਾਨੂੰਨੀ ਤਾਂ ਨਹੀਂ ਸੀ ਪਰ ਇੰਨਾ ਪ੍ਰਚੱਲਿਤ ਹੋ ਗਿਆ ਕਿ 'ਦਲਿਤ ਵਾਇਸ' ਦੇ ਸੰਪਾਦਕ ਦਲਿਤ ਫਿਲਾਸਫ਼ਰ ਅਤੇ ਲੇਖਕ ਸ੍ਰੀ ਵੀ. ਵੀ. ਰਾਜਾ ਨੇ ਇਸ ਸ਼ਬਦ ਨੂੰ ਅੰਤਰ ਰਾਸ਼ਟਰੀ ਪੱਧਰ 'ਤੇ ਯੂ. ਐਨ. ਓ. ਤੱਕ ਪਹੁੰਚਾ ਦਿੱਤਾ। ਅੰਗਰੇਜ਼ ਇਸ ਸ਼ਬਦ ਨੂੰ ਗੈਰ ਅੰਗਰੇਜ਼ੀ ਹੁੰਦਿਆਂ ਵੀ ਚੰਗੀ ਤਰ੍ਹਾਂ ਸਮਝਣ ਲੱਗ ਪਏ। ਫਿਰ ਅੰਬੇਡਕਰਵਾਦੀ ਲਹਿਰ ਨੂੰ ਰਾਜਗੱਦੀ ਤੱਕ ਪਹੁੰਚਾਉਣ ਵਾਲੇ ਨਾਇਕ ਕਾਂਸ਼ੀ ਰਾਮ ਜੀ ਨੇ ਪਹਿਲਾਂ ਇਹਨਾਂ ਨੂੰ ਦਲਿਤ ਅਤੇ ਸ਼ੋਸ਼ਿਤ ਦਾ ਨਾਂ ਦਿੱਤਾ ਗਿਆ। ਸਮੇਂ ਸਮੇਂ ਤੇ ਬਿਖਰੇ ਇਸ ਸਮਾਜ ਨੂੰ 'ਬਹੁਜਨ ਸਮਾਜ' ਦਾ ਨਾਂ ਦੇ ਕੇ ਪਛਾਣ ਅਤੇ ਸ਼ਕਤੀ ਪੱਖੋਂ ਬਹੁਤ ਉਪਰ ਤੱਕ ਲੈ ਗਏ। ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਕਾਂਸ਼ੀ ਰਾਮ ਜੀ ਨੇ ਇਸ ਸਮਾਜ ਨੂੰ ਇਕ ਪਛਾਣ ਦੇ ਕੇ ਸ਼ਕਤੀਕਰਨ ਲਈ ਪੜ੍ਹੇ-ਲਿਖੇ ਮੁਲਾਜ਼ਮ ਦਾ ਸੰਗਠਨ 'ਬਾਮਸੇਫ' ਤਿਆਰ ਕੀਤਾ ਜਿਸਨੇ ਇਸ ਸਮਾਜ ਨੂੰ ਮੁਕਤੀ ਦਿਵਾਉਣ ਲਈ ਸੰਘਰਸਸ਼ੀਲ ਸੰਗਠਨ 'ਡੀ. ਐਸ. ਫੋਰ' ਅਤੇ ਫਿਰ ਸ਼ਕਤੀਕਰਨ ਲਈ 'ਬਹੁਜਨ ਸਮਾਜ ਪਾਰਟੀ' ਤਿਆਰ ਕੀਤੀ। ਇਸੇ ਕਾਰਜ ਨੂੰ ਅੱਗੇ ਤੋਰਦਿਆਂ ਹੁਣ ਇਕ ਸੰਘਰਸ਼ਸ਼ੀਲ ਵਿਅਕਤੀ ਸ੍ਰੀ ਮੇਸ਼ ਰਾਮ ਨੇ 'ਬਾਮਸੇਫ' ਦੇ ਮਾਧਿਅਮ ਤੋਂ ਬੜੇ ਯੋਜਨਾਬੱਧ ਤਰੀਕੇ ਨਾਲ ਪੰਜਾਬ ਸਮੇਤ ਪੂਰੇ ਭਾਰਤ ਦੇ ਇਸ ਸਮਾਜ ਨੂੰ ਨਵੀਂ ਪਛਾਣ, ਮੁਕਤੀ ਅਤੇ ਸ਼ਕਤੀ ਪ੍ਰਦਾਨ ਕਰਨ ਲਈ ਤਿਆਰ ਕੀਤਾ ਹੈ। ਇਹਨਾਂ ਵੱਲੋਂ ਕਿੰਨੇ ਹੀ ਸਪਤਾਹਿਕ ਤੇ ਰੋਜ਼ਾਨਾ ਅਖ਼ਬਾਰ, ਰਸਾਲੇ, ਕਿਤਾਬਾਂ, ਪੰਫਲੈਟ ਆਦਿ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ। ਕਿੰਨੇ ਹੀ ਪੂਰਨ- ਕਾਲੀ ਕਾਮੇ ਪਿੰਡਾਂ, ਸ਼ਹਿਰਾਂ, ਝੁੱਗੀਆਂ-ਝੌਂਪੜੀਆਂ, ਕਾਲੋਨੀਆਂ, ਠੱਠੀਆਂ, ਚਮਾਰਲੀਆਂ, ਮੁਹੱਲਿਆਂ ਵਿਚ ਦਿਨ ਰਾਤ ਸ਼ਕਤੀਕਰਨ ਲਈ ਜਾਗਰਿਤੀ ਦਾ ਕੰਮ ਕਰ ਰਹੇ ਹਨ। ਉਹਨਾਂ ਦੇ ਸਮਾਗਮ, ਵੱਡੀਆਂ ਦੇਸ਼ ਪੱਧਰੀ ਕਾਨਫਰੰਸਾਂ ਦਾ ਜ਼ਾਬਤਾ, ਹਰ ਖੇਤਰ ਦੀ ਦਿੱਤੀ ਜਾਣ ਵਾਲੀ ਜਾਣਕਾਰੀ ਉੱਚ ਪੱਧਰ ਦੀ ਹੈ। ਉਹਨਾਂ ਨੇ ਹੁਣ ਦਲਿਤ ਸ਼ਬਦ ਨੂੰ 'ਮੂਲ ਨਿਵਾਸੀ' ਵਿਚ ਤਬਦੀਲ ਕਰ ਦਿੱਤਾ ਹੈ। ਇਹ ਜਥੇਬੰਦੀ ਮੂਲ ਨਿਵਾਸੀ ਸਮਾਜ ਜਿਸ ਨੂੰ ਉਹ ਇਸ ਦੇਸ਼ ਦੇ ਅਸਲੀ ਵਸਨੀਕ ਸਮਝਦੀ ਹੈ ਮੁੜ ਗੁਲਾਮਾਂ ਅਤੇ ਦਾਸਾਂ ਤੋਂ ਆਪਣੇ ਦੇਸ਼ ਦੇ ਮਾਲਕ ਬਣਾਉਣ ਲਈ ਜਾਗਰਿਤ ਕਰ ਰਹੀ ਹੈ।

ਦਲਿਤ ਦੀ ਪਰਿਭਾਸ਼ਾ ਕਰਨ ਲੱਗਿਆਂ ਹੁਣ ਇਸਨੂੰ ਆਪਣੇ ਆਪਣੇ ਵਿਚਾਰਾਂ ਅਨੁਸਾਰ ਵੱਖ ਵੱਖ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ। ਮਾਰਕਸਵਾਦੀ ਇਸਨੂੰ ਲੁਟੀਂਦੀ ਜਾ ਰਹੀ ਜਮਾਤ ਨਾਲ ਜੋੜਦੇ ਹਨ। ਦਲਿਤਾਂ ਨਾਲ ਸਬੰਧਿਤ ਸਾਹਿਤ ਨੂੰ ਉਹ ਦਲਿਤ ਸਾਹਿਤ ਦਾ ਨਾਂ ਵੀ ਨਹੀਂ ਦੇਣਾ ਚਾਹੁੰਦੇ। ਉਹਨਾਂ ਦੇ 'ਸੰਕਲਪ' ਵਿਚੋਂ ਜਾਤੀ ਗਾਇਬ ਹੈ ਜਦੋਂ ਕਿ ਜਾਤੀ ਸਾਡੀ ਜ਼ਮੀਨੀ ਹਕੀਕਤ ਹੈ, ਜਿਸ ਤੋਂ ਉਹ ਜਾਣ ਬੁੱਝ ਕੇ ਅੱਖਾਂ ਬੰਦ ਕਰਦੇ ਹਨ। ਉਹਨਾਂ ਅਨੁਸਾਰ ਲੇਖਕ ਦੀ ਵੀ ਕੋਈ ਜਾਤੀ ਨਹੀਂ ਹੁੰਦੀ ਭਾਵੇਂ ਅਜਿਹਾ ਕਹਿਣ ਵਾਲਿਆਂ ਵਿਚੋਂ ਬਹੁਤੇ ਆਪਣੇ ਨਾਂ ਪਿੱਛੇ ਆਪਣੀ ਜਾਤੀ ਦੀ ਪਛਾਣ ਚਿਪਕਾ ਕੇ ਆਪਣੇ ਉੱਚਾ ਹੋਣ ਦਾ ਵਿਖਾਲਾ ਪਾ ਰਹੇ ਹੁੰਦੇ ਹਨ।

ਦੂਜੇ ਪਾਸੇ ਅੰਬੇਡਕਰ ਵਿਚਾਰਧਾਰਾ ਸਮਾਜ ਦੀ ਹਕੀਕੀ ਬਣਤਰ ਜੋ ਸਦੀਆਂ ਤੋਂ ਜਾਤੀ ਆਧਾਰਿਤ ਚਲੀ ਆ ਰਹੀ ਹੈ, ਉਸ ਅਨੁਸਾਰ ਦਲਿਤ ਦੀ ਵਿਆਖਿਆ ਕਰਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਜਾਤੀ ਵੰਡ ਨੂੰ ਧਰਮ ਦੀ ਗਲਤ ਰੰਗਤ ਦੇ ਕੇ ਉਸਦੇ ਨਿਰਦਈ ਡੰਡੇ ਨਾਲ ਇਸਨੂੰ ਰੱਬੀ ਹੁਕਮ ਮੰਨ ਕੇ ਜ਼ੋਰ ਜ਼ਬਰਦਸਤੀ ਚਲਦੇ ਰੱਖਣਾ, ਗ਼ੈਰ-ਮਨੁੱਖੀ ਤਸ਼ੱਦਦ ਨਾਲ ਦਬਾ ਕੇ ਜਾਨਵਰਾਂ ਵਾਲਾ ਜੀਵਨ ਜਿਊਣ ਲਈ ਮਜਬੂਰ ਕਰਨਾ, ਸਾਰੇ ਮਨੁੱਖੀ ਅਧਿਕਾਰਾਂ ਦਾ ਹਨਨ ਕਰਕੇ ਸਮਾਜਿਕ, ਧਾਰਮਿਕ, ਆਰਥਿਕ ਲੁੱਟ ਕਰਨੀ ਹੈ। ਜਿਸ ਦੇ ਨਤੀਜੇ ਵਜੋਂ ਸਦੀਆਂ ਤੋਂ ਤੁਰਦਾ ਤੁਰਦਾ ਥੱਕਿਆ ਹਾਰਿਆ ਇਹ 'ਮਨੁੱਖ' ਅੱਜ ਦੇ ਦਲਿਤ ਸ਼ਬਦ ਤੱਕ ਪੁੱਜਿਆ ਹੈ। ਡਾ. ਰੌਣਕੀ ਰਾਮ ਦੀ ਇਸ ਪੁਸਤਕ ਵਿਚ ਇਸੇ ਦਲਿਤ ਦੀ ਪਛਾਣ ਇਸਦੀ ਮੁਕਤੀ ਅਤੇ ਬਰਾਬਰਤਾ ਲਈ ਸ਼ਕਤੀ ਪ੍ਰਾਪਤ ਕਰਨ ਦੇ ਸੰਘਰਸ਼ ਦੀ ਗਾਥਾ ਹੈ, ਇਤਿਹਾਸ ਹੈ, ਅਧਿਐਨ ਹੈ, ਜਿਸ ਵਿਚ ਉਹ ਵੱਖ ਵੱਖ ਪੱਧਰ 'ਤੇ ਵੱਖ ਵੱਖ ਪ੍ਰਚੱਲਿਤ ਵਿਚਾਰ ਪੇਸ਼ ਕਰਦੇ ਹਨ, ਉਹਨਾਂ ਦੀ ਚੀਰਫਾੜ ਕਰਦੇ ਹਨ ਤੇ ਇਕ ਮੰਨਣਯੋਗ ਵਿਗਿਆਨਕ ਸਿੱਟੇ ਤੇ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ। ਦਲਿਤ ਦੀ ਪਛਾਣ ਕਰਨ ਲੱਗਿਆਂ ਉਹਨਾਂ ਨੇ ਡਾ. ਕੇਸਰ ਸਿੰਘ 'ਕੇਸਰ' ਦੇ ਤਿੰਨ ਮਤਾਂ ਨੂੰ ਕੇਂਦਰੀ ਧੁਰਾ ਬਣਾ ਕੇ ਚਰਚਾ ਅੱਗੇ ਤੋਰੀ ਹੈ ਜੋ ਇਸ ਤਰ੍ਹਾਂ ਹਨ, 1. ਸ਼ੋਸ਼ਿਤ ਦਲਿਤ ਹੈ (ਜਮਾਤੀ ਸੰਕਲਪ), 2. ਅਛੂਤ ਸ਼ੂਦਰ (ਨਾਰੀ ਸਮੇਤ), ਦਲਿਤ ਹੈ (ਵਰਣ ਆਧਾਰਿਤ ਸੰਕਲਪ) 3. ਅਛੂਤ ਸ਼ੂਦਰ ਦਲਿਤ ਹੈ (ਅੰਬੇਡਕਰਵਾਦੀ ਸੰਕਲਪ)- (195)। ਇਹਨਾਂ ਵਿਚੋਂ ਪਹਿਲਾ ਸੰਕਲਪ ਮਾਰਕਸਵਾਦੀਆਂ ਦਾ ਹੈ ਜਿਸ ਤੇ ਉਹ ਲੰਮੇ ਸਮੇਂ ਤੋਂ ਮੁਸ਼ਤੈਦੀ ਨਾਲ ਪਹਿਰਾ ਦਿੰਦੇ ਆ ਰਹੇ ਹਨ। ਜਦੋਂ ਉਹਨਾਂ ਦੀ ਇਹ ਅਮੀਰ ਗਰੀਬ ਦੀ ਦੋ ਜਮਾਤੀ ਲੜਾਈ ਅਸਫਲ ਹੋ ਗਈ ਤਾਂ ਉਹਨਾਂ ਨੇ ਦੱਬਵੀਂ ਘੁਟਵੀਂ ਆਵਾਜ਼ ਅਤੇ ਲੰਗੜੀ ਚਾਲ ਨਾਲ ਜਾਤੀ ਨੂੰ ਮਾਨਤਾ ਦੇਣ ਵੱਲ ਕਦਮ ਪੁੱਟਣੇ ਸ਼ੁਰੂ ਕੀਤੇ। ਹੁਣ ਉਹ ਕਈ ਤਰ੍ਹਾਂ ਦੇ ਕਿੰਤੂ ਪ੍ਰੰਤੂ ਲਾ ਕੇ ਇਸ ਹਕੀਕਤ ਨੂੰ ਅਣਮੰਨੇ ਮਨ ਨਾਲ ਕੁਝ ਹੱਦ ਤੱਕ ਮੰਨਣ ਲੱਗ ਪਏ ਹਨ। ਇਹ ਉਹਨਾਂ ਦੇ 'ਪ੍ਰਭੂਆਂ' ਦੀ ਇਕ ਸੋਚੀ ਸਮਝੀ ਲੂੰਬੜ ਚਾਲ ਸੀ, ਜਿਸਦਾ ਉਹ ਸ਼ਿਕਾਰ ਹੋ ਗਏ ਕਿਉਂਕਿ ਉਹਨਾਂ ਦੇ ਪ੍ਰਭੂ ਨਹੀਂ ਸਨ ਚਾਹੁੰਦੇ ਕਿ ਭਾਰਤ ਵਿਚ ਇਹਨਾਂ ਸਦੀਆਂ ਤੋਂ ਲਿਤਾੜਿਆਂ ਲਈ ਕੋਈ ਇਨਕਲਾਬੀ ਸੁਰ ਕਾਮਯਾਬ ਹੋਵੇ। ਇਸੇ ਲਈ ਇਹ 'ਪ੍ਰਭੂ' ਆਪਣਾ ਬ੍ਰਾਹਮਣ ਵਾਦੀ ਖਾਸਾ ਲੈ ਕੇ ਹਰ ਰਾਜਨੀਤਿਕ ਪਾਰਟੀ ਦੇ ਤਖਤ 'ਤੇ ਬਿਰਾਜਮਾਨ ਹਨ ਅਤੇ ਦਿਸ਼ਾ ਨਿਰਦੇਸ਼ ਨਿਰਧਾਰਿਤ ਕਰਦਿਆਂ ਅਜਿਹੀਆਂ ਕਿੰਨੀਆਂ ਹੀ ਲੂੰਬੜ ਚਾਲਾਂ ਚਲਦੇ ਰਹਿੰਦੇ ਹਨ, ਜਿਹਨਾਂ ਦੀ ਆਮ ਲੋਕਾਈ ਨੂੰ ਤਾਂ ਕੀ ਸਮਝ ਲੱਗਣੀ ਸੀ, ਦੂਜੀ ਤੀਜੀ ਲਾਈਨ ਦੇ ਆਗੂਆਂ ਨੂੰ ਵੀ ਪਤਾ ਨਹੀਂ ਲੱਗਣ ਦਿੰਦੇ। ਇਹੀ ਪ੍ਰਭੂ ਹਰ ਧਰਮ ਨੂੰ, ਹਰ ਕਿਸਮ ਦੀ ਲਹਿਰ ਨੂੰ, ਹਰ ਸਮਾਜਿਕ ਵਰਤਾਰੇ ਜਾਂ ਆਰਥਿਕ ਸੰਗਠਨ ਨੂੰ ਆਪਣੇ ਹਿੱਤ ਵਿਚ ਮੋੜਨ ਦੀ ਸਮਰੱਥਾ ਰੱਖਦੇ ਹਨ। ਇਹ ਇਸ ਲਈ ਸੰਭਵ ਹੋ ਜਾਂਦਾ ਹੈ ਕਿ ਇਸ ਦੇਸ਼ ਵਿਚ ਆਰੀਅਨਾਂ ਦੇ ਆਉਣ ਤੋਂ ਬਾਅਦ ਜੋ ਸਮਾਜਿਕ ਵਿਵਸਥਾ ਸਿਰਜੀ ਗਈ, ਉਸ ਵਿਚ ਮਨੁੱਖ ਨੂੰ ਮਨੁੱਖ ਨਾਲੋਂ ਪਾੜ ਕੇ ਜਾਤਾਂ ਪਾਤਾਂ ਦੇ ਟੁਕੜਿਆਂ ਵਿਚ ਵੰਡ ਦਿੱਤਾ ਗਿਆ ਸੀ। ਇਸ ਪ੍ਰਣਾਲੀ ਵਿਚ ਬ੍ਰਾਹਮਣ ਸਭ ਤੋਂ ਉਪਰ ਰੱਖ ਕੇ ਸਾਰੀਆਂ ਸ਼ਕਤੀਆਂ, ਸਾਰੇ ਅਧਿਕਾਰ, ਸਾਰੇ ਸੁਖ ਆਰਾਮ ਦੇ ਕੇ ਪ੍ਰਭੂ ਬਣਾ ਦਿੱਤਾ। ਉਸਦੀ ਰੱਖਿਆ ਲਈ ਕੁਝ ਸਹੂਲਤਾਂ ਦੇ ਕੇ ਲੜਨ ਮਰਨ ਲਈ ਕਸ਼ੱਤਰੀ ਬਣਾ ਦਿੱਤੇ। ਉਸਦੀ ਆਰਥਿਕਤਾ, ਉਪਜ ਦਾ ਕੰਟਰੋਲ ਤੇ ਹਿਸਾਬ ਕਿਤਾਬ, ਕੁਝ ਸਹੂਲਤਾਂ ਬਦਲੇ ਵੈਸ਼ ਨੂੰ ਦੇ ਦਿੱਤਾ। ਇਹਨਾਂ ਤਿੰਨਾਂ ਵਰਣਾਂ ਦੀ ਹਰ ਤਰ੍ਹਾਂ ਨਾਲ ਸੇਵਾ ਕਰਨੀ ਜਿਸਦੇ ਬਦਲੇ ਖਾਣ ਲਈ ਜੂਝ, ਪਹਿਨਣ ਲਈ ਉਤਰਣ, ਨਾ ਕੋਈ ਅਧਿਕਾਰ ਨਾ ਸੁਖ ਆਰਾਮ, ਇਹ ਸ਼ੂਦਰਾਂ ਦੇ ਹਿੱਸੇ ਆਇਆ। ਸ਼ੂਦਰਾਂ ਦੇ ਔਕੜਾਂ ਭਰਪੂਰ ਸਫ਼ਰ ਦਾ ਜ਼ਿਕਰ ਇਹਨਾਂ ਪ੍ਰਭੂਆਂ ਦੇ ਹਿੱਤ ਵਿਚ ਨਹੀਂ ਸੀ ਜਿਸ ਕਰਕੇ ਉਹ ਇਸਨੂੰ ਆਨੇ ਬਹਾਨੇ ਆਪਣੀ ਧੋਖੇਬਾਜ਼ ਨੀਤੀ ਨਾਲ ਦੂਰ ਰੱਖਦੇ ਰਹੇ। ਸਦੀਆਂ ਤੋਂ ਵਾਪਰ ਰਹੇ ਇਸ ਵਰਤਾਰੇ ਨੂੰ ਇਹਨਾਂ ਪ੍ਰਭੂਆਂ ਨੇ ਕਦੇ ਉਭਰ ਕੇ ਸਾਹਮਣੇ ਨਹੀਂ ਆਉਣ ਦਿੱਤਾ ਕਿਉਂਕਿ ਵਿੱਦਿਆ, ਰਾਜ ਸੱਤਾ, ਆਰਥਿਕ ਸਾਧਨਾਂ 'ਤੇ ਇਹਨਾਂ ਨੇ ਸਮੇਂ ਸਮੇਂ 'ਤੇ ਆਪਣੀਆਂ ਅਣਮਨੁੱਖੀ ਕੋਝੀਆਂ ਤੇ ਕਰੂਰ ਚਾਲਾਂ ਨਾਲ ਆਪਣੀ ਅਜਾਰੇਦਾਰੀ ਕਾਇਮ ਰੱਖੀ ਜੋ ਅੱਜ ਤੱਕ ਵੀ ਜਾਰੀ ਹੈ। ਜਾਤ ਪਾਤ ਦੇ ਇਸ ਦ੍ਰਿਸ਼ਟੀਕੋਣ ਸਬੰਧੀ ਵਿਚਾਰ ਚਰਚਾ ਕਰਦਿਆਂ ਕਈ ਦਲਿਤ ਮਾਰਕਸੀ ਵਿਦਵਾਨ, ਜੋ ਕਿਤੇ ਨਾ ਕਿਤੇ ਇਸ ਜਾਤਪਾਤੀ ਪ੍ਰਣਾਲੀ ਦਾ ਸ਼ਿਕਾਰ ਹੁੰਦੇ ਰਹੇ ਹਨ, ਉਹ ਅਕਸਰ ਆਖ ਦਿੰਦੇ ਹਨ ਕਿ ਅਸਲ ਵਿਚ ਮਾਰਕਸੀ ਆਗੂ ਬਹੁਤਾ ਕਰਕੇ ਬਾਹਰਲੇ ਦੇਸ਼ਾਂ ਤੋਂ ਵਿੱਦਿਆ ਪ੍ਰਾਪਤ ਕਰਕੇ ਆਏ ਹੋ। ਇਸ ਸਦਕਾ ਇਸ ਜਾਤ ਪਾਤੀ ਬਿਮਾਰੀ ਦੀਆਂ ਜੜ੍ਹਾਂ ਦੀ ਡੂੰਘਾਈ ਤੱਕ ਨਹੀਂ ਜਾ ਸਕੇ। ਪਰ ਪਤਾ ਨਹੀਂ ਇਹ ਉਹਨਾਂ ਦੀ ਸਚਾਈ ਹੈ ਜਾਂ ਫਿਰ ਮੱਕਾਰੀ ਹੈ, ਕਿਉਂਕਿ ਡਾ. ਅੰਬੇਡਕਰ ਵੀ ਤਾਂ ਸਾਰੀ ਉੱਚ ਵਿੱਦਿਆ ਬਾਹਰੋਂ ਹੀ ਲੈ ਕੇ ਆਏ ਸਨ, ਫਿਰ ਉਹਨਾਂ ਨੇ ਕਿਵੇਂ ਇਸ ਜਾਤ ਪਾਤੀ ਕੋਹੜ ਦੀ ਹਕੀਕਤ ਨੂੰ ਸਮਝ ਕੇ ਇਸਦੀਆਂ ਜੜ੍ਹਾਂ ਕੱਟਣ ਨੂੰ ਪਹਿਲ ਦੇ ਆਧਾਰ ਤੇ ਲਿਆ?

ਡਾ. ਰੌਣਕੀ ਰਾਮ ਨੇ ਆਪਣਾ ਪਿਛੋਕੜ ਮਾਰਕਸੀ ਹੋਣ ਦੇ ਨਾਤੇ ਇਸ ਸਵਾਲ ਨੂੰ ਬੜੀ ਡੂੰਘਾਈ ਤੱਕ ਵਿਸਥਾਰ ਪੂਰਵਕ ਵਿਚਾਰਿਆ ਹੈ। ਇਸ ਵਿਸ਼ੇ 'ਤੇ ਉਹਨਾਂ ਦੀ ਮਜ਼ਬੂਤ ਪਕੜ ਹੈ। ਮਾਰਕਸ ਪੱਖੀ ਵਿਦਵਾਨਾਂ ਦੇ ਵਿਚਾਰ ਵਿਸਥਾਰ ਪੂਰਵਕ ਦੇਣ ਉਪਰੰਤ ਉਹ ਉਨੇ ਹੀ ਵਿਸਥਾਰ ਵਿਚ ਅੰਬੇਡਕਰਵਾਦੀ ਆਧਾਰਿਤ ਦਲਿਤ ਦੀ ਵਿਆਖਿਆ ਵੀ ਕਰਦੇ ਹਨ। ਮਾਰਕਸਵਾਦੀ, ਅੰਬੇਡਕਰਵਾਦੀ ਸਾਹਿਤ ਨੂੰ ਕੋਈ ਅਹਿਮੀਅਤ ਨਹੀਂ ਦਿੰਦੇ, ਜਿਸ ਕਰਕੇ ਉਸ ਨੂੰ ਪੜ੍ਹਨਾ ਹੀ ਨਹੀਂ ਚਾਹੁੰਦੇ। ਨਾ ਪੜ੍ਹਨ ਦੀ ਸੂਰਤ ਵਿਚ ਕਿਵੇਂ ਵਿਸ਼ਲੇਸ਼ਣ ਹੋਵੇਗਾ ਤੇ ਕਿਵੇਂ ਖੋਜ ਹੋਵੇਗੀ? ਪਰ ਡਾ. ਰੌਣਕੀ ਰਾਮ ਨੇ ਅੰਬੇਡਕਰਵਾਦੀ ਸਾਹਿਤ ਨੂੰ ਵੀ ਪੂਰੀ ਸ਼ਿੱਦਤ ਨਾਲ ਪੜ੍ਹਿਆ ਅਤੇ ਵਿਚਾਰਿਆ ਹੈ। ਉਹਨਾਂ ਨੇ ਪੀਡੀਆਂ ਗੰਢਾਂ ਦੀਆਂ ਬਰੀਕ ਪਰਤਾਂ ਬੜੀ ਸੂਝ ਬੂਝ ਨਾਲ ਖੋਲ੍ਹ ਕੇ ਸਾਹਮਣੇ ਰੱਖੀਆਂ ਹਨ ਅਤੇ ਕਈ ਅਣਗੌਲੇ ਅਤੇ ਘੱਟ ਚਰਚਿਤ ਪਹਿਲੂ ਵੀ ਪੂਰੀ ਤਰ੍ਹਾਂ ਉਭਾਰੇ ਹਨ। ਇਸੇ ਕਰਕੇ ਉਹ ਮਾਰਕਸਵਾਦੀ ਦਲਿਤ ਦੀ ਪਰਿਭਾਸ਼ਾ ਦਾ ਬੜੇ ਢੁਕਵੇਂ ਸ਼ਬਦਾਂ ਵਿਚ ਖੰਡਨ ਕਰਦੇ ਹਨ ਅਤੇ ਅੰਬੇਡਕਰੀ ਦਲਿਤ ਦੀ ਵਿਆਖਿਆ ਦਾ ਜ਼ੋਰਦਾਰ ਤਰੀਕੇ ਨਾਲ ਮੰਡਨ ਕਰਦੇ ਲਿਖਦੇ ਹਨ, ".. ਬ੍ਰਾਹਮਣ ਸ਼ੋਸ਼ਿਤ ਹੁੰਦੇ ਹੋਏ ਵੀ ਉਸ ਤਰ੍ਹਾਂ ਸ਼ੋਸ਼ਿਤ ਨਹੀਂ ਹੈ ਜਿਸ ਤਰ੍ਹਾਂ ਜਨਮ-ਜਾਤ ਆਧਾਰਿਤ ਦਲਿਤ ਸ਼ੋਸ਼ਿਤ ਦਲਿਤ ਦਾ ਸ਼ੋਸ਼ਿਤਪਣ, ਸ਼ੋਸ਼ਿਤ ਬ੍ਰਾਹਮਣ ਦੀ ਅਖੌਤੀ ਦਲਿਤਤਾ ਤੋਂ ਬਿਲਕੁਲ ਅਲੱਗ ਦਿਖਾਈ ਦਿੰਦਾ ਹੈ। ਸ਼ੋਸ਼ਿਤ ਬ੍ਰਾਹਮਣ ਦੇ ਕੋਲ ਉਹ ਸਮਾਜਿਕ ਰੁਤਬਾ ਹੈ ਜਿਹੜਾ ਉਸਦੇ ਸ਼ੋਸ਼ਿਤ ਹੋਣ ਦੇ ਬਾਵਜੂਦ ਵੀ ਮੋਰ ਦੇ ਨੋਚੇ ਹੋਏ ਖੰਭਾਂ ਦੇ ਰੰਗ ਵਾਂਗ ਸਥਿਰ ਰਹਿੰਦਾ ਹੈ।' (196)

ਇਸ ਤਰ੍ਹਾਂ ਡਾ. ਰੌਣਕੀ ਰਾਮ ਵੱਲੋਂ ਪਰਿਭਾਸ਼ਿਤ ਅੰਬੇਡਕਰਵਾਦੀ ਦਲਿਤ ਦੇ ਘੇਰੇ ਵਿਚ ਜਾਤੀ ਵਿਧਾਨ ਵੱਲੋਂ ਧਰਮ ਰਾਹੀਂ ਕੀਤੀਆਂ ਉਹ ਸਾਰੀਆਂ ਅਣਮਨੁੱਖੀ ਘਿਣਾਉਣੀਆਂ ਕਰੂਰ ਜ਼ਿਆਦਤੀਆਂ ਸ਼ਾਮਲ ਹੋ ਜਾਂਦੀਆਂ ਹਨ, ਜਿਹਨਾਂ ਨੇ ਅੱਜ ਦਲਿਤ ਨੂੰ ਇਸ ਸਥਿਤੀ ਵਿਚ ਪਹੁੰਚਾ ਦਿੱਤਾ ਹੈ ਕਿ ਉਹ ਚੰਗਾ ਪੜ੍ਹ ਲਿਖ, ਆਰਥਿਕ ਪੱਖੋਂ ਮਜ਼ਬੂਤ ਹੋਣ ਦੇ ਬਾਵਜੂਦ ਆਜ਼ਾਦ ਅਤੇ ਲੋਕਤੰਤਰੀ ਢਾਂਚੇ ਵਿਚ ਵੀ ਉਹ ਉਸੇ ਤਰ੍ਹਾਂ ਦਾ ਸੰਤਾਪ ਭੋਗ ਰਿਹਾ ਹੈ, ਜਿਸ ਤਰ੍ਹਾਂ ਦਾ ਉਹ ਸਦੀਆਂ ਤੋਂ ਭੋਗਦਾ ਆਇਆ ਹੈ। ਇਸੇ ਲਈ ਦਲਿਤ ਦੀ ਪਰਿਭਾਸ਼ਾ ਹੁਣ ਇਸ ਪੱਧਰ 'ਤੇ ਪਹੁੰਚ ਚੁੱਕੀ ਹੈ ਕਿ ਦਲਿਤ ਹੁਣ ਰੱਬ ਅਤੇ ਧਰਮ ਦੇ ਆਡੰਬਰ ਤੋਂ ਹੀ ਮੁਨਕਰ ਹੋਈ ਖੜ੍ਹਾ ਹੈ। ਇਸ ਸਬੰਧ ਵਿਚ ਪ੍ਰੋ. ਗੰਗਾਧਰ ਘਨਾਟਵਨੇ ਦੀ ਦਲਿਤ ਪਰਿਭਾਸ਼ਾ ਵਾਚਣਯੋਗ ਹੈ, "ਦਲਿਤ, ਮੇਰੇ ਵਿਚਾਰ ਅਨੁਸਾਰ ਕੋਈ ਜਾਤ ਨਹੀਂ ਹੈ ਸਗੋਂ ਉਹ ਮਨੁੱਖ ਹੈ ਜੋ ਇਸ ਦੇਸ਼ ਦੀਆਂ ਸਮਾਜਿਕ ਅਤੇ ਆਰਥਿਕ ਰਹੁ ਰੀਤਾਂ ਰਾਹੀਂ ਲੁੱਟਿਆ ਗਿਆ ਹੈ। ਹੁਣ ਉਹ ਰੱਬ, ਪੁਨਰ ਜਨਮ, ਆਤਮਾ, ਵੱਖਵਾਦ ਦਾ ਸਬਕ ਪੜ੍ਹਾਉਂਦੇ ਧਾਰਮਿਕ ਗ੍ਰੰਥ, ਕਿਸਮਤ ਅਤੇ ਸਵਰਗ ਵਿਚ ਯਕੀਨ ਨਹੀਂ ਕਰਦਾ ਕਿਉਂਕਿ ਇਹਨਾਂ ਸਾਰਿਆਂ ਨੇ ਮਿਲ ਕੇ ਉਸਨੂੰ ਗੁਲਾਮ ਬਣਾਇਆ ਹੈ। ਉਸਦਾ ਯਕੀਨ ਸਿਰਫ ਮਨੁੱਖਤਾ ਵਿਚ ਹੈ।

ਦਲਿਤ, ਤਬਦੀਲੀ ਅਤੇ ਇਨਕਲਾਬ ਦਾ ਚਿੰਨ੍ਹ ਹੈ।'' (ਹਾਸ਼ੀਆ ਤੋਂ ਜਨਵਰੀ-ਜੂਨ 2012)। ਇਸ ਤਰ੍ਹਾਂ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਦਲਿਤ ਪਛਾਣ ਦੀ ਵਿਆਖਿਆ ਕਰਦੇ ਹੋਏ ਡਾ. ਰੌਣਕੀ ਰਾਮ ਉਸਦੀ ਮੁਕਤੀ ਦੀ ਗੱਲ ਕਰਦੇ ਹਨ। ਦਲਿਤ ਲਈ ਉਤਪੰਨ ਕੀਤੀ ਗਈ ਘਿਰਣਿਤ ਸਥਿਤੀ ਤੋਂ ਛੁਟਕਾਰਾ ਪਾਉਣ ਲਈ ਉਸ ਵੱਲੋਂ ਕੀਤੇ ਗਏ ਲੰਬੇ ਸੰਘਰਸ਼ ਦੀ ਗਾਥਾ ਦਾ ਆਪਣਾ ਇਕ ਇਤਿਹਾਸ ਹੈ। ਆਰੀਅਨ ਦੇ ਆਗਮਨ ਤੋਂ ਪਹਿਲਾਂ ਇਸ ਦੇਸ਼ ਦੇ ਮੂਲ ਨਿਵਾਸੀ ਬੜੇ ਵਿਕਸਤ ਅਤੇ ਸੰਪੰਨ ਲੋਕ ਰਹੇ ਹਨ, ਜਿਹਨਾਂ ਦਾ ਸਬੂਤ ਸਿੰਧ ਘਾਟੀ ਦੀ ਸਭਿਅਤਾ ਦੇ ਪਛਾਣ ਚਿੰਨ੍ਹ ਹਨ ਜੋ ਖੁਦਾਈ ਦਰਮਿਆਨ ਪ੍ਰਾਪਤ ਹੋਏ ਹਨ। ਆਰੀਅਨ ਅਤੇ ਮੂਲ ਨਿਵਾਸੀਆਂ ਦੀ ਲੰਮੀ ਲੜਾਈ ਦੌਰਾਨ ਅਤੇ ਆਰੀਅਨ ਦੀ ਹੋਈ ਜਿੱਤ ਕਾਰਨ ਇਸ ਸਭਿਅਤਾ ਦੀ

(ਬਾਕੀ ਅਗਲੇ ਸਫੇ ਤੇ)

# ਡਾ. ਰੌਣਕੀ ਰਾਮ ਦੀ ਪੁਸਤਕ 'ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ' ਨੂੰ ਵਾਚਦਿਆਂ

ਤਬਾਹੀ ਹੋਈ ਤੇ ਇਕ ਨਵੀਂ ਸਭਿਅਤਾ ਦਾ ਉਭਾਰ ਹੋਇਆ, ਜਿਸਨੇ ਆਪਣੀ ਹੋਂਦ ਦੀ ਸਥਾਪਤੀ ਲਈ ਰਚਿਆ ਵਿਧਾਨ ਸਥਾਪਤ ਕੀਤਾ, ਜਿਸਨੇ ਬ੍ਰਾਹਮਣਵਾਦ ਦਾ ਰੂਪ ਲੈ ਲਿਆ। ਬ੍ਰਾਹਮਣਵਾਦ ਕਿਸੇ ਜਾਤੀ ਵਿਸ਼ੇਸ਼ ਦਾ ਨਾਂ ਨਹੀਂ ਸਗੋਂ ਉਸ ਵਾਦ ਦਾ ਨਾਂ ਹੈ ਜੋ ਉਸ ਵੇਲੇ ਪੁਜਾਰੀ ਸ਼੍ਰੇਣੀ ਬ੍ਰਾਹਮਣ ਨੇ ਸ਼ੁਰੂ ਕੀਤਾ ਸੀ ਪਰ ਹੁਣ ਉਸ ਵਿਚਾਰ ਜਾਂ ਫ਼ਲਸਫ਼ੇ ਨੂੰ ਕਿਹਾ ਜਾਂਦਾ ਹੈ ਜੋ ਮਨੁੱਖ ਨੂੰ ਮਨੁੱਖ ਨਾਲੋਂ ਜਨਮ-ਜਾਤ ਦੇ ਆਧਾਰ 'ਤੇ ਵੰਡੀਆਂ ਪਾ ਕੇ ਉਚ ਜਾਂ ਨੀਚ ਗਰਦਾਨਦਾ ਹੈ। ਲੇਖਕ ਨੇ ਵੀ ਬ੍ਰਾਹਮਣਵਾਦ ਨੂੰ ਇਕ ਛੜਯੰਤਰ ਦੱਸਿਆ ਹੈ। ਉਹ ਲਿਖਦੇ ਹਨ, "ਬ੍ਰਾਹਮਣਵਾਦ ਉਸ ਛੜਯੰਤਰ ਦਾ ਨਾਂ ਹੈ ਜਿਹੜਾ ਜਾਤ ਵਰਗੇ ਅਤਿ ਜ਼ਹਿਰੀਲੇ ਸੱਪ ਨੂੰ ਵੱਸ ਕਰਕੇ ਸ਼ੈਤਾਨ ਸਪੇਰੇ ਦੀ ਤਰ੍ਹਾਂ ਆਪਣਾ ਪੇਟ ਹੀ ਨਹੀਂ ਪਾਲਦਾ ਸਗੋਂ ਸੱਪ ਰੂਪੀ ਜਾਤ ਤੋਂ ਭੋਲੀ ਭਾਲੀ ਲੋਕਾਈ ਨੂੰ ਆਸ਼ੀਰਵਾਦ ਵੀ ਦਿਵਾਉਂਦਾ ਚਲਿਆ ਆ ਰਿਹਾ ਹੈ।" (3) ਇਸੇ ਜਾਤ ਦੇ ਭਿਆਨਕ ਬੰਧਨ ਦੇ ਛੁਟਕਾਰੇ ਲਈ ਦਲਿਤ ਵੱਲੋਂ ਕੀਤੇ ਸੰਘਰਸ਼ ਦੇ ਨਤੀਜੇ ਵਜੋਂ ਆਏ ਜਾਤੀ ਉਭਾਰ ਨੂੰ ਫਿਰ ਤੋਂ ਇਸੇ ਦਾ ਰੂਪ ਬਣਨਾ ਹੈ ਜਾਂ ਕੁਝ ਹੋਰ ਇਹੀ ਚਰਚਾ ਇਸ ਪੁਸਤਕ ਦਾ ਮੁੱਖ ਵਿਸ਼ਾ ਅਤੇ ਮਹੱਤਵਪੂਰਨ ਸਵਾਲ ਵੀ ਬਣਦਾ ਹੈ। ਉਹ ਲਿਖਦੇ ਹਨ, "ਉਹ ਜਾਤ ਜਿਸ ਨੇ ਇਸ ਬ੍ਰਾਹਮਣਵਾਦ ਦਾ ਸਦੀਆਂ ਤੋਂ ਪ੍ਰਕੋਪ ਝੱਲਿਆ ਹੈ ਅਤੇ ਜਿੰਦ ਜਾਨ ਨਾਲ ਇਸਦੀ ਸੇਵਾ ਕੀਤੀ ਹੈ ਤੇ ਹੁਣ ਇਸੇ ਤੋ ਮੁਕਤੀ ਹਾਸਲ ਕਰਦਿਆਂ ਜੇ ਇਸੇ ਦਾ ਹੀ ਰੂਪ ਧਾਰਨਾ ਕਰਨਾ ਚਾਹੁੰਦੀ ਹੈ ਜਾਂ ਇਹ ਦਲਿਤ ਮੁਕਤੀ ਦੀ ਧਾਰਨਾ 'ਚ ਕਿਸੇ ਨਵੇਂ ਵਿਕਲਪ ਨੂੰ ਉਭਾਰਨਾ ਚਾਹੁੰਦੀ ਹੈ ਤਾਂ ਇਸ ਬਾਰੇ ਚਰਚਾ ਹੋਣਾ ਬਹੁਤ ਜ਼ਰੂਰੀ ਹੈ। ਅਜਿਹੀ ਚਰਚਾ ਹੀ ਅਸਲੋਂ ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ ਦੇ ਤਿਕੋਣੇ ਸਵਾਲ ਦੀ ਚਰਚਾ ਹੋਵੇਗੀ।" (4)

ਸਿੰਧ ਘਾਟੀ ਦੀ ਸਭਿਅਤਾ ਦੇ ਸੱਚ ਨੂੰ ਵੀ ਹੁਣ ਇਕ ਛੜਯੰਤਰ ਰਾਹੀਂ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹੁਣੇ ਜਿਹੇ ਚੰਡੀਗੜ੍ਹ ਵਿਚ ਨਵੰਬਰ 2012 ਵਿਚ ਪੁਰਾਤਵਵ ਵਿਭਾਗ ਵੱਲੋਂ ਕਰਵਾਏ ਗਏ ਇਕ ਸੈਮੀਨਾਰ ਵਿਚ ਇਸ ਵਿਚਾਰ ਨੂੰ ਹਵਾ ਦਿੱਤੀ ਗਈ ਕਿ ਸਿੰਧ ਘਾਟੀ ਦੀ ਸਭਿਅਤਾ ਦੀ ਜੋ ਵੀ ਉਨਤੀ ਹੋਈ ਉਹ ਆਰੀਅਨ ਵੱਲੋਂ ਹੀ ਕਰਵਾਈ ਗਈ ਸੀ। ਖ਼ੈਰ, ਸਰਵ ਸੰਪੰਨ ਸ਼ਾਸਕ ਲੋਕ ਆਪਣੇ ਵਿਰੋਧੀ ਸਚਾਈਆਂ ਨੂੰ ਹਰ ਹੀਲੇ ਦਬਾਉਣ ਦਾ ਯਤਨ ਕਰਦੇ ਰਹਿੰਦੇ ਹਨ। ਪਰ ਸਮੇਂ ਨਾਲ ਸਚਾਈ ਫਿਰ ਸਾਹਮਣੇ ਆ ਹੀ ਜਾਂਦੀ ਹੈ। ਅੱਜ ਦੀ ਸਚਾਈ ਤਾਂ ਇਹੀ ਹੈ ਕਿ ਸਿੰਧ ਘਾਟੀ ਦੀ ਸਭਿਅਤਾ ਦੀ ਤਬਾਹੀ ਆਰੀਅਨਾਂ ਵੱਲੋਂ ਕੀਤੀ ਗਈ ਸੀ ਅਤੇ ਇਸ ਖਿੱਤੇ 'ਤੇ ਆਪਣਾ ਦਬਦਬਾ ਅਤੇ ਕਬਜ਼ਾ ਕਾਇਮ ਰੱਖਣ ਲਈ ਸਾਮ, ਦਾਮ, ਦੰਡ, ਭੇਦ ਹਰ ਹਥਿਆਰ ਵਰਤੇ ਗਏ। ਇਸਦੇ ਸਿੱਟੇ ਵਜੋਂ ਦਲਿਤ ਅੱਗ ਦਾ ਸਮੁੰਦਰ ਪਾਰ ਕਰਦਾ, ਜਿਊਣ ਲਈ ਤਰਲੇ ਲੈਂਦਾ, ਤਰ੍ਹਾਂ ਤਰ੍ਹਾਂ ਦੀਆਂ ਬੇਇਜ਼ਤੀਆਂ ਸਹਿੰਦਿਆਂ, ਮਰੇ ਡੰਗਰਾਂ ਦਾ ਮਾਸ ਖਾ ਕੇ ਜਾਂ ਗੰਦੀ ਮੰਦੀ ਸੁੱਟੀ ਗਈ ਜੂਠ ਖਾ ਕੇ, ਉੱਚ ਜਾਤਾਂ ਦੇ ਉਤਰਣ ਪਹਿਨਦਿਆਂ, ਜ਼ਿੰਦਗੀ ਦੇ ਸਫ਼ਰ ਨੂੰ ਜਾਰੀ ਰੱਖਦਾ ਰਿਹਾ। ਇਤਿਹਾਸ-ਮਿਥਿਹਾਸ ਗਵਾਹ ਹੈ ਕਿ ਕਿਤੇ ਧਰਮ ਤੇ ਕਾਨੂੰਨ ਨੇ ਸ਼ੰਭੁਕ ਰਿਸ਼ੀ ਦਾ ਕਤਲ ਕੀਤਾ, ਕਿਤੇ ਗੁਰੂ ਦਕਸ਼ਣਾਂ ਦੇ ਰੂਪ ਵਿਚ ਇਕਲੱਵਿਆਂ ਦੇ ਅੰਗੂਠੇ ਦਾ ਕਤਲ ਕੀਤਾ। ਅੱਜ ਵੀ ਇਹੋ ਜਿਹੇ ਮਨੁੱਖਤਾ ਵਿਰੋਧੀ ਕਾਨੂੰਨਾਂ ਦੀ ਜਨਮਦਾਤੀ ਮੰਨੂੰ ਸਿਮ੍ਰਿਤੀ ਲਹੂ ਵਿਚ ਦੌੜਦੀ ਬਾਬਾ ਸਾਹਿਬ ਦੇ ਸੰਵਿਧਾਨ ਦਾ ਮੂੰਹ ਚਿੜਾ ਰਹੀ ਹੈ। ਅੱਜ ਵੀ ਉੱਚ ਜਾਤੀ ਦੇ ਕੁੱਤੇ ਨੂੰ ਦਲਿਤ ਵੱਲੋਂ ਰੋਟੀ ਖੁਆ ਦਿੱਤੇ ਜਾਣ 'ਤੇ ਕੁੱਤਾ ਭਿੱਟਿਆ ਜਾਂਦਾ ਹੈ ਤੇ ਲੋਕਰਾਜੀ ਸੰਵਿਧਾਨਕ ਪੰਚਾਇਤ ਇਸਦੇ ਬਦਲੇ ਦਲਿਤ ਨੂੰ ਭਰੀ ਜੁਰਮਾਨਾ ਕਰਦੀ ਹੈ। ਅੱਜ ਵੀ ਕਿਤੇ ਕਿਸੇ ਦਲਿਤ ਜੱਜ ਦੀ ਥਾਂ 'ਤੇ ਬਦਲ ਕੇ ਆਇਆ ਕਾਨੂੰਨ ਦਾ ਰਖਵਾਲਾ ਕੋਈ ਉੱਚ ਜਾਤੀ ਜੱਜ ਬੈਠਣ ਤੋਂ ਪਹਿਲਾਂ ਗੰਗਾ ਜਲ ਨਾਲ ਕਮਰਾ ਅਤੇ ਫਰਨੀਚਰ ਧੁਆ ਕੇ 'ਪਵਿੱਤਰ' ਕਰਵਾਉਂਦਾ ਹੈ। ਅੱਜ ਵੀ ਦਲਿਤਾਂ ਵੱਲੋਂ ਆਪਣੇ ਵਾਜਬ ਦਿਹਾੜੀ ਦਾ ਮੁੱਲ ਮੰਗਣ ਬਦਲੇ ਉਹਨਾਂ ਦੇ ਸਮਾਜਿਕ ਬਾਈਕਾਟ ਦਾ ਐਲਾਨ ਰੱਬ ਦਾ ਘਰ ਸਮਝੇ ਜਾਂਦੇ ਗੁਰਦੁਆਰੇ ਵਿਚੋਂ ਬੜੀ ਸ਼ਾਨ ਨਾਲ ਕੀਤਾ ਜਾਂਦਾ ਹੈ। ਇਹ ਘਟਨਾਵਾਂ ਭਾਵੇਂ ਘੱਟ ਹਨ ਪਰ ਮੰਨੂਵਾਦੀ ਮਾਨਸਿਕਤਾ ਦਾ ਪ੍ਰਗਟਾਵਾ ਹਨ, ਜਿਹਨਾਂ ਦਾ ਅੱਜ ਵੀ ਕਾਨੂੰਨ ਕੁਝ ਨਹੀਂ ਵਿਗਾੜ ਸਕਦਾ।

ਇਸ ਤਰ੍ਹਾਂ ਦੀਆਂ ਭਿਆਨਕ ਸਥਿਤੀਆਂ ਵਿਚੋਂ ਦਲਿਤ ਸਮੇਂ ਸਮੇਂ ਸਿਰ ਆਪਣੇ ਵਿੱਤ ਮੁਤਾਬਕ ਉਭਰਨ ਦਾ ਯਤਨ ਕਰਦਾ ਰਿਹਾ ਹੈ ਅਤੇ ਅੱਜ ਵੀ ਕਰ ਰਿਹਾ ਹੈ। ਇਹੀ ਯਤਨ ਉਸਦਾ ਸ਼ਕਤੀ ਯੁੱਧ ਕਿਹਾ ਜਾ ਸਕਦਾ ਹੈ। ਇਸ ਸੰਘਰਸ਼ ਵਿਚ ਸਭ ਤੋਂ ਪਹਿਲਾਂ ਤਥਾਗਤ ਬੁੱਧ ਨੇ ਉਸਦੀ ਬਾਂਹ ਫੜੀ ਤੇ ਉਸਨੂੰ ਉਸਦੇ ਦੁਆਲੇ ਬਣਾਏ ਜੰਜਾਲ ਤੋਂ ਮੁਕਤੀ ਦਾ ਰਾਹ ਦੱਸਿਆ। ਅਸ਼ੋਕ ਦੇ ਵੇਲੇ ਵੀ ਬੁੱਧ ਧਰਮ ਦੀ ਛਤਰ ਛਾਇਆ ਹੇਠ ਉਸਨੂੰ ਵੱਡੀ ਰਾਹਤ ਮਿਲੀ ਜੋ ਅਸ਼ੋਕ ਦੇ ਪੋਤਰੇ ਬਰਿੱਦਰਥ ਦੇ ਇਕ ਬ੍ਰਾਹਮਣ ਸੈਨਾਪਤੀ ਪੁਸ਼ਿਆਮਿੱਤਰ ਵੱਲੋਂ ਕਤਲ ਕੀਤੇ ਜਾਣ ਨਾਲ ਖਤਮ ਹੋ ਗਈ। ਇਸ ਤੋਂ ਬਾਅਦ ਦਲਿਤਾਂ 'ਤੇ ਹੋਰ ਪ੍ਰਚੰਡ ਰੂਪ ਵਿਚ ਦੁੱਖਾਂ ਦਾ ਪਹਾੜ ਟੁੱਟ ਪਿਆ। ਮੁਗਲਾਂ ਵੇਲੇ ਦਲਿਤਾਂ ਨੇ ਵੱਡੀ ਗਿਣਤੀ ਵਿਚ ਮੁਸਲਿਮ ਧਰਮ ਇਸ ਆਸ ਨਾਲ ਵੀ ਅਪਣਾਇਆ ਕਿ ਉਸ ਵਿਚ ਜਾਤ ਪਾਤੀ ਕੋਹੜ ਨਹੀਂ ਸੀ। ਇਸ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਉਸਨੇ ਉਸੇ ਧਰਮ ਵੱਲ ਵਹੀਰਾਂ ਘੱਤ ਦਿੱਤੀਆਂ ਜਿਸਨੇ ਵੀ ਇਸ ਬਿਮਾਰੀ ਤੋਂ ਨਿਜਾਤ ਪਾਉਣ ਦੀ ਗੱਲ ਕੀਤੀ। ਬੁੱਧ ਧਰਮ, ਮੁਸਲਿਮ ਧਰਮ ਤੋਂ ਬਾਅਦ ਸਿੱਖ ਧਰਮ ਤੇ ਫਿਰ ਇਸਾਈ ਧਰਮ ਵਿਚ ਦਲਿਤਾਂ ਦੀ ਵੱਡੀ ਪੱਧਰ ਤੇ ਸ਼ਮੂਲੀਅਤ ਇਸਦੀ ਗਵਾਹੀ ਭਰਦੀ ਹੈ।

ਪੰਜਾਬ ਵਿਚ ਸਿੱਖ ਧਰਮ ਨੇ ਵੀ ਦਲਿਤਾਂ ਨੂੰ ਪੂਰੀ ਬਰਾਬਰਤਾ ਨਹੀਂ ਦਿੱਤੀ ਸਗੋਂ ਇਸਦੇ ਫ਼ਲਸਫ਼ੇ ਵਿਚ ਜਾਤ ਪਾਤ ਨੂੰ ਕੋਈ ਮਾਨਤਾ ਨਹੀਂ ਹੈ। ਇਸ ਤੋਂ ਉਪਰਾਮ ਹੋ ਕੇ ਦਲਿਤਾਂ ਦੇ ਇਕ ਵੱਡੇ ਜਾਤੀ ਗਰੁੱਪ ਨੇ ਆਪਣੇ ਪੁਰਾਣੇ ਖਾਸੇ ਵੱਲ ਮੁੜਨ ਦਾ ਤਹੱਈਆ ਕਰਕੇ ਇਕ ਵੱਖਰੇ ਰਵੀਦਾਸੀਆ ਧਰਮ ਨੂੰ ਜਨਮ ਦਿੱਤਾ ਹੈ। ਹੁਣ ਉਹ ਆਪਣੀ ਜਾਤ ਜਿਸ ਨੂੰ ਹੁਣ ਤੱਕ ਕਲੰਕ ਸਮਝਦਾ ਰਿਹਾ ਸੀ, ਉਸ ਨੂੰ ਬੜੇ ਮਾਣ ਨਾਲ ਉਚਾਰਨ ਲੱਗ ਪਿਆ ਹੈ। 'ਪੁੱਤ ਚਮਾਰਾਂ ਦੇ', 'ਚਮਾਰ ਪੁੱਤ', 'ਚੜ੍ਹਤ ਚਮਾਰਾਂ ਦੀ' ਆਦਿ ਸਕੂਟਰਾਂ, ਕਾਰਾਂ ਤੇ ਲਿਖਵਾਈ ਫਿਰਨਾ ਤੇ ਚਮਾਰਾਂ ਦੇ ਗਾਣਿਆਂ ਨਾਲ ਦੁਆਬੇ ਵਿਚ ਇਕ ਵੱਖਰੀ ਤਰ੍ਹਾਂ ਦੇ ਸਭਿਆਚਾਰ ਦਾ ਹੜ੍ਹ ਜਿਹਾ ਆ ਗਿਆ ਹੈ। ਇਹ ਗੁਰੂ ਰਵਿਦਾਸ ਦੀ ਬਾਣੀ ਤੋਂ ਪ੍ਰੇਰਿਤ ਕਦਮ ਹੈ, ਜਿਹਨਾਂ ਨੇ ਆਪਣੀ ਬਾਣੀ ਵਿਚ ਆਪਣੇ ਆਪ ਨੂੰ ਬਾਰ ਬਾਰ ਇਹਨਾਂ ਨਾਵਾਂ ਨਾਲ ਸੰਬੋਧਿਤ ਕੀਤਾ ਹੈ। ਗੁਰੂ ਰਵਿਦਾਸ ਨਾਲ ਸਬੰਧਿਤ ਡੇਰੇ ਅਤੇ ਵੱਖਰੇ ਰਵਿਦਾਸੀਆ ਧਰਮ ਦਾ ਉਦੈ ਹੋਣਾ ਦਲਿਤਾਂ ਦੇ ਇਕ ਹਿੱਸੇ ਦੀ ਵੱਖਰੀ ਪਛਾਣ ਬਣਾਉਣ ਦਾ ਵੀ ਚਿੰਨ੍ਹ ਹੈ ਅਤੇ ਬ੍ਰਾਹਮਣਵਾਦ ਵੱਲੋਂ ਕਲੰਕਿਤ ਕੀਤੀ ਆਪਣੀ ਜਾਤ ਨੂੰ ਇਕ ਆਦਰਯੋਗ ਰੁਤਬਾ ਦੇ ਕੇ ਉਸਨੂੰ ਅਪਣਾਉਣ ਨਾਲ ਆਪਣੀ ਮੁਕਤੀ ਭਾਲਣ ਦਾ ਵੀ ਸੰਦੇਸ਼ ਹੈ। ਇਹੀ ਤਜਰਬਾ ਪਹਿਲਾਂ ਆਦਿ ਧਰਮ ਲਹਿਰ ਨਾਲ ਵੀ ਕੀਤਾ ਜਾ ਚੁੱਕਿਆ ਸੀ।



**Prof (Dr.) Ronki Ram**
Fellow & Dean (Faculty of Arts),
Shaheed Bhagat Singh Chair Professor,
Panjab University, Chandigarh (India)
E-mail: <ronkiram@yahoo.co.in>
Mob: +91-97791-42308

ਆਪਣੀ ਜਾਤ ਨੂੰ ਉਭਾਰਨਾ, ਉਸਦੇ ਗੁਣ ਗਾਇਨ ਕਰਨੇ ਹੀ ਉਹ ਵਰਤਾਰਾ ਹੈ, ਜਿਸ 'ਤੇ ਲੇਖਕ ਡਾ. ਰੌਣਕੀ ਰਾਮ ਨੇ ਸਵਾਲੀਆ ਚਿੰਨ੍ਹ ਲਾ ਕੇ ਸ਼ੱਕ ਪ੍ਰਗਟ ਕੀਤਾ ਹੈ ਕਿ ਇਹ ਜਾਤ ਪਾਤ ਦੇ ਖਾਤਮੇ ਵੱਲ ਇਕ ਕਦਮ ਹੈ ਜਾਂ ਬ੍ਰਾਹਮਣਵਾਦ ਦਾ ਹੀ ਪਸਾਰਾ ਤਾਂ ਨਹੀਂ ਬਣ ਜਾਵੇਗਾ? ਇਸ ਨਾਲ ਦਲਿਤ ਆਪਣੀ ਮੁਕਤੀ ਭਾਲ ਰਿਹਾ ਹੈ? ਜਾਂ ਫਿਰ ਬ੍ਰਾਹਮਣਵਾਦ ਨੂੰ ਪਾਲ ਰਿਹਾ ਹੈ? ਇਸ ਸਬੰਧ ਵਿਚ ਲੇਖਕ, ਡਾ. ਰਜਨੀਸ਼ ਬਹਾਦੁਰ ਦੇ ਇਹਨਾਂ ਸ਼ਬਦਾਂ ਨਾਲ ਸਹਿਮਤ ਹੈ, "ਦਲਿਤ ਰਾਜਨੀਤੀ ਵਿਚ ਜਾਤੀ ਧਰੁਵੀਕਰਨ ਨਵੇਂ ਬ੍ਰਾਹਮਣਵਾਦ ਦੇ ਰੂਪ ਵਿਚ ਉਭਰ ਰਿਹਾ ਹੈ।" (4) ਇਹ ਸ਼ੱਕ ਉਹਨਾਂ ਦਾ ਇਕ ਨਜ਼ਰੀਏ ਤੋਂ ਦਰੁੱਸਤ ਵੀ ਜਾਪਦਾ ਹੈ ਕਿਉਂਕਿ ਬ੍ਰਾਹਮਣਵਾਦ ਅਤੇ ਜਾਤ ਪਾਤ ਦਾ ਨਹੁੰ ਮਾਸ ਵਾਲਾ ਰਿਸ਼ਤਾ ਹੈ। ਜਾਤ ਪਾਤ ਬ੍ਰਾਹਮਣਵਾਦ ਦੇ ਕਿਲ੍ਹੇ ਦਾ ਇਕ ਮਜ਼ਬੂਤ ਥੰਮ੍ਹ ਹੈ। ਜਦੋਂ ਤੱਕ ਜਾਤ ਪਾਤ ਹੈ ਬ੍ਰਾਹਮਣਵਾਦ ਨੂੰ ਕੋਈ ਖ਼ਤਰਾ ਨਹੀਂ। ਦਲਿਤਾਂ ਦਾ ਆਪਣੀ ਜਾਤੀ ਨੂੰ ਉਭਰਨਾ ਤੇ ਉਸਨੂੰ ਪੱਕਿਆਂ ਕਰਨਾ ਕਿਸੇ ਵੇਲੇ ਜੇ ਚੌਕਸੀ ਨਾ ਵਰਤੀ ਗਈ ਤਾਂ ਇਹ ਬ੍ਰਾਹਮਣਵਾਦ ਨੂੰ ਪੱਕਿਆਂ ਕਰਨਾ ਬਣ ਸਕਦਾ ਹੈ। ਲੇਖਕ ਵੱਲੋਂ ਇਸਦਾ ਹੱਲ ਇਹ ਦੱਸਿਆ ਗਿਆ ਹੈ ਕਿ ਪੰਜਾਬ ਵਿਚ ਸਾਰਿਆਂ ਨੂੰ ਫਿਰਕੇ, ਜਾਤਾਂ ਤੇ ਮਜ਼ਹਬਾਂ ਤੋਂ ਉਪਰ ਉੱਠ ਕੇ ਇਕ ਪੰਜਾਬੀ ਕੌਮ ਬਣਾਉਣੀ ਚਾਹੀਦੀ ਹੈ। ਉਹ ਲਿਖਦੇ ਹਨ, "ਪੰਜਾਬੀ ਕੌਮ ਦੀ ਵੱਡੀ ਪਛਾਣ ਹੀ ਬਹੁਤ ਤਰ੍ਹਾਂ ਦੀਆਂ ਨਿੱਕੀਆਂ ਨਿੱਕੀਆਂ ਪਹਿਚਾਣਾਂ ਵਿਚ ਵੰਡੀ ਪੰਜਾਬ ਦੀ ਲੋਕਾਈ ਨੂੰ ਆਪਸੀ ਫੁੱਟ ਅਤੇ ਵਿਤਕਰੇ ਤੋਂ ਮੁਕਤ ਕਰਵਾ ਕੇ ਦਲਿਤਾਂ ਨੂੰ ਉਹਨਾਂ ਦੀ ਸਦੀਵੀ ਗ਼ੁਲਾਮੀ ਤੋਂ ਹਮੇਸ਼ਾ ਲਈ ਨਿਜਾਤ ਦਿਵਾ ਸਕਦੀ ਹੈ। ਇਹ ਪਛਾਣ ਪੰਜਾਬ ਦੇ ਬਾਸ਼ਿੰਦਿਆਂ ਨੂੰ 'ਪੁੱਤ ਜੱਟਾਂ ਦੇ' ਜਾਂ ਫਿਰ 'ਪੁੱਤ ਚਮਾਰਾਂ ਦੇ' ਅੱਡ ਅੱਡ ਪਛਾਣ ਚਿੰਨ੍ਹਾਂ ਤੋਂ ਮੁਕਤੀ ਦਿਵਾ ਕੇ ਉਹਨਾਂ ਨੂੰ ਆਪਸੀ ਪ੍ਰੇਮ ਅਤੇ ਸਮਾਜਿਕ ਬਰਾਬਰਤਾ ਦਾ ਸਬਕ ਸਿਖ਼ਾਵੇਗੀ।" (89)

ਪੰਜਾਬੀ ਕੌਮ ਬਣਾਉਣ ਵਿਚ ਸਮੱਸਿਆ ਇਹ ਹੈ ਕਿ ਬ੍ਰਾਹਮਣਵਾਦ ਨੇ ਜਾਤ ਨੂੰ ਖ਼ੂਨ ਵਿਚ ਇਸ ਕਦਰ ਦਾਖਲ ਕਰ ਦਿੱਤਾ ਹੈ ਕਿ ਇਹ ਦਲਿਤਾਂ ਦੀ ਇਕ ਕੌਮ ਨਹੀਂ ਬਣਨ ਦਿੰਦਾ ਕਿਉਂਕਿ ਇਸ ਵਿਚ ਉਸਦੀ ਹੋਂਦ ਬਰਕਰਾਰ ਰਹਿੰਦੀ ਹੈ ਅਤੇ ਹੋਰ ਦੂਜੀਆਂ ਉੱਚ ਜਾਤੀਆਂ ਸਮੇਤ ਜਿਹਨਾਂ ਦੀ ਇਕ ਜਮਾਤ ਬਣੀ ਹੋਈ ਹੈ, ਉਸਦੀ ਸਰਦਾਰੀ ਕਾਇਮ ਰਹਿੰਦੀ ਹੈ। ਇਸਦੇ ਕਾਇਮ ਰਹਿਣ ਨਾਲ ਉਸਦੀ ਉੱਚ ਜਾਤੀ ਜਮਾਤ ਦੀ ਸਰਦਾਰੀ ਤਾਂ ਕਾਇਮ ਰਹਿੰਦੀ ਹੈ ਪਰ ਹੇਠਲੀਆਂ ਨੀਵੀਆਂ ਜਾਤਾਂ ਦੀਆਂ ਦੁਸ਼ਵਾਰੀਆਂ ਹੋਰ ਵਧਦੀਆਂ ਹਨ, ਜਿਹਨਾਂ ਦੀ ਇਕ ਜਮਾਤ ਨਹੀਂ ਹੈ ਜਦੋਂ ਤੱਕ ਹੇਠਲੀਆਂ ਨੀਵੀਆਂ ਜਾਤਾਂ ਜੋ ਬ੍ਰਾਹਮਣਵਾਦ ਦੀ ਪੈਦਾਇਸ਼ ਹਨ ਅਤੇ ਬ੍ਰਾਹਮਣਵਾਦ ਤੋਂ ਹੀ ਬੁਰੀ ਤਰ੍ਹਾਂ ਮਾਰ ਖਾ ਰਹੀਆਂ ਹਨ, ਉਹ ਇਸ ਗੱਲ ਨੂੰ ਸਮਝ ਕੇ ਆਪਣੀ ਇਕ ਜਮਾਤ ਨਹੀਂ ਬਣਾਉਂਦੀਆਂ, ਉਦੋਂ ਤੱਕ ਉਹ ਉੱਚ ਜਾਤੀ ਸਮਾਜ ਦੇ ਬਰਾਬਰ ਵੀ ਧਿਰ ਨਹੀਂ ਬਣ ਸਕਦੀਆਂ। ਉਹਨਾਂ ਦੀ ਜਮਾਤ ਬਣਨੀ ਅਤਿਅੰਤ ਜ਼ਰੂਰੀ ਹੈ। ਇਸੇ ਵਿਚ ਉਹਨਾਂ ਦੀ ਮੁਕਤੀ ਹੈ ਤੇ ਇਸੇ ਵਿਚ ਸ਼ਕਤੀਕਰਣ। ਇਸ ਵਰਤਾਰੇ ਨੂੰ ਕਾਂਸ਼ੀ ਰਾਮ ਜੀ ਦੀ 'ਪੈਨ ਥਿਊਰੀ' ਨਾਲ ਹੋਰ ਸਪਸ਼ਟ ਤੌਰ ਤੇ ਸਮਝਿਆ ਜਾ ਸਕਦਾ ਹੈ। ਕਾਂਸ਼ੀ ਰਾਮ ਜੀ ਅਕਸਰ ਸਮਾਜਿਕ ਬਣਤਰ ਅਤੇ ਦਲਿਤਾਂ ਦੀ ਮੁਕਤੀ ਲਈ ਦਿੱਤੇ ਜਾਣ ਵਾਲੇ ਸਮਾਜਿਕ ਘੋਲ ਨੂੰ ਇਕ ਖੜ੍ਹੇ ਰੁਖ ਪੈਨ ਦੀ ਸਥਿਤੀ ਵਾਂਗ ਮੰਨਦੇ ਸਨ। ਖੜ੍ਹੇ ਪੈਨ ਦੀ ਟੋਪੀ ਜੋ ਸਭ ਤੋਂ ਉਪਰ ਹੈ ਇਹ 15 ਫੀਸਦੀ ਸਵਰਣ ਉੱਚ ਜਾਤੀਆਂ ਹਨ ਜੋ ਸਮਾਜਿਕ ਬਣਤਰ ਵਿਚ ਸਭ ਤੋਂ ਉਪਰ ਹਨ ਅਤੇ ਨੀਵੀਆਂ ਜਾਤਾਂ ਨਾਲੋਂ ਸਭ ਤੋਂ ਵੱਧ ਸੰਪੰਨ ਅਤੇ ਉਨਤ ਹਨ। ਨਾ-ਮਾਤਰ ਅਪਵਾਦ ਹੋ ਸਕਦਾ ਹੈ। ਸਾਰੇ ਉਤਪਾਦਨ ਸਾਧਨਾਂ, ਆਰਥਿਕਤਾ, ਰਾਜਨੀਤੀ ਅਤੇ ਧਰਮਾਂ 'ਤੇ ਇਹਨਾਂ ਦਾ ਏਕਾਧਿਕਾਰ ਹੈ। ਪੈਨ ਦਾ ਹੇਠਲਾ ਹਿੱਸਾ ਜੋ ਆਕਾਰ ਵਿਚ ਵੱਡਾ ਹੈ, ਇਹ ਬਾਕੀ ਦੀਆਂ ਬਚੀਆਂ ਨੀਵੀਆਂ ਜਾਤੀਆਂ ਨੂੰ ਦਰਸਾਉਂਦਾ ਹੈ ਜੋ ਗਿਣਤੀ ਵਿਚ 85 ਫੀਸਦੀ ਹਨ। ਇਹ ਜਾਤੀਆਂ ਖਿੰਡੀਆਂ ਪੁੰਡੀਆਂ ਛੇ ਹਜ਼ਾਰ ਟੁਕੜਿਆਂ ਵਿਚ ਵੰਡੀਆਂ ਹੋਈਆਂ ਹਨ। ਕਾਂਸ਼ੀ ਰਾਮ ਜੀ ਦਾ ਕਹਿਣਾ ਸੀ ਜਦੋਂ ਤੱਕ ਇਹਨਾਂ 85 ਫੀਸਦੀ ਦੀ ਇਕ ਜਮਾਤ ਨਹੀਂ ਬਣ ਜਾਂਦੀ, ਉਦੋਂ ਤੱਕ ਦੇਸ਼ ਵਿਚ ਜਮਾਤੀ ਘੋਲ ਸੰਭਵ ਹੀ ਨਹੀਂ ਹੋ ਸਕਦਾ। ਜਦੋਂ ਇਹਨਾਂ ਦੀ ਵੀ ਇਕ ਜਮਾਤ ਬਣ ਗਈ ਤਾਂ ਸਮਾਜਿਕ ਸਥਿਤੀ ਲੇਟੇ ਹੋਏ ਪੈਨ ਵਰਗੀ ਬਣ ਜਾਵੇਗੀ, ਜਿਸ ਵਿਚ ਦੋਵੇਂ ਜਮਾਤਾਂ ਆਹਮੋ ਸਾਹਮਣੇ ਹੋਣਗੀਆਂ। ਅਜਿਹੀ ਸਥਿਤੀ ਵਿਚ ਜਮਾਤੀ ਘੋਲ ਸੰਭਵ ਹੈ ਅਤੇ ਇਸ ਵਿਚ ਵੱਡੀ ਜਮਾਤ ਦੀ ਜਿੱਤ ਯਕੀਨੀ ਹੈ। ਇਸ ਤੋਂ ਉਪਰੰਤ ਹੀ ਸਮਾਨਤਾ, ਸੁਤੰਤਰਤਾ ਤੇ ਭਾਈਚਾਰੇ ਵਾਲਾ ਸਮਾਜ ਹੋਂਦ ਵਿਚ ਆਉਣ ਦੀ ਸੰਭਾਵਨਾ ਹੈ।

ਇਸ ਤਰ੍ਹਾਂ ਲੇਖਕ ਦੀ ਪੰਜਾਬੀ ਕੌਮ ਬਣਾਉਣ ਦੀ ਸੋਚ ਸਿਧਾਂਤਕ ਤੌਰ ਤੇ ਠੀਕ ਹੈ ਸਗੋਂ ਪੰਜਾਬੀ ਕੌਮ ਦੇ ਨਾਲ ਨਾਲ ਭਾਰਤੀ ਕੌਮ ਵੀ ਬਣਨੀ ਚਾਹੀਦੀ ਹੈ ਪਰ ਇਸ ਤੱਕ ਜਾਣ ਦਾ ਰਾਹ ਜਾਤ ਪਾਤ ਉਤਪੰਨ ਕਰਕੇ ਬ੍ਰਾਹਮਣਵਾਦ ਨੇ ਬਹੁਤ ਔਖਾ ਬਣਾ ਦਿੱਤਾ ਹੈ ਕਿਉਂਕਿ ਕੌਮ ਜਾਂ ਜਮਾਤ ਬਣਨ ਨਾਲ ਉਸਦੀ ਮੌਤ ਹੈ। ਪਰ ਸਹੀ ਹੱਲ ਵੀ ਇਹੀ ਹੈ। ਸੋ ਜਾਤੀ ਉਭਾਰ ਨੂੰ ਬ੍ਰਾਹਮਣਵਾਦ ਤੋਂ ਬਚਾਉਂਦੇ ਹੋਏ ਉਸਨੂੰ ਜਮਾਤੀ ਸੰਕਲਪ ਵੱਲ ਸੇਧ ਕਰਨਾ ਚਾਹੀਦਾ ਹੈ। ਡਾ. ਅੰਬੇਡਕਰ ਨੇ ਬ੍ਰਾਹਮਣਵਾਦ ਅਤੇ ਪੂੰਜੀਵਾਦ ਸਮਾਜ ਦੇ ਦੋ ਦੁਸ਼ਮਣ ਮੰਨੇ ਹਨ। ਬ੍ਰਾਹਮਣਵਾਦ ਨੂੰ ਉਹ ਵਧੇਰੇ ਖ਼ਤਰਨਾਕ ਮੰਨਦੇ ਹਨ। ਜੋ ਲੇਖਕ ਰੌਣਕੀ ਰਾਮ ਦਾ ਇਹ ਮੰਨਣਾ ਭਾਵੇਂ ਸਹੀ ਕਿਹਾ ਜਾ ਸਕਦਾ ਹੈ ਕਿ "... ਜਿੱਥੇ ਪੰਜਾਬੀ ਕੌਮ ਦਲਿਤ ਮੁਕਤੀ ਅਤੇ ਖੇਤਰੀ ਸ਼ਾਂਤੀ ਦਾ ਰਾਹ ਦਰਸਾਉਂਦੀ ਹੈ, ਉਥੇ ਇਹ ਸਰਮਾਏਦਾਰਾਂ, ਜ਼ਿਮੀਦਾਰਾਂ ਅਤੇ ਰਾਜਨੀਤੀ ਦੇ ਜੱਦੀ ਖਿਡਾਰੀਆਂ ਦੇ ਮਨ ਵਿਚ ਕਈ ਸੰਸੇ ਅਤੇ ਡਰ ਵੀ ਪਾਉਂਦੀ ਹੈ। ਇਹਨਾਂ ਸਾਰਿਆਂ ਨੂੰ ਇਸ ਡੂੰਘੀ ਘੰਡੀ ਦਾ ਇਲਮ ਹੈ ਕਿ ਜੇ ਪੰਜਾਬੀਆਂ ਨੂੰ ਜੱਟ, ਆਦਿ ਧਰਮੀ, ਸਿੱਖ, ਹਿੰਦੂ, ਸ਼ਹਿਰੀ, ਪੇਂਡੂ ਆਦਿ ਧੜਿਆਂ ਵਿਚ ਪਾੜ ਕੇ ਤੇ ਵੰਡ ਕੇ ਨਾ ਰੱਖਿਆ ਗਿਆ ਤਾਂ ਉਹਨਾਂ ਦੀ ਕਾਣੀ ਵੰਡ ਦਾ ਸਫਾਇਆ ਹੁੰਦਿਆਂ ਬਹੁਤਾ ਚਿਰ ਨਹੀਂ ਲੱਗੇਗਾ।" (88) ਪਰ ਇਸ ਬ੍ਰਾਹਮਣ ਵਾਦੀ ਢਾਂਚੇ ਵਿਚ ਇਹ ਸੰਭਵ ਨਹੀਂ ਹੈ ਕਿਉਂਕਿ ਵਿਡੰਬਨਾ ਇਹ ਹੈ ਕਿ ਪੰਜਾਬ ਵਿਚ ਜੱਟ ਹੀ ਬ੍ਰਾਹਮਣਵਾਦ ਦਾ ਸਭ ਤੋਂ ਵੱਡਾ ਝੰਡਾ ਬਰਦਾਰ ਬਣਿਆ ਬੈਠਾ ਹੈ, ਭਾਵੇਂ ਉਹ ਬੇਸਮਝੀ ਵਿਚ ਆਪ ਵੀ ਉਸਦੇ ਹੱਥੋਂ ਮਾਰ ਖਾ ਰਿਹਾ ਹੈ। ਸਥਿਤੀ ਇਹ ਹੈ ਕਿ ਜੱਟਾਂ ਦੀ ਕੁੱਲ ਗਿਣਤੀ ਵਿਚੋਂ 15 ਪ੍ਰਤੀਸ਼ਤ ਹੀ ਤਾਂ ਸਰਮਾਏਦਾਰ, ਜ਼ਿਮੀਦਾਰ ਅਤੇ ਰਾਜਨੀਤੀ ਦੇ ਜੱਦੀ ਖਿਡਾਰੀਆਂ ਦਾ ਰੋਲ ਨਿਭਾਅ ਰਹੇ ਹਨ, ਬਾਕੀ ਦੇ 85 ਫੀਸਦੀ ਅਣਥੱਕ, ਸਖ਼ਤ ਮਿਹਨਤ ਕਰਦਿਆਂ ਵੀ ਗਰੀਬੀ ਦੇ ਝੰਬੇ ਹੋਏ ਸਾਲਾਂ ਤੋਂ ਖੁਦਕੁਸ਼ੀਆਂ ਦੇ ਰਾਹ ਪਏ ਹੋਏ ਹਨ। ਖੇਤੀ ਵਿਗਿਆਨੀਆਂ ਅਨੁਸਾਰ ਦੋ-ਤਿੰਨ ਦਹਾਕਿਆਂ ਵਿਚ ਉਸਦੀ ਬਹੁਤੀ ਜ਼ਮੀਨ ਬੰਜਰ ਅਤੇ ਰੇਗਿਸਤਾਨ ਵਿਚ ਬਦਲਣ ਵਾਲੀ ਹੈ। ਬਾਕੀ ਬਚਦੀ ਗੈਰ ਕਾਸ਼ਤੀ ਕੰਮਾਂ ਹੇਠ ਆ ਰਹੀ ਹੈ ਜਾਂ ਛੋਟੇ ਕਿਸਾਨਾਂ ਤੋਂ ਵੱਡੇ ਜ਼ਿਮੀਦਾਰ ਕੋਲ ਇਕੱਠੀ ਹੋ ਰਹੀ ਹੈ। ਦਿਨ ਬ ਦਿਨ ਵਿਹਲਾ ਹੋ ਰਿਹਾ ਕਿਸਾਨ ਤੰਗੀ ਦੇ ਦੌਰ ਵਿਚੋਂ ਲੰਘਦਿਆਂ ਹੁਣ ਰਾਖਵਾਂਕਰਨ ਦੀ ਮੰਗ ਕਰਨ ਲੱਗ ਪਿਆ ਹੈ।

ਰਾਜਸਥਾਨ ਸਰਕਾਰ ਨੇ ਤਾਂ ਜੱਟ ਸਿੱਖ ਨੂੰ ਹੁਣੇ ਜਿਹੇ ਪਿਛੜੀਆਂ ਜਾਤਾਂ ਵਿਚ ਰੱਖ ਕੇ ਰਾਖਵਾਂਕਰਨ ਦੇ ਵੀ ਦਿੱਤਾ ਹੈ (ਅਖ਼ਬਾਰਾਂ 21. 11.12)। ਹੋਰ ਕਈ ਰਾਜ ਵੀ ਰਾਖਵਾਂਕਰਨ ਦੇਣ ਲਈ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ। ਇਸੇ ਤਰ੍ਹਾਂ ਆਪੋ ਵਿਚ ਪਾਟ ਕੇ ਪੰਜਾਬ ਦੇ ਦੋ ਮੁੱਖ ਜਾਤੀ ਗਰੁੱਪ (ਮਜ਼ਹਬੀ+ ਬਾਲਮੀਕੀ ਅਤੇ ਚਮਾਰ ਆਦਿ ਧਰਮੀ) ਵੀ ਬ੍ਰਾਹਮਣਵਾਦ ਦਾ ਸ਼ਿਕਾਰ ਹੋ ਕੇ ਇਕ ਦੂਜੇ ਦੇ ਵਿਰੋਧੀ ਬਣੇ ਪਏ ਹਨ ਜਿਸ ਕਰਕੇ ਭਾਰਤ ਦੀ ਸਭ ਤੋਂ ਵੱਧ ਦਲਿਤ ਆਬਾਦੀ ਵਾਲੇ ਸੂਬੇ ਦੇ ਹੁੰਦਿਆਂ ਵੀ ਇਸ ਵਿਚ ਆਪਣੀ ਸਰਕਾਰ ਨਹੀਂ ਬਣਾ ਸਕਦੇ। ਇਸ ਸਥਿਤੀ ਤੋਂ ਹੁਣ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਜਾਤੀ ਨੂੰ ਸਮਾਪਤ ਕਰਕੇ ਜਾਤੀਹੀਣ ਸਮਾਜ ਦੀ ਸਿਰਜਣਾ ਲਈ ਜਾਤੀ ਨੂੰ ਇਕ ਸੀਮਾ ਤੱਕ ਵਰਤਣਾ ਹੀ ਪਵੇਗਾ। ਡਾ. ਰੌਣਕੀ ਰਾਮ ਨੇ ਇਸ ਸਬੰਧ ਵਿਚ ਕਾਂਸ਼ੀ ਰਾਮ ਜੀ ਦਾ ਕਥਨ ਦੁਹਰਾਇਆ ਹੈ। ਉਹ ਕਹਿੰਦੇ ਹਨ "ਮੇਰਾ ਇਹ ਮੰਨਣਾ ਹੈ ਕਿ ਜਦ ਤੱਕ ਅਸੀਂ ਇਕ 'ਜਾਤੀਹੀਣ' ਸਮਾਜ ਦੀ ਸਥਾਪਨਾ ਕਰਨ ਵਿਚ ਸਫਲ ਨਹੀਂ ਹੋ ਜਾਂਦੇ ਤਦ ਤੱਕ ਜਾਤੀ ਦਾ ਉਪਯੋਗ ਕਰਨਾ ਹੋਵੇਗਾ। ਜੇਕਰ ਬ੍ਰਾਹਮਣ ਜਾਤੀ ਦੀ ਵਰਤੋਂ ਆਪਣੇ ਫਾਇਦੇ ਲਈ ਕਰ ਸਕਦੇ ਹਨ ਤਾਂ ਮੈਂ ਉਸਦਾ ਇਸਤੇਮਾਲ ਆਪਣੇ ਸਮਾਜ ਦੇ ਹਿੱਤ ਵਿਚ ਕਿਉਂ ਨਹੀਂ ਕਰ ਸਕਦਾ?" (27) ਇਸੇ ਤਰ੍ਹਾਂ ਬ੍ਰਾਹਮਣਵਾਦ ਦੇ ਸਤਾਇਆਂ ਦੀ ਇਕ ਜਮਾਤ ਕੌਮ ਬਣਾ ਕੇ ਮੁਕਤੀ ਪ੍ਰਾਪਤ ਹੋ ਸਕਦੀ ਹੈ।

ਡਾ. ਰੌਣਕੀ ਰਾਮ ਨੇ ਅੱਗੇ ਚੱਲ ਕੇ ਡਾ. ਅੰਬੇਡਕਰ ਦੇ ਸਮੁੱਚੇ ਅੰਦੋਲਨ ਨੂੰ ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ ਦਾ ਘੋਲ ਦਾ ਨਾਂ ਦਿੱਤਾ ਹੈ ਜੋ ਬਿਲਕੁਲ ਸਹੀ ਹੈ। ਉਹਨਾਂ ਦੇ ਚੌਦਾਰ ਤਲਾਬ ਅੰਦੋਲਨ ਨੂੰ ਦਲਿਤ ਮੁਕਤੀ ਅੰਦੋਲਨ ਦਾ ਪਹਿਲਾ ਕਦਮ ਦੱਸਿਆ ਹੈ (141)। ਉਹ ਦੱਸਦੇ ਹਨ ਕਿ ਡਾ. ਅੰਬੇਡਕਰ ਦੀ ਲੇਬਰ ਪਾਰਟੀ ਦੇ ਚੋਣ ਮਨੋਰਥ ਪੱਤਰ ਨੂੰ ਵਾਚਦਿਆਂ ਪਤਾ ਲੱਗਦਾ ਹੈ ਕਿ ਦਲਿਤ ਮੁਕਤੀ ਅੰਦੋਲਨ ਦਾ ਮੁੱਖ ਟੀਚਾ ਭਾਰਤੀ ਸਮਾਜ ਵਿਚਲੀ ਸਮਾਜਿਕ ਅਸਮਾਨਤਾ ਅਤੇ ਗੁਰਬਤ ਨੂੰ ਖਤਮ ਕਰਕੇ ਇਕ ਵਧੀਆ ਅਤੇ ਸਭ ਨੂੰ ਇੱਜ਼ਤ ਪ੍ਰਦਾਨ ਕਰਨ ਵਾਲੇ ਸਮਾਜ ਦਾ ਨਿਰਮਾਣ ਕਰਨਾ ਸੀ (160)। ਲੇਖਕ ਨੇ ਡਾ. ਅੰਬੇਡਕਰ ਦੇ ਜੀਵਨ ਅਤੇ ਫਲਸਫੇ ਦਾ ਬੜੀ ਡੂੰਘਾਈ ਨਾਲ ਅਧਿਐਨ ਕੀਤਾ ਹੈ ਤੇ ਸਹੀ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ। ਉਹਨਾਂ ਨੇ ਮਹਾੜ ਅੰਦੋਲਨ ਤੋਂ ਜੋ ਸਿੱਟੇ ਕੱਢੇ ਹਨ, ਉਹਨਾਂ ਦੀ ਡਾ. ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਨੂੰ ਸਮਝਣ ਵਿਚ ਅਹਿਮ ਭੂਮਿਕਾ ਹੈ। ਉਹ ਹਨ ਸਮਾਜਿਕ ਬਰਾਬਰਤਾ ਲਈ ਸਮਾਜ ਦਾ ਸੰਗਠਨ, ਧਾਰਮਿਕ ਕੱਟੜਤਾ ਤੋਂ ਛੁਟਕਾਰਾ ਅਤੇ ਟੀਚਿਆਂ ਦੀ ਪੂਰਤੀ ਲਈ ਸੰਵਿਧਾਨਕ ਤੌਰ ਤਰੀਕੇ ਅਪਣਾਉਣੇ (151)। ਡਾ. ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਦੀਆਂ ਬਹੁਪੱਖੀ ਡਾਇਮੈਨਸ਼ਨਜ਼ ਦਾ ਜਾਇਜ਼ਾ ਲੈਂਦੇ ਹੋਏ ਡਾ. ਰੌਣਕੀ ਰਾਮ ਇਸ ਨਤੀਜੇ ਤੇ ਪਹੁੰਚਦੇ ਹਨ ਕਿ ਇਹ ਅੰਦੋਲਨ ਸਿਰਫ ਦਲਿਤ ਸਮਾਜ ਦੀ ਉਨਤੀ ਤੱਕ ਹੀ ਸੀਮਤ ਨਾ ਹੋ ਕੇ ਪੂਰੇ ਭਾਰਤੀ ਰਾਸ਼ਟਰ ਦੀ ਉਨਤੀ ਦੀ ਸਾਰ ਛੁਪਾਈ ਬੈਠਾ ਹੈ। ਉਹ ਲਿਖਦੇ ਹਨ ਕਿ ਇਹ ਦਲਿਤ ਮੁਕਤੀ ਅੰਦੋਲਨ ਦੇਸ਼ ਭਗਤੀ ਅੰਦੋਲਨ ਤੋਂ ਕਿਸੇ ਤਰ੍ਹਾਂ ਵੀ ਅਲੱਗ ਨਹੀਂ (147)। ਉਹ ਅੱਗੇ ਹੋਰ ਖੋਲ੍ਹ ਕੇ ਦੱਸਦੇ ਹਨ ਕਿ ਹੁਣ ਤੱਕ ਦੀਆਂ ਹੋਈਆਂ ਚੋਣਾਂ ਦਾ ਵਿਸ਼ਲੇਸ਼ਣ ਸਾਬਤ ਕਰਦਾ ਹੈ ਕਿ ਦਲਿਤਾਂ ਨੇ ਸਭ ਤੋਂ ਵੱਧ ਸ਼ਿੱਦਤ ਨਾਲ ਹਿੱਸਾ ਲੈ ਕੇ ਭਾਰਤ ਦੀ ਲੋਕਤੰਤਰਿਕ ਪ੍ਰਣਾਲੀ ਵਿਚ ਵਿਸ਼ਵਾਸ ਜਤਾਇਆ ਹੈ, ਜਿਸਦੀ ਗੁੜ੍ਹਤੀ ਉਹਨਾਂ ਨੂੰ ਡਾ. ਅੰਬੇਡਕਰ ਨੇ ਦਿੱਤੀ ਸੀ (147)। ਇੰਝ ਡਾ. ਰੌਣਕੀ ਰਾਮ ਨੇ ਉਸ ਮਿੱਥ ਨੂੰ ਤੋੜਿਆ ਹੈ ਜੋ ਅੰਬੇਡਕਰ ਵਿਰੋਧੀ ਅੰਬੇਡਕਰ 'ਤੇ ਦੋਸ਼ ਲਾਉਂਦੇ ਹਨ ਕਿ ਉਹਨਾਂ ਦਾ ਅੰਦੋਲਨ ਸਿਰਫ ਦਲਿਤਾਂ ਲਈ ਸੀ ਦੇਸ਼ ਲਈ ਨਹੀਂ। ਪਰ ਡਾ. ਰੌਣਕੀ ਰਾਮ ਨੇ ਅੰਬੇਡਕਰ ਅੰਦੋਲਨ ਨੂੰ ਸਹੀ ਪਰਿਪੇਖ ਵਿਚ ਲੈ ਕੇ ਉਸ ਨੂੰ ਦੇਸ਼ ਭਗਤੀ ਅੰਦੋਲਨ ਗਰਦਾਨ ਕੇ ਇਸਦੇ ਕਲਾਵੇ ਵਿਚ ਪੂਰੇ ਦੇਸ਼ ਨੂੰ ਲਿਆ ਹੈ। ਇਹ ਉਹਨਾਂ ਦੀ ਵੱਡੀ ਪ੍ਰਾਪਤੀ ਹੈ। ਉਂਝ ਤਾਂ ਸਿੱਖ ਲਹਿਰ ਵੀ ਦਲਿਤਾਂ ਦੇ ਉਥਾਨ ਲਈ ਹੀ ਸੀ। ਬੁੱਧ ਧਰਮ ਤੋਂ ਬਾਅਦ ਪਹਿਲੀ ਵਾਰੀ ਇਸ ਲਹਿਰ ਨੇ ਬੜੇ ਯੋਜਨਾਪੂਰਨ ਢੰਗ ਨਾਲ ਦਲਿਤਾਂ ਵਿਚ ਇਕ ਨਵੀਂ ਤਾਨ, ਨਵੀਂ ਸੋਚ ਭਰਨ ਦਾ ਕੰਮ ਕੀਤਾ। ਜੋ ਦਲਿਤਾਂ ਲਈ ਮੁਕਤੀ ਅਤੇ ਸ਼ਕਤੀਕਰਨ ਲਈ ਦਿਸ਼ਾ-ਨਿਰਦੇਸ਼ ਹੋ ਨਿੱਬੜਦੀ ਹੈ। 'ਬਲ ਹੋਆ ਬੰਧਨ ਛੁੱਟ, ਸਭ ਕਿਛੁ ਹੋਤ ਉਪਾਇ। ਅਨੁਸਾਰ ਤਾਕਤ ਨਾਲ ਮੁਕਤੀ ਮਿਲਦੀ ਹੈ ਤੇ ਸਭ ਸਮੱਸਿਆਵਾਂ ਦੇ ਹੱਲ ਮਿਲ ਜਾਂਦੇ ਹਨ। ਦਲਿਤ ਸਮਾਜ ਦੇ ਮਹਾਂਪੁਰਸ਼ਾਂ ਨੂੰ ਗ੍ਰੰਥ ਸਾਹਿਬ ਵਿਚ ਸਨ-ਮਾਨਯੋਗ ਥਾਂ ਦਿੱਤੀ ਗਈ। ਦਲਿਤਾਂ ਨੇ ਵੀ ਇਸ ਲਹਿਰ ਵਿਚ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ। ਲਹਿਰ ਦੇ ਮੋਢੀ ਗੁਰੂ ਨਾਨਕ ਨੇ 'ਨੀਚਾਂ ਅੰਦਰ ਨੀਚੁ ਜਾਤ ਨੀਚੀ ਹੂੰ ਅਤਿ ਨੀਚ, ਨਾਨਕ ਤਿਨ ਕੇ ਸੰਗ ਸਾਥ ਵਡਿਆਂ ਸਿਉਂ ਕਿਆ ਰੀਸ।" ਆਖ ਕੇ ਇਹਨਾਂ ਦੇ ਨਾਲ ਖਲੋਏ। ਗੁਰੂ ਗੋਬਿੰਦ ਸਿੰਘ ਨੇ ਗਿੱਦੜਾਂ ਤੋਂ ਸ਼ੇਰ ਬਣਾਉਣ ਅਤੇ ਚਿੜੀਆਂ ਤੋਂ ਬਾਜ਼ ਤੁੜਾਉਣ ਦੀ ਗੱਲ ਕਹੀ ਤਾਂ ਇਹ ਦਲਿਤਾਂ ਨੂੰ ਸ਼ਕਤੀਸ਼ਾਲੀ ਬਣਾਉਣ ਦੀ ਗੱਲ ਹੀ ਸੀ। ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਜਿੱਤੇ ਹੋਏ ਇਲਾਕਿਆਂ ਦੇ ਮੁਖੀ ਬਹੁਤ ਕਰਕੇ ਦਲਿਤ ਬਣੇ। ਪਰ ਅਜੋਕੇ ਸਮੇਂ ਵਿਚ ਸਿੱਖ ਧਰਮ ਅਸਲੀ ਰੂਪ ਵਿਚ ਆਪਣੇ ਸਿਧਾਂਤਕ ਖਾਸੇ ਨੂੰ ਭੁਲਾ ਕੇ ਬ੍ਰਾਹਮਣ ਵਾਦੀ ਬਣ ਚੁੱਕਾ ਹੈ, ਜਿਸ ਕਰਕੇ ਦਲਿਤ ਹੁਣ ਇਸਤੋਂ ਆਕੀ ਹੋਇਆ ਬੈਠਾ ਹੈ।

ਪੰਜਾਬ ਵਿਚ ਬਾਬੂ ਮੰਗੂ ਰਾਮ ਮੂਗੋਵਾਲੀਆ ਦੇ ਆਦਿ ਧਰਮ ਅੰਦੋਲਨ ਨੇ ਵੀ ਦਲਿਤ ਚੇਤਨਾ ਜਗ੍ਹਾ ਕੇ ਮੁਕਤੀ ਅਤੇ ਸ਼ਕਤੀਕਰਨ ਦੀ ਪ੍ਰਾਪਤੀ ਲਈ ਸਮਾਜ ਅਤੇ ਰਾਜਨੀਤਿਕ ਪਿੜ ਵਿਚ ਭਰਪੂਰ ਹਾਜ਼ਰੀ ਲੁਆਈ। ਇਸੇ ਤਰ੍ਹਾਂ ਰਿਪਬਲਿਕਨ ਪਾਰਟੀ ਨੇ ਵੀ ਰਾਜਨੀਤਿਕ ਪਿੜ ਮੱਲ੍ਹੀਂ ਰੱਖਿਆ ਤੇ ਇਕ ਮੌਕੇ ਤੇ ਸਰਕਾਰ ਵਿਚ ਵੀ ਭਾਈਵਾਲ ਬਣੀ। ਇਸੇ ਤਰ੍ਹਾਂ ਆਦਿ ਧਰਮ ਅਤੇ ਸ਼ਡਿਊਲਡ ਕਾਸਟ ਫੈਡਰੇਸ਼ਨ ਨੇ ਵੀ ਅਸੈਂਬਲੀ ਦੀਆਂ ਸੀਟਾਂ ਜਿੱਤੀਆਂ। ਡਾ.

**(ਬਾਕੀ ਅਗਲੇ ਸਫੇ ਤੇ)**

# ਡਾ. ਰੌਣਕੀ ਰਾਮ ਦੀ ਪੁਸਤਕ 'ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ' ਨੂੰ ਵਾਚਦਿਆਂ

ਰੌਣਕੀ ਰਾਮ ਨੇ ਇਹਨਾਂ ਦਾ ਜ਼ਿਕਰ ਬੜਾ ਵਿਸਥਾਰ ਪੂਰਵਕ ਕੀਤਾ ਹੈ ਕਿਉਂਕਿ ਇਹਨਾਂ ਦਾ ਦਲਿਤ ਜਾਗਰਣ ਵਿਚ ਬਹੁਤ ਯੋਗਦਾਨ ਹੈ।

ਸੱਤਰਵਿਆਂ ਵਿਚ ਰਿਪਬਲਿਕਨ ਪਾਰਟੀ ਦੇ ਠੰਢਾ ਪੈ ਜਾਣ ਤੋਂ ਲੱਗਭੱਗ ਇਕ ਦਹਾਕੇ ਬਾਅਦ ਪੰਜਾਬ ਦੇ ਸਮਾਜਿਕ ਪਿੜ ਵਿਚ ਕਾਂਸ਼ੀ ਰਾਮ ਜੀ 'ਬਾਮਸੇਫ' ਨਾਲ ਦਲਿਤਾਂ ਲਈ ਇਕ ਨਵਾਂ ਸੁਨੇਹਾ ਲੈ ਕੇ ਹਾਜ਼ਰ ਹੋਏ। ਬਾਮਸੇਫ ਪੜ੍ਹੇ ਲਿਖੇ ਦਲਿਤ ਕਰਮਚਾਰੀਆਂ ਦਾ ਗੈਰ-ਰਾਜਨੀਤਿਕ ਅਤੇ ਗੈਰ-ਧਾਰਮਿਕ ਸੰਗਠਨ ਸੀ ਜੋ ਡਾ. ਅੰਬੇਡਕਰ ਦੀ ਵਿਚਾਰਧਾਰਾ ਲੈ ਕੇ ਸਮਾਜ ਵਿਚ ਜਾਗਰਤੀ ਲਿਆਉਣਾ ਚਾਹੁੰਦੇ ਸਨ।

ਬਾਮਸੇਫ ਬਣਾ ਕੇ ਕਾਂਸ਼ੀ ਰਾਮ ਜੀ ਨੇ ਡਾ. ਅੰਬੇਡਕਰ ਦਾ ਉਹ ਸ਼ਿਕਵਾ ਦੂਰ ਕਰਨ ਦਾ ਯਤਨ ਕੀਤਾ ਜਿਸ ਵਿਚ ਉਹਨਾਂ ਨੇ ਕਿਹਾ ਸੀ ਕਿ ਮੈਨੂੰ ਮੇਰੇ ਸਮਾਜ ਦੇ ਪੜ੍ਹੇ-ਲਿਖੇ ਲੋਕਾਂ ਨੇ ਧੋਖਾ ਦਿੱਤਾ। ਉਹਨਾਂ ਦਾ ਇਸ਼ਾਰਾ ਇਹ ਸੀ ਕਿ ਦਲਿਤ ਸਮਾਜ ਦੇ ਲੋਕ ਪੜ੍ਹ ਲਿਖ ਕੇ ਆਪਣੇ ਕੰਮਾਂ-ਕਾਰਾਂ ਦੇ ਨਾਲ ਸਮਾਜਿਕ ਉਥਾਨ ਲਈ ਵੀ ਕੰਮ ਕਰਨਗੇ। ਪਰ ਜਦੋਂ ਉਹ ਆਪਣੀ ਪੇਟ ਪੂਜਾ ਵਿਚ ਹੀ ਲੀਨ ਹੋ ਕੇ ਸਮਾਜ ਨੂੰ ਵਿਸਾਰ ਬੈਠੇ ਤਾਂ ਉਹਨਾਂ ਨੇ ਨਿਰਾਸ਼ਤਾ ਵਿਚ ਇਹ ਲਫਜ਼ ਆਖੇ ਸਨ। ਕਾਂਸ਼ੀ ਰਾਮ ਜੀ ਨੇ ਇਹਨਾਂ ਹੀ ਨਿਰਾਸ਼ ਕਰਨ ਵਾਲੇ ਲੋਕਾਂ ਨੂੰ ਅੱਗੇ ਲਾ ਕੇ ਇਹਨਾਂ ਦੇ ਦਿਮਾਗ, ਪੈਸੇ ਅਤੇ ਸਮੇਂ ਦੀ ਵਰਤੋਂ ਕਰਕੇ ਜਾਗ੍ਰਿਤੀ ਦੀ ਅਜਿਹੀ ਲਹਿਰ ਚਲਾਈ ਕਿ ਵਿਰੋਧੀਆਂ ਦੀਆਂ ਅੱਖਾਂ ਚੁੰਧਿਆ ਗਈਆਂ। ਇਕ ਸਮੇਂ ਤੇ ਪੰਜਾਬ ਦੇ 70-75 ਫੀਸਦੀ ਦਲਿਤ ਇਸ ਲਹਿਰ ਤੋਂ ਪ੍ਰਭਾਵਿਤ ਹੋਏ ਸਨ। ਦੇਸ਼ ਪੱਧਰ 'ਤੇ ਬਾਮਸੇਫ ਦੇ ਦੋ ਲੱਖ ਮੈਂਬਰ ਬਣ ਗਏ ਸਨ, ਜਿਹਨਾਂ ਵਿਚ ਇੰਜੀਨੀਅਰ, ਡਾਕਟਰ, ਪੀ. ਐਚ. ਡੀ., ਉੱਚ ਅਫਸਰਾਂ ਸਮੇਤ ਹੋਰ ਕਾਰਵਾਈ ਸ਼ਾਮਲ ਸਨ। ਇਹ ਸੰਗਠਨ ਸਮਾਜ ਦਾ ਮਨੀ ਬੈਂਕ, ਬਰੇਨ ਬੈਂਕ ਅਤੇ ਟੇਲੈਂਟ ਬੈਂਕ ਹੋ ਨਿੱਬੜਿਆ ਸੀ। ਕਾਂਸ਼ੀ ਰਾਮ ਜੀ ਇਸਨੂੰ ਅਲਾਦੀਨ ਦਾ ਚਿਰਾਗ ਵੀ ਕਹਿੰਦੇ ਸਨ। ਜੋ ਸਹੀ ਜਾਪਦਾ ਹੈ ਕਿਉਂਕਿ ਇਸੇ ਸੰਗਠਨ ਨੇ ਆਪਣੇ ਜਨਮ ਤੋਂ ਠੀਕ ਤਿੰਨ ਸਾਲਾਂ ਬਾਅਦ ਦਲਿਤਾਂ ਅਤੇ ਸ਼ੋਸ਼ਿਤਾਂ ਦਾ ਸੰਘਰਸ਼ਾਤਮਕ ਸੰਗਠਨ ਡੀ. ਐਸ. ਫੋਰ ਅਤੇ ਇਸ ਤੋਂ ਠੀਕ ਦੋ ਸਾਲ ਚਾਰ ਮਹੀਨਿਆਂ ਦੇ ਘੱਟ ਸਮੇਂ ਵਿਚ ਬਹੁਜਨਾਂ (85 ਫੀਸਦੀ) ਦੀ ਰਾਜਨੀਤਿਕ ਪਾਰਟੀ 'ਬਹੁਜਨ ਸਮਾਜ ਪਾਰਟੀ' ਭਾਰਤ ਦੇ ਨਕਸ਼ੇ 'ਤੇ ਲਿਆ ਖੜ੍ਹੀ ਕੀਤੀ। ਜਲਦੀ ਹੀ ਬੀ. ਐਸ. ਪੀ. ਦੇਸ਼ ਪੱਧਰ ਦੀ ਤੀਜੇ ਨੰਬਰ ਤੇ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀ ਬਣ ਗਈ। ਇਹਨਾਂ ਤਿੰਨਾਂ ਸੰਗਠਨਾਂ ਵੱਲੋਂ ਆਪਣੇ ਆਪਣੇ ਖੇਤਰ ਵਿਚ ਦਲਿਤਾਂ ਦੀ ਪਛਾਣ, ਮੁਕਤੀ ਅਤੇ ਸ਼ਕਤੀਕਰਨ ਲਈ ਜਾਗਰਤੀ ਦਾ ਕੰਮ ਇੰਨੇ ਯੋਜਨਾਬੱਧ ਤਰੀਕੇ ਨਾਲ ਕੀਤਾ ਕਿ ਡਾ. ਅੰਬੇਡਕਰ ਤੋਂ ਬਾਅਦ ਇੰਨਾ ਕੰਮ ਕਦੇ ਨਹੀਂ ਹੋਇਆ। ਯੂ. ਪੀ. ਵਰਗੇ ਵਿਸ਼ਾਲ ਸੂਬੇ ਵਿਚ ਇਕ ਦਲਿਤ ਔਰਤ ਵੱਲੋਂ ਚਾਰ ਵਾਰੀ ਮੁੱਖ ਮੰਤਰੀ ਬਣਨਾ ਇਸਦਾ ਸਿਖਰ ਕਿਹਾ ਜਾ ਸਕਦਾ ਹੈ।

ਇਸ ਸਾਰੇ ਵਰਤਾਰੇ ਦਾ ਜ਼ਿਕਰ ਡਾ. ਰੌਣਕੀ ਰਾਮ ਨੇ ਭਾਵੇਂ ਕਾਫੀ ਵਿਸਥਾਰ ਵਿਚ ਕੀਤਾ ਹੈ ਪਰ ਇਹ ਹਿੱਸਾ ਹੋਰ ਵਿਸਥਾਰ ਮੰਗਦਾ ਸੀ। ਕਾਂਸ਼ੀ ਰਾਮ ਜੀ ਦੀ ਇਸ ਲਹਿਰ ਕਾਰਨ ਦਲਿਤਾਂ ਅਤੇ ਪਿਛੜੇ ਵਰਗਾਂ ਵਿਚ ਜਾਗਰਤੀ ਦੀ, ਖਾਸ ਕਰਕੇ ਰਾਜਨੀਤਿਕ ਪਿੜ ਵਿਚ ਅਜਿਹੀ ਲਾਗ ਲੱਗੀ ਕਿ ਪਿਛੜੇ ਵਰਗ ਦੇ ਮੁੱਖ ਮੰਤਰੀ ਕਈ ਰਾਜਾਂ ਵਿਚ ਬਣ ਚੁੱਕੇ ਹਨ ਅਤੇ ਬਣ ਰਹੇ ਹਨ। ਇਸ ਉਭਾਰ ਨਾਲ ਕੋਈ ਵੀ ਪਾਰਟੀ ਆਪਣੇ ਇਕੱਲੇ ਬਲਬੂਤੇ ਰਾਜ ਸੱਤਾ ਸੰਭਾਲਣ ਜੋਗੀ ਨਾ ਰਹੀ।

ਸਮਾਜਿਕ ਖੇਤਰ ਵਿਚ ਦਲਿਤਾਂ/ਬਹੁਜਨਾਂ ਨੂੰ ਜਾਗਰਿਤ ਰੱਖਣ ਲਈ ਹਾਲੇ ਵੀ ਬਾਮਸੇਫ ਬੜੇ ਵਿਆਪਕ ਢੰਗ ਨਾਲ ਸ਼ਕਤੀਕਰਨ ਦਾ ਕੰਮ ਕਰ ਰਹੀ ਹੈ। ਇਸ ਵੱਲੋਂ ਚਲਾਏ ਜਾ ਰਹੇ ਕਈ ਰੋਜ਼ਾਨਾ/ਸਪਤਾਹਿਕ ਅਖ਼ਬਾਰ, ਕਿਤਾਬਾਂ, ਰਸਾਲਿਆਂ ਅਤੇ ਸੀ. ਡੀਜ਼ ਰਾਹੀਂ ਅੰਬੇਡਕਰ ਸਾਹਿਤ ਵੰਡਿਆ/ਵੇਚਿਆ ਜਾ ਰਿਹਾ ਹੈ ਅਤੇ ਕੈਡਰ ਕੈਂਪ, ਸੈਮੀਨਾਰ ਅਤੇ ਦੇਸ਼ ਪੱਧਰ ਦੀਆਂ ਕਾਨਫਰੰਸਾਂ ਰਾਹੀਂ ਬਹੁਜਨ/ਮੂਲ ਨਿਵਾਸੀ ਨੂੰ ਹਰ ਪੱਧਰ ਤੇ ਜਾਗਰਿਤ ਕੀਤਾ ਜਾ ਰਿਹਾ ਹੈ। ਹੋਰ ਬਾਮਸੇਫ ਸੰਗਠਨ ਵੀ ਮੈਦਾਨ ਵਿਚ ਹਨ। ਇਹ ਸਾਰੀਆਂ ਕੋਸ਼ਿਸ਼ਾਂ ਦਲਿਤਾਂ ਦੀ ਸ਼ਕਤੀ ਅਤੇ ਸ਼ਕਤੀਕਰਨ ਲਈ ਹੀ ਹਨ, ਜਿਹਨਾਂ ਦਾ ਜ਼ਿਕਰ ਵੀ ਲੇਖਕ ਵੱਲੋਂ ਹੋਣਾ ਚਾਹੀਦਾ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਲੇਖਕ ਨੇ ਇਹ ਪੁਸਤਕ ਤਿਆਰ ਕਰਨ ਵਿਚ ਅੰਤਾਂ ਦੀ ਮਿਹਨਤ ਕੀਤੀ ਹੈ। ਆਪਣੇ ਵਿਚਾਰਾਂ ਦੇ ਖੰਡਨ ਜਾਂ ਮੰਡਨ ਲਈ ਕਿੰਨੀਆਂ ਹੀ ਕਿਤਾਬਾਂ, ਰਸਾਲੇ, ਅਖ਼ਬਾਰਾਂ, ਲੇਖਾਂ ਦੇ ਲੱਗਭੱਗ ਡੇਢ ਕੁ ਹਜ਼ਾਰ ਹਵਾਲੇ ਦਿੱਤੇ ਹਨ। ਉਹਨਾਂ ਦੀ ਤਿੱਖੀ ਨਜ਼ਰ ਤੋਂ ਛੋਟੇ ਤੋਂ ਛੋਟਾ ਅਖ਼ਬਾਰ ਜਾਂ ਰਸਾਲਾ ਬਚ ਨਹੀਂ ਸਕੇ। ਪਰ ਉਹਨਾਂ ਨੇ ਕਾਂਸ਼ੀ ਰਾਮ ਜੀ ਦੀ ਲਹਿਰ ਵੇਲੇ ਬੜੀ ਕਾਮਯਾਬੀ ਨਾਲ ਚੱਲ ਰਹੇ ਸਪਤਾਹਿਤ ਅਖ਼ਬਾਰ 'ਬਹੁਜਨ ਸੰਦੇਸ਼' ਦਾ ਜ਼ਿਕਰ ਨਹੀਂ ਕੀਤਾ। ਬਹੁਜਨ ਨਾਲ ਸਬੰਧਿਤ ਸਾਹਿਤ ਦੀ ਉਨਤੀ ਲਈ 'ਬਹੁਜਨ ਸਾਹਿਤ' ਮਾਸਿਕ ਦਾ ਜ਼ਿਕਰ ਵੀ ਰਹਿ ਗਿਆ ਹੈ। 'ਬਹੁਜਨ ਸੰਦੇਸ਼' ਸੱਤਰਵਿਆਂ ਦੇ ਅਖੀਰ ਤੋਂ ਸ਼ੁਰੂ ਹੋ ਕੇ ਲੱਗਭੱਗ ਇਕ ਦਹਾਕਾ ਇਸ ਲਹਿਰ ਦਾ ਇਕ ਅਟੁੱਟ ਅੰਗ ਬਣਿਆ ਰਿਹਾ। ਇਸ ਅਖ਼ਬਾਰ ਵੱਲੋਂ ਦਲਿਤਾਂ ਦੀ ਮੁਕਤੀ ਅਤੇ ਸ਼ਕਤੀਕਰਣ ਲਈ ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਖੇਤਰ ਵਿਚ ਦਿੱਤੀ ਅਗਵਾਈ ਭੁਲਾਉਣਯੋਗ ਨਹੀਂ। ਇਸੇ ਤਰ੍ਹਾਂ ਕਾਂਸ਼ੀ ਰਾਮ ਜੀ ਵੱਲੋਂ ਲਿਖੀ ਇਕੋ ਇਕ ਅੰਗਰੇਜ਼ੀ ਪੁਸਤਕ 'ਦੀ ਚਮਚਾ ਏਜ' ਜਿਸਦਾ ਪੰਜਾਬੀ ਅਨੁਵਾਦ 'ਬਹੁਜਨ ਸੰਦੇਸ਼' ਵਿਚ ਛਪਦਾ ਰਿਹਾ। ਇਸਦਾ ਜ਼ਿਕਰ ਵੀ ਲੇਖਕ ਵੱਲੋਂ ਨਹੀਂ ਕੀਤਾ ਗਿਆ। ਡਾ. ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਹੋਏ 'ਪੂਨਾ ਪੈਕਟ' ਤੋਂ ਬਾਅਦ ਜੋ ਯੁੱਗ ਸ਼ੁਰੂ ਹੋਇਆ, ਉਸਨੂੰ ਕਾਂਸ਼ੀ ਰਾਮ ਜੀ ਨੇ ਚਮਚਾ-ਯੁੱਗ ਦਾ ਨਾਂ ਦਿੱਤਾ। ਇਹ ਕਿਤਾਬ ਇਸ ਘੁੰਡੀ ਨੂੰ ਖੋਲ੍ਹਦੀ ਹੈ ਕਿ ਦਲਿਤਾਂ ਦੇ ਰਾਖਵਾਂਕਰਨ ਅਨੁਸਾਰ ਪੂਰੇ ਐਮ. ਪੀ., ਐਮ. ਐਲ. ਏ. ਜਾਂ ਸਿਵਲ ਸਰਵਿਸ ਅਫਸਰ ਹੁੰਦਿਆਂ ਵੀ ਦਲਿਤਾਂ ਦਾ ਉਥਾਨ ਕਿਉਂ ਨਹੀਂ ਹੋ ਰਿਹਾ?

ਸਮਾਜ ਵਿਚ ਕਿਉਂ ਉਹਨਾਂ ਨੂੰ ਬਣਦਾ ਆਦਰ ਸਤਿਕਾਰ ਨਹੀਂ ਦਿੱਤਾ ਜਾਂਦਾ? ਡਾ. ਰੌਣਕੀ ਰਾਮ ਦੀ ਕਿਤਾਬ ਦੇ ਵਿਸ਼ੇ 'ਤੇ ਇਸ ਕਿਤਾਬ ਨੇ ਹੋਰ ਵੀ ਵਧੇਰੇ ਜਾਣਕਾਰੀ ਦੇਣੀ ਸੀ। ਇਸੇ ਤਰ੍ਹਾਂ ਕਾਂਸ਼ੀ ਰਾਮ ਜੀ ਵੱਲੋਂ ਅੰਗਰੇਜ਼ੀ ਵਿਚ ਲਿਖੇ ਇਕ ਕਿਤਾਬਚੇ, 'ਐਨ ਇੰਟਰੋਡਕਸ਼ਨ ਟੂ ਬਾਮਸੇਫ' ਜਿਸਦਾ ਹਿੰਦੀ ਅਤੇ ਪੰਜਾਬੀ ਵਿਚ 'ਬਾਮਸੇਫ ਇਕ ਜਾਣਕਾਰੀ' ਨਾਂ ਹੇਠ ਅਨੁਵਾਦ ਹੋਇਆ, ਇਸਦਾ ਵੀ ਜ਼ਿਕਰ ਹੋਣੋਂ ਰਹਿ ਗਿਆ ਹੈ। ਇਸ ਕਿਤਾਬਚੇ ਵਿਚ ਸਪਸ਼ਟ ਸੀ ਕਿ ਬਾਮਸੇਫ ਨੇ ਕਿੰਨੀ ਵਿਧੀ ਪੂਰਵਕ ਯੋਜਨਾ ਤਿਆਰ ਕਰਕੇ ਦਲਿਤ ਬਹੁਜਨਾਂ ਵਿਚ ਜਾਗਰਣ ਦਾ ਕੰਮ ਕੀਤਾ ਸੀ, ਜਿਸ ਉਤੇ ਬੀ. ਐਸ. ਪੀ. ਦੀ ਨੀਂਹ ਰੱਖੀ ਗਈ ਸੀ। ਬੀ. ਐਸ. ਪੀ. ਅਤੇ ਮਾਇਆਵਤੀ ਦੇ ਜ਼ਿਕਰ ਦੇ ਸੰਦਰਭ ਵਿਚ ਡਾ. ਰੌਣਕੀ ਰਾਮ, ਮਾਇਆਵਤੀ ਵੱਲੋਂ ਲਿਖੀ ਤਿੰਨ ਸੈਂਚੀਆਂ ਵਿਚ ਛਪੀ ਪੁਸਤਕ ਲੜੀ "ਮੇਰੇ ਸੰਘਰਸ਼ਮਈ ਜੀਵਨ ਏਵੰ ਬਹੁਜਨ ਮੂਵਮੈਂਟ ਕਾ ਸਫ਼ਰਨਾਮਾ'' ਦਾ ਵੀ ਜ਼ਿਕਰ ਕਰ ਸਕਦੇ ਸੀ, ਜਿਸ ਵਿਚ ਬੀ. ਐਸ. ਪੀ. ਵੱਲੋਂ ਸਮਾਜਿਕ ਬਰਾਬਰਤਾ ਅਤੇ ਸ਼ਕਤੀਕਰਨ ਲਈ ਕੀਤੇ ਘੋਲ ਦਾ ਵਿਸਥਾਰ ਪੂਰਵਕ ਜ਼ਿਕਰ ਹੈ।

ਬਸਪਾ ਸਰਕਾਰ ਵੱਲੋਂ ਬਹੁਜਨ ਸਮਾਜ ਸਮੇਤ ਪੂਰੇ ਸਮਾਜ ਲਈ ਕੀਤੇ ਕੰਮਾਂ ਦਾ ਸਬੂਤਾਂ ਸਹਿਤ ਵੇਰਵਾ ਹੈ। ਇਸੇ ਤਰ੍ਹਾਂ ਡਾ. ਰੌਣਕੀ ਰਾਮ ਨੇ ਰਿਪਬਲਿਕਨ ਪਾਰਟੀ ਆਦਿ ਧਰਮ ਅਤੇ ਸ਼ਡਿਊਲਡ ਕਾਸਟ ਫੈਡਰੇਸ਼ਨ ਦੇ ਛੋਟੇ ਤੋਂ ਵੱਡੇ ਤੱਕ ਕਈ ਆਗੂਆਂ ਦਾ ਜ਼ਿਕਰ ਕੀਤਾ ਹੈ ਪਰ ਕਾਂਸ਼ੀ ਰਾਮ ਦੀ ਲਹਿਰ ਵੇਲੇ ਬਾਮਸੇਫ ਤੋਂ ਲੈ ਕੇ ਡੀ. ਐਸ. ਫੋਰ ਅਤੇ ਬਸਪਾ ਬਣਨ ਤੱਕ ਪੰਜਾਬ ਸਮੇਤ ਉੱਤਰੀ ਜ਼ੋਨ ਦੀ ਇਕ ਲੰਮੇ ਸਮੇਂ ਤੱਕ ਭਰਪੂਰ ਅਗਵਾਈ ਕਰਨ ਵਾਲੇ ਆਗੂ ਸ. ਤਜਿੰਦਰ ਸਿੰਘ ਝੱਲੀ ਦਾ ਕਿਤੇ ਵੀ ਬਿਲਕੁਲ ਜ਼ਿਕਰ ਨਹੀਂ ਹੈ। ਇਹ ਬਾਅਦ ਵਿਚ ਭਾਵੇਂ ਅਲੱਗ ਹੋ ਗਏ ਸਨ ਪਰ ਬਸਪਾ ਬਣਨ ਤੱਕ ਇਹਨਾਂ ਦਾ ਬਹੁਤ ਮਹੱਤਵਪੂਰਨ ਰੋਲ ਰਿਹਾ।

ਜਾਪਦਾ ਹੈ ਉਪਰੋਕਤ ਵਿਚੋਂ ਕੁਝ ਕਮੀਆਂ ਦਾ ਡਾ. ਰੌਣਕੀ ਰਾਮ ਨੂੰ ਅਹਿਸਾਸ ਹੈ। ਉਹ ਲਿਖਦੇ ਹਨ, "ਬਾਬੂ ਕਾਂਸ਼ੀ ਰਾਮ ਨੂੰ ਇਸ ਅੰਦੋਲਨ ਦੌਰਾਨ ਪੰਜਾਬ ਦੇ ਦਲਿਤ ਸਮਾਜ 'ਚੋਂ ਵੀ ਭਰਵਾਂ ਹੁੰਗਾਰਾ ਮਿਲਿਆ, ਜਿਸ ਬਾਰੇ ਕੋਈ ਠੋਸ ਖੋਜ ਨਹੀਂ ਹੋਈ। ਪੰਜਾਬ ਵਿਚ ਦਲਿਤ ਸਮਾਜ ਦੀ ਬਹੁਗਿਣਤੀ ਹੋਣ ਅਤੇ ਬਾਬੂ ਕਾਂਸ਼ੀ ਰਾਮ ਦੇ ਇਸੇ ਸਮਾਜ ਵਿਚੋਂ ਪੈਦਾ ਹੋਣ ਦੇ ਬਾਵਜੂਦ ਯੂ. ਪੀ. ਦਾ ਇਸ ਅੰਦੋਲਨ ਦੀ ਮੁੱਖ ਕਰਮ ਭੂਮੀ ਬਣਨਾ, ਦਲਿਤ ਬਹੁਜਨ ਸਮਾਜ ਦੀ ਬਣਤਰ ਅਤੇ ਉਸਦੇ ਵੱਖ ਵੱਖ ਪਹਿਲੂਆਂ ਦੀ ਅਹਿਮੀਅਤ ਸਮਝਣ ਵਾਸਤੇ ਇਕ ਮੁੱਖ ਨੁਕਤੇ ਵਜੋਂ ਪੇਸ਼ ਹੁੰਦਾ ਹੈ, ਜਿਸ ਬਾਰੇ ਚਰਚਾ ਹੋਣਾ ਬਾਕੀ ਹੈ।" (23-24) ਇਸ ਕਥਨ ਨਾਲ ਸਹਿਮਤ ਹੁੰਦਿਆਂ ਆਸ ਹੈ ਉਹ ਜਲਦੀ ਹੀ ਆਪ ਇਹ ਖੋਜ ਕਾਰਜ ਵੀ ਸੰਭਾਲਣਗੇ। ਇਹ ਡਾ. ਰੌਣਕੀ ਰਾਮ ਵਰਗੇ ਖੋਜੀ ਵਿਦਵਾਨ ਅਤੇ ਸਮਰਪਿਤ ਲੇਖਕ ਦਾ ਹੀ ਕੰਮ ਹੋ ਸਕਦਾ ਹੈ।

ਇਸ ਪੁਸਤਕ ਵਿਚ ਡਾ. ਰੌਣਕੀ ਰਾਮ ਨੇ ਅਛੂਤ 'ਤੇ ਚਰਚਾ ਕਰਦਿਆਂ ਸ. ਭਗਤ ਸਿੰਘ ਅਤੇ ਗਦਰੀ ਬਾਬਿਆਂ ਸਬੰਧੀ ਇਕ ਮਹੱਤਵਪੂਰਨ ਨੁਕਤਾ ਸਾਂਝਾ ਕੀਤਾ ਹੈ, ਜਿਸ ਨੂੰ ਅੰਬੇਡਕਰ ਵਾਦੀਆਂ ਨੇ ਵੀ ਅਪਣਾਇਆ ਨਹੀਂ ਅਤੇ ਮਾਰਕਸੀਆਂ ਨੇ ਬਹੁਤਾ ਉਭਾਰਿਆ ਨਹੀਂ। ਮਾਰਕਸੀ, ਭਗਤ ਸਿੰਘ ਦੀ ਸੋਚ ਦੇ ਅਲੰਬਰਦਾਰ ਤਾਂ ਅਖਵਾਉਂਦੇ ਰਹੇ, ਉਸਦੇ ਨਾਂ 'ਤੇ ਨੌਜਵਾਨ ਸਭਾਵਾਂ ਬਣਾਈਆਂ, ਕਿਰਤੀਆਂ ਨੂੰ ਸੰਗਠਿਤ ਕਰਨ ਦਾ ਨਾਅਰਾ ਲਾਇਆ। ਪਰ ਅਛੂਤ/ਜਾਤ ਪਾਤ ਸਬੰਧੀ ਉਸਦੀ ਸੋਚ 'ਤੇ ਪਹਿਰਾ ਨਾ ਦਿੱਤਾ। 'ਅਛੂਤ ਦਾ ਸਵਾਲ' ਅਤੇ 'ਮੈਂ ਨਾਸਤਕ ਕਿਉਂ ਹਾਂ?' ਲੇਖਾਂ ਵਿਚ ਭਗਤ ਸਿੰਘ ਜਾਤ ਪਾਤੀ ਪ੍ਰਬੰਧ ਅਧੀਨ ਘਿਰਣਾਜਨਕ ਬਣਾਏ ਅਛੂਤ ਲੋਕਾਂ ਨੂੰ ਆਪਣੇ ਹੱਕ ਲੈਣ ਲਈ ਸੰਗਠਿਤ ਹੋ ਕੇ ਹੰਭਲਾ ਮਾਰਨ ਲਈ ਲਲਕਾਰਦੇ ਹਨ। ਉਹਨਾਂ ਨੂੰ ਨੀਚ ਸਮਝਣ ਵਾਲਿਆਂ ਨੂੰ ਵੰਗਾਰਦੇ ਹਨ, "... ਕਿੱਡੀ ਸ਼ਰਮ ਦੀ ਗੱਲ ਹੈ, ਕੁੱਤਾ ਸਾਡੀ ਗੋਦ ਵਿਚ ਬੈਠ ਸਕਦਾ ਹੈ, ਸਾਡੇ ਚੌਂਕੇ ਵਿਚ ਨਿਸ਼ੰਗ ਫਿਰ ਸਕਦਾ ਹੈ ਪਰ ਇਕ ਆਦਮੀ ਸਾਡੇ ਨਾਲ ਛੂਹ ਜਾਵੇ ਤਾਂ ਬੱਸ ਧਰਮ ਖਰਾਬ ਹੋ ਜਾਂਦਾ ਹੈ। ਫਿਰ ਤੇ ਪੰਡਤ, ਮੌਲਵੀ ਜੀ ਜੈਸੇ ਬੜੇ ਸਮਾਜ ਸੁਧਾਰਕ ਅਛੂਤਾਂ ਦੇ ਬੜੇ ਪ੍ਰੇਮੀ, ਹੋਰ ਵੀ ਨਾ ਜਾਣੇ ਕੀ ਕੀ- ਪਹਿਲੋਂ ਇਕ ਚੂਹੜੇ ਦੇ ਹੱਥੋਂ ਹਾਰ ਪੁਆ ਲੈਂਦੇ ਹਨ, ਪਿੱਛੋਂ ਕੱਪੜਿਆਂ ਸਮੇਤ ਇਸ਼ਨਾਨ ਕੀਤੇ ਬਿਨਾਂ ਆਪਣੇ ਆਪ ਨੂੰ ਅਸ਼ੁੱਧ ਸਮਝਦੇ ਹਨ। ਕਿਆ ਖੂਬ ਹੈ ਇਹ ਚਾਲ।'' (181)

ਇਸੇ ਤਰ੍ਹਾਂ ਗਦਰ ਪਾਰਟੀ ਬਾਰੇ ਗੱਲ ਕਰਦਿਆਂ ਡਾ. ਰੌਣਕੀ ਰਾਮ ਨੇ ਇਹੀ ਨੁਕਤਾ ਉਭਾਰਿਆ ਹੈ ਕਿ ਗਦਰੀ ਸਿਧਾਂਤਕ ਅਤੇ ਅਮਲੀ ਤੌਰ ਤੇ ਜਾਤ ਪਾਤੀ ਵਿਤਕਰੇ ਦੇ ਖਿਲਾਫ ਸਨ ਤੇ ਇਸਨੂੰ ਸਮਾਜ ਦਾ ਕੋਹੜ ਮੰਨਦੇ ਸਨ। ਜਾਤ ਪਾਤ ਵਿਚ ਯਕੀਨ ਰੱਖਣ ਵਾਲਾ ਗਦਰ ਪਾਰਟੀ ਦਾ ਮੈਂਬਰ ਨਹੀਂ ਸੀ ਬਣ ਸਕਦਾ। ਲੇਖਕ ਰੌਣਕੀ ਰਾਮ ਨੇ ਇਹਨਾਂ ਦਾ ਵਿਸਥਾਰ ਪੂਰਵਕ ਵਰਣਨ ਕਰਕੇ ਭਗਤ ਸਿੰਘ ਅਤੇ ਗਦਰੀ ਬਾਬਿਆਂ ਨੂੰ ਦਲਿਤਾਂ ਦੇ ਨੇੜੇ ਲਿਆਂਦਾ ਹੈ।

ਸਮਾਜ ਵਿਚੋਂ ਜਦੋਂ ਕੋਈ ਲਹਿਰ ਜਾਂ ਅੰਦੋਲਨ ਜਨਮ ਲੈਂਦਾ ਹੈ ਤਾਂ ਇਹ ਸਮਾਜ ਦੇ ਹਰ ਖੇਤਰ ਵਿਚ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ। ਸਾਹਿਤ ਦਾ ਖੇਤਰ ਬਹੁਤ ਜ਼ਿਆਦਾ ਪ੍ਰਭਾਵਿਤ ਹੁੰਦਾ ਹੈ। ਕਈ ਵਾਰੀ ਉੱਚ ਪਾਏ ਦਾ ਸਾਹਿਤ ਅੰਦੋਲਨ ਨੂੰ ਜਨਮ ਦੇਣ ਦਾ ਕਾਰਨ ਵੀ ਬਣ ਜਾਂਦਾ ਹੈ। ਤੇ ਫਿਰ ਇਸਦੇ ਵਿਗਸਣ ਤੇ ਪਨਪਣ ਵਿਚ ਵੀ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਪੰਜਾਬੀ ਸਾਹਿਤ ਵਿਚ ਭਗਤੀ ਲਹਿਰ ਵੇਲੇ ਧਾਰਮਿਕ ਤੇ ਸਮਾਜਿਕ ਸਾਹਿਤ, ਜੰਗਾਂ ਲੜਾਈਆਂ ਵੇਲੇ ਵੀਰ ਰਸੀ ਸਾਹਿਤ ਹੋਂਦ ਵਿਚ ਆਇਆ। ਮਾਰਕਸਵਾਦ ਦੀ ਚੜ੍ਹਤ ਨਾਲ ਮਾਰਕਸਵਾਦੀ ਸਾਹਿਤ ਭਾਰੀ ਗਿਣਤੀ ਵਿਚ ਰਚਿਆ ਗਿਆ। ਆਦਿ ਧਰਮ ਲਹਿਰ ਵੇਲੇ ਅਤੇ ਫਿਰ ਅੰਬੇਡਕਰ-ਕਾਂਸ਼ੀ ਰਾਮ ਦੀ ਲਹਿਰ ਵੇਲੇ ਅੰਬੇਡਕਰੀ ਸਾਹਿਤ ਹੋਂਦ ਵਿਚ ਆਇਆ।

ਮਾਰਕਸਵਾਦੀ ਲੇਖਕ ਆਪਣੇ ਆਪ ਨੂੰ ਮੁੱਖ ਧਾਰਾ ਨਾਲ ਜੋੜ ਕੇ ਅੰਬੇਡਕਰਵਾਦੀ ਲੇਖਕਾਂ ਨਾਲ ਪੂਰੀ ਤਰ੍ਹਾਂ ਦੂਰੀ ਬਣਾਈ ਰੱਖਦੇ ਰਹੇ ਅਤੇ ਉਹਨਾਂ ਦੇ ਸਾਹਿਤ ਨੂੰ ਆਰਥਿਕ ਪੱਖੀ ਨਾ ਹੋ ਕੇ ਜਾਤ ਪਾਤੀ ਉਭਾਰਨ ਵਾਲਾ ਆਖ ਕੇ ਉਸ ਦਾ ਕੋਈ ਨੋਟਿਸ ਨਾ ਲਿਆ ਜੋ ਅੱਜ ਤੱਕ ਵੀ ਕਾਫੀ ਹੱਦ ਤੱਕ ਇਸੇ ਤਰ੍ਹਾਂ ਜਾਰੀ ਹੈ। ਦੂਜੇ ਪਾਸੇ ਦਲਿਤ ਚਿੰਤਕਾਂ ਤੇ ਵਿਦਵਾਨਾਂ ਦੇ ਹਵਾਲੇ ਨਾਲ ਡਾ. ਗੁਰਮੀਤ ਕਲਰਮਾਜਰੀ ਲਿਖਦੇ ਹਨ, ..." ਮਾਰਕਸਵਾਦੀ ਸਾਹਿਤ ਵਿਚ ਕੋਈ ਅਜਿਹਾ ਪ੍ਰਵਚਨ ਮੌਜੂਦ ਨਹੀਂ ਹੈ, ਜਿਸ ਨੂੰ ਵਰਤੋਂ ਵਿਚ ਲਿਆਉਂਦੇ ਹੋਏ ਭਾਰਤੀ ਸਮਾਜ ਦੀ ਜਾਤ ਪਾਤੀ ਸਥਿਤੀ ਤੋਂ ਮੁਕਤੀ ਪਾਈ ਜਾ ਸਕੇ।'' (199)। ਡਾ. ਰੌਣਕੀ ਰਾਮ ਵੀ ਮੰਨਦੇ ਹਨ ਕਿ ਆਦਿ ਧਰਮ ਲਹਿਰ/ਅੰਬੇਡਕਰੀ ਦਲਿਤ ਕਵਿਤਾ ਨੂੰ ਮੁੱਖ ਧਾਰਾ ਵਿਚ ਪੰਜਾਬੀ ਕਵਿਤਾ ਵਿਚ ਕੋਈ ਸਥਾਨ ਪ੍ਰਾਪਤ ਨਹੀਂ ਹੋ ਸਕਿਆ ਅਤੇ ਨਾ ਹੀ ਇਸ ਬਾਰੇ ਆਲੋਚਨਾਤਮਕ ਨਜ਼ਰੀਏ ਤੋਂ ਕੋਈ ਪੁਣਛਾਣ ਕੀਤੀ ਗਈ ਹੈ। (226)। ਡਾ. ਰੌਣਕੀ ਰਾਮ ਨੇ ਇਸ ਪ੍ਰਵਿਰਤੀ ਨੂੰ ਗਲਤ ਮੰਨਿਆ। ਉਹਨਾਂ ਨੇ ਛੋਟੇ ਤੋਂ ਲੈ ਕੇ ਵੱਡੇ ਦਲਿਤ ਜਾਂ ਅੰਬੇਡਕਰਵਾਦੀ ਲੇਖਕਾਂ ਨੂੰ ਇਕ ਮਾਲਾ ਵਿਚ ਪਰੋਅ ਕੇ ਅਤੇ ਉਹਨਾਂ ਦੀਆਂ ਰਚਨਾਵਾਂ ਦੀ ਪੜਚੋਲ ਕਰਕੇ ਮੁੱਖ ਧਾਰਾ ਵਾਲੇ ਲੇਖਕਾਂ ਦੇ ਬਰਾਬਰ ਲਿਆ ਖੜ੍ਹਾ ਕੀਤਾ ਅਤੇ ਦੱਸਿਆ ਕਿ ਇਸ ਧਾਰਾ ਦੇ ਲੇਖਕ ਵੀ ਕਿਸੇ ਪਾਸਿਉਂ ਘੱਟ ਨਹੀਂ ਹਨ। ਪੁਸਤਕ ਦੇ ਇਸ ਕਾਵਿ ਭਾਗ ਵਿਚ ਡਾ. ਰੌਣਕੀ ਰਾਮ ਨੇ ਵਿਸਥਾਰ ਪੂਰਵਕ ਹਰ ਕਿਸਮ ਦੀ ਰਚਨਾ ਦਾ ਆਲੋਚਨਾਤਮਕ ਵਰਣਨ ਕੀਤਾ ਹੈ।

ਅਖੀਰ ਵਿਚ ਉਹ ਇਸ ਨਤੀਜੇ ਤੇ ਪਹੁੰਚਦੇ ਹਨ ਕਿ, ".. ਸਮਕਾਲੀ ਪੰਜਾਬੀ ਦਲਿਤ ਕਵਿਤਾ ਵਿਚ ਅਤੇ ਭਵਿੱਖੀ ਦਲਿਤ ਕਵਿਤਾ ਵਿਚ ਉਸ ਕਾਵਿ ਦੀ ਸਾਰਥਿਕਤਾ ਬਣਨ ਦੀ ਸੰਭਾਵਨਾ ਹੈ, ਜਿਸਨੇ ਦਲਿਤ ਪਛਾਣ ਦੇ ਸਵਾਲ ਨੂੰ ਬਹੁ ਸੰਦਰਭਾਂ ਵਿਚ ਭਾਂਪਦੇ ਹੋਏ ਭਾਰਤੀ ਸਮਾਜ ਦੇ ਗੁੰਝਲਦਾਰ ਜਾਤ ਪਾਤੀ ਤਾਣੇ-ਬਾਣੇ ਦੀਆਂ ਤੰਦਾਂ ਨੂੰ ਜਮਾਤ ਅਤੇ ਇਸਦੇ ਨਾਲ ਸਬੰਧਿਤ ਵਿਕਾਸ ਦੇ ਤਮਾਮ ਸੰਦਰਭਾਂ ਵਿਚ ਸਮਝਦੇ ਹੋਏ ਇਸਦੇ ਪੁਖਤਾ ਹੱਲ ਦੀ ਗੱਲ ਕਰਨੀ ਹੈ।'' (268)

ਡਾ. ਰੌਣਕੀ ਰਾਮ ਨੇ ਜਾਤ ਪਾਤੀ ਵਿਵਸਥਾ ਦੀਆਂ ਪਰਤਾਂ ਨੂੰ ਚੰਗੀ ਤਰ੍ਹਾਂ ਫਰੋਲਿਆ ਹੈ ਅਤੇ ਉੱਚ ਜਾਤੀਆਂ ਵੱਲੋਂ ਨੀਵੀਆਂ ਜਾਤੀਆਂ ਨਾਲ ਕੀਤੀਆਂ ਗਈਆਂ ਵਧੀਕੀਆਂ ਨੂੰ ਸਮਝਿਆ ਹੀ ਨਹੀਂ ਦਿਲੋਂ ਮਹਿਸੂਸ ਵੀ ਕੀਤਾ ਹੈ। ਇਹਨਾਂ ਵਧੀਕੀਆਂ ਨੂੰ ਅੰਤਰ ਰਾਸ਼ਟਰੀ ਨਜ਼ਰ ਤੋਂ ਵੇਖਦਿਆਂ ਉਹ ਲਿਖਦੇ ਹਨ, "ਅੱਜ ਉੱਚ ਜਾਤੀ ਲੋਕਾਂ ਨੂੰ ਵੀ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਅਸੀਂ ਜੋ ਵਿਤਕਰੇ ਦਲਿਤਾਂ ਨਾਲ ਕੀਤੇ। ਉਹ ਗਲਤ ਸਨ। ਉਹਨਾਂ ਨੂੰ ਪਸ਼ਚਾਤਾਪ ਕਰਨਾ ਚਾਹੀਦਾ ਹੈ। ਮੁਆਫ਼ੀ ਮੰਗਣੀ ਚਾਹੀਦੀ ਹੈ ਜਿਵੇਂ ਕਿ ਆਸਟ੍ਰੇਲੀਆ ਦੇ ਵਾਈਟ ਹੁਕਮਰਾਨਾਂ ਨੇ ਉਥੋਂ ਦੇ ਆਦਿ ਵਾਸੀਆਂ ਤੋਂ ਅਤੇ ਕੈਨੇਡਾ ਦੇ ਅੰਗਰੇਜ਼ਾਂ ਨੇ ਉਥੋਂ ਦੇ ਰੈਡ ਇੰਡੀਅਨਾਂ ਤੋਂ ਲੋਕ ਸਭਾ ਵਿਚ ਮੁਆਫ਼ੀ ਮੰਗੀ।'' (297) ਇਥੇ ਹੀ ਬੱਸ ਨਹੀਂ ਉਹ ਦਲਿਤਾਂ ਨੂੰ ਨਤਮਸਤਕ ਹੋ ਕੇ ਪੂਜਣ ਤੱਕ ਜਾਣਾ ਚਾਹੁੰਦੇ ਹਨ ਜੋ ਡਾ. ਰੌਣਕੀ ਰਾਮ ਜੀ ਦੀ ਸਮਝ, ਇਮਾਨਦਾਰੀ, ਦਲੇਰੀ, ਇਨਸਾਫੀ ਫਿਤਰਤ ਅਤੇ ਕਲਮ ਦੇ ਤਕਾਜ਼ੇ ਦਾ ਸਿਖਰ ਕਿਹਾ ਜਾ ਸਕਦਾ ਹੈ। ਉਹ ਲਿਖਦੇ ਹਨ, "ਦਲਿਤ ਲੋਕ ਤਾਂ ਉਤਪਾਦਨ ਨਾਲ ਜੁੜੇ ਹੋਏ ਹਨ।

ਇਹ ਲੋਕ ਸਾਨੂੰ ਵਸਤਾਂ ਬਣਾ ਕੇ ਦਿੰਦੇ ਹਨ। ਇਨ੍ਹਾਂ ਨੂੰ ਪੂਜਣ ਨੂੰ ਦਿਲ ਕਰਦਾ ਹੈ। ਜੁੱਤੀਆਂ ਇਹ ਬਣਾਉਂਦੇ ਹਨ, ਸਫਾਈ ਇਹ ਕਰਦੇ ਹਨ, ਵੱਡੀਆਂ ਵੱਡੀਆਂ ਇਮਾਰਤਾਂ ਖੜ੍ਹੀਆਂ ਕਰਦੇ ਹਨ, ਸੜਕਾਂ, ਫਲਾਈ ਓਵਰ, ਪੁਲ ਅਤੇ ਡੈਮ ਉਸਾਰਦੇ ਹਨ, ਕੱਪੜਾ ਮੁਹੱਈਆ ਕਰਵਾਉਂਦੇ ਹਨ, ਸੀਵਰੇਜ਼ ਦੇ ਅੰਦਰ ਘੁਸ ਕੇ ਆਪਣੀ ਜਾਨ ਤੇ ਖੇਲੁ ਕੇ ਸ਼ਹਿਰ ਅਤੇ ਕਸਬਿਆਂ ਨੂੰ ਗੰਦਗੀ ਤੋਂ ਰਾਹਤ ਦਿਵਾਉਂਦੇ ਹਨ, ਖੇਤਾਂ ਵਿਚ ਤਮਾਮ ਮਜ਼ਦੂਰੀ ਦਾ ਕੰਮ ਕਰਦੇ ਹਨ, ਸ਼ਹਿਰਾਂ ਮਿਊਂਸਪਲਟੀਆਂ ਵਿਚ ਚੌਕੀਦਾਰੀ ਕਰਦੇ ਹਨ। ਇੰਨੇ ਮਿਹਨਤਕਸ਼ ਇਨਸਾਨਾਂ ਦੇ ਪੈਰਾਂ ਤੇ ਸਿਰ ਰੱਖਣ ਨੂੰ ਦਿਲ ਕਰਦਾ ਹੈ।'' (299)

ਡਾ. ਰੌਣਕੀ ਰਾਮ ਨੇ ਦਲਿਤਾਂ ਨਾਲ ਸਬੰਧਿਤ ਹੋਰ ਮੁੱਦੇ/ਵੇਰਵੇ ਵੀ ਨਾਲ ਦੀ ਨਾਲ ਬਿਆਨ ਕੀਤੇ ਹਨ ਅਤੇ ਉਹਨਾਂ ਸਬੰਧੀ ਨਿਰਣੇ ਵੀ ਕੀਤੇ ਹਨ। ਰਾਖਵਾਂਕਰਨ ਦੇ ਮੁੱਦੇ ਨੂੰ ਉਹਨਾਂ ਨੇ ਸਹੀ ਦੱਸਿਆ ਹੈ ਅਤੇ ਇਸਨੂੰ ਲਾਗੂ ਕਰਨ ਲਈ ਕ੍ਰੀਮੀ ਲੇਅਰ ਦੇ ਵਿਵਾਦ ਨੂੰ ਫਜ਼ੂਲ ਦੱਸਿਆ ਹੈ। (290) ਇਸਦੇ ਭਵਿੱਖ ਬਾਰੇ ਅਤੇ ਨਵੇਂ ਯੁੱਗ ਦੇ ਸੰਦਰਭ ਵਿਚ ਚਿੰਤਾ ਕਰਦਿਆਂ ਉਹ ਲਿਖਦੇ ਹਨ ਕਿ ਵਿਸ਼ਵੀਕਰਨ ਅਤੇ ਮੰਡੀਕਰਨ ਦੇ ਯੁੱਗ ਵਿਚ ਨਿੱਜੀਕਰਨ ਦੇ ਬੋਲਬਾਲੇ ਹੇਠ ਰਾਖਵੇਂਕਰਨ ਦਾ ਬੜੀ ਹੁਸ਼ਿਆਰੀ ਨਾਲ ਖਾਤਮਾ ਕੀਤਾ ਜਾ ਰਿਹਾ ਹੈ। (257) ਲੇਖਕ ਵੱਲੋਂ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਦਲਿਤ ਕਾਨਫਰੰਸਾਂ ਵਿਚ ਹਿੱਸਾ ਲੈਣ ਉਪਰੰਤ ਉਹਨਾਂ ਵਿਚ ਉਠਾਏ ਮੁੱਦਿਆਂ ਦਾ ਵੇਰਵਾ ਦਿੱਤਾ ਗਿਆ ਹੈ ਜੋ ਦਲਿਤਾਂ ਲਈ ਬੜਾ ਮਹੱਤਵਪੂਰਨ ਹੈ। ਜਿਵੇਂ, ਕਿਤੇ ਦਲਿਤਾਂ ਦੀ ਵਪਾਰ ਵਿਚ ਹਿੱਸੇਦਾਰੀ ਦੀ ਗੱਲ ਹੋਈ, ਕਿਤੇ ਸਰਕਾਰੀ ਜ਼ਮੀਨ ਦਲਿਤਾਂ ਵਿਚ ਵੰਡਣ ਦੀ ਗੱਲ ਹੋਈ, ਕਿਤੇ ਮਲਟੀਨੈਸ਼ਨਲ ਕੰਪਨੀਆਂ ਦੇ ਵਪਾਰ ਵਿਚ ਹਿੱਸੇਦਾਰੀ ਦੀ ਗੱਲ ਉੱਠੀ ਅਤੇ ਕਿਤੇ ਜਾਤੀ ਨੂੰ ਨਸਲ ਦੇ ਤੌਰ ਤੇ ਲਏ ਜਾਣ ਦਾ ਮੁੱਦਾ ਉਠਿਆ। ਇਹ ਸਾਰੇ ਮੁੱਦੇ, ਦਲਿਤਾਂ ਦੀ ਮੁਕਤੀ ਅਤੇ ਸ਼ਕਤੀਕਰਨ ਦੇ ਸਵਾਲ ਨੂੰ ਵਿਚਾਰਦਿਆਂ ਅਤੇ ਇਸਨੂੰ ਅਮਲੀ ਜਾਮਾ ਪਹਿਨਾਉਂਦਿਆਂ ਬਹੁਤ ਸਹਾਈ ਹੋ ਸਕਦੇ ਹਨ। ਇਸੇ ਤਰ੍ਹਾਂ ਲੇਖਕ ਦਲਿਤ ਸਮਾਜ ਦਾ ਅਧਿਐਨ ਕਰਦਿਆਂ ਹੋਇਆਂ, ਇਸਦੀਆਂ ਜੜ੍ਹਾਂ ਫਰੋਲਦਿਆਂ ਹੋਇਆਂ ਦੂਰ ਤੱਕ ਜਾਂਦਿਆਂ ਇਸ ਨਤੀਜੇ 'ਤੇ ਪਹੁੰਚਦਾ ਹੈ ਕਿ ਜੇ ਦਲਿਤ ਸਮਾਜ ਦਾ ਡੂੰਘਾ ਅਧਿਐਨ ਕਰਨਾ ਹੈ ਤਾਂ ਉਸਦੀ ਲੋਕਲ/ਮਾਂ ਬੋਲੀ ਪੰਜਾਬੀ ਦੇ ਇਤਿਹਾਸ ਦਾ ਅਧਿਐਨ ਕਰਨਾ ਜ਼ਰੂਰੀ ਹੈ ਜੋ ਆਪਣੀ ਬੁੱਕਲ ਵਿਚ ਬੜਾ ਕੁਝ ਮਹੱਤਵਪੂਰਨ ਛੁਪਾਈ ਬੈਠਾ ਹੈ।

ਇਸੇ ਲਈ ਉਸਨੇ ਆਪਣੇ ਛੋਹੇ ਹੋਏ ਵਿਸ਼ੇ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਮਾਂ ਬੋਲੀ ਪੰਜਾਬੀ ਦੇ ਇਤਿਹਾਸ ਨੂੰ ਬੜੀ ਬਰੀਕੀ ਨਾਲ ਬਿਆਨਿਆ ਹੈ, ਕਿਉਂਕਿ ਉਸਦਾ ਮੰਨਣਾ ਹੈ, "ਜੇਕਰ ਸਾਨੂੰ ਪੰਜਾਬੀ ਸਮਾਜ ਵਿਚਲੀ ਜਾਤ ਪ੍ਰਣਾਲੀ ਨੂੰ ਸਮਝਣਾ ਹੈ ਤਾਂ ਸਾਨੂੰ ਪੰਜਾਬੀ ਸਭਿਆਚਾਰ ਦੀ ਸਮਝ ਹੋਣੀ ਚਾਹੀਦੀ ਹੈ ਅਤੇ ਇਹ ਪੰਜਾਬੀ ਭਾਸ਼ਾ ਤੋਂ ਬਿਹਤਰ ਹੋਰ ਕਿਸੇ ਭਾਸ਼ਾ ਦੇ ਮਾਧਿਅਮ ਰਾਹੀਂ ਨਹੀਂ ਆ ਸਕਦੀ।'' ਇਸ ਸਾਰੀ ਵਿਆਪਕ ਵਿਚਾਰ ਚਰਚਾ ਤੋਂ ਬਾਅਦ ਸਹਿਜੇ ਹੀ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਡਾ. ਰੌਣਕੀ ਰਾਮ ਦਾ ਇਸ ਪੁਸਤਕ ਨੂੰ ਸਾਕਾਰ ਰੂਪ ਦੇਣ ਦਾ ਯਤਨ ਹਰ ਨੁਕਤੇ ਤੋਂ ਬਹੁਤ ਹੀ ਸ਼ਲਾਘਾਯੋਗ ਹੈ। ਦਲਿਤਾਂ ਨੂੰ ਪਛਾਣ, ਸ਼ਕਤੀ ਅਤੇ ਸ਼ਕਤੀਕਰਨ ਦੇ ਨਜ਼ਰੀਏ ਤੋਂ ਵਿਸਥਾਰ ਪੂਰਵਕ ਵਾਚਣਾ, ਬਿਆਨਣਾ ਅਤੇ ਇਸ ਸੰਦਰਭ ਵਿਚ ਛੋਟੇ ਤੋਂ ਛੋਟੇ ਨੁਕਤੇ ਤੋਂ ਲੈ ਕੇ ਵੱਡੇ ਮੁੱਦੇ ਤੱਕ ਨੂੰ ਅੰਤਰ ਰਾਸ਼ਟਰੀ ਪੱਧਰ ਤੱਕ ਰੱਖ ਕੇ ਅਧਿਐਨ ਕਰਨਾ ਅਤੇ ਨਤੀਜੇ ਕੱਢਣੇ ਆਪਣੇ ਆਪ ਵਿਚ ਇਕ ਪਹਿਲਾ ਅਤੇ ਅਤੀ ਜ਼ਰੂਰੀ ਸਫਲ ਹੰਭਲਾ ਹੈ। ਪਹਿਲੀ ਵਾਰੀ ਕਿਸੇ ਵਿਦਵਾਨ ਚਿੰਤਕ ਨੇ ਇੰਨੀ ਡੂੰਘੀ ਆਲੋਚਨਾਤਮਕ ਦ੍ਰਿਸ਼ਟੀ ਨਾਲ ਦਲਿਤ ਸਾਹਿਤ ਅਤੇ ਹੋਰ ਦਲਿਤ ਸਰੋਕਾਰਾਂ ਨੂੰ ਵੱਡੀ ਪੱਧਰ ਤੇ ਆਪਣੇ ਚਿੰਤਨ ਦਾ ਵਿਸ਼ਾ ਬਣਾਇਆ ਹੈ। ਮੁੱਖ ਧਾਰਾ ਵੱਲੋਂ ਦਲਿਤ ਜਾਂ ਅਛੂਤ ਸਮਝੇ ਜਾਂਦੇ ਦਲਿਤ ਸਾਹਿਤ ਦੇ ਨਾਲ ਪਹਿਲੀ ਵਾਰੀ ਕਿਸੇ ਸੂਝਵਾਨ ਲੇਖਕ ਨੇ ਖਲੋਅ ਕੇ ਉਸਨੂੰ ਲੋਕਾਂ ਦੀ ਕਚਹਿਰੀ ਵਿਚ ਪੇਸ਼ ਕਰਕੇ ਅਤੇ ਵਿਦਵਾਨ ਚਿੰਤਕਾਂ ਦੇ ਰੂਬਰੂ ਕਰਕੇ ਇਕ ਚਿਰਸਥਾਈ ਸਲਾਹੁਣਯੋਗ ਕੰਮ ਕੀਤਾ ਹੈ। ਜਿਸਦੀ ਲੋੜ, ਮਹੱਤਤਾ ਆਉਣ ਵਾਲੇ ਸਮੇਂ ਵਿਚ ਸਦਾ ਹੀ ਬਣੀ ਰਹੇਗੀ ਅਤੇ ਵਿਦਵਾਨ, ਚਿੰਤਕ, ਲੇਖਕ ਅਤੇ ਖੋਜੀ ਇਸ ਤੋਂ ਲਾਭ ਉਠਾਉਂਦੇ ਰਹਿਣਗੇ। ਇਹ ਪੁਸਤਕ ਜਿੱਥੇ ਹਰ ਦਲਿਤ ਪਾਠਕ ਨੂੰ ਦਿਸ਼ਾ ਪ੍ਰਦਾਨ ਕਰੇਗੀ, ਉਥੇ ਗੈਰ ਦਲਿਤ ਦੀਆਂ ਵੀ ਅੱਖਾਂ ਖੋਲ੍ਹਣ ਦੇ ਸਮਰੱਥ ਹੈ। ਪੰਜਾਬੀ ਯੂਨੀਵਰਸਿਟੀ ਨੇ ਇਹ ਪੁਸਤਕ ਛਾਪ ਕੇ ਮਾਅਰਕੇ ਦਾ ਕੰਮ ਕੀਤਾ ਹੈ। ਉਸਦਾ ਇਹ ਕਦਮ ਬਹੁਤ ਹੀ ਸ਼ਲਾਘਾਯੋਗ ਹੈ ਅਤੇ ਨਾ ਭੁਲਾਇਆ ਜਾ ਸਕਣ ਵਾਲਾ ਇਤਿਹਾਸਕ ਕੰਮ ਹੈ। ਜੋ ਦਲਿਤ ਇਤਿਹਾਸ ਵਿਚ ਇਕ ਮੀਲ ਪੱਥਰ ਸਾਬਤ ਹੋਵੇਗਾ। ਸ੍ਰੀ ਕੇ. ਸੀ. ਸੁਲੇਖ ਜੋ ਕਿਸੇ ਵੇਲੇ ਡਾ. ਅੰਬੇਡਕਰ ਜੀ ਦੇ ਸਹਿਯੋਗੀ ਰਹੇ ਹਨ ਤੇ 85-86 ਸਾਲ ਦੀ ਉਮਰ ਵਿਚ ਵੀ ਲਗਾਤਾਰ ਸਾਹਿਤ ਰਚ ਰਹੇ ਹਨ, ਉਹਨਾਂ ਨੇ ਆਪਣੀ ਅੰਬੇਡਕਰੀ ਐਨਕ ਵਿਚੋਂ ਤਿੱਖੀ ਨਜ਼ਰ ਨਾਲ ਇਸ ਕਿਤਾਬ ਨੂੰ ਘੋਖਿਆ ਵੀ ਹੈ, ਕੰਮ ਦੀ ਸਰਾਹਨਾ ਵੀ ਕੀਤੀ ਹੈ ਅਤੇ ਦਿਸ਼ਾ ਵੀ ਪ੍ਰਦਾਨ ਕੀਤੀ ਹੈ। ਉਹਨਾਂ ਵੱਲੋਂ ਲਿਖੇ ਮੁੱਖ ਬੰਦ ਵਿਚ ਪੂਰੀ ਕਿਤਾਬ ਨੂੰ ਪਾਰਖੂ ਦ੍ਰਿਸ਼ਟੀ ਨਾਲ ਵਾਚਦਿਆਂ ਕੁਝ ਕੁ ਸਫ਼ਿਆਂ ਵਿਚ ਪੂਰੀ ਕਿਤਾਬ ਹੀ ਸਮੇਟ ਦਿੱਤੀ ਹੈ। ਇਹ ਖੋਜ ਭਰਪੂਰ ਕਾਰਜ ਕਾਫੀ ਦੇਰ ਪਹਿਲਾਂ ਹੋਣਾ ਚਾਹੀਦਾ ਸੀ ਪਰ ਸ਼ਾਇਦ ਇਸਦਾ ਸਿਹਰਾ ਉਪ ਕੁਲਪਤੀ ਡਾ. ਜਸਪਾਲ ਸਿੰਘ ਦੀਆਂ ਕੋਸ਼ਿਸ਼ਾਂ ਸਿਰ ਬੰਨ੍ਹਣਾ ਸੀ, ਜਿਹਨਾਂ ਵਿਚ ਯੂਨੀਵਰਸਿਟੀ ਦੇ ਪੰਜਾਬੀ ਵਿਕਾਸ ਵਿਭਾਗ ਸਮੇਤ ਇਸਦੀ ਮੁਖੀ ਅਮਰਜੀਤ ਕੌਰ ਦੀਆਂ ਕੋਸ਼ਿਸ਼ਾਂ ਵੀ ਸਮਿਲਤ ਹਨ। ਇਸ ਪੱਧਰ ਦੇ ਇਹੋ ਜਿਹੇ ਮਹੱਤਵਪੂਰਨ ਪ੍ਰਾਜੈਕਟ ਲਈ ਸਾਂਝੀਆਂ ਕੋਸ਼ਿਸ਼ਾਂ ਹੀ ਕੋਈ ਸਿੱਟਾ ਕੱਢ ਸਕਦੀਆਂ ਹਨ।

ਨਿਸ਼ਚੇ ਹੀ ਇਹ ਪੁਸਤਕ ਜਿੱਥੇ ਸਮਾਜ ਸ਼ਾਸਤਰੀਆਂ ਨੂੰ ਖੋਜ ਲਈ ਇਕ ਨਵੀਂ ਦ੍ਰਿਸ਼ਟੀ ਅਤੇ ਨਵਾਂ ਪੈਂਤੜਾ ਪ੍ਰਦਾਨ ਕਰੇਗੀ, ਉਥੇ ਖੋਜਾਰਥੀਆਂ, ਸਾਹਿਤ ਪ੍ਰੇਮੀਆਂ ਅਤੇ ਆਲੋਚਕਾਂ ਲਈ ਵੀ ਇਕ ਚਾਨਣ ਮੁਨਾਰਾ ਬਣੇਗੀ। ਇੰਝ ਇਹ ਇਕ ਸਾਂਭਣਯੋਗ ਨਿਵੇਕਲੀ ਪੁਸਤਕ ਹੋ ਨਿੱਬੜੇਗੀ। ਲੇਖਕ ਸਮੇਤ ਇਸ ਟੀਮ ਤੋਂ ਇਸ ਖੇਤਰ ਵਿਚ ਭਵਿੱਖ ਵਿਚ ਹੋਰ ਵੀ ਬਹੁਤ ਉਮੀਦਾਂ ਹਨ।

# ਕਰੋਨਾ ਵਾਇਰਸ, ਅਣਚਾਹੀ ਵਿਹਲ ਤੇ ਕਿਤਾਬਾਂ



ਡਾ.ਜਸਵੰਤ ਰਾਏ ਸਾਹਰੀ
91-98158-25999

ਚਾਰ ਮਹੀਨੇ ਪਹਿਲਾਂ ਚੀਨ ਦੇ ਵੂਹਾਨ ਇਲਾਕੇ ਵਿਚ ਪਨਪੀ ਕਰੋਨਾ ਵਾਇਰਸ ਨਾਂ ਦੀ ਮਹਾਂਮਾਰੀ ਨੇ ਅੱਜ ਸਾਰੇ ਸੰਸਾਰ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਦੁਨੀਆਂ ਦੇ ਲਗ-ਪਗ 190 ਦੇਸ਼ਾਂ ਨੂੰ ਨਾਗਵਲ਼ ਮਾਰੀ ਬੈਠੀ ਇਸ ਮਹਾਂਮਾਰੀ ਨੇ ਪੂਰੀ ਲੋਕਾਈ ਨੂੰ ਆਪਣੀ ਮੁਠੀ ਵਿਚ ਕਰਨ ਦੇ ਦਮਗਜ਼ੇ ਮਾਰਨ ਵਾਲੀ ਆਦਮਜਾਤ ਨੂੰ ਭੁਆਂਟਣੀ ਲਿਆ ਦਿੱਤੀ ਹੈ।ਅਮਰੀਕਾ ਵਰਗੇ ਕਹਿੰਦੇ ਕਹਾਉਂਦੇ ਅਤੇ ਆਰਥਿਕ ਪੱਖੋਂ ਖੁਸ਼ਹਾਲ ਦੇਸ਼ ਕੋਲ ਆਪਣੇ ਮਰੀਜ਼ ਰੱਖਣ ਲਈ ਹਸਪਤਾਲਾਂ, ਵੈਂਟੀਲੇਟਰਾਂ ਤੇ ਡਾਕਟਰਾਂ ਦੀ ਕਮੀ ਪਾਈ ਜਾ ਰਹੀ ਹੈ। ਹੁਣ ਤੱਕ ਅਮਰੀਕਾ 'ਚ ਸਭ ਤੋਂ ਵੱਧ ਮੌਤਾਂ ਹੋਈਆਂ ਹਨ। 15 ਅਪ੍ਰੈਲ ਤੱਕ ਭਾਰਤ ਵਿਚ 377 ਅਤੇ ਪੂਰੇ ਸੰਸਾਰ 'ਚ ਮਰਨ ਵਾਲਿਆਂ ਦੀ ਸੰਖਿਆ ਸਵਾ ਲੱਖ ਨੂੰ ਪਾਰ ਕਰ ਚੁੱਕੀ ਸੀ। ਇਟਲੀ, ਸਪੇਨ, ਜਰਮਨ, ਫਰਾਂਸ, ਬ੍ਰਿਟੇਨ ਆਦਿ ਧਨਾਡ ਮੁਲਕਾਂ ਦੇ ਵੀ ਹੱਥ ਖੜੇ ਹੋ ਗਏ ਅਤੇ ਇਹਨਾਂ ਦੇਸ਼ਾਂ ਵਿਚ ਮਰਨ ਵਾਲੇ ਲੋਕਾਂ ਦੇ ਸਸਕਾਰ ਕਰਨੇ ਹੀ ਔਖੇ ਹੋਏ ਪਏ ਹਨ।

ਇਸ ਤਰਾਂ ਦੇ ਅਤਿ ਸੰਵੇਦਨਸ਼ੀਲ ਸਮੇਂ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਜਿਸਦੀ ਅਬਾਦੀ 130 ਕਰੋੜ ਦਾ ਅੰਕੜਾ ਪਾਰ ਕਰ ਚੁੱਕੀ ਹੈ, ਸਾਧਨ ਵੀ ਸੀਮਿਤ ਹਨ ਤੇ ਵਸੋਂ ਸੰਘਣੀ ਵੀ ਬਹੁਤ ਹੈ ਲਈ ਵੱਧ ਏਤਆਤ ਵਰਤਣ ਦੀ ਜ਼ਰੂਰਤ ਹੈ। 22 ਮਾਰਚ ਨੂੰ ਇੱਕ ਦਿਨ ਲਈ ਜਨਤਕ ਕਰਫਿਊ ਵਾਲੇ ਦਿਨ ਸ਼ਾਮ ਪੰਜ ਵਜੇ ਨੂੰ ਲੋਕਾਂ ਦੇ ਗ਼ੈਰ-ਜ਼ਿੰਮੇਵਾਰਾਨਾ ਰਵੱਈਏ ਅਤੇ ਇਸ ਮਹਾਂਮਾਰੀ ਨੂੰ ਹਲਕੇ 'ਚ ਲੈ ਕੇ ਜਿਹੜਾ ਵਿਵਹਾਰ ਦਿਖਾਇਆ ਗਿਆ, ਉਸ ਨੇ ਸਾਰੇ ਦਿਨ ਦੀ ਕੀਤੀ ਕਰਾਈ ਖੂਹ 'ਚ ਪਾ ਦਿੱਤੀ। ਇਸੇ ਕਰਕੇ ਕੇਂਦਰ ਅਤੇ ਰਾਜ ਸਰਕਾਰ ਨੂੰ 21 ਦਿਨ ਦਾ ਸੰਪੂਰਨ ਲਾਕਡਾਊਨ ਕਰਕੇ ਕਰਫਿਊ ਲਗਾਉਣਾ ਪਿਆ। ਹੁਣ ਇਸ ਕਰਫਿਊ ਵਿਚ 3 ਮਈ ਤੱਕ ਹੋਰ ਇਜ਼ਾਫਾ ਕਰ ਦਿੱਤਾ ਗਿਆ ਹੈ। ਕਰਫਿਊ ਲਗਾਉਣ ਨਾਲ ਆਮ ਪਬਲਿਕ ਜਾਂ ਖ਼ਾਸ ਕਰਕੇ ਦਿਹਾੜੀਦਾਰ ਤਬਕਾ ਜਿਸਦਾ ਚੁੱਲ੍ਹਾ ਰੋਜ਼ਮਰ੍ਹਾ ਦੀ ਦਿਹਾੜੀ ਨਾਲ ਹੀ ਬਲਦਾ ਹੈ, ਲਈ ਸੈਆਂ ਮੁਸ਼ਕਲਾਂ ਖੜੀਆਂ ਹੋ ਗਈਆਂ। ਹਾਲਾਂ ਕਿ ਇਨ੍ਹਾਂ ਦੀ ਰੋਟੀ ਪਾਣੀ ਦੇ ਪ੍ਰਬੰਧ ਲਈ ਸਰਕਾਰਾਂ ਅਤੇ ਧਾਰਮਿਕ ਸਮਾਜਿਕ ਜਥੇਬੰਦੀਆਂ ਆਪ ਮੁਹਾਰੇ ਨਿੱਤਰ ਕੇ ਵੀ ਆਈਆਂ ਹਨ ਪਰ ਫਿਰ ਵੀ ਇਨ੍ਹਾਂ ਯਤਨਾਂ ਨਾਲ ਜ਼ਿੰਦਗੀ ਲੀਹ ਤੇ ਨਹੀਂ ਆ ਰਹੀ। ਸੱਚੀਂ-ਮੁਚੀਂ ਇਹ ਬਹੁਤ ਦੁਖਾਂਤ ਦੀ ਘੜੀ ਹੈ। ਜਾਨ ਹੈ ਤਾਂ ਜਹਾਨ ਹੈ ਦੇ ਕਥਨ ਅਨੁਸਾਰ ਇਹ ਕਦਮ ਪੁਟਣ ਤੋਂ ਬਿਨਾ ਹੋਰ ਕੋਈ ਚਾਰਾ ਵੀ ਨਜ਼ਰ ਨਹੀਂ ਸੀ ਆਉਂਦਾ।

ਪਰ ਸੋਸ਼ਲ ਮੀਡੀਆ 'ਚ ਕੁਝ ਅਜਿਹੇ ਵਿਅਕਤੀ ਜਿਨ੍ਹਾਂ ਲਈ ਸ਼ਾਇਦ ਰੋਟੀ ਦਾ ਮਸਲਾ ਏਨਾ ਵੱਡਾ ਨਾ ਹੋਵੇ, ਦੁਆਰਾ ਇਹ ਗੱਲ ਕਹਿਣੀ ਕਿ "ਅਸੀਂ ਘਰ ਵਿਹਲੇ ਬੈਠ ਕੇ ਕੀ ਕਰੀਏ?" ਵਾਲੀ ਗੱਲ ਬਹੁਤ ਤੰਗ ਕਰ ਰਹੀ ਹੈ।ਦੁਨੀਆ ਦੀ ਸਾਰੀ ਵਸੋਂ ਵਿਚ ਅੱਧਾ ਹਿੱਸਾ ਔਰਤਾਂ ਦਾ ਵੀ ਹੈ।ਉਨ੍ਹਾਂ ਵਲੋਂ



ਇਹ ਗੱਲ ਨੀ ਆਖੀ ਜਾ ਰਹੀ।ਸਿਰਫ ਮਰਦਾਂ ਵਾਲੇ ਪਾਸਿਓਂ ਇਹ ਗੱਲ ਸੁਣਨ 'ਚ ਆ ਰਹੀ ਹੈ।

ਇਹੀ ਵਰਗ ਫੇਸ ਬੁਕ ਤੇ, ਟਵਿੱਟਰ ਤੇ ਜਦੋਂ ਇਹ ਲਿਖ ਲਿਖ ਭੇਜਦਾ ਹੈ ਕਿ 'ਇਨਵਾਂ ਜਨਮ ਦਿਨ ਮਨਾ ਰਹੇ ਹਾਂ', 'ਇਨਵੀ ਸਾਲ ਗਿਰ੍ਹਾ ਮਨਾ ਰਹੇ ਹਾਂ', ਪਤਾ ਈ ਨੀ ਲੱਗਾ ਜ਼ਿੰਦਗੀ ਦੇ ਇੰਨੇ ਕੀਮਤੀ ਵਰੇ ਕਿਵੇਂ ਨਿਕਲ ਗਏ? ਤਾਂ ਇਨ੍ਹਾਂ ਚੰਦ ਦਿਨਾਂ ਲਈ ਇਸ ਤਰ੍ਹਾਂ ਦਾ ਵਿਵਹਾਰ ਅੱਛਾ ਨਹੀਂ। ਦੁਖਾਂਤ ਦੀ ਇਸ ਘੜੀ ਵਿਚ ਇਹ ਦਿਨ ਵੀ ਕੋਈ ਬਹੁਤੇ ਵੱਡੇ ਨਹੀਂ। ਇਹ ਵੀ ਨਿਕਲ ਜਾਣਗੇ। ਇਸ ਮਹਾਮਾਰੀ ਤੋਂ ਬਚਣ ਦਾ ਅਸਾਨ ਤਰੀਕਾ ਹੈ ਸਮਾਜਿਕ ਦੂਰੀ ਬਣਾ ਕੇ ਰੱਖਣੀ। ਕਿਸੇ ਵਿਅਕਤੀ ਜਾਂ ਸਾਜੋ ਸਮਾਨ ਜਿਸਨੂੰ ਕਰੋਨਾ ਪੀੜਤ ਦੀ ਛੋਹ ਪ੍ਰਾਪਤ ਹੋਵੇ ਨਾਲੋਂ ਸੰਪਰਕ ਤੋੜਨਾ, ਆਪਣੇ ਸਾਹਾਂ ਦੀ ਗਤੀ ਨੂੰ ਚਾਲੂ ਰੱਖਣ ਵਾਂਗ ਹੈ। ਕਰੋਨਾ ਉਸ ਦੁਸ਼ਮਣ ਦੀ ਤਰ੍ਹਾਂ ਹੈ ਜਿਹੜਾ ਨਾ ਤਾਂ ਸਾਨੂੰ ਨਜ਼ਰ ਹੀ ਆ ਰਿਹਾ ਹੈ ਅਤੇ ਨਾ ਹੀ ਇਸਦੀ ਕੋਈ ਭਿਣਕ ਪੈ ਰਹੀ ਹੈ।

ਦੋਸਤੋ ਅਜਿਹੇ ਵਿਹਲੇ ਸਮੇਂ ਨੂੰ ਸੋਝੀ ਨਾਲ ਵਰਤਣ ਦਾ ਸਭ ਤੋਂ ਵਧੀਆ ਢੰਗ ਹੈ ਆਪਣੇ ਆਪ ਨੂੰ ਕਿਤਾਬਾਂ ਨਾਲ ਜੋੜਨਾ। ਭਾਵੇਂ ਅਸੀਂ ਜਾਣਦੇ ਹਾਂ ਕਿ ਪੰਜਾਬੀ ਲੋਕਾਂ ਦੀ ਫ਼ਿਤਰਤ ਪੜ੍ਹਨ ਦੀ ਨਹੀਂ ਰਹੀ।ਇਹ ਪੜ੍ਹਨ ਦੇ ਨਹੀਂ ਖਾਣ-ਪੀਣ ਦੇ ਵਧੇਰੇ ਸ਼ੌਕੀਨ ਹਨ। ਪਰ ਧਾਰਨਾਵਾਂ ਸਦਾ ਇੱਕੋ ਜਿਹੀਆਂ ਨਹੀਂ ਰਹਿੰਦੀਆਂ। ਜ਼ਿੰਦਾਦਿਲ ਲੋਕ ਇਨ੍ਹਾਂ ਨੂੰ ਤੋੜਦੇ ਵੀ ਆਏ ਹਨ ਤੇ ਲੋਕ ਹੀ ਨਵੀਆਂ ਲੀਹਾਂ ਪਾਉਂਦੇ ਵੀ।ਸੱਚ ਮੰਨਿਓ ਅਜਿਹੇ ਸਮੇਂ ਕਿਤਾਬਾਂ ਤੁਹਾਡੀਆਂ ਪਰਮ ਮਿੱਤਰ ਸਾਬਤ ਹੋਣਗੀਆਂ। ਠੀਕ ਹੈ ਅਜੋਕੇ ਦੌਰ ਵਿਚ ਟੀ. ਵੀ., ਮੋਬਾਇਲ, ਕੰਪਿਊਟਰ, ਇੰਟਰਨੈੱਟ ਨਾਲ ਜੁੜੇ ਰਹਿਣਾ ਵੀ ਸਾਡੀ ਇੱਕ ਮਜਬੂਰੀ ਬਣ ਗਿਆ ਹੈ।ਪਰ ਇਨ੍ਹਾਂ ਤੇ ਬੇਲੋੜੀਆਂ ਆ ਰਹੀਆਂ ਸੂਚਨਾਵਾਂ ਸਾਡਾ ਨਾ ਸਿਰਫ ਸਮਾਂ, ਸਿਹਤ ਅਤੇ ਸਾਧਨਾਂ ਦਾ ਹੀ ਨਾਸ਼ ਮਾਰ ਰਹੀਆਂ ਹਨ ਸਗੋਂ ਸਾਨੂੰ ਭੈਅ ਭੀਤ ਵੀ ਕਰ ਰਹੀਆਂ ਹਨ।ਕਿਤਾਬਾਂ ਸਾਨੂੰ ਸੰਵੇਦਨਸ਼ੀਲ ਬਣਾਉਂਦੀਆਂ ਹਨ। ਜਿਸ ਘਰ ਵਿਚ ਕਿਤਾਬਾਂ ਦਾ ਪਾਠਨ ਹੋ ਰਿਹਾ ਹੋਵੇ ਉਸ ਘਰ ਵਿਚ ਅਪਣੱਤ ਦੀ, ਮੋਹ-ਮੁਹੱਬਤ ਦੀ ਮਹਿਕ ਘੁਲ਼ ਜਾਂਦੀ ਹੈ।ਤੁਹਾਨੂੰ ਫੇਰ ਘਰ ਦੇ ਜੁਆਕਾਂ ਨੂੰ ਵੀ ਕਹਿਣ ਦੀ ਜ਼ਰੂਰਤ ਨਹੀਂ ਪੈਂਦੀ ਕਿ ਆਪਣਾ ਪੜ੍ਹ ਲਵੋ। ਤੁਹਾਨੂੰ ਦੇਖਾ ਦੇਖੀ ਉਹ ਵੀ ਪੁਸਤਕਾਂ ਦੇ ਪੰਨੇ ਪਲਟਣੇ ਸ਼ੁਰੂ ਕਰ ਦਿੰਦੇ ਹਨ।

ਇਨ੍ਹਾਂ ਦਿਨਾਂ ਵਿਚ ਨੈਸ਼ਨਲ ਬੁਕ ਟ੍ਰੱਸਟ ਨੇ ਆਪਣੀ ਸਾਇਟ ਤੇ 100 ਦੇ ਲਗ-ਪਗ ਪੰਜਾਬੀ, ਹਿੰਦੀ, ਅੰਗਰੇਜ਼ੀ, ਤਾਮਿਲ ਅਤੇ ਭਾਰਤੀ ਸੰਵਿਧਾਨ ਵਿਚ ਦਰਜ 22 ਭਾਸ਼ਾਵਾਂ ਦੀਆਂ ਪੁਸਤਕਾਂ ਦੀਆਂ ਪੀ.ਡੀ.ਐੱਫ. ਉਪਲਬਧ ਕਰਾ ਦਿੱਤੀਆਂ ਹਨ।ਇਨ੍ਹਾਂ ਪੁਸਤਕਾਂ ਵਿਚ ਹਰ ਉਮਰ ਵਰਗ ਦੇ ਪਾਠਕਾਂ ਲਈ ਸਾਹਿਤ ਮਿਲ ਜਾਵੇਗਾ। ਐੱਨਬੀਟੀ-ਇੰਡੀਆ ਸਾਇਟ ਤੇ ਜਾ ਕੇ ਡਾਊਨ ਲਾਊਡ ਕਰਕੇ ਤੁਸੀਂ ਇਹ ਕਿਤਾਬਾਂ ਪੜ੍ਹ ਸਕਦੇ ਹੋ। ਇਸ ਤੋਂ ਇਲਾਵਾ ਛੋਟੇ ਜੁਆਕਾਂ ਨਾਲ ਘਰ ਵਿਚ ਛੋਟੀਆਂ ਖੇਡਾਂ ਜਿਵੇਂ ਲੁਡੋ, ਕੈਰਮ ਬੋਰਡ, ਪੇਂਟਿੰਗ ਸਮੇਂ ਰੰਗਾਂ ਨਾਲ ਖੇਡਦਿਆਂ ਰੰਗਾਂ ਵਿਹੂਣੀ ਜ਼ਿੰਦਗੀ 'ਚ ਰੰਗ ਭਰ ਸਕਦੇ ਹੋ।

ਪੁਸਤਕਾਂ ਪੜ੍ਹਦਿਆਂ ਤੁਸੀਂ ਸਿਰਫ ਕਰੋਨਾ ਵਰਗੀ ਨਾਮੁਰਾਦ ਬਿਮਾਰੀ ਦਾ ਸੇਕ ਝੱਲ ਰਹੇ ਘਰ ਵਿਚਲੀ ਵਿਹਲ ਨੂੰ ਸਾਰਥਕ ਪਾਸੇ ਹੀ ਨਹੀਂ ਲਾਵੋਗੇ ਸਗੋਂ ਇਵੇਂ ਕਰਨ ਨਾਲ ਆਉਣ ਵਾਲੇ ਸਮੇਂ ਵਿਚ ਚੰਗੇ ਨਤੀਜੇ ਨਿਕਲਣ ਦੀ ਆਸ ਵੀ ਬੱਝੇਗੀ।ਤੁਸੀਂ ਆਪਣੇ ਕਲਚਰ ਅਤੇ ਜੜ੍ਹਾਂ ਨਾਲ ਜੁੜੋਗੇ, ਚੰਚਲ ਮਨ ਵਿਚ ਸੰਜਮ ਪੈਦਾ ਹੋਵੇਗਾ, ਪਿਆਰ ਮੁਹੱਬਤ ਦੇ ਬੀਜ ਪੁੰਗਰਨਗੇ, ਸੁਘੜ ਸਮਾਜ ਦੀ ਬਣਤਰ ਤੇ ਬੁਣਤਰ ਬਾਰੇ ਸੁਜੱਗ ਹੋਵੋਗੇ।ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਜੇਕਰ ਅਸੀਂ ਪੁਸਤਕ ਕਲਚਰ ਨਾਲ ਜੁੜੇ ਹੁੰਦੇ ਤਾਂ ਬੀਤੇ ਵਰ੍ਹਿਆਂ ਵਿਚ ਮਨੁਖ ਹੱਥੋਂ ਮਨੁਖ ਦੇ ਵਾਰ-ਵਾਰ ਹੁੰਦੇ ਬੇ-ਰਹਿਮ ਕਤਲਾਂ ਨੂੰ ਜ਼ਰੂਰ ਠੱਲ੍ਹ ਪੈਂਦੀ ਤੇ ਸਾਡੇ ਸਮਾਜ ਦਾ ਮੂੰਹ-ਮੁਹਾਂਦਰਾ ਹੀ ਕੁਝ ਹੋਰ ਹੁੰਦਾ। ਆਓ ਪੁਸਤਕਾਂ ਸੰਗ ਸਾਂਝ ਪਾਈਏ ਤੇ ਕਰੋਨਾ ਵਾਇਰਸ ਕਾਰਨ ਮਿਲੀ ਅਣਚਾਹੀ ਵਿਹਲ ਸਮੇਂ ਪੁਸਤਕਾਂ ਪੜ੍ਹ ਕੇ ਸੁਜੱਗ ਹੋਈਏ। ਜਿਆਦਾ ਭੈਅ-ਭੀਤ ਹੋਣ ਦੀ ਲੋੜ ਨਹੀਂ ਕਿਉਂਕਿ ਘੁਪ ਹਨ੍ਹੇਰੀ ਰਾਤ ਤੋਂ ਬਾਅਦ ਸੂਹੀ ਸੱਜਰੀ ਸਵੇਰ ਆ ਕੇ ਹੀ ਰਹਿੰਦੀ ਹੈ।

# ਘਰਾਂ ਤੋਂ ਬਾਹਰ ਫਸੇ ਲੋਕਾਂ ਦੀ ਹਾਲਤ ਤਰਸਯੋਗ

ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'
ਯੂਬਾ ਸਿਟੀ-ਕੈਲੇਫੋਰਨੀਆ (ਅਮਰੀਕਾ)
001-360-448-1989

ਕੋਰੋਨਾ ਨੇ ਲੋਕਾਂ ਦੀ ਜਾਨ ਕੁੜਿਕੀ ਵਿੱਚ ਫਸਾ ਰੱਖੀ ਹੈ।ਭਾਰਤ ਸਰਕਾਰ ਨੇ ਬਿਨਾਂ ਚਿਤਾਵਨੀ ਦਿੱਤੇ ਇੱਕਦਮ ਤਾਲ਼ਾਬੰਦੀ ਕਰਕੇ ਘਰਾਂ ਤੋਂ ਬਾਹਰ ਗਏ ਲੋਕਾਂ ਨੂੰ ਬਾਹਰ ਰਹਿਣ ਲਈ ਹੀ ਮਜਬੂਰ ਕਰ ਦਿੱਤਾ ਹੈ। ਘਰਾਂ ਤੋਂ ਦੂਰ ਪੜ੍ਹਨ ਲਈ ਗਏ ਵਿਦਿਆਰਥੀ ਆਪਣੇ ਘਰਾਂ ਨੂੰ ਨਹੀਂ ਆ ਸਕੇ।ਪਿਛਲੇ ਦਿਨੀਂ ਕੋਟਾ ਸ਼ਹਿਰ ਵਿੱਚ ਪੜ੍ਹਨ ਗਏ ਵਿਦਿਆਰਥੀਆਂ ਨੇ ਹਾਲ ਦੁਹਾਈ ਪਾਈ। ਉਹਨਾਂ ਨੂੰ ਲਿਆਉਣ ਲਈ ਕੁੱਝ ਸੂਬਿਆਂ ਦੀਆਂ ਸਰਕਾਰਾਂ ਨੇ ਬੱਸਾਂ ਭੇਜ ਕੇ ਉਹਨਾਂ ਦੇ ਘਰਾਂ ਤੱਕ ਪਹੁੰਚਾਇਆ ਵੀ ਹੈ ਪਰ ਅਜੇ ਵੀ ਬਹੁਤ ਸਾਰੇ ਵਿਦਿਆਰਥੀ ਉੱਥੇ ਹੀ ਫਸੇ ਬੈਠੇ ਹਨ।ਸਕੂਲਾਂ ਕਾਲਜਾਂ ਵਿੱਚ ਪੜ੍ਹਨ ਗਏ ਵਿਦਿਆਰਥੀ ਵੀ ਹੋਸਟਲਾਂ ਵਿੱਚ ਹੀ ਘਿਰ ਗਏ ਹਨ। ਇਹ ਆਪਣੀ ਥਾਂ ਅਤੇ ਇਹਨਾਂ ਦੇ ਮਾਪੇ ਆਪਣੀ ਥਾਂ ਪ੍ਰੇਸ਼ਾਨ ਹੋ ਰਹੇ ਹਨ।ਇੱਕ ਅਜਿਹੀ ਮਾਂ ਵੀ ਹੈ ਜਿਸਨੇ ਆਪਣੇ ਪੁੱਤਰ ਨੂੰ ਸਕੂਟਰੀ ਤੇ ਹੀ ਸੱਤ ਸੌ ਮੀਲ ਦਾ ਸਫਰ ਇੱਕ ਪਾਸੇ ਨੂੰ ਹੀ ਤੈਅ ਕਰਕੇ ਆਪਣੇ ਘਰ ਲੈ ਆਂਦਾ ਸੀ।ਇਸ ਗੱਲ ਦੀ ਵੀ ਮੀਡੀਆ ਵਿੱਚ ਚਰਚਾ ਹੁੰਦੀ ਰਹੀ। ਦੂਜੇ ਬੱਚਿਆਂ ਦੀਆਂ ਮਾਵਾਂ ਦੇ ਦਿਲ ਵੀ ਇਸ ਮਾਂ ਵਰਗੇ ਹੀ ਹਨ ਪਰ ਉਹ ਇਸ ਮਾਂ ਵਾਂਗ ਨਹੀਂ ਸੀ ਕਰ ਸਕਦੀਆਂ। ਸਰਕਾਰਾਂ ਦੀ ਅੱਖ ਫੇਰ ਵੀ ਨਾ ਖੁੱਲੀ।

ਇੱਕ ਸਿਰਫ ਵਿਦਿਆਰਥੀ ਹੀ ਨਹੀਂ ਹਜਾਰਾਂ ਮਜਦੂਰ ਜੋ ਕਿ ਦੂਰ-ਦੁਰਾਡੇ ਕੰਮ ਕਰਨ ਲਈ ਗਏ ਹੋਏ ਸਨ, ਵੀ ਉਹਨਾਂ ਥਾਵਾਂ ਤੇ ਹੀ ਰਹਿਣ ਲਈ ਮਜਬੂਰ ਹੋ ਗਏ ਹਨ।ਇਹੋ ਜਿਹੇ ਮਜਦੂਰਾਂ ਦੀ ਹਾਲਤ ਜਿਆਦਾ ਹੀ ਤਰਸਯੋਗ ਬਣੀ ਹੋਈ ਹੈ। ਬਹੁਤੀਆਂ ਥਾਵਾਂ ਤੇ ਇਨ੍ਹਾਂ ਨੂੰ ਨਾ ਤਾਂ ਕੰਮ ਕਰਵ-ਾਉਣ ਵਾਲੇ ਮਾਲਕ ਕੁੱਝ ਦੇ ਰਹੇ ਹਨ ਅਤੇ ਨਾ ਹੀ ਸਰਕਾਰਾਂ ਵਲੋਂ ਇਨ੍ਹਾਂ ਦੀ ਮਦੱਦ ਹੋ ਰਹੀ ਹੈ। ਇਹ ਵਿਚਾਰੇ ਭੁੱਖ ਨਾਲ ਮਰਨ ਲਈ ਹੀ ਮਜਬੂਰ ਹੋਏ ਪਏ ਹਨ।

ਕੋਰੋਨਾ ਨੇ ਭਾਰਤ ਵਿੱਚ ਕਈ ਦੇਸ਼ਾਂ ਨਾਲੋਂ ਬਾਅਦ ਵਿੱਚ ਦਸਤਕ ਦਿੱਤੀ ਸੀ ਪਰ ਕੇਂਦਰ ਸਰਕਾਰ ਨੇ ਤਾਲ਼ਾਬੰਦੀ ਦਾ ਫੈਸਲਾ ਸ਼ੁਰੂਆਤੀ ਦੌਰ ਵਿੱਚ ਹੀ ਲੈ ਲਿਆ ਸੀ। ਭਾਵੇਂ ਇਹ ਇੱਕ ਚੰਗਾ ਕਦਮ ਸੀ ਪਰ ਜੇ ਦੋ-ਤਿੰਨ ਦਿਨ ਲੋਕਾਂ ਨੂੰ ਘਰਾਂ ਤੱਕ ਜਾਣ ਲਈ ਦੇ ਦਿੱਤੇ ਜਾਂਦੇ ਤਾਂ ਹੋਰ ਵੀ ਚੰਗਾ ਹੋਣਾ ਸੀ। ਸਰਕਾਰਾਂ ਆਮ ਲੋਕਾਂ ਦੀਆਂ ਮਜਬੂਰੀਆਂ ਨਹੀਂ ਸਮਝਦੀਆਂ। ਕਈ ਮਜਦੂਰ ਮਜਬੂਰੀ ਵੱਸ ਆਪਣੇ ਘਰਾਂ ਨੂੰ ਸੈਂਕੜੇ ਮੀਲਾਂ ਦੇ ਸਫਰ ਤੇ ਪੈਦਲ ਹੀ ਨਿਕਲ ਤੁਰੇ। ਕਈ ਥਾਵਾਂ ਤੋਂ ਅਜਿਹੀਆਂ ਰਿਪੋਰਟਾਂ ਵੀ ਆਈਆਂ ਕਿ ਮਜਦੂਰ ਰਾਹ ਵਿੱਚ ਹੀ ਦਮ ਤੋੜ ਗਏ। ਇਨ੍ਹਾਂ ਗਰੀਬਾਂ ਦਾ ਕਸੂਰ ਤਾਂ ਕੋਈ ਨਹੀਂ ਸੀ। ਇਸ ਸਾਰੇ ਕੁੱਝ ਦੀਆਂ ਸਰਕਾਰਾਂ ਹੀ ਜ਼ਿੰਮੇਂਵਾਰ ਹਨ। ਬਹੁਤ ਸਾਰੇ ਲੋਕ ਆਪਣੇ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਨਿਕਲੇ ਹੋਏ ਸਨ,ਉਹ ਵੀ ਉੱਥੇ ਹੀ ਫਸ ਗਏ ਹਨ। ਪਿਛਲੇ ਦਿਨੀਂ ਨਾਦੇੜ ਸਾਹਿਬ ਤੋਂ ਸ਼ਰਧਾਲੂਆਂ ਨੂੰ ਲਿਆਉਣ ਲਈ ਪ੍ਰਬੰਧ ਕੀਤਾ ਗਿਆ।ਇਹਨਾਂ ਚੋਂ ਪੰਜਾਬ ਪਹੁੰਚੇ ਕਈ ਸ਼ਰਧਾਲੂਆਂ ਨੂੰ ਕੋਰੋਨਾ ਪੌਜ਼ਿਟਿਵ ਆ ਗਿਆ। ਜੇ ਇਹਨਾਂ ਨੂੰ ਸ਼ੁਰੂਆਤੀ ਦਿਨਾਂ ਵਿੱਚ ਹੀ ਲੈ ਆਂਦਾ ਜਾਂਦਾ ਤਾਂ ਇਹਨਾਂ ਨੇ ਕੋਰੋਨਾ ਤੋਂ ਬੱਚ ਜਾਣਾ ਸੀ। ਇਹ ਸਿਰਫ ਇਹਨਾਂ ਨਾਲ ਹੀ ਨਹੀਂ ਹੋਇਆ ਅਜਿਹੇ ਹੋਰ ਵੀ ਬਹੁਤ ਲੋਕ ਹੋਣਗੇ।

ਆਪਣੇ ਹੀ ਦੇਸ਼ ਵਿੱਚ ਹਜਾਰਾਂ ਲੋਕ ਘਰਾਂ ਤੋਂ ਬਾਹਰ ਫਸ ਗਏ ਹਨ। ਉਹਨਾਂ ਲੋਕਾਂ ਦੀ ਵੀ ਗਿਣਤੀ ਬਹੁਤ ਹੈ ਜਿਹੜੇ ਇੱਕ ਦੇਸ਼ ਤੋਂ ਆਪਣੇ ਦੇਸ਼ ਪਰਤ ਰਹੇ ਸਨ,ਉਹ ਕਿਸੇ ਵਿਚਕਾਰਲੇ ਦੇਸ਼ਾਂ ਵਿੱਚ ਫਸ ਗਏ ਹਨ ਜਿੱਥੇ ਉਹਨਾਂ ਨੇ ਫਲਾਈਟ ਬਦਲਣੀ ਸੀ।

ਵੱਖ-ਵੱਖ ਦੇਸ਼ਾਂ ਤੋਂ ਭਾਰਤ ਪਰਤ ਰਹੇ ਕਈ ਲੋਕ ਦੁਬਈ ਦੇ ਏਅਰਪੋਰਟ ਤੇ ਹੀ ਫਸ ਗਏ ਹਨ। ਇੱਥੇ ਫਸਿਆਂ ਨੂੰ ਇਹਨਾਂ ਨੂੰ ਮਹੀਨੇ ਤੋਂ ਉਪਰ ਸਮਾਂ ਹੋ ਗਿਆ ਹੈ। ਇਹ ਇੱਥੇ ਤੰਗੀ ਭਰਿਆ ਜੀਵਨ ਜੀਣ ਲਈ ਮਜਬੂਰ ਹਨ।ਇਹ ਇੱਕ ਉਦਾਹਰਣ ਮਾਤਰ ਹਨ, ਅਜਿਹੇ ਹੋਰ ਵੀ ਬਹੁਤ ਹੋਣਗੇ ਜਿਹੜੇ ਬਿਨ੍ਹਾਂ ਵਜ੍ਹਾ ਹੀ ਰਾਹਵਾਂ ਵਿੱਚ ਫਸੇ ਬੈਠੇ ਹਨ। ਇਹਨਾਂ ਲੋਕਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਹੈ। ਅਜਿਹੇ ਹਾਲਾਤਾਂ ਵਿੱਚ ਆਮ ਬੰਦਾ ਮਾਨਸਿਕ ਰੋਗੀ ਵੀ ਬਣ ਜਾਂਦਾ ਹੈ, ਜੋ ਕਿ ਸਾਰੀ ਉਮਰ ਦਾ ਸੰਤਾਪ ਬਣ ਜਾਂਦਾ ਹੈ।

ਥਾਲੀਆਂ ਖੜਕਾਉਣ ਅਤੇ ਦੀਵੇ ਜਗਾਉਣ ਵਰਗੇ ਬੇਤੁਕੇ ਫੈਸਲੇ ਲੈਣ ਨਾਲੋਂ ਚੰਗਾ ਹੁੰਦਾ ਜੇ ਕਿਤੇ ਦੂਰ-ਦੁਰਾਡੇ ਘਿਰੇ ਲੋਕਾਂ ਨੂੰ ਉਹਨਾਂ ਨੂੰ ਉਹਨਾਂ ਦੇ ਟਿਕਾਣਿਆਂ ਤੇ ਪਹੁੰਚਾਉਣ ਲਈ ਕੋਈ ਉਪਰਾਲਾ ਕੀਤਾ ਜਾਂਦਾ।

ਕੇਂਦਰ ਸਰਕਾਰ ਨੇ ਕਾਹਲੀ ਵਿੱਚ ਤਾਲ਼ਾਬੰਦੀ ਦਾ ਫੈਸਲਾ ਲੈ ਕੇ ਹਜਾਰਾਂ ਲੋਕਾਂ ਦੀ ਜਾਨ ਜੋਖ਼ਮ ਵਿੱਚ ਪਾ ਦਿੱਤੀ ਹੈ। ਐਨਾ ਕੁੱਝ ਕਰਨ ਦੇ ਬਾਵਜੂਦ ਵੀ ਕੋਰੋਨਾ ਦੇ ਮਰੀਜਾਂ ਦੀ ਗਿਣਤੀ ਦਿਨੋਂ ਦਿਨ ਵਧੀ ਜਾਂਦੀ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਇਸ ਤਰਾਂ ਦੀ ਮਹਾਂਮਾਰੀ ਮੌਕੇ ਆਮ ਲੋਕਾਂ ਦੀਆਂ ਦਿੱਕਤਾਂ ਨੂੰ ਵੀ ਧਿਆਨ ਵਿੱਚ ਰੱਖੇ ਤਾਂ ਕਿ ਅਜਿਹਾ ਨਾ ਹੋਵੇ ਕਿ ਆਮ ਲੋਕ ਇੱਕ ਬੀਮਾਰੀ ਤੋਂ ਬੱਚਦੇ-ਬੱਚਦੇ ਕਿਸੇ ਦੂਜੀ ਬੀਮਾਰ ਦਾ ਸ਼ਿਕਾਰ ਹੋ ਕੇ ਨਰਕ ਭਰਿਆ ਜੀਵਨ ਜੀਊਣ ਲਈ ਮਜਬੂਰ ਹੋ ਜਾਣ।

# ਔਰਤ ਦੀ ਜ਼ਿੰਮੇਵਾਰੀ



ਅਮਰਜੀਤ ਕੌਰ 'ਲਾਲਪੁਰ'
91-89680-39646

ਭਾਂਵੇ ਕਰੋਨਾ ਨਾਂ ਦੀ ਮਹਾਂਮਾਰੀ ਨੇ ਸਭ ਨੂੰ ਵਿਹਲੇ ਕਰ ਦਿੱਤਾ ਹੈ। ਬੀਮਾਰੀ ਦੇ ਫੈਲਣ ਦੇ ਡਰ ਦੇ ਕਾਰਨ ਸਭ ਕੰਮ ਧੰਦੇ ਠੱਪ ਕਰ ਦਿੱਤੇ ਗਏ ਹਨ। ਜਿੱਥੇ ਹਰ ਖੇਤਰ ਦੇ ਕੰਮਕਾਜੀਆਂ ਨੂੰ ਕੰਮ ਤੋਂ ਵਿਹਲ ਮਿਲ ਗਈ। ਉੱਥੇ ਕੁਝ ਕਿੱਤੇ ਜਿਵੇਂ: ਡਾਕਟਰ, ਪੁਲੀਸ, ਨਰਸਾਂ, ਹਸਪਤਾਲਾਂ ਦਾ ਸਟਾਫ਼, ਸਫ਼ਾਈ ਕਰਮਚਾਰੀ, ਮੀਡੀਆ ਕਰਮੀ ਆਦਿ ਦੀ ਡਿਊਟੀ ਹੋਰ ਵੀ ਸਖ਼ਤ ਹੋ ਗਈ ਹੈ। ਇੱਕ ਹੋਰ ਵੀ ਇਨਸਾਨ ਹੈ ਜਿਸ ਦੀ ਡਿਊਟੀ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ, ਉਹ ਹੈ ਔਰਤ ਜੋ ਹਮੇਸ਼ਾ ਆਪਣੇ ਕਰਤੱਵ ਤਨਦੇਹੀ ਨਾਲ ਨਿਭਾਉਂਦੀ ਹੈ। ਉਸ ਨੂੰ ਕਦੀ ਵੀ ਕੰਮ ਤੋਂ ਵਿਹਲ ਨਹੀਂ ਮਿਲਦੀ। ਉਹ ਲਾਕਡਾਊਨ ਤੋਂ ਪਹਿਲਾਂ ਵੀ ਘਰ ਦੇ ਕੰਮ ਕਰਦੀ ਸੀ । ਲਾਕਡਾਊਨ ਦੇ ਦੌਰਾਨ ਵੀ ਕਰ ਰਹੀ ਹੈ ਤੇ ਬਾਅਦ ਵਿੱਚ ਵੀ ਕਰਦੀ ਰਹੇਗੀ। ਉਪਰੋਕਤ ਕਿੱਤਿਆਂ ਨਾਲ ਸਬੰਧਿਤ ਬਹੁਤ ਸਾਰੀਆਂ ਔਰਤਾਂ ਵੀ ਹਨ ਜੋ ਬਾਹਰ ਤਾਂ ਡਿਊਟੀ ਨਿਭਾਉਂਦੀਆਂ ਹੀ ਹਨ ਪਰ ਉਨ੍ਹ ਤੇ ਪਰਿਵਾਰਕ ਜ਼ਿੰਮੇਵਾਰੀਆਂ ਵੀ ਹਨ। ਉਨ੍ਹ ਦੇ ਵੀ ਪਰਿਵਾਰ ਹਨ ਜੋ ਉਨ੍ਹਾਂ ਦੀ ਰਾਹ ਦੇਖਦੇ ਹਨ। ਇਸ ਤਰ੍ਹਾਂ ਉਹਨਾਂ ਦੀ ਜ਼ਿੰਮੇਵਾਰੀ ਦੇਸ਼ ਤੇ ਪਰਿਵਾਰ ਦੋਵੇਂ ਬਣ ਜਾਂਦੇ ਹਨ। ਆਪਣੀ ਡਿਊਟੀ 'ਚ ਬਿਨਾਂ ਕੋਈ ਕੁਤਾਹੀ ਵਰਤੇ ਉਹ ਪਹਿਲ ਦੇਸ਼ ਨੂੰ ਦੇ ਕੇ ਆਪਣਾ ਫਰਜ਼ ਨਿਭਾ ਰਹੀਆਂ ਹਨ। ਦੂਜੇ ਪਾਸੇ ਆ ਗਈਆਂ ਘਰੇਲੂ ਔਰਤਾਂ, ਕੁਝ ਲੋਕ ਸੋਚਦੇ ਹੋਣਗੇ ਕਿ ਇਹਨਾਂ ਦਾ ਕੰਮ ਤਾਂ ਸੌਖਾ ਹੋ ਗਿਆ। ਹੁਣ ਤੇ ਸਿਰਫ਼ ਖਾਣਾ ਬਣਾਉਣਾ ਹੁੰਦਾ ਹੈ ਹੁਣ ਨਾ ਤਾਂ ਬੱਚਿਆਂ ਨੂੰ ਸਕੂਲ ਤੋਰਨਾ ਤੇ ਨਾ ਹੀ ਘਰ ਦੇ ਬਾਕੀ ਮੈਂਬਰਾਂ ਨੂੰ ਕੰਮ ਤੇ ਤੋਰਨ ਦੀ ਚਿੰਤਾ। ਪਰ ਕਰੋਨਾ ਕੀ ਆਇਆ ਮੰਨੋ ਕਿ ਔਰਤ ਦੀਆਂ ਜ਼ਿੰਮੇਵਾਰੀਆਂ ਹੋਰ ਵੀ ਜ਼ਿਆਦਾ ਵੱਧ ਗਈਆਂ ਖਾਣਾ ਬਣਾਉਣਾ, ਕੱਪੜੇ ਧੋਣਾ, ਭਾਂਡੇ ਮਾਂਝਣਾ ਭਾਂਵੇ ਉਸ ਦਾ ਰੋਜ਼ ਦਾ ਕੰਮ ਸੀ। ਪਰ ਹੁਣ ਗੱਲ ਇਹ ਕਿ ਪਰਿਵਾਰ ਦੇ ਸਾਰੇ ਮੈਂਬਰ ਇੱਕੋ ਛੱਤ ਥੱਲੇ ਇਕੱਠੇ ਹਨ ਤਾਂ ਖਾਣ ਦੀਆਂ ਫਰਮਾਇਸ਼ਾਂ ਚੱਲਦੀਆਂ ਰਹਿੰਦੀਆ ਹਨ। ਬਸ ਫਿਰ ਗੱਲ ਕੀ ਖਾਣੇ ਨਾਲ ਹੋਰ ਵੀ ਕੰਮ ਵੱਧ ਜਾਂਦੇ ਹਨ ਪਹਿਲਾਂ ਮਾਵਾਂ ਬੱਚਿਆਂ ਨੂੰ ਅਧਿਆਪਕਾਂ ਦੇ ਹਵਾਲੇ ਕਰ ਕੇ ਬੇਫ਼ਿਕਰ ਹੋ ਜਾਂਦੀਆਂ ਸਨ ਫਿਰ ਤਸੱਲੀ ਦੇ ਨਾਲ਼ ਘਰ ਦੇ ਕੰਮਾਂ ਵੱਲ ਧਿਆਨ ਦੇ ਪਾਉਦੀਆਂ ਸਨ। ਹੁਣ ਜਦੋਂ ਬੱਚੇ ਘਰ ਨੇ ਤਾਂ ਉਨਾਂ ਦੇ ਖਾਣ-ਪੀਣ ਦੇ ਨਾਲ਼-ਨਾਲ਼ ਹਾਈਜ਼ੀਨ ਦਾ ਧਿਆਨ ਵੀ ਬਹੁਤ ਜ਼ਰੂਰੀ ਹੋ ਜਾਂਦਾ ਹੈ। ਔਰਤ ਸਿਰਫ਼ ਮਾਂ ਹੀ ਨਹੀਂ ਇੱਕ ਪਤਨੀ, ਨੂੰਹ, ਧੀ, ਦਾਦੀ ਦੇ ਰੂਪ ਵਿੱਚ ਇੱਕ ਪਰਿਵਾਰ ਵਿੱਚ ਵਿਚਰਦੀ ਹੈ। ਇਸ ਲਈ ਸਭ ਨੂੰ ਸਮੇਂ ਸਿਰ ਪੋਸ਼ਟਿਕ ਅਹਾਰ, ਸਾਫ਼-ਸੁਥਰੇ ਪ੍ਰੈਸ ਕੀਤੇ ਕੱਪੜੇ, ਸਾਫ਼-ਸਫ਼ਾਈ, ਵੱਡਿਆਂ ਨੂੰ ਸਮੇਂ ਸਿਰ ਦਵਾਈ ਦੇਣਾ ਨਾ ਜਾਣੇ ਹੋਰ ਕਿੰਨੀਆਂ ਅਣਗਿਣਤ ਜ਼ਿੰਮੇਵਾਰੀਆਂ ਨਿਭਾਉਂਦੀ ਹੈ। ਸਭ ਤੋਂ ਅਹਿਮ ਗੱਲ ਇਹਨਾਂ ਹਾਲਾਤਾਂ ਵਿੱਚ ਜਿੱਥੇ ਸਭ ਕੰਮ ਕਾਰ ਤੋਂ ਵਿਹਲੇ ਹੋ ਗਏ ਹਨ ਭਵਿੱਖ ਦੀ ਚਿੰਤਾ ਤੰਗ ਕਰ ਰਹੀ ਹੈ ਤਣਾਅ ਵੱਧ ਰਿਹਾ ਹੈ ਜਿਸ ਕਰਕੇ ਕਈ ਘਰਾਂ ਵਿੱਚ ਕਲੇਸ਼ ਵੀ ਹੋ ਜਾਂਦਾ ਹੈ। ਇੱਕ ਚੰਗੀ ਔਰਤ ਆਪਣਾ ਫਰਜ਼ ਨਿਭਾਉਂਦੇ ਘਰ ਦੇ ਸਾਰੇ ਮੈਂਬਰਾਂ ਵਿੱਚ ਸੰਤੁਲਨ ਬਣਾ ਕੇ ਰੱਖਦੀ ਹੈ। ਸਿਰਫ਼ ਇੱਕ ਔਰਤ ਹੀ ਅਜਿਹੀ ਇਨਸਾਨ ਹੈ ਜਿਸ ਨੂੰ ਕਦੀ ਵੀ ਆਪਣੇ ਕੰਮ ਤੋਂ ਛੁੱਟੀ ਨਹੀਂ ਮਿਲਦੀ ਇਸ ਲਈ ਮਰਦਾਂ ਨੂੰ ਚਾਹੀਦਾ ਹੈ ਕਿ ਇਸ ਔਖੇ ਵੇਲੇ ਉਨਾਂ ਦਾ ਹੱਥ ਵਟਾਏ ਬਲਕਿ ਮੈਂ ਤੇ ਆਖਾਂਗੀ ਇਸ ਤੋਂ ਬਾਅਦ ਵੀ ਉਨਾਂ ਨੂੰ ਹੱਥ ਵਟਾਉਂਦੇ ਰਹਿਣਾ ਚਾਹੀਦਾ ਹੈ ਕਿਉਂਕਿ ਔਰਤ ਇਸ ਕੰਮ ਦੀ ਕੋਈ ਤਨਖ਼ਾਹ ਨਹੀਂ ਲੈਂਦੀ। ਉਹ ਸਿਰਫ਼ ਪਿਆਰ ਤੇ ਇੱਜ਼ਤ ਚਾਹੁੰਦੀ ਹੈ ਸੋ ਔਰਤ ਨੂੰ ਉਸਦਾ ਬਣਦਾ ਮਾਣ-ਸਨਮਾਨ ਮਿਲਣਾ ਚਾਹੀਦਾ ਹੈ।

# ਅਮਰੀਕਾ ਵਿਚ ਬੇਰੁਜ਼ਗਾਰੀ ਦਰ ਸਭ ਤੋਂ ਵੱਧ



**ਨਿਊਯਾਰਕ** – ਅਮਰੀਕਾ ਵਿਚ ਜਾਰੀ ਤਾਜ਼ਾ ਅੰਕੜਿਆਂ ਮੁਤਾਬਕ ਬੇਰੁਜ਼ਗਾਰੀ ਦਰ 1930 ਦੀ ਮਹਾਮੰਦੀ ਮਗਰੋਂ ਸਭ ਤੋਂ ਵੱਧ ਹੋ ਗਈ ਹੈ ਤੇ ਕਰੋਨਾ ਵਾਇਰਸ ਕਾਰਨ ਹਰ ਛੇ ਵਿਚੋਂ ਇਕ ਅਮਰੀਕੀ ਕਾਮੇ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਡੂੰਘੇ ਹੁੰਦੇ ਆਰਥਿਕ ਸੰਕਟ ਦਾ ਮੁਕਾਬਲਾ ਕਰਨ ਲਈ ਅਮਰੀਕੀ ਸੰਸਦ ਨੇ 500 ਅਰਬ ਡਾਲਰ ਦੇ ਪੈਕੇਜ ਨੂੰ ਮਨਜ਼ੂਰੀ ਦਿੱਤੀ ਹੈ। ਸਰਕਾਰ ਨੇ ਦੱਸਿਆ ਕਿ ਪਿਛਲੇ ਹਫਤੇ 44 ਲੱਖ ਤੋਂ ਵੱਧ ਲੋਕਾਂ ਨੇ ਬੇਰੁਜ਼ਗਾਰੀ ਭੱਤੇ ਲਈ ਅਰਜ਼ੀਆਂ ਦਿੱਤੀਆਂ ਹਨ। ਇਸ ਦੇ ਨਾਲ ਹੀ ਪਿਛਲੇ ਪੰਜ ਹਫਤਿਆਂ ਵਿਚ ਕਰੀਬ 2. 2.6 ਕਰੋੜ ਲੋਕ ਬੇਰੁਜ਼ਗਾਰ ਹੋਏ ਹਨ। ਅਮਰੀਕਾ ਲਈ ਮਾੜੀ ਖਬਰ ਇਹ ਵੀ ਹੈ ਕਿ ਅਜਿਹੇ ਸਬੂਤ ਵੀ ਮਿਲੇ ਹਨ ਕਿ ਨਿਊ ਯਾਰਕ ਸੂਬੇ ਵਿਚ 27 ਲੱਖ ਲੋਕਾਂ ਨੂੰ ਕਰੋਨਾ ਹੈ।

# ਪੰਜਾਬੀ ਭਾਸ਼ਾ ਵਿਚ ਬੋਧੀ ਸਾਹਿਤ



ਹਰਮੇਸ਼ ਜੱਸਲ
91-94644-83080

**ਪ੍ਰਾਚੀਨ** ਬੋਧੀ ਸਾਹਿਤ, ਪਾਲੀ ਭਾਸ਼ਾਂ ਵਿਚ ਰਚਿਆ ਗਿਆ ਸੀ। ਫਿਰ ਮਗਧੀ, ਸੰਸਕ੍ਰਿਤ ਅਤੇ ਹਿੰਦੀ ਵਿਚ ਬੋਧੀ ਸਾਹਿਤ ਦੀ ਰਚਨਾ ਸ਼ੁਰੂ ਹੋਈ। ਪੰਜਾਬੀ ਭਾਸ਼ਾ ਤਾਂ ਖੁਦ ਹੀ ਬਹੁਤੀ ਪ੍ਰਾਚੀਨ ਨਹੀਂ ਤਾਂ ਪ੍ਰਾਚੀਨ ਸਾਹਿਤ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੋ ਸਕਦਾ। ਪੰਜਾਬ 'ਚੋਂ ਬੁੱਧ ਧਰਮ ਅਤੇ ਉਸਦੇ ਪੈਰੋਕਾਰ ਤਾਂ ਸਦੀਆਂ ਪਹਿਲਾਂ ਹੀ ਅਲੋਪ ਹੋ ਚੁੱਕੇ ਸਨ ਤਾਂ ਸਾਹਿਤ ਰਚਨਾ ਕਿਸਨੇ ਕਰਨੀ ਸੀ। ਕੁਝ ਸਿੱਖ ਵਿਦਵਾਨਾਂ ਨੇ ਬੁੱਧ ਧੰਮ ਵਿਚ ਰੁਚੀ ਦਿਖਾਈ ਅਤੇ ਪੰਜਾਬੀ ਭਾਸ਼ਾ ਵਿਚ ਬੋਧੀ ਵਿਚਾਰਧਾਰਾ ਨੂੰ ਪ੍ਰਗਟ ਕਰਨਾ ਸ਼ੁਰੂ ਕੀਤਾ। ਡਾ. ਅੰਬੇਡਕਰ ਦੇ ਸੰਘਰਸ਼ ਸਦਕਾ ਦਲਿਤ ਚੇਤਨਾ ਉਤਪੰਨ ਹੋਈ। ਫਿਰ 1956 ਵਿਚ ਜਦੋਂ ਡਾ. ਅੰਬੇਡਕਰ ਨੇ ਬੁੱਧ ਧਰਮ ਗ੍ਰਹਿਣ ਕਰ ਲਿਆ ਤਾਂ ਭਾਰਤ 'ਚ ਬੁੱਧ ਧਰਮ ਮੁੜ ਕੇ ਸੁਰਜੀਤ ਹੋ ਗਿਆ। ਉਸ ਤੋਂ ਬਾਅਦ ਬੁੱਧ ਦੇ ਪੈਰੋਕਾਰਾਂ ਦੀ ਗਿਣਤੀ, ਪੰਜਾਬ 'ਚ ਵੀ ਵਧਣੀ ਸ਼ੁਰੂ ਹੋਈ ਅਤੇ ਪੰਜਾਬੀ ਭਾਸ਼ਾ ਵਿਚ ਬੋਧੀ ਸਾਹਿਤ ਰਚਿਆ ਜਾਣ ਲੱਗਾ। ਬਹੁਤ ਸਾਰੇ ਅਨੁਵਾਦ ਵੀ ਹੋਏ। ਅਸੀਂ ਇਸ ਲੇਖ ਵਿਚ, ਪੰਜਾਬੀ ਭਾਸ਼ਾ ਵਿਚ ਰਚੇ ਗਏ ਅਤੇ ਅਨੁਵਾਦ ਹੋਏ ਬੋਧੀ ਸਾਹਿਤ ਦੀ ਇਕ ਝਲਕ ਹੀ ਦਿਆਂਗੇ। ਵਿਸਥਾਰ ਦੇਣਾ ਸਾਡਾ ਮਕਸਦ ਨਹੀਂ ਹੈ। ਵਿਸਥਾਰ ਲਈ ਪਾਠਕ ਇੱਥੇ ਉਠਾਏ ਗਏ ਨੁਕਤਿਆਂ ਦੀ ਪੈੜ ਨੱਪਦੇ ਹੋਏ, ਸਰੋਤ ਤੱਕ ਪਹੁੰਚ ਕੇ ਖੁਦ ਪੜ੍ਹ ਸਕਦੇ ਹਾਂ।

ਪੰਜਾਬੀ ਵਿਚ ਦੋ ਤਰ੍ਹਾਂ ਦਾ ਬੋਧੀ ਸਾਹਿਤ ਰਚਿਆ ਗਿਆ ਹੈ। ਇਕ ਵਾਰਤਕ, ਦੂਜਾ ਕਾਵਿ ਰੂਪ। ਬੋਧੀ ਸਾਹਿਤ ਦੇ ਦੋ ਹੋਰ ਭੇਦ ਹਨ, ਇਕ ਬੋਧੀ ਵਿਦਵਾਨਾਂ ਵੱਲੋਂ ਰਚਿਆ ਗਿਆ ਸਾਹਿਤ ਹੈ, ਦੂਜਾ ਗੈਰ-ਬੋਧੀ ਵਿਦਵਾਨਾਂ ਵੱਲੋਂ ਰਚਿਆ ਗਿਆ ਬੋਧੀ ਸਾਹਿਤ ਹੈ। ਬੋਧੀ ਵਿਦਵਾਨਾਂ ਵੱਲੋਂ ਰਚੇ ਗਏ, ਸਾਹਿਤ ਦੇ ਹਵਾਲੇ ਤਾਂ ਇਸ ਪੁਸਤਕ ਵਿਚ ਜਗ੍ਹਾ-ਜਗ੍ਹਾ ਆਉਣਗੇ। ਇਸ ਲਈ, ਹੱਥਲੇ ਲੇਖ ਵਿਚ ਸਿਰਫ ਗੈਰ-ਬੋਧੀ ਵਿਦਵਾਨਾਂ ਵੱਲੋਂ ਰਚੇ ਸਾਹਿਤ ਦੇ ਹਵਾਲੇ ਹੀ ਹੋਣਗੇ:

**(1) ਪੁੰਡ੍ਰੀਕ: ਲੇਖਕ-ਕਪੂਰ ਸਿੰਘ**, ਪ੍ਰਕਾਸ਼ਕ ਅਤਰ ਚੰਦ ਕਪੂਰ ਐਂਡ ਸੰਨਜ਼, ਸੰਨ 1952

ਇਹ ਉਹੀ ਸਿੱਖ ਵਿਦਵਾਨ ਲੇਖਕ ਹਨ, ਜਿਹਨਾਂ ਦੀ 'ਸਾਚੀ ਸਾਖੀ' ਜਗਤ ਪ੍ਰਸਿੱਧ ਪੁਸਤਕ ਹੈ। ਇਹਨਾਂ ਨੇ ਬੁੱਧ ਧਰਮ ਬਾਰੇ ਕਾਫੀ ਕੁਝ ਲਿਖਿਆ ਹੈ। ਪੁੰਡ੍ਰੀਕ, ਇਹਨਾਂ ਦੀ ਬੇਹੱਦ ਪ੍ਰਸਿੱਧ ਕਿਤਾਬ ਹੈ। ਪੁੰਡ੍ਰੀਕ ਦਾ ਮਤਲਬ ਹੁੰਦਾ ਹੈ- ਕਮਲ ਦਾ ਫੁੱਲ। ਕਮਲ ਦਾ ਫੁੱਲ ਬੁੱਧ ਦਾ ਪ੍ਰਤੀਕ ਹੈ। ਬੁੱਧ ਦੀਆਂ ਤਸਵੀਰਾਂ ਅਤੇ ਮੂਰਤੀਆਂ ਕਮਲ ਦੇ ਫੁੱਲ ਉਪਰ ਹੀ ਬਣਾਈਆਂ ਜਾਂਦੀਆਂ ਹਨ। ਇਸ ਕਿਤਾਬ ਵਿਚ 'ਧੱਮਪਦ' ਨਾਮਕ ਲੇਖ, ਪੰਨਾ 261 ਤੋਂ ਲੈ ਕੇ 368 ਪੰਨੇ ਤੱਕ ਹੈ। ਇਸ ਲੇਖ ਦਾ ਆਧਾਰ, ਬੋਧੀਆਂ ਦੀ ਵਿਸ਼ਵ ਪ੍ਰਸਿੱਧ ਧਾਰਮਿਕ ਪੁਸਤਕ 'ਧੱਮਪਦ' ਹੀ ਹੈ। ਸ਼ਲਾਘਾਯੋਗ ਗੱਲ ਇਹ ਹੈ ਕਿ ਇਹ ਲੇਖ ਉਦੋਂ ਲਿਖਿਆ ਗਿਆ, ਜਦੋਂ ਬੁੱਧ ਧਰਮ ਬਾਰੇ, ਕੋਈ ਸਾਹਿਤ ਨਹੀਂ ਸੀ। ਬੁੱਧ ਦੀਆਂ ਗਾਥਾਵਾਂ ਨੂੰ ਸਭ ਤੋਂ ਪਹਿਲਾਂ, ਪੰਜਾਬੀ ਵਿਚ ਵਿਆਖਿਆ ਸਾਹਿਤ ਉਲਥਾ ਕੀਤਾ ਹੈ। ਇਹ ਪੰਜਾਬ ਦੇ ਬੋਧੀ ਸਾਹਿਤ ਨੂੰ ਬਹੁਤ ਵੱਡੀ ਦੇਣ ਹੈ। ਬਾਅਦ ਵਿਚ ਕਿਸੇ ਸੱਜਣ ਨੇ ਇਸੇ ਪੁਸਤਕ ਦੇ 'ਧੱਮਪਦ' ਨਾਮਕ ਲੇਖ ਨੂੰ 'ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ' ਸਿਰਲੇਖ ਹੇਠ ਵੱਖਰੀ ਪੁਸਤਕ ਦੇ ਰੂਪ ਵਿਚ ਛਾਪਿਆ ਹੈ। ਕਈ ਵਿਦਵਾਨ ਕਹਿੰਦੇ ਹਨ ਕਿ ਗਾਥਾਵਾਂ ਵਿਚ ਲਗਾ-ਮਾਤ੍ਰਾ ਦੀਆਂ ਕਮੀਆਂ ਰਹਿ ਗਈਆਂ ਹਨ, ਪਰ ਫਿਰ ਵੀ ਪ੍ਰਸੰਸਾਯੋਗ ਹੈ। ਪੜ੍ਹਨਯੋਗ ਹੈ। ਇਸ ਲੇਖ ਉਤੇ ਵੱਖਰੀ ਕਿਤਾਬ ਲਿਖੀ ਜਾ ਸਕਦੀ ਹੈ, ਜਦਕਿ ਸਾਡਾ ਮਕਸਦ, ਪਾਠਕਾਂ ਨੂੰ ਸਿਰਫ ਕਿਤਾਬ ਬਾਰੇ ਜਾਣਕਾਰੀ ਦੇਣਾ ਹੀ ਹੈ। ਇਸ ਲੇਖ ਵਿਚ 'ਧੱਮਪਦ' ਦੀਆਂ ਸਿਰਫ 101 ਗਾਥਾਵਾਂ ਦਾ ਹਵਾਲਾ ਦਿੱਤਾ ਗਿਆ ਹੈ, ਜਦਕਿ ਧੱਮਪਦ ਵਿਚ ਕੁੱਲ 423 ਗਾਥਾਵਾਂ ਹਨ। ਇਸ ਲੇਖ ਦਾ ਮੁੱਖ ਮਕਸਦ, ਬੁੱਧ ਧਰਮ ਅਤੇ ਸਿੱਖ ਧਰਮ ਦੀ ਵਿਚਾਰਕ ਸਮਰੂਪਤਾ ਨੂੰ ਦਰਸਾਉਣਾ ਹੈ। ਲੇਖਕ ਦਾ ਵਿਚਾਰ ਹੈ, "ਸਿੱਖ ਧਰਮ ਜੋ ਕਿ ਆਪਣੀ ਆਤਮਾ ਤੇ ਬੁਨਿਆਦੀ ਰੂਪ-ਰੇਖਾ ਦੇ ਪਹਿਲੂ ਤੋਂ ਬੁੱਧ ਧਰਮ ਦਾ ਹੀ ਨਵ-ਜਨਮਕ ਰੂਪ ਕਿਹਾ ਜਾ ਸਕਦਾ ਹੈ।"

(ਪੰਨਾ 270)।

**(2) ਸਪਤ ਸ਼੍ਰਿੰਗ:** ਸ: ਕਪੂਰ ਸਿੰਘ (ਆਈ. ਸੀ. ਐਸ.) ਦੀ ਦੂਜੀ ਪੁਸਤਕ ਹੈ, ਜਿਸ ਵਿਚ ਸੱਤ ਮਹਾਨ ਪੁਰਸ਼ਾਂ ਦੇ ਜੀਵਨ ਚਰਿੱਤ੍ਰ ਹਨ। ਇਕ ਲੇਖ (ਗੌਤਮ ਬੁੱਧ' ਪੰਨਾ 119 ਤੋਂ 143 ਪੰਨੇ ਤੱਕ ਹੈ। ਪਹਿਲੀ ਵਾਰ 1952 ਵਿਚ ਹਿੰਦ ਪਬਲਿਸ਼ਰਜ਼ ਅਤੇ ਚੌਥੀ ਵਾਰ, ਲਾਹੌਰ ਬੁੱਕ ਸ਼ਾਪ ਲੁਧਿਆਣਾ ਨੇ 1980 ਵਿਚ ਛਾਪੀ। ਬੁੱਧ ਦਾ ਸੰਖੇਪ ਜੀਵਨ ਸਾਰ ਦਿੱਤਾ ਗਿਆ ਹੈ। ਇਸ ਲੇਖ ਵਿਚ ਵੀ, ਲੇਖਕ 'ਬੁੱਧ ਧਰਮ ਅਤੇ ਸਿੱਖ ਧਰਮ' ਵਿਚਲੀਆਂ ਸਮਾਨਤਾਵਾਂ ਦਾ ਵਰਣਨ ਕਰਦੇ ਹੋਏ ਲਿਖਦੇ ਹਨ ਕਿ "ਗੌਤਮ ਬੁੱਧ ਦੇ ਜਵੀਨ ਦੀਆਂ ਇਹ ਘਟਨਾਵਾਂ ਪੜ੍ਹੀਦੀਆਂ ਹਨ ਤਾਂ ਸਿੱਖ ਗੁਰੂਆਂ ਦੀਆਂ ਜੀਵਨ ਘਟਨਾਵਾਂ, ਵਿਸ਼ੇਸ਼ ਕਰਕੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ ਪ੍ਰਿਥੀ ਚੰਦ ਅਤੇ ਧੀਰਮੱਲ ਦੇ ਕੁਟਲ ਕਰਮ ਆਪਹੁਦਰੇ ਅੱਖਾਂ ਅੱਗੇ ਆ ਜਾਂਦੇ ਹਨ ਅਤੇ ਅਚੰਭਿਤ ਹੋਈਦਾ ਹੈ ਕਿ ਤਵਾਰੀਖ ਕਿਵੇਂ ਕਿਸੇ ਵਚਿੱਤ੍ਰ ਤੇ ਗੁਪਤ ਸ਼ਕਤੀ ਦੇ ਅਧੀਨ ਹੋ ਕੇ ਪੁਰਾਣੀਆਂ ਬੀਤ ਚੁੱਕੀਆਂ ਘਟਨਾਵਾਂ ਸਮਾਂ ਪਾ ਕੇ ਮੁੜ ਵਰਤਾ ਦਿੰਦੀ ਹੈ।"

(ਪੰਨਾ 139)।

(3) **Parashar Prasna (ਪਰਾਸ਼ਰ ਪ੍ਰਸ਼ਨਾ):** ਸ: ਕਪੂਰ ਸਿੰਘ ਦੀ ਹੀ ਇਕ ਹੋਰ ਪੁਸਤਕ ਹੈ। ਇਸ ਵਿਚ ਵੀ ਸਿੱਖ ਧਰਮ ਅਤੇ ਬੁੱਧ ਧਰਮ ਵਿਚ ਸਮਾਨਤਾ ਦਾ ਵਰਣਨ ਕੀਤਾ ਹੈ।

**(4) ਧੱਮਪਦ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸੰਨ 1969 ਵਿਚ ਪੰਜਾਬੀ ਵਿਚ 'ਧੱਮਪਦ' ਛਾਪਿਆ, ਜਿਸਨੂੰ ਵਿਦਵਾਨ- ਐਲ. ਐਮ. ਜੋਸ਼ੀ ਅਤੇ ਸ਼ਾਰਦਾ ਗਾਂਧੀ ਨੇ ਪੰਜਾਬੀ ਵਿਚ ਅਨੁਵਾਦ ਕੀਤਾ। ਇਸ ਵਿਚ 55 ਪੇਜ ਦੀ ਭੂਮਿਕਾ ਦੇ ਨਾਲ 'ਧੱਮਪਦ' ਦੀਆਂ 423 ਗਾਥਾਵਾਂ ਦਾ ਅਰਥ ਸਹਿਤ ਵਰਣਨ ਹੈ। ਧੱਮਪਦ ਦੇ 26 ਵੱਗ (ਭਾਗ) ਹਨ। ਇਹ ਬਹੁਤ ਮਹੱਤਵਪੂਰਨ ਅਤੇ ਉਪਯੋਗੀ ਪੁਸਤਕ ਹੈ। ਬੁੱਧ ਦੇ ਉਪਦੇਸ਼ਾਂ ਦਾ ਖਜ਼ਾਨਾ ਹੈ। ਧੱਮਪਦ, ਇਕ ਵੱਖਰੀ ਖੋਜ ਦਾ ਵਿਸ਼ਾ ਹੈ। ਧੱਮ ਪੱਦ, ਤਕਰੀਬਨ, ਦੁਨੀਆਂ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਛਪ ਚੁੱਕਿਆ ਹੈ। ਇਸ ਪੁਸਤਕ ਨੇ ਬੁੱਧ ਧਰਮ ਨੂੰ ਵਿਸ਼ਵ ਪੱਧਰ ਉਪਰ ਫੈਲਾਉਣ ਦਾ ਕੰਮ ਕੀਤਾ ਹੈ। ਮਾਨਵੀ ਜੀਵਨ ਵਿਚ ਚੰਗੇ ਗੁਣਾਂ ਨੂੰ ਪੈਦਾ ਕਰਨ ਲਈ, ਇਹ ਬਹੁਤ ਉਪਯੋਗੀ ਪੁਸਤਕ ਹੈ। ਮੈਂ ਪਾਲੀ ਦਾ ਵਿਦਵਾਨ ਨਹੀਂ ਪਰ ਵਿਦਵਾਨ ਕਹਿੰਦੇ ਹਨ ਕਿ ਗਾਥਾਵਾਂ ਦੀਆਂ ਤਰੁੱਟੀਆਂ, ਇਸ ਵਿਚ ਵੀ ਰਹਿ ਗਈਆਂ ਹਨ। ਫਿਰ ਵੀ ਪ੍ਰਸੰਸਾਯੋਗ ਹੈ। ਇੱਥੇ ਪਹਿਲੀ ਅਤੇ ਆਖਰੀ ਗਾਥਾਵਾਂ ਦਾ ਜ਼ਿਕਰ ਕਰ ਰਿਹਾ ਹਾਂ। ਪਹਿਲਾ ਵੱਗ, ਯਮਨ ਵੱਗੋ, ਗਾਥਾ ਪਹਿਲੀ:

ਮਨੋਪੁੱਬੰਗੰਮਾ ਧੱਮਾ, ਮਨੋਸੇਟਠਾ ਮਨੋਮਯਾ।
ਮਨਸਾ ਚੇ ਪੁਦੁੱਠੇਨ, ਭਾਸਿਤ ਵਾ ਕਰੋਤਿ ਵਾ।
ਤਤੋ ਨੰ ਦੁਕਖੰ ਅਨਵਤਿ, ਚੱਕੇ ਵਾ ਵਹਤੋ ਪਦੰ॥1॥



ਅਰਥਾਤ : ਮਨ ਹੀ ਸਾਰੀਆਂ ਮਾਨਸਿਕ ਕਿਰਿਆਵਾਂ ਦੀ ਪ੍ਰਧਾਨਗੀ ਕਰਦਾ ਹੈ। ਮਨ ਹੀ ਸ੍ਰੇਸ਼ਠ ਹੈ। ਮਨ ਤੋਂ ਹੀ ਸਾਰੀਆਂ ਮਾਨਸਿਕ ਕਿਰਿਆਵਾਂ ਦੀ ਸਿਰਜਣਾ ਹੋਈ ਹੈ। ਜਿਹੜਾ ਵਿਅਕਤੀ ਦੂਸ਼ਿਤ ਮਨ ਨਾਲ ਬੋਲਦਾ ਹੈ ਜਾਂ ਕੰਮ ਕਰਦਾ ਹੈ, ਉਸ ਦੇ ਪਿੱਛੇ ਦੁੱਖ ਉਸੇ ਤਰ੍ਹਾਂ ਪੈਂਦਾ ਹੈ, ਜਿਵੇਂ ਰੱਥ ਦਾ ਪਹੀਆ, ਰੱਥ ਖਿੱਚਣ ਵਾਲੇ ਬਲਦ ਦੇ। (ਪੰਨਾ 61)

**ਆਖਰੀ ਵੱਗ-** ਬ੍ਰਾਹਮਣ ਵੱਗ ਹੈ। ਇਸ ਵਿਚ, ਕੌਣ ਬ੍ਰਾਹਮਣ ਹੈ, ਕੌਣ ਨਹੀਂ, ਦੀ ਵਿਆਖਿਆ ਕੀਤੀ ਗਈ ਹੈ। ਗਾਥਾ 396 ਇਉਂ ਹੈ:

ਨ ਚਾਹੰ ਬ੍ਰਾਹਮਣੰ ਬਰੂਮਿ,
ਯੋਨਿਜੰ ਮੱਤਿਸੰਭਵੰ।
ਭੋਵਾਦਿ ਨਾਮ ਸੋ ਹੋਤਿ, ਸਚੇ ਹੋਤਿ ਸਕਿੰਚਨੇ।
ਅਕਿੰਚਨੰ ਅਨਾਦਾਨੰ, ਤਮਹੰ ਬਰੂਮਿ ਬ੍ਰਾਹਮਣੰ॥ 396॥

ਅਰਥਾਤ : ਜਨਮ ਤੋਂ ਜਾਂ ਬ੍ਰਾਹਮਣੀ ਦੀ ਕੁੱਖ ਤੋਂ ਪੈਦਾ ਹੋਣ ਵਾਲੇ ਨੂੰ ਮੈਂ ਬ੍ਰਾਹਮਣ ਨਹੀਂ ਕਹਿੰਦਾ, ਕਿਉਂਕਿ ਉਹ 'ਭੋ ਵਾ ਦਿ' ਹੈ ਔਰ ਪਦਾਰਥਾਂ ਨੂੰ ਇਕੱਠਾ ਕਰਨ ਵਾਲਾ ਹੈ। ਜੋ ਧੰਨ ਦੌਲਤ ਦਾ ਸੰਗ੍ਰਹੀ ਨਹੀਂ ਹੈ, ਜਾਂ ਜੋ ਸੰਸਾਰਕ ਪਦਾਰਥਾਂ ਨਾਲ ਲਗਾਓ ਨਹੀਂ ਰੱਖਦਾ, ਉਸਨੂੰ ਮੈਂ ਬ੍ਰਾਹਮਣ ਕਹਿੰਦਾ ਹਾਂ। 'ਧੱਮਪਦ' ਦੀ ਆਖਰੀ ਗਾਥਾ 423 ਇਉਂ ਹੈ:

ਪੁੱਬੇ ਨਿਵਾਸੰ ਯੋ ਵੇਦਿ, ਸੱਗਾਪਾਯੰ ਚ ਪੱਸਤਿ।
ਅਥੋ ਜਾਤਿਕਖਯੰ ਪੱਤੋ, ਅਭਿੱਵਾਵੋਸਿਤ ਮੁਨਿ।
ਸੱਬਵੋਸਿਤਵੋਸਾਨੰ, ਤਮਹੰ ਬਰੂਮਿ ਬ੍ਰਾਹਮਣੰ॥ 423॥

ਅਰਥਾਤ: ਜੋ ਆਪਣੇ ਪੂਰਬ ਜਨਮ ਨੂੰ ਜਾਣਦਾ ਹੈ, ਸਵਰਗ ਤੇ ਨਰਕ ਨੂੰ ਜਿਸਨੇ ਵੇਖ ਲਿਆ ਹੈ, ਜਿਸਦਾ ਪੁਨਰ ਜਨਮ ਖਤਮ ਹੋ ਗਿਆ ਹੈ। ਜੋ ਪੂਰਨ ਗਿਆਨੀ ਹੈ, ਮੁਨੀ ਹੈ, ਜਿਸ ਵਿਚ ਸਾਰੀਆਂ ਪੂਰਣਤਾਵਾਂ ਹਨ, ਉਸਨੂੰ ਮੈਂ ਬ੍ਰਾਹਮਣ ਕਹਿੰਦਾ ਹਾਂ। (ਪੰਨਾ 176)। ਗਾਥਾਵਾਂ ਤੇ ਉਹਨਾਂ ਦੇ ਅਰਥ ਉਹੀ ਹਨ, ਜੋ ਇਸ ਪੁਸਤਕ ਵਿਚ ਦਿੱਤੇ ਗਏ ਹਨ। ਕਿਸੇ ਦੂਸਰੇ, ਪਾਲੀ ਵਿਦਵਾਨ ਦੇ ਅਰਥ, ਇਸ ਤੋਂ ਭਿੰਨ ਵੀ ਹੋ ਸਕਦੇ ਹਨ।

**(5) ਹਰਸ਼:** ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 1985 ਵਿਚ, ਡਾ. ਫੌਜਾ ਸਿੰਘ ਦੁਆਰਾ ਲਿਖਤ 'ਹਰਸ਼' ਛਾਪੀ ਸੀ। ਹਰਸ਼ਵਰਧਨ, ਇਕ ਪ੍ਰਸਿੱਧ ਬੋਧੀ ਰਾਜਾ ਸੀ। ਇਹ ਹਿਊਨਸਾਂਗ ਦਾ ਸਮਕਾਲੀ ਰਾਜਾ ਸੀ। ਹਿਊਨਸਾਂਗ ਨੇ 'ਹਰਸ਼' ਬਾਰੇ ਬਹੁਤ ਕੁਝ ਲਿਖਿਆ ਹੈ। ਇਸ ਸਮੇਂ ਭਾਰਤ-ਚੀਨ ਦੇ ਸਬੰਧ ਬਹੁਤ ਚੰਗੇ ਸਨ। ਬਹੁਤ ਸਾਰੇ ਚੀਨੀ ਵਿਦਿਆਰਥੀ ਭਾਰਤ ਵਿਚ ਸਿੱਖਿਆ ਗ੍ਰਹਿਣ ਕਰਨ ਲਈ ਆਉਂਦੇ ਸਨ। ਨਾਲੰਦਾ ਦੇ ਨਾਲ ਨਾਲ 'ਜਲੰਧਰ' ਵੀ ਵਿੱਦਿਆ ਦਾ ਪ੍ਰਮੁੱਖ ਕੇਂਦਰ ਸੀ। ਜਲੰਧਰ ਉਸ ਸਮੇਂ 'ਧੱਮ ਦਾ ਕੇਂਦਰ' ਵੀ ਸੀ। ਜਲੰਧਰ ਬਾਰੇ ਲਿਖਦਾ ਹੈ ਕਿ 'ਜਲੰਧਰ ਦੇ ਇਲਾਕੇ ਵਿਚ ਇਕ ਰਾਜਾ ਉਦੀਤੋ ਦਾ ਰਾਜ ਪ੍ਰਬੰਧ ਸੀ। ਇਹ ਰਾਜਾ ਪਹਿਲਾਂ ਹਿੰਦੂ ਧਰਮੀ ਸੀ, ਮਗਰੋਂ ਇਕ ਬੋਧੀ ਅਰਹਤ ਨੇ ਇਸਦੇ ਮਨ 'ਤੇ ਡੂੰਘਾ ਪ੍ਰਭਾਵ ਪਾਇਆ ਅਤੇ ਉਹ ਬੁੱਧ ਧਰਮ ਦਾ ਅਨੁਯਾਈ ਹੀ ਨਹੀਂ ਸਗੋਂ ਸਰਗਰਮ ਪ੍ਰਚਾਰਕ ਵੀ ਬਣ ਗਿਆ। ਉਸਨੇ ਭਾਰਤ ਵਿਚ ਦੂਰ-ਦੂਰ ਤੱਕ ਸਫਰ ਅਤੇ ਸਤੂਪਾਂ ਦਾ ਨਿਰਮਾਣ ਕੀਤਾ।" ਜਲੰਧਰ ਦਾ ਰਾਜਾ ਹਰਸ਼ਵਰਧਨ ਦੇ ਅਧੀਨ ਸੀ, ਹਰਸ਼ਵਰਧਨ ਦੇ ਪ੍ਰਭਾਵ ਥੱਲੇ ਹੀ ਜਲੰਧਰ ਦਾ ਰਾਜਾ ਬੋਧੀ ਬਣਿਆ ਸੀ। ਹਰਸ਼ ਵਰਧਨ ਨੇ 'ਆਪਣੇ ਸਾਰੇ ਰਾਜਕਾਲ ਵਿਚ ਬੋਧੀ ਸੱਤਵ ਅਵਲੋਕ ਤੇਸ਼ਵਰ ਦੀ ਸਿੱਖਿਆ 'ਤੇ ਯਥਾ ਯੁਕਤ ਅਮਲ ਕੀਤਾ। ਉਸਨੇ ਬੁੱਧ ਧਰਮ ਦੇ ਪ੍ਰਚਾਰ ਲਈ, ਕਈ ਉਚੇਚੇ ਪ੍ਰਬੰਧ ਕੀਤੇ। ਜਲੰਧਰ ਦਾ ਰਾਜਾ, ਜੋ ਇਸ ਧਰਮ ਵਿਚ ਦ੍ਰਿੜ੍ਹ ਵਿਸ਼ਵਾਸ ਰੱਖਦਾ ਸੀ, ਉਸਨੂੰ ਇਸ ਕੰਮ ਦੀ ਸਰਵੋਤਮ ਜ਼ਿੰਮੇਵਾਰੀ ਸੌਂਪੀ। ਬੋਧੀ ਮਠਾਂ ਨੂੰ ਦਿਲ ਖੋਲ੍ਹਕੇ ਦਾਨ ਦਿੱਤਾ ਤਾਂ ਜੋ ਉਹਨਾਂ ਨੂੰ ਰਿਹਾਇਸ਼ ਰੱਖਣ ਵਾਲੇ ਭਿਖਸ਼ੂ ਤੇ ਭਿਖਸ਼ੂਣੀਆਂ ਆਪਣੇ ਧਾਰਮਿਕ ਕਰਤੱਵਾਂ ਨੂੰ ਬਿਨਾਂ ਕਿਸੇ ਮਾਇਕ ਔਕੜ ਦੇ ਨਿਭਾ ਸਕਣ।" (ਪੰਨਾ 84)

ਹਿਊਨਸਾਂਗ ਦੀਆਂ ਲਿਖਤਾਂ ਤੋਂ ਪਤਾ ਲੱਗਦਾ ਹੈ ਕਿ "ਹਰਸ਼ ਕਾਲ ਵਿਚ ਆਮ ਲੋਕਾਂ ਦੀ ਆਰਥਿਕ ਦਸ਼ਾ ਕਾਫੀ ਚੰਗੀ ਸੀ। ਚੀਨੀ ਯਾਤਰੀ ਦੇ ਵੇਖਣ ਵਿਚ ਮਹਾਤਮਾ ਬੁੱਧ ਦੀਆਂ ਬਹੁਤ ਸਾਰੀਆਂ ਸੋਨੇ ਦੀਆਂ ਮੂਰਤੀਆਂ ਆਈਆਂ। ਉਸਨੇ ਇਹ ਵੀ ਵੇਖਿਆ ਕਿ ਬੋਧੀ ਸੰਘ ਦੇ ਮੱਠਾਂ ਲਈ ਕੇਵਲ ਅਮੀਰ ਆਦਮੀ ਹੀ ਨਹੀਂ ਸਗੋਂ ਸਧਾਰਨ ਆਦਮੀ ਵੀ ਦਾਨ ਦਿੰਦੇ ਸਨ। ਜਿੱਥੇ ਵੀ ਭਾਰਤ ਵਿਚ ਇਹ ਚੀਨੀ ਯਾਤਰੀ ਗਿਆ, ਉਸਨੂੰ ਲੋਕਾਂ ਵੱਲੋਂ ਬੜੀਆਂ ਸੁਗਾਤਾਂ ਦਿੱਤੀਆਂ ਗਈਆਂ। ਉਸਦੀ ਪ੍ਰਾਹੁਣਾਚਾਰੀ ਵਿਚ ਬੜੀ ਉਦਾਰਤਾ ਨਾਲ ਪੈਸਾ ਖਰਚ ਕੀਤਾ ਜਾਂਦਾ ਰਿਹਾ। ਹਿੰਦੂ ਧਰਮ ਤੇ ਬੁੱਧ ਧਰਮ ਦੇ ਮੰਦਰਾਂ ਦੀ ਹਾਲਤ ਵੀ ਬਹੁਤ ਚੰਗੀ ਸੀ। ਉਹਨਾਂ ਵਿਚ ਖਾਣ-ਪੀਣ ਦਾ ਸਮਾਨ ਇੰਨਾ ਜ਼ਿਆਦਾ ਹੁੰਦਾ ਸੀ ਕਿ ਕਈ ਵਾਰ ਉਹ ਪਿਆ-ਪਿਆ ਖਰਾਬ ਹੋ ਜਾਂਦਾ ਸੀ। ਉਹਨਾਂ ਕੋਲ ਰੁਪਏ ਦੀ ਕੋਈ ਥੁੜ੍ਹ ਨਹੀਂ ਸੀ। ਇਕ ਹੋਰ ਚੀਨੀ ਯਾਤਰੀ, ਇੰਤਸਿੰਗ, ਜੋ ਹਰਸ਼ ਦੇ ਸਮੇਂ ਤੋਂ ਕੋਈ 50 ਕੁ ਸਾਲ ਮਗਰੋਂ ਭਾਰਤ ਆਇਆ, ਇਸ ਬਾਰੇ ਇਉਂ ਲਿਖਦਾ ਹੈ: "ਇਹ ਉਚਿਤ ਨਹੀਂ ਲੱਗਦਾ ਕਿ ਕਿਸੇ ਮੱਠ ਵਿਚ ਇੰਨਾ ਧੰਨ ਹੋਵੇ ਜਾਂ ਖਰਾਬ ਹੋ ਚੁੱਕੇ ਅਨਾਜ ਦੇ ਇੰਨੇ ਵੱਡੇ ਭੰਡਾਰ ਹੋਣ ਜਾਂ ਇੰਨੇ ਨਰ-ਮਾਦਾ ਨੌਕਰ ਹੋਣ ਜਾਂ ਇਸਦੇ ਖਜ਼ਾਨੇ ਵਿਚ ਇੰਨਾ ਮਾਲ ਤੇ ਰੁਪਿਆ ਪੈਸਾ ਹੋਵੇ ਕਿ ਉਹ ਵਰਤੋਂ ਵਿਚ ਨਾ ਆ ਸਕੇ।" (ਪੰਨਾ 72)। ਇਹ ਛੋਟੀ ਜਿਹੀ ਕਿਤਾਬ, ਬੋਧੀ ਪਾਠਕਾਂ ਦੇ ਗਿਆਨ ਵਿਚ ਚੋਖਾ ਵਾਧਾ ਕਰਦੀ ਹੈ। ਹਰਸ਼ਵਰਧਨ ਬੁੱਧ ਦਾ ਕਿੱਡਾ ਵੱਡਾ ਪੁਜਾਰੀ ਸੀ। ਇਸ ਦਾ ਅੰਦਾਜ਼ਾ ਇਕ ਘਟਨਾ ਤੋਂ ਲਾਇਆ ਜਾ ਸਕਦਾ ਹੈ। ਹਿਊਨਸਾਂਗ ਕਸ਼ਮੀਰ ਵਿਚ ਕੋਈ ਦੋ ਸਾਲ ਭਰ ਰਿਹਾ, ਉਹ ਲਿਖਦਾ ਹੈ ਕਿ 'ਕੋਈ ਰਾਜਾ ਸ਼ੀਲਾ ਦਿੱਤੀਆਂ ਮਹਾਤਮਾ ਬੁੱਧ ਦੇ ਇਕ ਦੰਦ ਦੇ ਦਰਸ਼ਨਾਂ ਲਈ ਆਇਆ ਸੀ। ਇਹ ਇਕ ਅਲੌਕਿਕ ਦੰਦ ਸੀ ਜਿਸ ਵਿਚੋਂ ਰੌਸ਼ਨੀ ਹੁੰਦੀ ਰਹਿੰਦੀ ਸੀ। ਉਸਦੇ ਦਿਲ ਵਿਚ ਇਸ ਪਾਵਨ ਦੰਦ ਨੂੰ ਵੇਖਣ ਦੀ ਬੜੀ ਤਾਂਘ ਸੀ। ਜਦ ਉਹ ਉਥੇ ਅੱਪੜਿਆ ਤਾਂ ਜਿਹਨਾਂ ਲੋਕਾਂ ਕੋਲ ਉਹ ਦੰਦ ਸੀ, ਉਹਨਾਂ ਉਸਨੂੰ ਜ਼ਮੀਨ ਵਿਚ ਦਬਾਅ ਦਿੱਤਾ। ਪਰ ਸ਼ੀਲਾ ਦਿੱਤੀਆਂ ਨੂੰ ਇਵੇਂ ਟਾਲਿਆ ਨਹੀਂ ਸੀ ਜਾ ਸਕਦਾ। ਸੋ, ਕਸ਼ਮੀਰ ਦੇ ਰਾਜਾ ਨੇ ਉਸਦੀ ਤਾਕਤ ਤੋਂ ਭੈਅ ਖਾ ਕੇ ਉਹ ਦੰਦ ਜ਼ਮੀਨ ਵਿਚੋਂ ਪੁਟਵਾਇਆ ਤੇ ਸ਼ੀਲਾ ਦਿੱਤੀਆ ਨੂੰ ਦੇਖਣ ਲਈ ਦਿੱਤਾ। ਸ਼ੀਲਾ ਦਿੱਤੀਆ ਤਾਕਤ ਦੀ ਵਰਤੋਂ ਦੁਆਰਾ ਉਹ ਦੰਦ ਆਪਣੇ ਨਾਲ ਲੈ ਆਇਆ। ਡਾ. ਮੁਕਰਜੀ, ਡਾ. ਤ੍ਰਿਪਾਠੀ, ਡਾ. ਬੈਜਨਾਥ ਸ਼ਰਮਾ ਆਦਿ ਇਤਿਹਾਸਕਾਰਾਂ ਦਾ ਖਿਆਲ ਹੈ ਕਿ ਇਹ ਸ਼ੀਲਾ ਦਿੱਤੀਆ ਕਨੌਜ ਦਾ ਰਾਜਾ ਹਰਸ਼ਵਰਧਨ ਹੀ ਸੀ।" (ਪੰਨਾ 47) ਹਰਸ਼ ਨੇ 641 ਤੋਂ 648 ਈਸਵੀ ਦੇ ਵਿਚਕਾਰ ਤਿੰਨ ਮਿਸ਼ਨ ਚੀਨ ਭੇਜੇ। ਇਸੇ ਸਮੇਂ ਇੰਨੇ ਹੀ ਮਿਸ਼ਨ ਚੀਨ ਤੋਂ ਭਾਰਤ ਆਏ। ਇਸ ਤੋਂ ਪਤਾ ਲੱਗਦਾ ਹੈ ਕਿ ਹਰਸ਼ ਕਾਲ ਵਿਚ ਭਾਰਤ ਤੇ ਚੀਨ ਦੇ ਵਿਚਕਾਰ ਕਈ ਰਾਹ ਖੁੱਲ੍ਹੇ ਸਨ, ਜਿਹਨਾਂ ਥਾਣੀ ਲੋਕ ਸਫਰ ਕਰ ਸਕਦੇ ਸਨ। ਇਕ ਰਾਹ ਤਿੱਬਤ ਵਿਚੋਂ ਦੀ ਸੀ, ਇਕ ਕੇਂਦਰੀ ਏਸ਼ੀਆ ਵਿਚੋਂ ਤੇ ਇਕ ਹੋਰ ਦੱਖਣ ਪੱਛਮੀ ਏਸ਼ੀਆ ਵਿਚੋਂ ਦੀ ਲੰਘਦਾ ਸੀ। ਫਾਹਯਾਂਗ, ਹਿਊਨਸਾਂਗ, ਸਿੰਗਯੁੰਨ, ਇੰਤਸਿੰਗ ਤੇ ਹੋਰ ਕਈ ਯਾਤਰੀਆਂ ਨੇ ਇਹਨਾਂ ਰਾਹਾਂ 'ਤੇ ਹੀ ਸਫਰ ਕੀਤਾ ਸੀ। (ਪੰਨਾ 67) ਭਾਰਤ ਦੀ ਵਿੱਦਿਆ ਦੇ ਖੇਤਰ ਵਿਚ ਪ੍ਰਸਿੱਧੀ ਦੇ ਕਾਰਨ ਲੱਗਭੱਗ 162 ਚੀਨੀ ਯਾਤਰੀ ਪੰਜਵੀਂ ਤੋਂ ਅੱਠਵੀਂ ਸ਼ਤਾਬਦੀ ਤੱਕ ਭਾਰਤ ਆਏ (ਪੰਨਾ 64)।

ਹਰਸ਼ਵਰਧਨ, ਮਹਾਂਦਾਨੀ ਸੀ। ਉਹ ਹਰ ਪੰਜਾਂ ਸਾਲਾਂ ਬਾਅਦ ਬੁੱਧ ਧਰਮ ਦੀ ਸ਼ਾਨ ਵਿਚ ਇਕ ਮਹਾਨ ਸਮਾਗਮ ਕਰਦਾ ਸੀ। ਇਸ ਤਰ੍ਹਾਂ ਦੇ ਉਸਨੇ ਛੇ ਸਮਾਗਮ ਕੀਤੇ। ਇਕ ਸਮਾਗਮ ਵਿਚ ਹਿਊਨਸਾਂਗ ਖੁਦ ਵੀ ਹਾਜ਼ਰ ਸੀ। ਉਹ ਲਿਖਦਾ ਹੈ ਕਿ "ਹਰਸ਼ ਨੇ ਫੌਜੀ ਲੋੜਾਂ ਦਾ ਸਮਾਨ ਛੱਡ ਕੇ ਸ਼ਾਹੀ ਖਜ਼ਾਨੇ ਦੀ ਸਾਰੀ ਦੌਲਤ ਤੇ ਹੋਰ ਕੀਮਤੀ ਸਮੱਗਰੀ ਦਾਨ ਵਿਚ ਦੇ ਦਿੱਤੀ। ਇੱਥੋਂ ਤੱਕ ਕਿ ਜੋ ਕੱਪੜੇ ਉਸਨੇ ਪਹਿਨੇ ਹੋਏ ਸਨ, ਉਹ ਵੀ ਦਾਨ ਕਰ ਦਿੱਤੇ ਅਤੇ ਪਿੰਡਾ ਢੱਕਣ ਲਈ ਉਸਨੇ ਆਪਣੀ ਭੈਣ ਰਾਜੇਸ਼ਵਰੀ ਪਾਸੋਂ ਕੱਪੜਾ ਮੰਗਿਆ। ਇਸ ਤਰ੍ਹਾਂ ਦੇ ਦਾਨ ਦੀ ਉਦਾਹਰਨ ਮਾਨਵ ਇਤਿਹਾਸ ਵਿਚ ਕਿਧਰੇ ਘੱਟ ਹੀ ਵੇਖਣ ਨੂੰ ਮਿਲਦੀ ਹੈ (ਪੰਨਾ 85)। "ਇਹ ਸਮਾਗਮ ਆਮ ਤੌਰ 'ਤੇ ਪ੍ਰਯਾਗ ਵਿਖੇ ਕੀਤੇ ਜਾਂਦੇ ਸਨ, ਜਿੱਥੇ ਕਿ ਸਮਾਗਮ ਦੇ ਅਵਸਰ ਤੇ ਆਰਜ਼ੀ ਤੌਰ ਤੇ ਇਕ ਨਵਾਂ ਸ਼ਹਿਰ ਆਬਾਦ ਹੋ ਜਾਂਦਾ ਸੀ। ਸਮਾਗਮ ਦਾ ਆਰੰਭ ਇਕ ਵੱਡੇ ਜਲੂਸ ਨਾਲ ਕੀਤਾ ਜਾਂਦਾ ਸੀ, ਜਿਸ ਵਿਚ ਮਹਾਤਮਾ ਬੁੱਧ ਦੀ ਸੋਨੇ ਦੀ ਮੂਰਤੀ ਨੂੰ ਪੂਰੇ ਸਨਮਾਨ ਨਾਲ ਲਿਜਾਇਆ ਜਾਂਦਾ ਸੀ।" (ਪੰਨਾ 84)। ਡਾ. ਫੌਜਾ ਸਿੰਘ ਦੀ, ਇਹ ਛੋਟੀ ਜਿਹੀ ਕਿਤਾਬ, ਬੁੱਧ ਧਰਮ ਦੀ ਜਾਣਕਾਰੀ ਲਈ, ਆਮ ਪਾਠਕ ਲਈ, ਕਾਫੀ ਹੈ।

**(6) ਪ੍ਰਾਚੀਨ ਭਾਰਤੀ ਬੁੱਧ ਧਰਮ:** ਉਦਭਵ, ਸੁਭਾਅ ਅਤੇ ਪਤਨ: ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ 2007 ਵਿਚ ਲੇਖਕ, ਪ੍ਰੋ: ਕਰਮਤੇਜ ਸਿੰਘ ਸਰਾਓ ਦੁਆਰਾ ਲਿਖੀ ਗਈ ਹੈ। ਇਸਦੇ 6 ਅਧਿਆਏ ਹਨ, ਜਿਹਨਾਂ ਵਿਚੋਂ 5 ਅਧਿਆਏ, ਉਸਦੀ ਅੰਗਰੇਜ਼ੀ ਦੀ ਪੁਸਤਕ Origin and Nature of Ancient Budhdhism ਉਪਰ ਆਧਾਰਿਤ ਹਨ, ਸਿਰਫ ਇਕ ਅਧਿਆਏ "ਬੁੱਧ ਧਰਮ ਦਾ ਪਤਨ" ਲਿਖ ਕੇ ਨਵੀਂ ਕਿਤਾਬ ਬਣਾ ਦਿੱਤੀ ਗਈ। ਮੈਂ ਇਹ ਕਿਤਾਬ ਅਜੇ ਪੜ੍ਹੀ ਨਹੀਂ, ਸਿਰਫ ਪਾਠਕਾਂ ਦੀ ਜਾਣਕਾਰੀ ਲਈ ਹੀ ਦੇ ਰਿਹਾ ਹਾਂ। ਪਰ ਵਿਭਾਗੀ ਸ਼ਬਦ ਵਿਚ 'ਧਨਵੰਤ ਕੌਰ' ਨੇ ਲਿਖਿਆ ਹੈ ਕਿ ਇਹ ਪੁਸਤਕ ਬੁੱਧ ਦੀ ਫਿਲਾਸਫੀ ਨੂੰ ਸਮੱਗਰ ਅਤੇ ਸੰਤੁਲਿਤ ਰੂਪ ਵਿਚ ਪੇਸ਼ ਕਰਦੀ ਹੈ।

(7) **ਸੰਘੋਲ ਇਕ ਭਾਸ਼ਾਈ ਅਤੇ ਸੱਭਿਅਚਾਰਕ ਸਰਵੇਖਣ:** ਭਾਸ਼ਾ ਵਿਭਾਗ ਪੰਜਾਬ ਵੱਲੋਂ ਸਾਲ 1980 ਵਿਚ ਇਕ ਸੰਘੋਲ ਬਾਰੇ ਸਰਵੇ ਪੁਸਤਕ ਛਾਪੀ, ਜਿਸ ਵਿਚ ਪਿੰਡ ਦੇ ਹਰ ਪਹਿਲੂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਸੰਘੋਲ ਵਿਖੇ ਹੋ ਰਹੀ ਖੁਦਾਈ ਦੀਆਂ ਕੁਝ ਤਸਵੀਰਾਂ ਅਤੇ ਪ੍ਰਾਚੀਨ ਸਿੱਕਿਆਂ ਦੇ ਫੋਟੋ ਵੀ ਹਨ। ਇਸ ਪੁਸਤਕ ਤੋ ਬਾਅਦ ਸੰਘੋਲ ਬਾਰੇ ਬਹੁਤ ਸਾਰੀ ਜਾਣਕਾਰੀ ਅਤੇ ਵਿਧੀਵਤ ਤਰੀਕੇ ਨਾਲ ਹੋਈ ਖੁਦਾਈ ਤੋਂ ਬਹੁਤ ਸਾਰਾ ਬੋਧੀ ਵਿਰਸਾ ਮਿਲਿਆ ਹੈ। ਪੁਰਾਤੱਤਵ ਵਿਭਾਗ ਨੇ ਕਈ ਪੁਸਤਕਾਂ ਵੀ ਛਾਪੀਆਂ ਹਨ। ਮੈਂਵੀ ਇਕ ਪੁਸਤਿਕਾ 'ਸੰਘੋਲ ਇਕ ਇਤਿਹਾਸਕ ਬੋਧੀ ਕੇਂਦਰ' ਛਾਪੀ ਸੀ।

ਸੰਘੋਲ ਬਾਰੇ ਵਹਿਮ ਹੈ ਕਿ ਸੰਘੋਲ ਦਾ ਨਾਂ ਲੈਣਾ ਮਾੜਾ ਹੈ ਅਤੇ ਇਕ ਮੁਹਾਵਰਾ ਵੀ ਪ੍ਰਚੱਲਿਤ ਰਿਹਾ ਹੈ- ਸੰਘੋਲ ਦੇ ਪੱਥਰ ਪੈਣੇ। ਇਹ, ਜਾਂ ਤਾਂ ਸੰਘੋਲ ਦੇ ਵਾਰ-ਵਾਰ ਉਜੜਨ ਕਰਕੇ ਜਾਂ ਬੁੱਧ ਧਰਮ ਪ੍ਰਤੀ ਜੋ ਘ੍ਰਿਣਾ ਹੈ, ਉਸ ਦਾ ਪ੍ਰਤੀਕ ਹੈ। ਇਸੇ ਕਰਕੇ ਸੰਘੋਲ ਦੀ ਬਜਾਏ, ਇਸਨੂੰ ਉੱਚਾ ਪਿੰਡ ਕਿਹਾ ਜਾਂਦਾ ਹੈ। ਸੰਘੋਲ ਸ਼ਬਦ ਸੰਘ ਸ਼ਬਦ, ਜੋ ਬੁੱਧ ਸੰਘ ਦਾ ਪ੍ਰਤੀਕ ਹੈ, ਉਸ ਤੋਂ ਬਣਿਆ ਲੱਗਦਾ ਹੈ, ਇਸੇ ਕਰਕੇ ਸੰਘੋਲ ਦਾ ਨਾਂ ਲੈਣਾ ਬੁਰਾ ਸਮਝਿਆ ਜਾਂਦਾ ਹੈ ਅਤੇ ਇਲਾਕੇ ਦੇ ਲੋਕ ਇਸ ਪਿੰਡ ਨੂੰ ਸੰਘੋਲ ਦੀ ਬਜਾਏ 'ਉੱਚਾ ਪਿੰਡ' ਕਹਿਣਾ ਜ਼ਿਆਦਾ ਪਸੰਦ ਕਰਦੇ ਹਨ।

**(8) ਸਾਰਨਾਥ:** ਭਾਸ਼ਾ ਵਿਭਾਗ ਪੰਜਾਬ ਵੱਲੋਂ 1991 ਵਿਚ ਡਾ. ਨਵਰਤਨ ਕਪੂਰ ਦੁਆਰਾ ਲਿਖੀ, ਪੰਜਾਬੀ ਦੀ ਵੱਡਮੁਲੀ ਪੁਸਤਕ ਹੈ, ਜਿਸ ਵਿਚ ਸਾਰਨਾਥ ਦਾ ਇਤਿਹਾਸ ਅੰਕਿਤ ਹੈ। ਇਸ ਪੜ੍ਹਨਯੋਗ ਪੁਸਤਕ ਵਿਚੋਂ ਕੁਝ ਹਵਾਲੇ ਦੇ ਰਹੇ ਹਾਂ:

"ਭਿਖਸ਼ੂਓ! ਹੁਣ ਤੁਸੀਂ ਵੱਖ-ਵੱਖ ਦਿਸ਼ਾਵਾਂ ਵੱਲ ਜਾਓ। ਤੁਹਾਡੇ ਵਿਚੋਂ ਕੋਈ ਵੀ ਦੋ ਬੰਦੇ ਇਕੱਠੇ ਨਾ ਜਾਣ। ਬਹੁਤਿਆਂ ਦੇ ਸੁੱਖ ਅਤੇ ਬਹੁਤਿਆਂ ਦੀ ਭਲਾਈ (ਬਹੁਜਨ ਸੁਖਾਯ, ਬਹੁਜਨ ਹਿਤਾਯ), ਦੇਵਤਿਆਂ ਤੇ ਮਨੁੱਖਾਂ ਦੇ ਕਲਿਆਣ ਲਈ ਤੁਸੀਂ ਤੁਰਦੇ ਫਿਰਦੇ ਰਹੋ ਅਤੇ ਸੱਚੇ ਧਰਮ ਦਾ ਉਪਦੇਸ਼ ਦਿੰਦੇ ਰਹੋ। (ਇਹ ਅਜਿਹਾ ਧਰਮ ਹੈ) ਜਿਸਦਾ ਆਦਿ, ਮੱਧ ਤੇ ਅੰਤ ਸਾਰੇ ਹੀ ਕਲਿਆਣਕਾਰੀ ਹਨ। ਤੁਸੀਂ ਲੋਕਾਂ ਨੂੰ ਸ਼ੁੱਧ ਬ੍ਰਹਮਚਰਯ ਪਾਲਣ ਤਨੋ ਹੀ ਨਹੀਂ ਸਗੋਂ ਮਨੋ ਵੀ ਭੋਗ-ਵਿਲਾਸ ਦੇ ਵਿਚਾਰਾਂ ਤੋਂ ਦੂਰ ਰਹਿਣ) ਦੀ ਸਿੱਖਿਆ ਦਿਓ।" (ਪੰਨਾ 14)

"ਫੋ-ਲੋ-ਨਈ ਅਰਥਾਤ 'ਬਨਾਰਸ' (ਵਾਰਾਣਸੀ) ਦੇ ਉੱਤਰੀ ਪਾਸੇ ਫੋ-ਲੋ-ਨਾ (ਵਰੁਣਾ) ਨਦੀ ਵਗਦੀ ਹੈ, ਜਿਸਦੇ ਕੰਢੇ ਉਤੇ 10 ਲੀ (ਲੱਗਭੱਗ 3 ਕਿਲੋਮੀਟਰ) ਦੀ ਦੂਰੀ ਉਤੇ 'ਕਿਆ-ਲਾਨ' ਅਰਥਾਤ ਸਾਰਨਾਥ ਹੈ। ਉਥੇ 1500 ਭਿਕਸ਼ੂ 30 ਸੰਘਾਗਮਾ ਵਿਚ ਰਹਿੰਦੇ ਹਨ। ਇਹ ਬੋਧੀਆਂ ਦੇ ਸੰਮ੍ਰਿਤੀਯ ਸੰਪ੍ਰਦਾਇ ਨਾਲ ਸਬੰਧ ਰੱਖਦੇ ਹਨ। 'ਮ੍ਰਿਗ ਦਾਵ' (ਹਿਰਨਾਂ ਦੇ ਜੰਗਲ) ਦੀਆਂ ਇਮਾਰਤਾਂ ਅੱਠ ਹਿੱਸਿਆਂ ਵਿਚ ਵੰਡੀਆਂ ਹੋਈਆਂ ਹਨ। ਇਹ ਇਕੋ ਚਾਰ ਦੀਵਾਰੀ ਵਿਚ ਬਣੀਆਂ ਹੋਈਆਂ ਹਨ।

ਇਸ ਅਹਾਤੇ ਦੇ ਮੱਧ ਵਿਚ ਇਕ ਵਿਸ਼ਾਲ ਬੋਧੀ ਮੰਦਿਰ ਸੀ। ਉਸਦੀ ਉਚਾਈ 200 ਫੁੱਟ ਸੀ। ਇਸ ਦੇ ਸਿਖਰ ਉਤੇ ਸੋਨੇ ਦਾ ਬਣਿਆ ਹੋਇਆ ਇਕ ਤੀਰ ਲਾਇਆ ਹੋਇਆ ਸੀ। ਮੰਦਿਰ ਦਾ ਹੇਠਲਾ ਹਿੱਸਾ ਪੱਥਰ ਦਾ ਬਣਿਆ ਹੋਇਆ ਸੀ ਅਤੇ ਕੰਧਾਂ ਇੱਟਾਂ ਨਾਲ ਤਿਆਰ ਕੀਤੀਆਂ ਗਈਆਂ ਸਨ। ਮੰਦਿਰ ਦੇ ਆਲੇ-ਦੁਆਲੇ ਇਕ ਸੌ ਚੈਤਯ (CHAPELS) ਉਸਾਰੇ ਗਏ ਸਨ। ਇਹਨਾਂ ਸਭਨਾਂ ਉਤੇ ਸੁਨਹਿਰੀ ਤੀਰ ਧਰੇ ਹੋਏ ਸਨ ਅਤੇ ਇਨ੍ਹਾਂ ਅੰਦਰ ਸਥਾਪਤ ਦੇਵ-ਮੂਰਤੀਆਂ ਗਿਲਟ ਦੀਆਂ ਬਣੀਆਂ ਹੋਈਆਂ ਸਨ।

ਵੱਡੇ ਮੰਦਿਰ ਵਿਚ ਮਹਾਤਮਾ ਬੁੱਧ ਅਤੇ ਬਹੁਤ ਸਾਰੇ ਚੇਲਿਆਂ ਦੀਆਂ ਮੂਰਤੀਆਂ ਪੱਥਰ ਦੀਆਂ ਬਣੀਆਂ ਹੋਈਆਂ ਸਨ। ਹਿਊਨਸਾਂਗ ਦਾ ਇਹ ਵਰਤਾਂਤ, ਪੁਸਤਕ ਦੇ ਪੰਨਾ 24 ਉਪਰ ਦਰਜ ਹੈ।

ਸੰਨ 1794 ਈ. ਵਿਚ ਕਾਸ਼ੀ ਦਾ ਰਾਜਾ ਜਗਤ ਸਿੰਘ ਚੂਨੇ ਦੀਆਂ ਭੱਠੀਆਂ ਲਾਉਣ ਅਤੇ ਇਕ ਬਾਜ਼ਾਰ ਬਣਵਾਉਣ ਦਾ ਚਾਹਵਾਨ ਸੀ। ਇਸ ਲਈ ਉਸਦੇ ਦੀਵਾਨ ਚੇਤ ਸਿੰਘ ਨੇ 'ਧਰਮ-ਰਾਜਿਕਾ ਸਤੂਪ' ਦੀਆਂ ਇੱਟਾਂ ਉਖੜਵਾਈਆਂ ਤਾਂ ਉਸਨੂੰ ਹਰੇ ਰੰਗ ਦੇ ਪੱਥਰ ਦੀ ਇਕ ਸੰਦੂਕੜੀ ਵਿਚ ਹੱਡੀਆਂ ਦੇ ਕੁਝ ਟੁਕੜੇ ਮਿਲੇ। ਉਸਨੇ ਇਹ ਅਸਥੀ-ਫੁੱਲ ਗੰਗਾ ਨਦੀ ਵਿਚ ਰੁੜ੍ਹਵਾ ਦਿੱਤੇ। ਪਰ ਇਸਦੇ ਨਤੀਜੇ ਵਜੋਂ ਲੋਕਾਂ ਦਾ ਧਿਆਨ ਸਾਰਨਾਥ ਵੱਲ ਗਿਆ। ਉਤਸੁਕਤਾ ਕਾਰਨ ਕੁਝ ਲੋਕਾਂ ਨੇ ਹੋਰ ਭਵਨਾਂ ਦੀ ਪੁੱਟ-ਪੁਟਾਈ ਕਰਕੇ ਉਹਨਾਂ ਦਾ ਨਾਸ਼ ਮਾਰ ਦਿੱਤਾ। ਬਹੁਤ ਸਾਰੀਆਂ ਪੱਥਰ ਦੀਆਂ ਪ੍ਰਾਚੀਨ ਮੂਰਤੀਆਂ ਤਾਂ ਸਾਰਨਾਥ ਲਾਗੇ ਵਗਦੀ ਵਰੁਣਾ ਨਦੀ ਦੇ ਪੁਲ ਬਣਵਾਉਣ ਵੇਲੇ ਚਿਣ ਦਿੱਤੀਆਂ ਗਈਆਂ। (ਪੰਨਾ 25)

ਇਸ ਤੋਂ ਬਾਅਦ ਜਦ ਅੰਗਰੇਜ਼ਾਂ ਦਾ ਧਿਆਨ ਸਾਰਥਨਾਥ ਵੱਲ ਗਿਆ ਤਾਂ ਜੌਨਾਥਨ ਡੰਕਨ, ਕਿੱਟੋ, ਕਨਿੰਘਮ

(ਬਾਕੀ ਅਗਲੇ ਸਫੇ 'ਤੇ)

## ਬੁੱਧ ਜੈਅੰਤੀ 'ਤੇ ਵਿਸ਼ੇਸ਼

# ਵਿਗਿਆਨਿਕ ਜੀਵਨ-ਪਥ ਦੇ ਮੋਢੀ : ਗੌਤਮ ਬੁੱਧ



ਲਾਹੌਰੀ ਰਾਮ ਬਾਲੀ

ਬੁੱਧ ਗੌਤਮ ਬੁੱਧ ਨੂੰ ਹੋਏ 2580 ਸਾਲਾਂ ਤੋਂ ਵੱਧ ਸਮਾਂ ਹੋ ਚੁਕਾ ਹੈ ਤਾਂ ਵੀ ਉਨ੍ਹਾਂ ਦਾ ਧੱਮ ਦੁਨੀਆਂ ਦੇ ਅਨੇਕ ਦੇਸ਼ਾਂ ਵਿਚ ਪ੍ਰਚਲਿਤ ਹੈ. ਉਨ੍ਹਾਂ ਦੀ ਜੀਵਨ-ਗਾਥਾ ਇਵੇਂ ਹੈ: ਸਿਧਾਰਥ (ਬੁੱਧ ਦਾ ਬਚਪਨ ਦਾ ਨਾਂ) ਨੇ 29 ਵਰਸ਼ ਦੀ ਉਮਰ (534 ਈਸਾ ਪੂਰਵ) ਵਿਚ ਆਪਣੇ ਘਰ ਦਾ ਤਿਆਗ ਕੀਤਾ. 6 ਵਰਸ਼ ਤਕ ਯੋਗ ਤਪਸਿਆ ਕਰਨ ਤੋਂ ਬਾਅਦ ਧਿਆਨ ਅਤੇ ਚਿੰਤਨ ਦੁਆਰਾ 36 ਵਰਸ਼ ਦੀ ਉਮਰ ਵਿਚ (528 ਈਸਾ ਪੂਰਵ) ਨੂੰ ਬੋਧੀ ਗਿਆਨ ਪ੍ਰਾਪਤ ਕਰ ਉਹ ਬੁੱਧ ਹੋਏ. ਫਿਰ 45 ਵਰਸ਼ ਤਕ ਉਨ੍ਹਾਂ ਨੇ ਆਪਣੇ ਧੱਮ (ਦਰਸ਼ਣ) ਦਾ ਉਪਦੇਸ਼ ਕਰ 80 ਸਾਲਾਂ ਦੀ ਉਮਰ ਵਿਚ (483 ਈਸਾ ਪੂਰਵ) ਕੁਸ਼ੀਨਗਰ ਵਿਖੇ ਨਿਰਵਾਣ ਪ੍ਰਾਪਤ ਕੀਤਾ।

ਬੁੱਧ ਨੇ ਇਨਸਾਨ ਨੂੰ ਗੈਬੀ ਸ਼ਕਤੀਆਂ ਅਤੇ ਇਲਹਾਮੀ ਕਿਤਾਬਾਂ ਦੀ ਗੁਲਾਮੀ ਤੋਂ ਆਜ਼ਾਦ ਕਰਾਇਆ. ਉਨ੍ਹਾਂ ਦੇ ਧੱਮ ਦਾ ਕੇਂਦਰ ਬਿੰਦੂ ਇਨਸਾਨ ਹੈ ਜਿਸਨੂੰ ਉਨ੍ਹਾਂ ਕਿਹਾ: "ਆਪਣਾ ਦੀਪਕ ਆਪ ਬਣੋ" ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਆਪਣੇ ਗਰੰਥ 'ਬੁੱਧ ਅਤੇ ਉਨ੍ਹਾਂ ਦਾ ਧੱਮ' ਵਿਚ ਇਹ ਲਿਖਦੇ ਹਨ: 'Buddhism is nothing if not Rationalism' ਅਰਥਾਤ: ਬੁੱਧਇਜਮ ਜੇਕਰ ਤਰਕਸ਼ੀਲ ਨਹੀਂ ਤਾਂ ਕੁਝ ਵੀ ਨਹੀਂ'. (The Buddha and His Dhamma, Bombay 1984 Edition Page 175).

ਭਾਰਤ ਦੇ ਮਸ਼ਹੂਰ ਦਾਰਸ਼ਨਿਕ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਡਾ. ਕਹਿਣਾ ਹੈ ਕਿ ਬੁੱਧਇਜਮ ਅਤੇ ਹਿੰਦੂਵਾਦ ਵਿਚ ਅਧਿਆਤਮਿਕ ਸਿਧਾਂਤ ਵਿਚ ਜਿਆਦਾ ਫਰਕ ਨਹੀਂ ਹੈ ਜਿਵੇਂ ਕਿ "ਬੋਧੀ-ਸਿਧਾਂਤ ਅਤੇ ਉਪਨਿਸ਼ਦਾਂ ਡਾ ਗਿਆਨ ਇੱਕ ਮੱਤ ਹੈ". (ਗੌਤਮ ਬੁੱਧ ਜੀਵਨ ਔਰ ਦਰਸ਼ਨ ਨਵੀ ਦਿੱਲੀ- ਚੌਥਾ ਸੰਸਕਾਰਾਂ ਸਫ਼ਾ 144) ਪਰ ਦੋਹਾਂ ਵਿਚ ਸਮਾਜੀ-ਮਸਲਿਆਂ ਤੇ ਟਕਰਾ ਹੈ।

ਉਹ ਕਿਹੜੇ ਸਮਾਜੀ-ਮਸਲੇ ਸਨ ਜੋ ਬੁੱਧ ਧੱਮ ਅਤੇ ਬ੍ਰਾਹਮਣ ਵਾਦ ਵਿਚਕਾਰ ਟਾਕਰੇ ਦਾ ਕਾਰਣ ਬਣੇ. ਅੱਗੇ ਉਨ੍ਹਾਂ ਦੀ ਵਿਆਖਿਆ ਕੀਤੀ ਜਾਂਦੀ ਹੈ:

ਗਿਆਨ ਆਮ ਹੋਵੇ, ਵਿਦਿਆ (ਸਿੱਖਿਆ) ਦੀ ਪ੍ਰਾਪਤੀ ਹਰੇਕ ਇਨਸਾਨ ਦਾ ਹੱਕ ਹੈ. ਬੁੱਧ ਨੇ ਸਭਨਾ ਵਰਗਾਂ, ਵਰਨਾ ਅਤੇ ਜਾਤਾਂ ਵਾਸਤੇ ਗਿਆਨ ਤੇ ਸਿੱਖਿਆ ਦੇ ਦੁਆਰ ਖੋਲ੍ਹੇ ਜੋ ਪਹਿਲਾਂ ਔਰਤਾਂ ਅਤੇ ਸ਼ੂਦਰਾਂ ਵਾਸਤੇ ਬੰਦ ਸਨ. ਬੁੱਧ ਨੇ ਜਿਥੇ ਪ੍ਰਜਾਪਤੀ ਗੌਤਮੀ ਅਤੇ ਯਸ਼ੋਧਰਾ ਨੂੰ ਭਿਕੁਸ਼ਣੀ ਸੰਘ ਵਿਚ ਸ਼ਾਮਲ ਕੀਤਾ, ਉਥੇ ਪ੍ਰਾਕ੍ਰਤੀ ਜਿਹੀ ਚੰਡਾਲਕਾ, ਉਪਾਲੀ ਨਾਈ, ਸੁਪਕ, ਸੁਪਾਇਆ ਨਾਮਕ ਅਛੂਤਾਂ ਨੂੰ ਭਿਕਸ਼ੂ ਸੰਘ ਵਿਚ ਸ਼ਾਮਲ ਕਰਕੇ ਸਮਾਜਿਕ ਬਰਾਬਰੀ ਦਾ ਅਮਲੀ ਸਬੂਤ ਪੇਸ਼ ਕੀਤਾ।

ਬੁੱਧ ਨੇ ਆਪਣੇ ਲਈ ਬੁੱਧ ਧੱਮ ਵਿਚ ਕੋਈ ਵਿਸ਼ੇਸ਼ ਸਥਾਨ ਨਹੀਂ ਰੱਖਿਆ। ਉਨ੍ਹਾਂ ਨੇ ਨੈਤਿਕਤਾ ਨੂੰ ਪਵਿੱਤਰ ਕਿਹਾ। ਇਨਸਾਨ ਨੈਤਿਕ ਜੀਵਨ ਗੁਜਾਰੇ, ਇਸ ਵਾਸਤੇ ਉਨ੍ਹਾਂ ਨੇ ਪੰਜਸ਼ੀਲ - (1) ਜੀਵ-ਹੱਤਿਆ ਨਾਂ ਕਰਨਾ. (2) ਚੋਰੀ ਨਾਂ ਕਰਨਾ. (3) ਵਿਸ਼ੇ ਵਿਕਾਰਾਂ ਤੋਂ ਦੂਰ ਰਹਿਣਾ. (4) ਝੂਠ ਨਹੀਂ ਬੋਲਣਾ ਅਤੇ (5) ਕਿਸੇ ਵੀ ਪ੍ਰਕਾਰ ਦੇ ਨਸ਼ਿਆਂ ਦਾ ਸੇਵਨ ਨਾਂ ਕਰਨਾ ਅਤੇ ਅਸ਼ਟਾਂਗ ਮਾਰਗ ਦੀ ਸਿਖਿਆ ਦਿੱਤੀ। ਬੁੱਧ ਧੱਮ 'ਪ੍ਰਗਿਆ ਅਤੇ ਕਰੁਣਾ' ਦਾ ਸੁਮੇਲ ਹੈ. ਉਸ ਵਿਚ ਨਾਂ ਕੇਵਲ ਇਨਸਾਨਾਂ ਵਾਸਤੇ ਸਗੋਂ ਪਸ਼ੂਆਂ ਪਕਸ਼ੀਆਂ ਤੇ ਜਾਨਵਰਾਂ ਪ੍ਰਤੀ ਮੈਤ੍ਰੀ ਦਾ ਉਪਦੇਸ਼ ਹੈ।



ਸਮਰਾਟ ਅਸ਼ੋਕ ਨੇ ਆਪਣੇ ਪੁੱਤਰ ਮੋਹਿੰਦਰ ਅਤੇ ਪੁੱਤਰੀ ਸੰਘ ਮਿਤ੍ਰਾ ਨੂੰ ਬੁੱਧ ਧੱਮ ਦੇ ਪ੍ਰਚਾਰ ਲਈ ਸ੍ਰੀ ਲੰਕਾ ਭੇਜਿਆ. ਅੱਜ ਸ੍ਰੀ ਲੰਕਾਤੇ ਬਰਮਾ (ਮਯਾਂਮਾਰ) ਜਿਹੇ ਦੇਸ਼ਾਂ ਵਿਚ ਬੁੱਧ ਧੱਮ ਰਾਸ਼ਟਰੀ-ਧਰਮ ਹੈ। ਬੁੱਧ ਧੱਮ ਦੇ ਉਪਦੇਸ਼ ਜਿਸ ਵੀ ਦੇਸ਼ ਜਾਂ ਖੇਤਰ ਵਿਚ ਗਏ, ਉਸਨੂੰ ਮਾਨਵਤਾ ਦੇ ਗੁਣਾਂ ਨਾਲ ਮਾਲਾਮਾਲ ਕਰਦੇ ਗਏ। ਸਾਡੇ ਦੇਸ਼ ਭਾਰਤ ਵਿਚ ਬੋਧੀ-ਕਾਲ ਨੂੰ ਗੋਲਡਨ ਪੀਰਿਯਡ ਯਾਨੀ ਸੁਨਹਿਰੀ-ਕਾਲ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਬੋਧੀ-ਸਿਧਾਂਤਾਂ ਦੇ ਸਮੂਹ ਨੂੰ 'ਤ੍ਰਿਪਿਟਕ' ਕਿਹਾ ਜਾਂਦਾ ਹੈ. ਧੰਮਪਦ - ਖੁਦਕ - ਨਿਕਾਏ ਦਾ ਇੱਕ ਗਰੰਥ ਹੈ. ਧੰਮਪਦ ਦਾ ਦੁਨੀਆਂ ਦੀਆਂ ਅਨੇਕ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਿਆ ਹੈ. ਇਹ ਓਹੋ ਗਰੰਥ ਹੈ ਜੋ ਸਿਖਾਉਂਦਾ ਹੈ ਕਿ "ਇਸ ਸੰਸਾਰ ਵਿਚ ਵੈਰ ਨਾਲ ਵੈਰ ਕਦੀ ਸ਼ਾਂਤ ਨਹੀਂ ਹੋਣੇ, ਮੈਤ੍ਰੀ (ਮੁਹੱਬਤ) ਨਾਲ ਹੀ ਸ਼ਾਂਤ ਹੁੰਦੇ ਹਨ.". (ਧੰਮਪਦ:ਯਮਕ ਵੱਗੋ-5)।

ਭਾਰਤ ਵਾਸੀਆਂ ਨੂੰ ਧੰਮਪਦ ਦੀ ਇਸ ਸਿਖਿਆ ਨੂੰ ਜਰੂਰ ਅਪਣਾਉਣਾ ਤੇ ਉਸ ਤੇ ਅਮਲ ਕਰਨਾ ਹੋਵੇਗਾ ਤਾਂ ਹੀ ਸਦਾ ਦੇਸ਼ ਉੱਨਤੀ ਕਰ ਸਕੇਗਾ. ਬਹੁਤ ਹੋ ਚੁੱਕੀ ਨਫਰਤ ਤੇ ਭੁਗਤ ਲਿਆ ਉਸ ਦਾ ਖਾਮਿਆਜਾ, ਹੁਣ ਮੁਹੱਬਤ ਵੱਲ ਰੁੱਖ ਕਰਨ ਭਾਰਤੀ।

ਮੁਹੱਬਤ ਹੀ ਸੇ ਪਾਈ ਹੈ ਸ਼ਫ਼ਾ (ਤੰਦਰੁਸਤੀ) ਬਿਮਾਰ ਕੌਮੋਂ ਨੇ
ਕੀਆ ਹੈ ਆਪਣੇ ਬਖ਼ਤ ਖੁਫ਼ਤ:(ਸੋਈ ਕਿਸਮਤ) ਕੋ ਬੇਦਾਰ (ਜਾਗ੍ਰਿਤ) ਕੌਮੋਂ ਨੇ।

# ਪੰਜਾਬੀ ਭਾਸ਼ਾ ਵਿਚ ਬੋਧੀ ਸਾਹਿਤ

ਅਤੇ ਔਰਟੇਲ ਵਰਗੇ ਵਿਦਵਾਨਾਂ ਅਤੇ ਖੋਜੀਆਂ ਨੇ ਸਾਰਨਾਥ ਦੇ ਵਿਰਸੇ ਨੂੰ ਸੰਭਾਲਿਆ।

ਸਾਰਨਾਂਥ ਵਿਚ 'ਧਰਮ ਰਾਜਿਕਾ ਸਤੂਪ' ਤੋਂ ਇਲਾਵਾ ਬੁੱਧ ਨਾਲ ਸਬੰਧਤ ਹੋਰ ਥਾਵਾਂ ਜਿਵੇਂ 'ਮੂਲ ਗੰਧ ਕੁਟੀ ਵਿਹਾਰ', ਜਿਸਨੂੰ ਮਹਾਰਾਜਾ ਅਸ਼ੋਕ ਨੇ ਉਸ ਥਾਂ ਬਣਵਾਇਆ ਸੀ, ਜਿੱਥੇ ਤਥਾਗਤ ਬੁੱਧ ਸਮਾਧੀ ਲਾਉਂਦੇ ਸਨ। ਚੌਖੰਡੀ ਸਤੂਪ ਉਹ ਥਾਂ ਉਤੇ ਹੈ, ਜਿੱਥੇ ਬੁੱਧ ਨੂੰ ਆਪਣੇ ਪੁਰਾਣੇ ਹਮਜੋਲੀਆਂ ਨੂੰ ਰਿਸ਼ੀ ਪਤਨ ਵਿਚ ਮਿਲੇ ਸਨ। ਇੱਥੇ ਅਠਕੋਣਾ ਸਤੂਪ ਬਣਾਇਆ ਸੀ, ਜਿਸਦਾ ਉਪਰਲਾ ਹਿੱਸਾ ਢਹਿ ਚੁੱਕਿਆ ਹੈ। ਇਹ 300 ਫੁੱਟ ਤੋਂ ਘੱਟ ਉਚਾ ਨਹੀਂ ਸੀ। ਅਜਿਹਾ ਹਿਊਨਸਾਂਗ ਨੇ ਲਿਖਿਆ ਹੈ। 'ਧਮੇਖ ਸਤੂਪ', ਸਾਰਨਾਥ ਦੇ ਦੱਖਣ-ਪੂਰਬੀ ਪਾਸੇ ਸਥਿਤ ਹੈ। ਧਮੇਖ ਸਤੂਪ ਦੀ ਉਸਾਰੀ ਈਸਾ ਦੇ ਜਨਮ ਤੋਂ 250 ਵਰ੍ਹੇ ਪਹਿਲਾਂ ਕਰਵਾਈ ਗਈ ਸੀ। ਇਹ ਸਤੂਪ 143 ਫੁੱਟ ਉਚਾ ਅਤੇ 100 ਫੁੱਟ ਚੌੜਾ ਹੈ। ਇਥੋਂ ਬਹੁਤ ਸਾਰੀਆਂ ਮੂਰਤੀਆਂ ਮਿਲੀਆਂ ਹਨ, ਜਿਹਨਾਂ ਵਿਚ ਬੋਧੀਸੱਤਵ ਦੀ ਖੜ੍ਹੀ ਮੂਰਤੀ ਅਤੇ ਤਾਰਾ ਦੇਵੀ ਦੇ ਤਿੰਨ ਸਿਰਾਂ ਵਾਲੀ ਮੂਰਤੀ ਵੀ ਮਿਲੀ ਹੈ। ਇਹ ਕਿਤਾਬ ਭਾਵੇਂ ਛੋਟੀ ਹੈ, ਪਰ ਗਿਆਨ ਦਾ ਭੰਡਾਰ ਹੈ। ਇੱਥੇ ਅਸੀਂ ਕੁਝ ਕੁ ਹਵਾਲੇ ਹੀ ਦਿੱਤੇ ਹਨ। ਪੂਰੀ ਕਿਤਾਬ ਪੜ੍ਹਨੀ ਚਾਹੀਦੀ ਹੈ।

**(9) ਬੁੱਧ ਦਾ ਧੱਮਪਦ :** ਭਾਸ਼ਾ ਵਿਭਾਗ ਪੰਜਾਬ ਵੱਲੋਂ ਸੰਨ 2003 ਵਿਚ 'ਬੁੱਧ ਦੇ ਧੱਮਪਦ' ਨਾਮਕ ਕਿਤਾਬ ਛਾਪੀ, ਜਿਸ ਵਿਚ ਪ੍ਰੋ. ਹਰਨਾਮ ਦਾਸ ਨੇ ਧੱਮਪਦ ਦੀਆਂ ਪਾਲੀ ਗਾਥਾਵਾਂ ਨੂੰ 'ਪੰਜਾਬੀ ਕਾਵਿ-ਸ਼ੈਲੀ' ਵਿਚ ਢਾਲ ਕੇ ਪੇਸ਼ ਕੀਤਾ ਹੈ। ਉਹਨਾਂ ਦੀ ਬੇਟੀ ਡਾ. ਅੰਮ੍ਰਿਤ ਕੌਰ ਰੈਣਾ ਨੇ ਇਸ ਦਾ ਸੰਪਾਦਨ ਕਰਦੇ ਹੋਏ ਭੂਮਿਕਾ ਵਿਚ ਲਿਖਿਆ ਹੈ ਕਿ ਧੱਮਪਦ ਦਾ ਇਹ ਪੰਜਾਬੀ ਕਾਵਿ-ਅਨੁਵਾਦ ਹੈ। ਪ੍ਰੋ. ਹਰਨਾਮ ਦਾਸ ਦੇ ਸ਼ਬਦਾਂ ਵਿਚ, "ਪੁਸਤਕ ਨੂੰ ਚੌਬਰਗਿਆਂ ਵਿਚ ਪੇਸ਼ ਕਰਦੇ ਹੋਏ, ਕੇਵਲ ਅੱਖਰੀ ਉਲਥਾ ਨਹੀਂ ਕੀਤਾ ਗਿਆ ਸਗੋਂ ਲੋੜ ਅਨੁਸਾਰ ਸੀਮਿਤ ਹੱਦਾਂ ਦੇ ਅੰਦਰ ਕੁਝ ਨਾ ਕੁਝ ਵਿਆਖਿਆ ਵਾਲੇ ਨੋਟ ਵੀ ਦਿੱਤੇ ਗਏ ਹਨ ਪਰ ਉਹਨਾਂ ਨੂੰ ਅਸਲ ਵਿਸ਼ੇ ਦੀ ਗੁੰਜਾਇਸ਼ ਤੋਂ ਪਰ੍ਹੇ ਨਹੀਂ ਜਾਣ ਦਿੱਤਾ ਗਿਆ।" ਧੱਮਪਦ ਦੇ 26 ਵੱਗ (ਭਾਗ) ਹਨ ਅਤੇ 423 ਗਾਥਾਵਾਂ ਹਨ। ਪਰ ਪਤਾ ਨਹੀਂ ਕਿਉਂ, ਇਸ ਪੁਸਤਕ ਵਿਚ 23 ਵੱਗਾਂ ਅਤੇ 327 ਗਾਥਾਵਾਂ ਦਾ ਹੀ ਜ਼ਿਕਰ ਹੈ। ਹੋ ਸਕਦਾ ਹੈ, ਪ੍ਰੋ. ਹਰਨਾਮ ਦਾਸ ਜੀ ਆਪਣੇ ਜੀਵਨ ਵਿਚ, ਇਹ ਕੰਮ ਪੂਰਾ ਨਾ ਕਰ ਸਕੇ ਹੋਣ। ਕੁਝ ਨਮੂਨੇ ਹੇਠਾਂ ਦਰਜ ਹਨ:

ਸੁਖੰਖ ਵਤ ਜੀਵਾਮ ਆਤੁਰੇਸੁ ਅਨਾਤੁਰਾ
ਆਤੁਰੇਸੁ ਮਨੁੱਮੇਸ਼ ਵਿਹਰਾਮ-ਅਨਾਤੁਰਾ।।198।। (ਪਾਲੀ)
ਸਦਾ ਅਰੋਗੀ ਬਣਕੇ ਰਹੀਏ ਬੀਮਾਰਾਂ ਵਿਚਕਾਰ।
ਸਦਾ ਸਾਂਤ ਮਨ ਬਣ ਕੇ ਰਹੀਏ ਆਤਰ ਜਨ ਵਿਚਕਾਰ।
ਸਦਾ ਉਨ੍ਹਾਂ ਦੀ ਸੇਵਾ ਕਰੀਏ ਛੱਡ ਕੇ ਸਭ ਹੰਕਾਰ।
ਜੱਗ ਦਾ ਬਹੁਤਾ ਕਰ ਲਵਾਂਗੇ ਆਪਣੇ ਆਪ ਸੁਧਾਰ। (ਪੰਜਾਬੀ)
ਫੰਦਨੰ ਚਪਲੰ ਚਿਤੰ, ਦੂਰਕਬੰ ਦੁੱਨਿਵਾਰਯ।
ਉਜੰ ਕਰੋਤਿ ਮੇਧਾਵੀ, ਉਸੁਕਾਰੋ ਵ ਤੇਜਨੰ।।331 (ਪਾਲੀ)
ਤੀਰ ਬਨਾਵਣ ਵਾਲਾ ਜੀਕਣ ਤੀਰ ਨੂੰ ਸਿੱਧਾਂ ਰੱਖਦੈ।
ਬੁੱਧੀਵਾਨ ਚਿੱਤ ਆਪਣੇ ਤਾਈਂ ਈਕਣ ਵੱਸ ਵਿਚ ਕਰਦੇ।
ਬੁੱਧੀਵਾਨ ਚਿੱਤ ਆਪਣੇ ਤਾਈਂ ਰੱਖਦੈ ਸਿਮਰਨ ਵਿਚ ਨਿੱਤ।
ਅਤੇ ਈਕਣ ਉਸਨੂੰ ਚੰਚਲ ਸ਼ੋਖ ਨਾ ਹੋਵਣ ਦਿੰਦੈ। (ਪੰਜਾਬੀ)

ਇਹ ਪੁਸਤਕ ਵੀ ਪੰਜਾਬੀ ਬੋਧੀ ਸਾਹਿਤ ਵਿਚ ਨਿਵੇਕਲਾ ਰੂਪ ਹੈ।

**ਬੁੱਧ ਚਰਿਤ :** ਭਾਸ਼ਾ ਵਿਭਾਗ ਪੰਜਾਬ ਵੱਲੋਂ ਅਸ਼ਵਘੋਸ਼ ਦੁਆਰਾ ਲਿਖੀ 'ਬੁੱਧ ਚਰਿਤ' ਪੁਸਤਕ 1996 ਵਿਚ ਛਾਪੀ ਗਈ ਸੀ। ਸੰਸਕ੍ਰਿਤ ਵਿਚ ਰਚੀ ਗਈ, ਇਸ ਪ੍ਰਾਚੀਨ ਬੁੱਧ ਕਥਾ ਨੂੰ ਪੰਜਾਬੀ ਗਦ ਵਿਚ ਅਨੁਵਾਦ ਕਰਨ ਦਾ ਸਿਹਰਾ ਪ੍ਰੋ. ਪ੍ਰੀਤਮ ਸਿੰਘ 'ਰਾਹੀ' ਨੂੰ ਜਾਂਦਾ ਹੈ। ਮਹਾਂਕਵੀ ਅਸ਼ਵਘੋਸ਼ ਨੇ ਪ੍ਰਾਚੀਨ ਕਾਲ ਵਿਚ ਬੁੱਧ ਦੇ ਜੀਵਨ-ਚਰਿਤ ਅਤੇ ਉਨ੍ਹਾਂ ਦੇ ਉਪਦੇਸ਼ਾ ਨੂੰ ਬਿਆਨਿਆ ਸੀ ਕਿ "ਬੁੱਧ ਦੇ ਸ਼ਾਸਤਰ ਅਨੁਸਾਰ ਚੱਲ ਕੇ, ਬੁੱਧ ਦੇ ਪ੍ਰਤੀ ਸ਼ਰਧਾ ਹੋਣ ਕਾਰਨ ਲੋਕ-ਸ਼ਾਂਤੀ ਅਤੇ ਲੋਕ ਹਿੱਤ ਲਈ ਇਹ ਕਾਵਿ ਰਚਨਾ ਕੀਤੀ ਹੈ ਨਾ ਕਿ ਕਲਾ ਜਾਂ ਪੰਡਤਾਈ ਦੇ ਪ੍ਰਦਰਸ਼ਨ ਲਈ ਕੀਤਾ ਗਿਆ ਹੈ।" (ਪੰਨਾ 227)

**ਜਲੰਧਰ:** ਭਾਸ਼ਾ ਵਿਭਾਗ ਪੰਜਾਬ ਨੇ 1987 ਵਿਚ 'ਜਲੰਧਰ' ਦੀ ਜਾਣਕਾਰੀ ਦੇਣ ਲਈ ਪ੍ਰੋ. ਦਰਸ਼ਨ ਸਿੰਘ ਦੁਆਰਾ ਲਿਖਤ ਇਕ ਪੁਸਤਿਕਾ ਛਾਪੀ ਸੀ। ਇਸ ਵਿਚ ਜਲੰਧਰ ਦਾ ਪ੍ਰਾਚੀਨ ਸੰਖੇਪ ਇਤਿਹਾਸ ਦਿੱਤਾ ਗਿਆ ਹੈ। ਪੁਰਾਣਕ ਕਥਾ ਦੇ ਅਨੁਸਾਰ 'ਜਲੰਧਰ' ਸ਼ਹਿਰ ਦਾ ਨਾਂ ਇਕ ਦੈਂਤ ਦੇ ਨਾਂ ਉਪਰ ਰੱਖਿਆ ਗਿਆ ਹੈ। ਜਿਸਨੇ ਆਪਣਾ ਰਾਜ ਸਥਾਪਤ ਕਰਨ ਲਈ ਇੰਦਰ ਲੋਕ ਜਿੱਤ ਲਿਆ। ਇੰਦਰ ਨੇ ਸ਼ਿਵ ਜੀ ਅਤੇ ਵਿਸ਼ਨੂੰ ਦੀ ਸਹਾਇਤਾ ਨਾਲ ਮੁੜ ਰਾਜ ਪ੍ਰਾਪਤ ਕਰਨ ਲਈ ਜਲੰਧਰ ਦੇ ਰਾਜੇ ਉਪਰ ਹਮਲਾ ਕਰਕੇ ਮਾਰ ਮੁਕਾਇਆ ਅਤੇ ਉਸ ਦੀ ਪਤਨੀ ਵਿੰਦ੍ਰਾ ਦਾ ਸਤ ਭੰਗ ਕਰ ਦਿੱਤਾ। ਅੱਜ ਵੀ ਵਿੰਦ੍ਰਾ ਦਾ ਮੰਦਿਰ ਜਲੰਧਰ ਰੇਲਵੇ ਸਟੇਸ਼ਨ ਦੇ ਨੇੜੇ ਹੈ। ਇੱਥੇ ਇਕ ਪ੍ਰਾਚੀਨ ਤਲਾਬ ਵੀ ਸੀ, ਜੋ ਬਹੁਤ ਨੀਵਾਂ ਸੀ।

**ਏਸ਼ੀਆ ਦਾ ਚਾਨਣ :** ਸਰ ਐਡਵਿਨ ਆਰਨਲਡ ਨੇ ਇਕ ਵਿਸ਼ਵ ਪ੍ਰਸਿੱਧ ਪੁਸਤਕ ਲਿਖੀ 'ਦੀ ਲਾਈਟ ਆਫ ਏਸ਼ੀਆ' ਜਿਸ ਦਾ ਦੋ ਵਿਦਵਾਨਾਂ ਪ੍ਰੋ. ਮੋਹਨ ਸਿੰਘ ਨੇ ਕਾਵਿਤਾ ਦੇ ਰੂਪ ਵਿਚ ਅਤੇ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਕਾਵਿ-ਮਈ ਵਾਰਤਕ ਵਿਚ 'ਏਸ਼ੀਆ ਦਾ ਚਾਨਣ' ਨਾਂ ਹੇਠ ਅਨੁਵਾਦ ਕੀਤਾ ਅਤੇ ਛਪਵਾਇਆ। ਸਰ ਐਡਵਿਨ ਆਰਨਲਡ ਦਾ ਸਥਾਨ, ਬੋਧੀ ਪ੍ਰੰਪਰਾ ਵਿਚ ਬਹੁਤ ਉੱਚਾ ਹੈ ਕਿਉਂਕਿ ਉਸ ਦੀ ਇਸ ਕਿਤਾਬ ਨੇ ਵਿਸ਼ਵ ਭਰ ਵਿਚ ਲੋਕਾਂ ਨੂੰ ਬੁੱਧ ਤੇ ਧੱਮ ਪ੍ਰਤੀ ਨਾ ਸਿਰਫ ਜਾਗਰੂਕ ਕੀਤਾ ਬਲਕਿ ਸ਼ਰਧਾਲੂ ਬਣਾ ਦਿੱਤਾ। ਏਨਾ ਹੀ ਨਹੀਂ ਸਰ ਐਡਵਿਨ ਆਰਨਲਡ ਨੇ ਸ੍ਰੀਲੰਕਾ ਦੇ ਬੋਧੀ ਭਿਕਸ਼ੂ ਅਨਾਗਰਿਕ ਧੱਮ ਪਾਲ ਨਾਲ ਮਿਲ ਕੇ ਬੁੱਧ ਗਯਾ ਮੰਦਿਰ ਦੀ ਮੁੜ ਉਸਾਰੀ, ਵਿਕਾਸ ਅਤੇ ਪ੍ਰਬੰਧ ਨੂੰ ਲੈ ਕੇ, ਮਹੱਤਵਪੂਰਨ ਯੋਗਦਾਨ ਪਾਇਆ ਸੀ। ਦੋਵੇਂ ਅਨੁਵਾਦ ਪੜ੍ਹਨਯੋਗ ਹਨ, ਖਾਸ ਕਰਕੇ ਉਨ੍ਹਾਂ ਦੀਆਂ ਭੂਮਿਕਾਵਾਂ। ਹੁਣ ਜਦ ਮੈਂ, ਇਹ ਲੇਖ ਲਿਖ ਰਿਹਾ ਹਾਂ ਤੇਰੇ ਸਾਹਮਣੇ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਕਿਤਾਬ 'ਏਸ਼ੀਆ ਦਾ ਚਾਨਣ' ਦਾ ਚੌਥਾ ਐਡੀਸ਼ਨ, ਜੋ 1973 ਵਿਚ ਛਪਿਆ ਸੀ, ਪਿਆ ਹੈ, ਜਿਸ ਦੀ ਭੂਮਿਕਾ, ਮਾਡਲ ਟਾਊਨ, ਲਾਹੌਰ ਵਿਖੇ 1 ਦਸੰਬਰ 1937 ਨੂੰ ਲਿਖੀ ਗਈ ਹੈ, ਉਸ ਵਿਚ ਉਹ ਲਿਖਦੇ ਹਨ ਕਿ 'ਇਹ ਕਿਤਾਬ ਮੈਂ, ਪਹਿਲੀ ਵਾਰੀ, ਕੋਈ ਵੀਹ ਵਰ੍ਹੇ ਹੋਏ (ਯਾਨੀ 1917) ਵਿਚ ਈਰਾਨ ਵਿਚ ਇਕ ਅਮਰੀਕਨ ਪਾਦਰੀ ਕੋਲੋਂ ਮੰਗ ਕੇ ਪੜ੍ਹੀ ਸੀ। ਉਸਦੇ ਬਾਅਦ ਅਮਰੀਕਾ ਵਿਚ ਪ੍ਰੀਤ-ਕਲੱਬ ਦੇ ਮੈਂਬਰਾਂ ਨੂੰ ਪੜ੍ਹ ਕੇ ਸੁਣਾਇਆ ਕਰਦਾ ਸਾਂ। ਕਈ ਅਮਰੀਕਨਾਂ ਨੇ ਮੈਨੂੰ ਇਹ ਆਖਿਆ ਸੀ ਕਿ ਉਹ ਇਸ ਪੁਸਤਕ ਨੂੰ ਆਪਣੀ 'ਅੰਜੀਲ' ਸਮਝਣ ਲੱਗ ਪਏ ਸਨ। ਬੁੱਧ ਮੱਤ ਦੇ ਲੋਕ ਪ੍ਰਵਾਨ ਹੋਣ ਦਾ ਵੱਡਾ ਸਬੂਤ ਇਹ ਹੈ ਕਿ ਅੱਜ ਕਿਸੇ ਥਾਂ ਵੀ ਬੋਧੀ ਗੁਲਾਮ ਨਹੀਂ ਹਨ। ਪਿੱਛੇ ਹਨ ਜਾਂ ਅੱਗੇ, ਪਰ ਕਿਸੇ ਦੇ ਅਧੀਨ ਨਹੀਂ ਹਨ। ਮਹਾਤਮਾ ਬੁੱਧ ਦਾ ਹੇਠਲਾ ਉਪਦੇਸ਼ ਹਿਰਦੇ ਵਿਚ ਪਰੋ ਕੇ ਰੱਖਣ ਵਾਲਾ ਹੈ :-

"ਮੰਗੋ ਕੁਝ ਨਾ! ਹਨੇਰਾ ਲਿਸ਼ਕ ਨਹੀਂ ਸਕਦਾ!
ਖਾਮੋਸ਼ੀ ਅੱਗੇ ਬੇਨਤੀ ਨਾ ਕਰੋ, ਕਿਉਂਕਿ ਇਹ ਬੋਲ ਨਹੀਂ ਸਕਦੀ!
ਆਪਣੇ ਸੋਗੀ ਮਨਾਂ ਨੂੰ ਧਾਰਮਿਕ ਕਸ਼ਟਾਂ ਨਾਲ ਦੁਖੀ ਨਾ ਕਰੋ।
ਆਹ, ਭਰਾਵੋ ਤੇ ਭੈਣੋ!
ਸਹਾਇਤਾ-ਹੀਣ ਦੇਵਤਿਆਂ ਕੋਲੋਂ ਭਜਨਾਂ ਤੇ ਭੇਟਾਂ ਨਾਲ ਮੰਗੋ ਕੁਝ ਨਾ!
ਨਾ ਲਹੂ ਨਾਲ ਰਿਸ਼ਵਤ ਦਿਓ, ਨਾ ਫਲਾਂ ਪ੍ਰਸ਼ਾਦਾਂ ਨਾਲ ਰਿਝਾਓ;
ਆਪਣੇ ਅੰਦਰੋਂ ਮੁਕਤੀ ਲੱਭਣੀ ਹੋਵੇਗੀ:
ਹਰ ਕੋਈ ਆਪਣੇ ਬਣਾਏ, ਬੰਦੀ-ਖਾਨੇ ਵਿਚ ਵਸਦਾ ਹੈ।"

ਕਿਸੇ ਬੋਧੀ ਭਿਕਸ਼ੂ ਦੇ ਮੂੰਹੋਂ ਕਹਿਲਾਈ ਗਈ, ਬੁੱਧ ਵਾਣੀ ਬਹੁਤ ਸੁੰਦਰ ਦ੍ਰਿਸ਼ ਪੇਸ਼ ਕਰਦੀ ਹੈ। ਜਦੋਂ ਬੁੱਧ ਨੂੰ ਗਿਆਨ ਪ੍ਰਾਪਤ ਹੋਇਆ, ਉਸ ਸਮੇਂ ਦਾ ਵਾਣੀ-ਚਿਤ੍ਰ ਇਸ ਪ੍ਰਕਾਰ ਹੈ:

"ਹੁਣ ਉਹ ਉੱਠੇ- ਨੂਰੋ ਨੂਰ, ਪ੍ਰਸੰਨ, ਤਕੜੇ-ਬ੍ਰਿਛ ਹੇਠ,
ਤੇ ਆਪਣੀ ਆਵਾਜ਼ ਨੂੰ ਉਚਿਆਂ ਕਰ ਕੇ,
ਸਾਰਿਆਂ ਸਮਿਆਂ ਨੂੰ ਤੇ ਸਾਰੀਆਂ ਦੁਨੀਆਂ ਨੂੰ ਸੁਣਾਨ ਲਈ,
ਉਨ੍ਹਾਂ ਆਖਿਆ :-
ਜਿੰਦਗੀ ਦੇ ਅਨੇਕਾਂ ਘਰਾਂ ਨੇ ਮੈਨੂੰ ਕੈਦ ਰੱਖਿਆ,
ਮੈਂ ਸਦਾ ਉਸੇ ਨੂੰ ਢੂੰਡਦਾ ਰਿਹਾ, ਜਿਸ ਇਹ ਸੁਰਤੀਆਂ ਦਾ ਸੋਗਾਂ ਭਰਿਆ ਬੰਦੀਖਾਨਾ ਸਾਜਿਆ,
ਮੇਰੀ ਅਮੁੱਕ ਘਾਲ ਪੀੜਾਂ ਨਾਲ ਭਰਪੂਰ ਸੀ!
ਪਰ ਹੁਣ,
ਤੂੰ ਏਸ ਪੂਜ ਅਸਥਾਨ ਦੇ ਬਣਾਨ ਵਾਲੇ- ਤੂੰ!
ਮੈਂ ਤੈਨੂੰ ਜਾਣ ਲਿਆ ਹੈ! ਫੇਰ ਕਦੇ ਨਹੀਂ ਤੂੰ ਉਸਾਰ ਸਕੇਂਗਾ,
ਇਹ ਦੁੱਖ ਦੀਆਂ ਕੰਧਾਂ,
ਨਾ ਹੀ ਧੋਖਿਆਂ ਦੀ ਛੱਤ ਉਪਰ ਪਾ ਸਕੇਂਗਾ,
ਤੇ ਨਾ ਹੀ ਮਿੱਟੀ ਉਤੇ ਨਵੀਆਂ ਕੜੀਆਂ;
ਟੁੱਟ ਗਿਆ ਹੈ ਤੇਰਾ ਘਰ,
ਤੇ ਕੜਕ ਗਿਆ ਹੈ ਇਸਦਾ ਸ਼ਤੀਰ! ਮਾਯਾ ਨੇ ਜਿਹੜਾ ਬਣਾਇਆ ਸੀ!
ਸੁਤੰਤਰ ਮੈਂ ਇੱਥੋਂ ਨਿਕਲਦਾ ਹਾਂ- ਮੁਕਤੀ ਪ੍ਰਾਪਤ ਕਰਨ ਲਈ।

ਦੋਵੇਂ ਅਨੁਵਾਦ ਪੜ੍ਹਨਯੋਗ ਹਨ, ਵਾਰ-ਵਾਰ ਪੜ੍ਹਨਯੋਗ ਹਨ।

**ਬੁੱਧ ਧਰਮ ਦਾ ਸਾਰ :** ਦੱਖਣੀ ਭਾਰਤ ਦੇ ਪ੍ਰਸਿੱਧ ਵਿਦਵਾਨ, ਸਮਾਜ ਸੁਧਾਰਕ ਅਤੇ ਬੋਧੀ ਸ਼ਰਧਾਲੂ ਪ੍ਰੋਫੈਸਰ ਲਕਸ਼ਮੀ ਨਰਸੂ ਨੇ The Essence of Buddhism ਪੁਸਤਕ ਲਿਖੀ ਸੀ, ਜਿਸਦੇ ਕਈ ਐਡੀਸ਼ਨ, ਇੰਗਲਿਸ਼, ਹਿੰਦੀ ਅਤੇ ਪੰਜਾਬੀ ਵਿਚ ਛਪ ਚੁੱਕੇ ਹਨ, ਇਸ ਪੁਸਤਕ ਦੀ ਭੂਮਿਕਾ ਲਿਖਦੇ ਹੋਏ, ਬਾਬਾ ਸਾਹਿਬ ਨੇ ਕਿਹਾ ਸੀ, "ਪਿਛਲੇ ਕੁਝ ਸਮੇਂ ਤੋਂ ਭਾਰਤ ਦੇ ਵੱਖ-ਵੱਖ ਇਲਾਕਿਆਂ ਦੇ ਲੋਕ ਮੈਥੋਂ ਬੁੱਧ ਧਰਮ ਬਾਰੇ ਕਿਸੇ ਚੰਗੇ ਗ੍ਰੰਥ ਦੀ ਜਾਣਕਾਰੀ ਦੀ ਮੰਗ ਕਰ ਰਹੇ ਸਨ। ਉਹਨਾਂ ਦੀ ਇੱਛਾ ਪੂਰੀ ਕਰਨ ਲਈ ਪ੍ਰੋ. ਨਰਸੂ ਦੇ ਇਸ ਗ੍ਰੰਥ ਦੀ ਸਿਫਾਰਸ਼ ਕਰਨ ਲੱਗਿਆਂ ਮੈਨੂੰ ਜ਼ਰਾ ਜਿੰਨਾ ਵੀ ਸੰਕੋਚ ਨਹੀਂ।

ਮੈਂ ਸੋਚਦਾ ਹਾਂ ਕਿ ਹੁਣ ਤੱਕ ਬੁੱਧ ਧਰਮ ਨਾਲ ਸਬੰਧਤ ਲਿਖੇ ਗਏ ਸਾਰੇ ਗ੍ਰੰਥਾਂ ਵਿਚੋਂ ਵਧੀਆ ਹੈ।" ਇਹ ਸ਼ਬਦ, ਉਹਨਾਂ ਨੇ, ਇਸ ਗ੍ਰੰਥ ਦੇ ਤੀਜੇ ਐਡੀਸ਼ਨ ਦੀ ਭੂਮਿਕਾ ਲਿਖਦੇ ਹੋਏ, 10 ਮਾਰਚ 1948 ਨੂੰ ਕਹੇ ਸਨ। ਇਹ ਕਿਤਾਬ ਪੜ੍ਹਨਯੋਗ ਹੈ। ਵਾਰ ਵਾਰ ਪੜ੍ਹਨਯੋਗ ਹੈ। ਤਾਈਵਾਨ ਦੀ ਸੰਸਥਾ The corporate Body of the Buddha educational foundation ਭੰਤੇ ਡਾ. ਅਨੰਦ ਕੌਸੰਲਿਆਯਨ ਦੁਆਰਾ ਕੀਤਾ ਹੋਇਆ, ਅਨੁਵਾਦ ਵੀ ਛਾਪਿਆ ਹੈ। ਯੂ. ਕੇ. ਤੋਂ ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਆਫ ਗ੍ਰੇਟ ਬ੍ਰਿਟੇਨ ਦੇ ਸਹਿਯੋਗ ਨਾਲ ਸ੍ਰੀ ਤਰਸੇਮ ਲਾਲ ਚਾਹਲ ਨੇ, ਪੰਜਾਬੀ ਵਿਚ 'ਬੁੱਧ ਧਰਮ ਦਾ ਸਾਰ ਕਿਤਾਬ ਛਾਪੀ ਹੈ। ਬਹੁਤ ਚੰਗਾ ਉਦਮ ਹੈ। ਪਰ ਇਸ ਕਿਤਾਬ ਵਿਚ ਅਨੁਵਾਦ ਅਤੇ ਪਰੂਫ ਰੀਡਿੰਗ ਵਿਚ ਉਕਾਈਆਂ ਰਹਿ ਗਈਆਂ ਹਨ। ਇਸ ਵਿਚੋਂ ਕੁਝ ਹਵਾਲੇ ਦੇ ਰਿਹਾ ਹਾਂ:

ਰਹਿਮ ਅਤੇ ਲੋੜ, ਸਭ ਨੂੰ ਇਕ-ਮਿੱਕ ਕਰਦੇ ਹਨ,
ਖ਼ੂਨ ਦੀ ਕੋਈ ਜਾਤ ਨਹੀਂ, ਇਸਦਾ ਰੰਗ ਇਕੋ ਹੈ,
ਹੰਝੂਆਂ ਦੀ ਕੋਈ ਜਾਤ ਨਹੀਂ, ਜੋ ਲੂਣ ਤੁਬਕਦੇ ਹਨ, ਸਭ ਲਈ,
ਨਾ ਮਨੁੱਖ ਹੀ ਆਉਂਦਾ ਹੈ, ਜਗ ਵਿਚ,
ਮੱਥੇ ਉਪਰ ਠੱਪਾ ਲਗਵਾ ਕੇ, ਤਿਲਕ ਦਾ,
ਨਾ ਹੀ ਗਲੇ ਵਿਚ ਜਨੇਉ ਪਾਈ,
ਕੁਸ਼ਲ ਕਰਮਾਂ ਦਾ ਧਾਰਨੀ ਦਵਿੱਜ ਹੈ,
ਅਕੁਸ਼ਲ ਕਰਮਾਂ 'ਚ ਮਗਨ ਕੁਕਰਮੀ ਹੈ।"

"ਸੁਆਹ ਅਤੇ ਸੋਨੇ ਵਿਚਕਾਰ ਸਪੱਸ਼ਟ ਅੰਤਰ ਹੈ ਲੇਕਿਨ ਇਕ ਬ੍ਰਾਹਮਣ ਤੇ ਚੰਡਾਲਿਕਾ ਵਿਚਕਾਰ ਕੋਈ ਅੰਤਰ ਨਹੀਂ ਹੈ। ਇਕ ਬ੍ਰਾਹਮਣ ਦੋ ਲੱਕੜਾਂ ਨੂੰ ਰਗੜ ਕੇ ਅੱਗ ਪੈਦਾ ਕਰਨ ਵਾਂਗ ਪੈਦਾ ਨਹੀਂ ਹੁੰਦਾ, ਉਹ ਅਸਮਾਨ ਤੋਂ ਨਹੀਂ ਉਤਰਦਾ, ਨਾ ਹੀ ਹਵਾ 'ਚੋਂ ਜਾਂ ਧਰਤੀ ਦੀ ਕੁੱਖ 'ਚੋਂ ਨਿਕਲਦਾ ਹੈ। ਬ੍ਰਾਹਮਣ ਵੀ ਇਕ ਚੰਡਾਲ ਦੀ ਤਰ੍ਹਾਂ ਹੀ ਔਰਤ ਦੀ ਕੁੱਖ 'ਚੋਂ ਜਨਮ ਲੈਂਦਾ ਹੈ। ਤਮਾਮ ਮਨੁੱਖਾਂ ਦੇ ਅੰਗ ਵੀ ਬਿਲਕੁਲ ਇਕੋ ਭਾਂਤ ਦੇ ਹਨ। ਕਿਸੇ ਪੱਖੋਂ ਵੀ ਭੋਰਾ ਫਰਕ ਨਹੀਂ। ਤਾਂ ਇਹ ਕਿਵੇਂ ਮੰਨਿਆ ਜਾ ਸਕਦਾ ਹੈ ਕਿ ਉਹ ਅਲੱਗ ਜਿਣਸ ਹੈ?"

ਹੋਰ ਵੀ ਬਹੁਤ ਸਾਰੀਆਂ ਪੁਸਤਕਾਂ ਹੋ ਸਕਦੀਆਂ ਹਨ ਜਾਂ ਹੋਰ ਵੀ ਬਹੁਤ ਸਾਰੀਆਂ ਰਚਨਾਵਾਂ ਹੋ ਸਕਦੀਆਂ ਹਨ ਜੋ ਪੰਜਾਬੀ ਭਾਸ਼ਾ ਦੇ ਬੋਧੀ ਸਾਹਿਤ ਨੂੰ ਅਮੀਰ ਬਣਾਉਂਦੀਆਂ ਹੋਣ ਜਾਂ ਪੰਜਾਬ ਦੇ ਉਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਨੂੰ ਵੀ ਇਸੇ ਦਾਇਰੇ ਵਿਚ ਰੱਖਿਆ ਜਾ ਸਕਦਾ ਹੈ। ਉਨ੍ਹਾਂ ਦਾ ਵੇਰਵਾ ਵੀ ਦੇਣਾ ਜ਼ਰੂਰੀ ਹੋ ਜਾਂਦਾ ਹੈ। ਹੇਠਾਂ ਕੁਝ ਰਚਨਾਵਾਂ ਦੀ ਸੂਚੀ ਦਰਜ ਕਰ ਰਹੇ ਹਾਂ :

(1) ਬੁੱਧ ਜੀ ਦਾ ਧਿਆਨੀ ਬੁੱਤ (ਕਵਿਤਾ), ਲੇਖਕ ਪੂਰਨ ਸਿੰਘ, ਪੁਸਤਕ- ਪੂਰਨ ਸਿੰਘ ਜੀਵਨੀ ਅਤੇ ਕਵਿਤਾ।
(2) ਕਪਿਲਵਸਤੂ ਦੀ ਯਸ਼ੋਧਰਾ ਦੇ ਸਵਾਮੀ (ਕਵਿਤਾ), ਲੇਖਕ- ਪ੍ਰੀਤਮ ਸਿੰਘ ਸਫ਼ੀਰ, ਪੁਸਤਕ- ਅਗੰਮ ਅਗੋਚਰ।
(3) ਅਮਨ ਦਾ ਪੈਗੰਬਰ (ਕਵਿਤਾ), ਲੇਖਕ ਪ੍ਰੱਬਜੋਤ ਕੌਰ।
(4) ਸੂਰਜ ਹਿੰਦੋਸਤਾਨ ਦਾ (ਕਵਿਤਾ), ਲੇਖਕ ਸੁੱਖਪਾਲਵੀਰ ਹਸ਼ਰਤ, ਪੁਸਤਕ- ਹਸ਼ਰਤ ਕਾਵਿ।
(5) ਬੁੱਧਮ ਸਰਣਮ ਗਛਾਮਿ (ਰੇਡੀਓ ਨਾਟਕ), ਲੇਖਕ- ਕਰਤਾਰ ਸਿੰਘ ਦੁੱਗਲ।
(6) ਗੋਰੀ ਤੇ ਭਗਵਾਨ ਬੁੱਧ (ਨਿੱਕੀ ਕਹਾਣੀ), ਲੇਖਕ- ਗੁਰਬਖਸ਼ ਸਿੰਘ ਪ੍ਰੀਤਲੜੀ, ਪੁਸਤਕ- ਪ੍ਰੀਤ ਕਹਾਣੀਆਂ।
(7) ਮਹਾਤਮਾ ਬੁੱਧ (ਜੀਵਨੀ), ਲੇਖਕ- ਗੁਰਾਂਦਿੱਤਾ ਖੰਨਾ, ਕੁਲਦੀਪ ਪ੍ਰੈਸ, ਅੰਮ੍ਰਿਤਸਰ।
(8) ਸਿਧਾਰਥ ਦੀ ਵਾਪਸੀ (ਕਵਿਤਾ), ਲੇਖਕ- ਸਹਰਯਾਰ।
(9) ਸਿਧਾਰਥ ਕੀ ਵਾਪਸੀ (ਕਵਿਤਾ), ਲੇਖਕ- ਗੁਲਜ਼ਾਰ, ਪੁਸਤਕ- ਰਾਤ ਪਸ਼ਮੀਨੇ ਕੀ।
(10) ((ੳ) ਪਾਲੀ ਤੇ ਪੰਜਾਬੀ (ਲੇਖ), ਲੇਖਕ- ਰੋਸ਼ਨ ਲਾਲ ਅਹੂਜਾ,
(ਅ) ਕਲਿੰਗਾਂ ਦਾ ਦੁਖਾਂਤ- ਲੇਖਕ- ਰੋਸ਼ਨ ਲਾਲ ਅਹੂਜਾ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ।
(11) ਬੁੱਧ ਦੀ ਕਹਾਣੀ- ਲੇਖਕ- ਅਜਾਇਬ ਚਿੱਤ੍ਰਕਾਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ।
(12) ਬੁੱਧ ਜਾਤਕ ਕਥਾਵਾਂ (ਪੰਜਾਬੀ ਕਵਿਤਾ ਵਿਚ ਸਾਰ-ਸੰਗ੍ਰਿਹਿ), ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ।
(13) ਨੌਜੁਆਨ ਵਰਗ ਲਈ ਬੁੱਧ- (ਅਨੁਵਾਦ), ਦਲਵੀਰ ਸਿੰਘ, ਨੈਸ਼ਨਲ ਬੁੱਕ ਟਰੱਸਟ ਇੰਡੀਆ ( ਦਿੱਲੀ)
(14) ਗੌਤਮ ਦੀ ਵਾਪਸੀ (ਕਵਿਤਾ), ਲੇਖਕ- ਸੁਖਵਿੰਦਰ, ਪੁਸਤਕ- ਲੱਕੜ ਦੀਆਂ ਮੱਛੀਆਂ।

ਮੇਰੇ ਖਿਆਲ ਅਨੁਸਾਰ ਅਜੇ ਵੀ ਇਹ ਅਧਿਆਇ ਅਧੂਰਾ ਹੈ ਅਤੇ ਸਦਾ ਅਧੂਰਾ ਰਹੇਗਾ। ਬੁੱਧ ਉਪਰ ਏਨਾ ਸਾਹਿਤ ਰਚਿਆ ਗਿਆ ਹੈ ਅਤੇ ਰਚਿਆ ਜਾ ਰਿਹਾ ਹੈ ਕਿ ਇਹ ਸੂਚੀ ਦਿਨ-ਬ-ਦਿਨ ਲੰਬੀ ਹੁੰਦੀ ਜਾਵੇਗੀ। ਹਰੇਕ ਪਾਠਕ ਨੂੰ ਇਹ ਲਿਸਟ ਖੁਦ ਪੂਰੀ ਕਰਨੀ ਪਵੇਗੀ, ਇਹੀ ਮੇਰਾ ਸੁਝਾਓ ਹੈ। **(ਸਫਾ 15 ਦਾ ਬਾਕੀ ਹਿੱਸਾ)**

# ਗੁਰਬਾਣੀ ਅਰਥ-ਬੋਧ : ਗੁਰਬਾਣੀ ਨੂੰ ਸਮਝਣ ਲਈ ਗੁਰਮੁਖੀ ਦ੍ਰਿਸ਼ਟੀ ਦੀ ਲੋੜ



ਧਰਮ ਸਿੰਘ ਨਿਹੰਗ ਸਿੰਘ
ਸੱਚ ਖੋਜ ਅਕੈਡਮੀ, ਬਰੇਲੀ (ਯੂ ਪੀ)
91-98727-34342

ਗੁਰਬਾਣੀ, ਅਮਰਾਪੁਰੀ (ਸੱਚਖੰਡ) ਦੇ ਵਾਸੀ ਅਕਾਲ ਪੁਰਖ ਦੀ ਅਕੱਥ ਕਥਾ ਹੈ, ਜਿਸ ਵਿਚ ਸੰਸਾਰੀ ਜੀਵਾਂ ਨੂੰ ਆਤਮ ਗਿਆਨ ਕਰਾ ਕੇ, ਭਰਮ ਚੱਕਰ ਤੋਂ ਛੁਟਕਾਰਾ ਪਾਉਣ ਦੀ ਵਿਧੀ ਦੱਸੀ ਗਈ ਹੈ। ਅਕੱਥ ਕਥਾ, ਇਸ ਨੂੰ ਦੋ ਪੱਖਾਂ ਤੋਂ ਮੰਨਿਆ ਜਾ ਸਕਦਾ ਹੈ। ਇਕ ਤਾਂ ਏਸ ਕਰਕੇ ਕਿ ਕਥਾ ਨੂੰ ਕਥਨ ਕਰਕੇ ਮੁਕਾਇਆ ਨਹੀਂ ਜਾ ਸਕਦਾ ਅਤੇ ਦੂਜਾ ਏਸ ਕਰਕੇ ਕਿ ਨਿਰਾਕਾਰ "ਸ਼ਬਦੁ ਗੁਰੂ" ਨੂੰ ਬਿਆਨਿਆ ਹੀ ਨਹੀਂ ਜਾ ਸਕਦਾ, ਜਿਵੇਂ ਕਿ ਭਗਤ ਕਬੀਰ ਜੀ ਦਾ ਫੁਰਮਾਨ ਹੈ:

ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ ॥
ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥੧॥
ਜਹਾ ਬੋਲ ਤਹ ਅਛਰ ਆਵਾ॥
ਜਹ ਅਬੋਲ ਤਹ ਮਨੁ ਨ ਰਹਾਵਾ॥
ਬੋਲ ਅਬੋਲ ਮਧਿ ਹੈ ਸੋਈ॥
ਜਸ ਓਹੁ ਹੈ ਤਸ ਲਖੈ ਨ ਕੋਈ॥੨॥ (ਪੰਨਾ ੩੪੦)

ਇਨ੍ਹਾਂ ਪੰਗਤੀਆਂ ਵਿਚ ਕਬੀਰ ਜੀ ਆਪਣੀ ਉਸ ਸਮੱਸਿਆ ਦਾ ਜ਼ਿਕਰ ਕਰ ਰਹੇ ਹਨ ਜਿਹੜੀ ਕਿ ਉਨ੍ਹਾਂ ਨੂੰ ਆਪਣੇ ਅੰਦਰੋਂ "ਸ਼ਬਦੁ ਗੁਰੂ" ਨੂੰ ਬਿਨਾ ਕੰਨਾਂ ਤੋਂ ਸੁਣ ਕੇ ਸੰਸਾਰੀ ਭਾਸ਼ਾ ਵਿਚ ਬਿਆਨ ਕਰਨ ਵੇਲੇ ਸਾਹਮਣੇ ਆ ਰਹੀ ਹੈ। ਨਿਰਾਕਾਰ ਨੂੰ ਭਗਤ ਜੀ ਨੇ ਬੁੱਝ ਲਿਆ ਹੈ। ਹੁਣ ਸੰਸਾਰੀ ਲੋਕਾਂ ਨੂੰ ਸਮਝਾਉਣ ਸਮੇਂ ਉਹ ਆਖ ਰਹੇ ਹਨ ਕਿ ਸਾਡੀ ਭਾਸ਼ਾ ਦੇ ਕੁੱਲ ਬਵੰਜਾ ਅੱਖਰ ਹੀ ਹਨ ਜਿਨ੍ਹਾਂ ਵਿਚ ਮੈਂ ਤਿੰਨਾਂ ਲੋਕਾਂ ਦੀ ਗੱਲ ਦੱਸਣੀ ਹੈ। ਤਿੰਨੇ ਲੋਕ ਮਾਇਆ ਦੇ ਅੰਦਰ ਹੋਣ ਕਰਕੇ ਇਨ੍ਹਾਂ ਬਵੰਜਾ ਅੱਖਰਾਂ ਵਿਚ ਬੰਦ ਕੀਤੇ ਜਾ ਸਕਦੇ ਹਨ। ਇਹ ਸਾਰੇ ਅੱਖਰ ਅਤੇ ਕਾਗਜ਼ ਸਿਆਹੀ ਆਦਿ ਸਭ ਨਾਸ਼ਵੰਤ ਹੋਣ ਕਰਕੇ ਜਰਾ ਰੋਗ ਨਾਲ ਖਰਦੇ ਖਰਦੇ ਖਰ ਜਾਣਗੇ ਪਰ ਪਰਮੇਸ਼ਰ ਜੋ ਕਿ ਜਰਾ ਰੋਗ ਤੋਂ ਮੁਕਤ (ਅ+ਖਰ) ਹੈ, ਉਹ ਇਨ੍ਹਾਂ ਅੱਖਰਾਂ ਵਿਚ ਨਹੀਂ ਹੈ। ਭਾਵ ਇਨ੍ਹਾਂ ਅੱਖਰਾਂ ਰਾਹੀ ਤੱਤ ਸਰੂਪ ਪਰਮੇਸ਼ਰ ਦਾ ਗਿਆਨ ਤਾਂ ਕਲਮ ਬੰਦ ਕੀਤਾ ਜਾ ਸਕਦਾ ਹੈ, ਪਰ ਤੱਤ ਸਰੂਪ ਪਰਮੇਸ਼ਰ ਇਨਾਂ ਅੱਖਰਾਂ ਵਿਚ ਬੰਦ ਨਹੀਂ ਕੀਤਾ ਜਾ ਸਕਦਾ। ਇਸ ਲਈ ਕੋਈ ਇਹ ਸਮਝਣ ਦੀ ਭੁੱਲ ਨਾ ਕਰ ਲਵੇ ਕਿ ਇਹ ਅੱਖਰ ਪਰਮੇਸ਼ਰ ਹੀ ਹਨ।

ਅਗਲੀਆਂ ਪੰਗਤੀਆਂ ਵਿਚ ਭਗਤ ਜੀ ਅਸਲੀ ਸਮੱਸਿਆ ਦਾ ਜ਼ਿਕਰ ਕਰ ਰਹੇ ਹਨ ਕਿ ਜਿਸ ਗੱਲ ਨੂੰ ਅਸੀਂ ਬੋਲ ਕੇ ਦੱਸ ਸਕਦੇ ਹਾਂ ਉਸ ਨੂੰ ਅੱਖਰੀ ਰੂਪ ਭੀ ਦਿੱਤਾ ਜਾ ਸਕਦਾ ਹੈ। ਪਰ ਜਦੋਂ ਗੱਲ ਬਿਆਨ ਤੋਂ ਹੀ ਪਰੇ ਦੀ ਹੋਵੇ ਜਾਂ ਇਉਂ ਕਹਿ ਲਵੋ ਕਿ ਗੱਲ ਦੱਸੀ ਹੀ ਨਾ ਜਾ ਸਕੇ ਤਾਂ ਫਿਰ ਮਨ ਦਾ ਟਿਕਣਾ ਅਸੰਭਵ ਹੈ। ਕਬੀਰ ਜੀ ਦਾ ਮਤਲਬ ਹੈ ਕਿ ਜਿਹੜੇ ਲੋਕ ਪਰਮੇਸ਼ਰ ਬਾਰੇ ਕੁਝ ਦੱਸਣ ਦੀ ਅਸਮਰੱਥਤਾ ਦਾ ਬਹਾਨਾ ਬਣਾ ਰਹੇ ਹਨ, ਅਸਲ ਵਿਚ ਉਨ੍ਹਾਂ ਨੇ ਪਰਮੇਸ਼ਰ ਬਾਰੇ ਜਾਣਿਆ ਹੀ ਕੁਝ ਨਹੀਂ। ਜੇ ਜਾਣਿਆ ਹੁੰਦਾ ਤਾਂ ਕੁਝ ਨਾ ਕੁਝ ਜ਼ਰੂਰ ਦੱਸਦੇ। ਚੁੱਪ ਨਹੀਂ ਸਨ ਰਹਿ ਸਕਦੇ। ਭਾਵੇਂ ਪਰਮੇਸ਼ਰ ਮਾਨਵ ਬੁੱਧੀ ਅਤੇ ਗਿਆਨ ਇੰਦਰੀਆਂ ਤੋਂ ਪਰੇ ਹੈ, ਫਿਰ ਭੀ ਉਸ ਦੇ ਪ੍ਰਭਾਵ ਜੋ ਸਾਡੇ ਉਪਰ ਪੈਂਦੇ ਹਨ ਜਿਨ੍ਹਾਂ ਦੇ ਅਸਰ ਕਾਰਨ ਮਨ ਬਦਲਦਾ ਹੈ ਉਨ੍ਹਾਂ ਦਾ ਬਿਆਨ ਕਰਨਾ ਜ਼ਰੂਰੀ ਹੈ। ਇਸੇ ਲਈ ਭਗਤ ਜੀ ਪਰਮੇਸ਼ਰ ਨੂੰ "ਬੋਲ ਅਤੇ ਅਬੋਲ ਦੇ ਮੱਧੇ" ਆਖ ਕੇ ਪਾਖੰਡੀ ਸੰਤਾਂ ਦਾ ਭਾਂਡਾ ਭੰਨ ਰਹੇ ਹਨ ਅਤੇ ਆਪ ਉਨ੍ਹਾਂ ਨੇ ਜੋ ਪਰਮੇਸ਼ਰ ਬਾਰੇ ਜਾਣਿਆ ਹੈ, ਆਪਣੀ ਬਾਣੀ ਵਿਚ ਦੱਸ ਦਿੱਤਾ ਹੈ। ਫਿਰ ਭੀ ਅਸਲੀ ਤੱਤ ਬੁਝਾਰਤ ਬਣਿਆ ਹੋਇਆ ਹੈ। ਕਿਉਂ? ਨਿਰਾਕਾਰ ਵਰਗੀ ਕੋਈ ਦੂਸਰੀ ਵਸਤੂ ਸੰਸਾਰ ਅੰਦਰ ਨਾ ਹੋਣ ਕਰਕੇ ਉਸ ਬਾਰੇ ਕਿਹਾ ਗਿਆ, ਸਭ ਕੁਝ ਇਕ ਖੋਜ ਦਾ ਵਿਸ਼ਾ ਹੈ। ।

ਗੱਲ ਜੋ ਅੱਖਰੀ ਰੂਪ ਵਿਚ ਸਾਡੇ ਕੋਲ ਹੈ ਉਸ ਦੇ ਭਾਵ ਅਰਥ ਨੂੰ ਸਮਝ ਕੇ ਹੀ ਇਸ ਵਿਚਲੇ ਤੱਤ ਸਾਰ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਨਹੀਂ ਤਾਂ ਅੱਖਰੀ ਅਰਥਾਂ ਵਿਚੋਂ ਛਾਛ ਹੀ ਪ੍ਰਾਪਤ ਹੋਵੇਗੀ, ਮੱਖਣ ਨਹੀਂ। ਗੁਰਬਾਣੀ ਦੀ ਵਿਚਾਰ ਕਿਵੇਂ ਕਰਨੀ ਹੈ? ਇਸ ਬਾਰੇ ਗੁਰਬਾਣੀ ਹੀ ਦੱਸਦੀ ਹੈ:

ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥
ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥ਰਹਾਉ॥...
ਹਰਿ ਕਾ ਬਿਲੋਵਨਾ ਮਨ ਕਾ ਬੀਚਾਰਾ॥
ਗੁਰ ਪ੍ਰਸਾਦਿ ਪਾਵੈ ਅੰਮ੍ਰਿਤ ਧਾਰਾ॥੩॥
(ਰਾਗ ਆਸਾ, ਭਗਤ ਕਬੀਰ ਜੀ, ਪੰਨਾ ੪੭੮)

ਭਗਤ ਜੀ ਆਖ ਰਹੇ ਹਨ ਕਿ ਹੇ ਮੇਰੇ ਗੁਰ ਭਾਈ ਗੁਰਮੁਖੋ ! ਇਸ ਪਰਮੇਸ਼ਰ ਦੀ ਬਾਣੀ ਨੂੰ ਵਿਚਾਰਨ ਸਮੇਂ ਇਸ ਗੱਲੋਂ ਸਾਵਧਾਨ ਰਹਿਣਾ ਹੈ ਕਿ ਇਸ ਵਿਚਲਾ ਤੱਤ ਨਸ਼ਟ ਹੀ ਨਾ ਹੋ ਜਾਵੇ। ਗੁਰਬਾਣੀ ਦੇ ਮੰਥਨ ਦੁਆਰਾ ਹੀ ਇਸ ਤਨ ਵਿਚੋਂ ਮਨ ਨੂੰ ਜਾਣਨਾ ਹੈ। ਜੇ ਕਿਸੇ ਉਤੇ ਪਰਮੇਸ਼ਰ ਦੀ ਕਿਰਪਾ ਹੋ ਗਈ ਤਾਂ ਉਹ ਅੰਮ੍ਰਿਤ ਬਾਣੀ ਵਿਚੋਂ ਅੰਮ੍ਰਿਤ ਧਾਰਾ ਪ੍ਰਗਟ ਕਰ ਲਵੇਗਾ। ਪਰ ਜੇ ਕੇਵਲ ਅੱਖਰਾਂ ਵਿਚ ਹੀ ਫਸ ਗਿਆ ਫਿਰ ਮੱਖਣ ਤਾਂ ਲੱਭਣਾ ਨਹੀਂ; ਹਾਂ ਛਾਛ ਰੱਜਵੀ ਮਿਲ ਜਾਵੇਗੀ। ਗੁਰ ਨਾਨਕ ਸਾਹਿਬ ਜੀ ਭੀ ਅੱਖਰਾਂ ਵਿਚੋਂ ਖੋਜਣ ਦੀ ਗੱਲ ਕਰ ਰਹੇ ਹਨ:

ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ॥
ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ ਹੋਈ॥੧॥
(ਰਾਗੁ ਆਸਾ, ਮ: ੧, ਪੰਨਾ ੪੩੨)

ਸਤਿਗੁਰੂ ਜੀ ਆਖ ਰਹੇ ਹਨ ਕਿ ਗੁਰਬਾਣੀ ਦੇ ਇਸ ਅੱਖਰੀ ਸਰੂਪ ਵਿਚੋਂ ਜਿਹੜਾ ਕੋਈ ਗੁਰਮੁਖ ਉਸ ਆਦਿ ਪੁਰਖ ਨਿਰਾਕਾਰ ਦੀ ਸੋਝੀ ਖੋਜ ਲਵੇਗਾ ਫੇਰ ਉਸ ਦਾ ਸਾਰਾ ਲੇਖਾ ਮੁੱਕ ਜਾਵੇਗਾ; ਭਾਵ ਉਹ ਜੀਵਨ ਮੁਕਤ ਹੋ ਜਾਵੇਗਾ।

ਗੁਰਬਾਣੀ ਦੁਆਰਾ ਦੋ ਪ੍ਰਕਾਰ ਦਾ ਗਿਆਨ ਦੋਨੋਂ ਭਾਸ਼ਾਵਾਂ ਵਿਚ ਕਰਵਾਇਆ ਗਿਆ ਹੈ। ਗੁਰਬਾਣੀ ਦਾ ਅਸਲ ਮੰਤਵ ਭਾਵੇਂ ਨਿਰਾਕਾਰ (ਸੱਚ) ਨੂੰ ਹੀ ਦ੍ਰਿੜ ਕਰਵਾਉਣਾ ਹੈ, ਫਿਰ ਭੀ ਸੰਸਾਰੀ ਸੱਚ ਦੀ ਮਦਦ ਬਿਨਾਂ ਅਜਿਹਾ ਨਹੀਂ ਸੀ ਕੀਤਾ ਜਾ ਸਕਦਾ। ਕਰਤੇ ਨੂੰ ਉਸ ਦੀ ਕੁਦਰਤ ਵਿਚੋਂ ਹੀ ਸਮਝਾਇਆ ਗਿਆ ਹੈ। ਕੁਦਰਤ ਵਿਚ ਹੁਕਮ ਰੂਪ ਕਰਤਾ ਆਪ ਵਸਿਆ ਹੋਇਆ ਹੈ, ਜਿਥੇ ਤਕ ਕੁਦਰਤ ਵਿਚੋਂ ਸੰਸਾਰੀ ਸੱਚ ਦੇ ਪ੍ਰਮਾਣ ਦਿੱਤੇ ਗਏ ਹਨ, ਉਥੇ ਤਕ ਸੰਸਾਰੀ ਭਾਸ਼ਾ ਅਤੇ ਸੰਸਾਰੀ ਵਿੱਦਿਆ ਸਾਥ ਦਿੰਦੀਆਂ ਹਨ। ਜਦੋਂ ਗੱਲ ਨਿਰੋਲ ਨਿਰਾਕਾਰ ਦੀ ਕਰਨੀ ਹੁੰਦੀ ਹੈ ਉਥੇ ਸੰਸਾਰੀ ਵਿੱਦਿਆ ਅਪੰਗ ਬਣ ਕੇ ਰਹਿ ਜਾਂਦੀ ਹੈ, ਇਸੇ ਲਈ ਗੁਰਬਾਣੀ ਅੰਦਰ ਵਿੱਦਿਆ ਨੂੰ ਨਵੇਂ ਅੰਗ ਪ੍ਰਦਾਨ ਕਰਕੇ ਨਵਾਂ ਰੂਪ ਦੇ ਦਿੱਤਾ ਗਿਆ ਹੈ। ਵਿੱਦਿਆ ਤੋਂ ਭਾਵ ਹੈ ਕਿ ਜਿਸ ਵਿੱਦਿਆ (ਭਾਸ਼ਾ) ਦੁਆਰਾ ਨਿਰਾਕਾਰ ਬ੍ਰਹਮ ਸਮਝਾਇਆ ਜਾ ਸਕੇ।

ਗੁਰਬਾਣੀ ਅੰਦਰ ਸੰਸਾਰੀ ਗਿਆਨ ਦੀ ਗੱਲ ਕਰਨ ਸਮੇਂ ਤਾਂ ਸੰਸਾਰੀ ਵਿੱਦਿਆ ਵਰਤੀ ਗਈ ਹੈ, ਕਿਉਂਕਿ ਤਿੰਨਾਂ ਲੋਕਾਂ ਦਾ ਗਿਆਨ ਇਨ੍ਹਾਂ ਬਵੰਜਾ ਅੱਖਰਾਂ ਵਿਚ ਦੱਸਿਆ ਜਾ ਸਕਦਾ ਸੀ। ਪਰ ਨਿਰਾਕਾਰੀ ਤੱਤ ਗਿਆਨ ਸਮਝਾਉਣ ਸਮੇਂ ਬ੍ਰਹਮ ਵਿੱਦਿਆ ਦੀ ਲੋੜ ਪੈਣ ਕਰਕੇ ਗੁਰਬਾਣੀ ਦੇ ਰਚਣਹਾਰਿਆਂ ਨੂੰ ਕਈ ਸ਼ਬਦ ਨਵੇਂ ਘੜਨੇ ਪਏ ਅਤੇ ਬਹੁਤ ਸਾਰੇ ਪੁਰਾਣੇ ਸ਼ਬਦਾਂ ਦੇ ਅਰਥ ਬਦਲ ਕੇ ਇਕ ਨਵੀਂ ਭਾਸ਼ਾ ਤਿਆਰ ਕਰਨੀ ਪਈ। ਇਸ ਨਵੀਂ ਭਾਸ਼ਾ ਨੂੰ ਸਮਝਣ ਲਈ ਗੁਰਬਾਣੀ ਨੂੰ ਹੀ ਗੁਰੂ ਮੰਨ ਕੇ ਚੱਲਣਾ ਪਵੇਗਾ, ਉਨਾਂ ਨਵੇਂ ਅਰਥਾਂ ਨੂੰ ਸਹੀ ਮੰਨ ਕੇ ਹੀ ਗੁਰਬਾਣੀ ਦੇ ਤੱਤ ਗਿਆਨ ਨੂੰ ਸਮਝਣਾ ਪਵੇਗਾ। ਗੁਰਬਾਣੀ ਪੱਕੀ ਬਾਣੀ ਹੈ, ਇਸ ਵਿਚ ਕਹੀ ਹੋਈ ਗੱਲ ਕਿਸੇ ਪੱਖੋਂ ਭੀ ਝੂਠੀ (ਕੱਚੀ) ਨਹੀਂ ਹੈ। ਇਸ ਲਈ ਗੁਰਬਾਣੀ ਨੂੰ ਅਰਥਾਉਣ ਵੇਲੇ ਕਿਸੇ ਵੀ ਕੱਚੀ ਬਾਣੀ ਭਾਵੇਂ ਉਹ ਕਿਸੇ ਭੀ ਵਿਅਕਤੀ ਦੁਆਰਾ ਕਿਉਂ ਨਾ ਲਿਖੀ ਗਈ ਹੋਵੇ, ਉਸ ਦਾ ਦਖਲ ਗੁਰਬਾਣੀ ਦੇ ਅਰਥਾਂ ਨੂੰ ਵਿਗਾੜ ਕੇ ਰੱਖ ਦੇਵੇਗਾ। ਜਿਹੜੇ ਲੋਕ ਗੁਰਬਾਣੀ ਦੀ ਵਿਆਖਿਆ ਸਮੇਂ ਗੁਰਬਾਣੀ ਤੋਂ ਬਿਨਾਂ ਹੋਰ ਦੂਸਰੇ ਗ੍ਰੰਥਾਂ ਦਾ ਸਹਾਰਾ ਲੈਂਦੇ ਹਨ ਜਾਂ ਸਹਾਰਾ ਲੈਣ ਦੀ ਵਕਾਲਤ ਕਰਦੇ ਹਨ, ਉਨ੍ਹਾਂ ਨੂੰ ਗੁਰਬਾਣੀ ਉਪਰ ਪੂਰਾ ਭਰੋਸਾ ਹੀ ਨਹੀਂ ਅਤੇ ਨਾ ਹੀ ਉਹ ਗੁਰੂ ਗ੍ਰੰਥ ਸਾਹਿਬ ਨੂੰ ਪੂਰਨ ਗੁਰੂ ਹੀ ਮੰਨਦੇ ਹਨ। ਜੇ ਸੱਚਮੁਚ ਗੁਰੂ ਗ੍ਰੰਥ ਸਾਹਿਬ ਜੀ ਪੂਰੇ ਗੁਰੂ ਹਨ ਤਾਂ ਇਹ ਆਪਣੀ ਸੋਝੀ ਆਪ ਕਰਵਾ ਦੇਣ ਦੇ ਸਮਰੱਥ ਕਿਉਂ ਨਹੀਂ ? ਜੇ ਗੁਰੂ ਗ੍ਰੰਥ ਸਾਹਿਬ ਜੀ ਆਪਣੀ ਸੋਝੀ ਆਪ ਕਰਾਉਣ ਦੇ ਸਮੱਰਥ ਹਨ ਤਾਂ ਫਿਰ ਗੁਰਬਾਣੀ ਨੂੰ ਸਮਝਣ ਲਈ ਹੋਰ ਕਿਸੇ ਦੂਸਰੀ ਪੁਸਤਕ ਜਾਂ ਗ੍ਰੰਥ ਦੀ ਲੋੜ ਕਿਉਂ?

ਸੰਸਾਰੀ ਵਿੱਦਿਆ ਜਿਹੜੀ ਕਿ ਯੂਨੀਵਰਸਿਟੀਆਂ ਅੰਦਰ ਪੜ੍ਹਾਈ ਜਾਂਦੀ ਹੈ ਇਸ ਦੁਆਰਾ ਨਾ ਤਾਂ ਤੱਤ ਗਿਆਨ ਬਿਆਨਿਆ ਜਾ ਸਕਦਾ ਹੈ ਅਤੇ ਨਾ ਹੀ ਇਸ ਵਿੱਦਿਆ ਦੀ ਸ਼ਕਤੀ ਨਾਲ ਗੁਰਬਾਣੀ ਨੂੰ ਅਰਥਾਇਆ ਜਾ ਸਕਦਾ ਹੈ। ਇਹੀ ਵਿੱਦਿਆ ਕਾਸ਼ੀ ਅੰਦਰ ਭਗਤ ਕਬੀਰ ਜੀ ਨੇ ਪੜ੍ਹੀ ਸੀ ਅਤੇ ਇਸ ਵਿੱਦਿਆ ਦੀ ਰੋਸ਼ਨੀ ਵਿਚ ਜਿਹੜੀ ਬਾਣੀ ਉਨ੍ਹਾਂ ਨੇ ਮਗਹਰ ਜਾਣ ਤੋਂ ਪਹਿਲਾਂ ਰਚੀ ਸੀ, ਉਸ ਨੂੰ ਉਨ੍ਹਾਂ ਨੇ ਮਗਹਰ ਦੀ ਬ੍ਰਹਮ ਵਿੱਦਿਆ ਸਮਝਣ ਉਪਰੰਤ ਤੱਤ ਗਿਆਨ ਦੀ ਪ੍ਰਾਪਤੀ ਕਰ ਲੈਣ ਤੋਂ ਬਾਅਦ ਆਪ ਹੀ ਰੱਦ ਕਰ ਦਿੱਤਾ ਕਿਉਂਕਿ ਉਹ ਸਾਰੀ ਦੀ ਸਾਰੀ ਕੱਚੀ ਬਾਣੀ ਹੀ ਸੀ। ਕਬੀਰ ਜੀ ਨੇ ਬੇਝਿਜਕ ਹੋ ਕੇ ਮੰਨ ਲਿਆ ਕਿ ਮੇਰਾ ਤਾਂ ਸ਼ਿਵਪੁਰੀ ਵਿਚ ਬੀਤਿਆ ਸਾਰਾ ਹੀ ਸਮਾਂ ਨਸ਼ਟ ਹੋ ਗਿਆ:

ਸਗਲ ਜਨਮੁ ਸਿਵ ਪੁਰੀ ਗਵਾਇਆ॥
ਮਰਤੀ ਬਾਰ ਮਗਹਰਿ ਉਠਿ ਆਇਆ॥
(ਰਾਗਗਉੜੀ, ਭਗਤ ਕਬੀਰ ਜੀ, ਪੰਨਾ ੩੨੬)

ਕਹਿਣ ਤੋਂ ਭਾਵ ਇਹ ਹੈ ਕਿ ਉਸ ਸਮੇਂ ਕਾਸ਼ੀ ਭਾਰਤ ਦੀ ਵਿੱਦਿਆ ਦਾ ਕੇਂਦਰ ਸੀ, ਜੇ ਇਥੋਂ ਦੀ ਵਿੱਦਿਆ ਤੱਤ ਗਿਆਨ ਨੂੰ ਸਮਝਾਉਣ ਵਿਚ ਸਮਰੱਥ ਹੁੰਦੀ ਤਾਂ ਭਗਤ ਕਬੀਰ ਜੀ ਨੂੰ ਕਾਸ਼ੀ ਤਿਆਗ ਕੇ ਮਗਹਰ ਨਾ ਜਾਣਾ ਪੈਂਦਾ। ਰਿਸ਼ੀਆਂ ਮੁਨੀਆਂ ਨਾਲੋਂ ਵੱਡਾ ਵਿਦਵਾਨ ਹੋਰ ਕੌਣ ਹੋ ਸਕਦਾ ਹੈ ? ਜਿਨ੍ਹਾਂ ਵਿਚੋਂ ਕਿਸੇ ਨੂੰ ਵੀ ਤੱਤ ਗਿਆਨ ਦੀ ਸੋਝੀ ਨਹੀਂ ਸੀ ਹੋਈ ਭਾਵੇਂ ਰਿਸ਼ੀ ਮੁਨੀ ਨਾਮ ਅੰਮ੍ਰਿਤ ਦੀ ਖੋਜ ਵਿਚ ਹੀ ਲੱਗੇ ਹੋਏ ਸਨ । ਗੁਰੂ ਅਮਰਦਾਸ ਜੀ ਦੱਸ ਰਹੇ ਹਨ:

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ॥
(ਰਾਗ ਰਾਮਕਲੀ, ਮ:੩, ਪੰਨਾ ੯੧੮)

ਸਾਰੀ ਗੱਲ ਦਾ ਨਿਚੋੜ ਇਹ ਹੈ ਕਿ ਗੁਰਬਾਣੀ ਦੀ ਗੁਰਮਤਿ ਫਿਲਾਸਫੀ ਨੂੰ ਸਮਝਣਾ ਕਾਸ਼ੀ ਦੀ ਵਿੱਦਿਆ ਦੇ ਵੱਸ ਦਾ ਰੋਗ ਨਹੀਂ। ਕਾਸ਼ੀ ਮੱਤ ਵਾਲਿਆਂ ਦੇ ਸ਼ਾਸਤਰਾਂ ਤੇ ਸਿਮ੍ਰਤੀਆਂ ਨੂੰ ਗੁਰਬਾਣੀ ਝੂਠੇ, ਤੱਤ ਗਿਆਨ ਤੋਂ ਸੱਖਣੇ ਮੰਨਦੀ ਹੈ। ਮਗਹਰ ਦੀ ਵਿਚਾਰਧਾਰਾ ਗੁਰਮਤਿ ਅਨੁਸਾਰ ਹੈ ਜਿਹੜੀ ਕਿ ਕਾਸ਼ੀ ਮੱਤ ਦੇ ਭਰਮ ਜਾਲ ਨੂੰ ਖੰਡਦੀ ਅਤੇ ਕਾਸ਼ੀ ਦੇ ਚਿੱਟ ਕੱਪੜੀਏ ਮਾਲਾਧਾਰੀ ਸੰਤਾਂ ਨੂੰ 'ਬਾਨਾਰਸ ਕੇ ਠੱਗ' ਆਖ ਕੇ ਭੰਡਦੀ ਹੈ। ਗੁਰਮਤਿ ਸੰਸਾਰ ਦੀਆਂ ਦੂਸਰੀਆਂ ਮੱਤਾਂ ਜਿਹੜੀਆਂ ਕਿ ਸੱਚ ਦਾ ਗਿਆਨ ਕਰਾਉਣ ਵਿਚ ਅਸਮਰੱਥ ਹਨ, ਨੂੰ ਸਾਕਤਾਂ ਦੀਆਂ ਮੱਤਾਂ ਆਖਦੀ ਹੈ। ਸਾਕਤ ਉਸ ਨੂੰ ਆਖਿਆ ਜਾਂਦਾ ਹੈ, ਜਿਹੜਾ ਪਰਮੇਸ਼ਰ ਦਾ ਸ਼ਰੀਕ ਬਣੇ ਜਾਂ ਕਿਸੇ ਹੋਰ ਦੂਸਰੇ ਨੂੰ ਪਰਮੇਸ਼ਰ ਦਾ ਸ਼ਰੀਕ ਸਮਝਦਾ ਹੋਵੇ। ਗੁਰਬਾਣੀ ਦੀ ਵਿਚਾਰਧਾਰਾ ਸਾਕਤਾਂ ਦੀ ਵਿਚਾਰਧਾਰਾ ਨਾਲੋਂ ਇਕਦਮ ਉਲਟੀ ਹੈ। ਸਾਕਤਾਂ ਦੀ ਵਿਚਾਰਧਾਰਾ ਦੀਆਂ ਮਨੌਤਾਂ ਦਾ ਗੁਰਬਾਣੀ ਵਿਚ ਖੰਡਨ ਕੀਤਾ ਗਿਆ ਹੈ। ਉਹ ਮਨੌਤਾਂ ਹੀ ਤੱਤ ਗਿਆਨ ਦੇ ਰਸਤੇ ਵਿਚ ਰੋੜਾ ਹਨ। ਉਦਾਹਰਣ ਵਜੋਂ ਜਦੋਂ ਭਗਤ ਕਬੀਰ ਜੀ ਨੂੰ ਤੱਤ ਗਿਆਨ ਨਹੀਂ ਸੀ ਹੋਇਆ ਤਾਂ ਉਹ ਦੇਹਧਾਰੀ ਗੁਰੂ ਦੀ ਹੋਂਦ ਨੂੰ ਮੰਨਦੇ ਸਨ, ਜਿਸ ਦਾ ਸਬੂਤ ਉਨ੍ਹਾਂ ਦੇ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਮਿਲਦੇ ਇਸ ਸਲੋਕ ਤੋਂ ਮਿਲਦਾ ਹੈ:

ਗੁਰੂ ਗੋਬਿੰਦ ਦੋਊ ਖੜੇ ਕਾ ਕੇ ਲਾਗੂੰ ਪਾਏ ।
ਬਲਿਹਾਰੀ ਗੁਰ ਆਪਣੇ ਜਿਸ ਗੋਬਿੰਦ ਦੀਆ ਮਿਲਾਇ ।

ਜਦੋਂ ਭਗਤ ਜੀ ਨੇ ਇਹ ਸਲੋਕ ਰਚਿਆ ਸੀ ਉਸ ਸਮੇਂ ਉਨ੍ਹਾਂ ਨੂੰ ਗੋਬਿੰਦ ਦੇ ਦਰਸ਼ਨ ਅਜੇ ਨਹੀਂ ਸੀ ਹੋਏ। ਕੇਵਲ ਇਕ ਕਵੀ ਦੇ ਮਨ ਦੀ ਉਡਾਣ ਸੀ ਕਿ ਜੇ ਐਸਾ ਕਿਤੇ ਹੋ ਜਾਵੇ ਕਿ ਗੁਰੂ ਅਤੇ ਗੋਬਿੰਦ ਦੋਵੇਂ ਇਕੱਠੇ ਸਾਹਮਣੇ ਆ ਜਾਣ ਤਾਂ ਉਨ੍ਹਾਂ ਵਿਚੋਂ ਮੈਨੂੰ ਸ੍ਰੇਸ਼ਟ ਕਿਸ ਨੂੰ ਮੰਨਣਾ ਚਾਹੀਦਾ ਹੈ? ਸੰਸਾਰੀ ਮਨ-ਬੁਧੀ ਨੇ ਫੈਸਲਾ ਲਿਆ ਕਿ ਜਿਸ ਗੁਰੂ ਨੇ ਗੋਬਿੰਦ ਮਿਲਾਇਆ ਹੈ, ਉਸ ਨੂੰ ਹੀ ਪਹਿਲਾਂ ਨਮਸਕਾਰ ਕਰਨੀ ਬਣਦੀ ਹੈ ਕਿਉਂਕਿ ਗੁਰੂ ਨੇ ਗੋਬਿੰਦ ਨੂੰ ਮਿਲਾਇਆ ਹੈ। ਗੁਰੂ ਰੁੱਸ ਜਾਵੇ ਤਾਂ ਕੋਈ ਠਿਕਾਣਾ ਦੇਣ ਵਾਲਾ ਨਹੀਂ ਬਣਦਾ ਪਰ ਜੇ ਗੋਬਿੰਦ ਰੁੱਸ ਜਾਵੇਗਾ ਤਾਂ ਗੁਰੂ ਠਿਕਾਣਾ ਜ਼ਰੂਰ ਦੇਵੇਗਾ।

ਗੁਰ ਅਰਜਨ ਸਾਹਿਬ ਜੀ ਨੇ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ ਤਾਂ ਉਨ੍ਹਾਂ ਨੇ ਭਗਤ ਕਬੀਰ ਜੀ ਦੇ ਉਪਰੋਕਤ ਸਲੋਕ ਨੂੰ ਗੁਰੂ ਗ੍ਰੰਥ ਸਾਹਿਬ ਅੰਦਰ ਥਾਂ ਏਸ ਲਈ ਨਹੀਂ ਦਿੱਤੀ ਕਿਉਂਕਿ ਗੁਰਬਾਣੀ ਅੰਦਰ ਪਰਮੇਸ਼ਰ ਤੋਂ ਬਿਨਾਂ ਕਿਸੇ ਦੇਹਧਾਰੀ ਵਿਅਕਤੀ ਨੂੰ ਗੁਰੂ ਨਹੀਂ ਮੰਨਿਆ ਗਿਆ। ਗੁਰ ਨਾਨਕ ਸਾਹਿਬ ਨੂੰ ਭੀ ਸਿੱਧਾਂ ਨੇ ਪੁੱਛਿਆ ਸੀ ਕਿ ਤੁਹਾਡਾ ਗੁਰੂ ਕੌਣ ਹੈ ? ਜਵਾਬ ਵਿਚ ਸਤਿਗੁਰੂ ਜੀ ਨੇ ਆਖਿਆ ਸੀ ਕਿ ਸਾਡਾ ਗੁਰੂ ਪਰਮੇਸ਼ਰ ਦਾ ਹੁਕਮ 'ਸ਼ਬਦੁ' ਹੈ, ਜੋ ਕਿ ਸਦਾ ਸਾਡੇ ਅੰਦਰ ਪ੍ਰਗਟ ਰਹਿੰਦਾ ਹੈ ਅਤੇ ਹਰ ਪ੍ਰਕਾਰ ਦਾ ਗਿਆਨ ਜਿਸ ਦੀ ਕਿ ਸਾਨੂੰ ਲੋੜ ਪੈਂਦੀ ਹੈ ਅੰਦਰੋਂ ਹੀ ਫੁਰਨੇ ਰੂਪ ਵਿਚ ਪ੍ਰਾਪਤ ਹੋ ਜਾਂਦਾ ਹੈ। ਗੁਰੂ ਅਤੇ ਗੋਵਿੰਦ ਨੂੰ ਗੁਰ ਅਰਜਨ ਸਾਹਿਬ ਜੀ ਨੇ ਭੀ ਇਹੋ ਆਖਿਆ ਹੈ:

ਮੇਰਾ ਬੈਦੁ ਗੁਰੂ ਗੋਵਿੰਦਾ॥
ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ॥੧॥ਰਹਾਉ॥
(ਰਾਗੁ ਸੋਰਠਿ, ਮ:੫, ਪੰਨਾ ੬੧੮)

ਸਾਡੀ ਸੰਸਾਰੀ ਬੋਲੀ ਜਾਂ ਵਿੱਦਿਆ ਸੱਚ ਦਾ ਵਿਖਿਆਨ ਕਰਨ ਵਿਚ ਕਿਉਂ ਅਸਮਰੱਥ ਹੈ? ਇਹ ਦੇਖਣ ਲਈ ਸਾਨੂੰ ਇਕ-ਦੋ ਉਦਾਹਰਣਾਂ ਵਿਚਾਰ ਕੇ ਹੀ ਸਮਝ ਆ ਜਾਵੇਗੀ। ਪਹਿਲੀ ਉਦਾਹਰਣ ਇਹ ਹੋ ਸਕਦੀ ਹੈ ਕਿ ਅਸੀਂ ਜਿਸ ਚੀਜ਼ ਨੂੰ ਆਪਣੀ ਭਾਸ਼ਾ ਵਿਚ ਅਚੱਲ ਮੰਨਦੇ ਹਾਂ, ਅਸਲ ਵਿਚ ਉਹ ਅਚੱਲ ਨਹੀਂ ਹੈ। ਗੁਰਬਾਣੀ ਸਾਰੀ ਮਾਇਆ ਨੂੰ ਹੀ ਚਲਦੀ-ਫਿਰਦੀ (ਡੋਲਣੀ) ਮੰਨਦੀ ਹੈ ਅਤੇ ਅੱਜ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਧਰਤੀ ਅਚੱਲ ਨਹੀਂ ਹੈ, ਫਿਰ ਇਸ ਧਰਤੀ ਨਾਲ ਸੰਬੰਧਤ ਪੇੜ ਪੌਦੇ ਪਹਾੜ ਆਦਿਕ ਵਿਚੋਂ ਕੁਝ ਵੀ ਅਚੱਲ ਨਹੀਂ ਮੰਨਿਆ ਜਾ ਸਕਦਾ। ਅਸੀਂ ਜੋ ਕੁਝ ਬੋਲ ਰਹੇ ਹਾਂ ਉਹ ਸਭ ਕੁਝ ਇਸ ਧਰਤੀ ਨਾਲ ਜੁੜ ਕੇ ਹੀ ਬੋਲ ਰਹੇ ਹਾਂ। ਇਹ ਉਨ੍ਹਾਂ ਲੋਕਾਂ ਦੀ ਭਾਸ਼ਾ ਹੈ ਜਿਹੜੇ ਡੋਲਣੀ ਮਾਇਆ ਨਾਲ ਜੁੜੇ ਹੋਏ ਹਨ। ਸਾਨੂੰ ਧਰਤੀ ਕਿਉਂਕਿ ਚਲਦੀ ਮਲੂਮ ਨਹੀਂ ਹੁੰਦੀ, ਇਸ ਲਈ ਅਸੀਂ ਆਪਣੀ ਅਲਪ ਬੁੱਧੀ ਨਾਲ ਇਸ ਧਰਤੀ ਅਤੇ ਧਰਤੀ ਨਾਲ ਜੁੜੀਆਂ ਹੋਈਆਂ ਖੜੀਆਂ ਵਸਤਾਂ ਨੂੰ ਅਚੱਲ ਮੰਨ ਲਿਆ ਹੈ। ਗੁਰਬਾਣੀ ਨੇ ਸੰਸਾਰ ਦੁਆਰਾ ਮੰਨੀ ਗਈ ਹਰ ਥਿਰ (ਅਚੱਲ) ਵਸਤੂ ਨੂੰ ਅਸਥਿਰ ਹੀ ਮੰਨਿਆ ਹੈ। ਇਵੇਂ ਸੰਸਾਰ ਵਿਚ ਕੁਝ ਵੀ ਖਾਲਸ ਨਹੀਂ ਹੈ। ਜਦ ਪਾਣੀ ਹੀ ਮੈਲਾ ਹੈ ਤਾਂ ਪਾਣੀ ਤੋਂ ਬਣੀ ਹੋਈ ਹੋਰ ਕੋਈ ਵਸਤੂ ਸ਼ੁੱਧ (ਖਾਲਸ) ਕਿਵੇਂ ਹੋ ਸਕਦੀ ਹੈ ? ਸੰਸਾਰ ਜਿਸ ਨੂੰ ਮਰਨਾ ਮੰਨਦਾ ਹੈ, ਗੁਰਬਾਣੀ ਉਸ ਨੂੰ ਮਰਨਾ ਨਹੀਂ ਮੰਨਦੀ। ਸੰਸਾਰ ਜਿਸ ਨੂੰ ਆਪਣਾ ਮੰਨਦਾ ਹੈ, ਗੁਰਬਾਣੀ ਦੀ ਦ੍ਰਿਸ਼ਟੀ ਵਿਚ ਉਹ ਪਰਾਇਆ ਹੈ। ਸੰਸਾਰ ਜਿਸ ਨੂੰ ਖਰਾ ਮੰਨਦਾ ਹੈ, ਗੁਰਬਾਣੀ ਉਸ ਨੂੰ ਖੋਟਾ ਮੰਨਦੀ ਹੈ। ਸੰਸਾਰ ਜਿਸ ਨੂੰ ਜਾਗਦਾ ਆਖਦਾ ਹੈ, ਗੁਰਬਾਣੀ ਦੀ ਦ੍ਰਿਸ਼ਟੀ ਅਨੁਸਾਰ ਉਹ ਸੁੱਤਾ ਹੋਇਆ ਹੈ। ਸੰਸਾਰ ਜਿਸ ਨੂੰ ਕੌੜਾ ਮੰਨਦਾ ਹੈ ਅਸਲ ਵਿਚ ਉਹ ਮਿੱਠਾ ਹੈ ਅਤੇ ਕੌੜਾ ਝੂਠ ਸੰਸਾਰ ਨੂੰ ਮਿੱਠਾ ਲੱਗਦਾ ਹੈ। ਉਪਰੋਕਤ ਵਿਚਾਰ ਹੀ ਗੁਰ ਨਾਨਕ ਸਾਹਿਬ ਜੀ ਗਉੜੀ ਰਾਗ ਦੇ ਇਸ ਸ਼ਬਦ ਵਿਚ ਦੱਸ ਰਹੇ ਹਨ:

ਗੁਰਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ॥
ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ॥
ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ॥
ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ॥੧॥
ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ॥
ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ॥੨॥
ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ॥
ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ॥੩॥
ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ॥
ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ॥੪॥
ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ॥
ਪਰ ਕੀ ਕਉ ਅਪੁਨੀ ਕਹੈ ਅਪੁਨੋ ਨਹੀ ਭਾਇਆ॥੫॥
ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ॥
ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ॥੬॥
ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ॥
ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ॥੭॥
ਇਸੁ ਪਦ ਜੋ ਅਰਥਾਇ ਲੇਇ ਸੋ ਗੁਰੂ ਹਮਾਰਾ॥
ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ॥੮॥
ਸਭੁ ਆਪੇ ਆਪਿ ਵਰਤਦਾ ਆਪੇ ਭਰਮਾਇਆ॥
ਗੁਰ ਕਿਰਪਾ ਤੇ ਬੂਝੀਐ ਸਭੁ ਬ੍ਰਹਮੁ ਸਮਾਇਆ॥੯॥੨॥੧੮॥
(ਪੰਨਾ ੨੨੯)

ਇਸ ਉਪਰੋਕਤ ਸ਼ਬਦ ਅੰਦਰ ਸਤਿਗੁਰੂ ਜੀ ਸੰਸਾਰੀ ਵਿੱਦਿਆ (ਭਾਸ਼ਾ) ਅਤੇ ਨਿਰਾਕਾਰੀ ਗੁਰਮੁਖੀ ਭਾਸ਼ਾ ਗੁਰਬਾਣੀ ਦੀ ਭਾਸ਼ਾ ਵਿਚਲਾ ਅੰਤਰ ਵਿਰੋਧ ਹੀ ਸਮਝਾ ਰਹੇ ਹਨ। ਸ਼ੁਰੂ ਤੋਂ ਹੀ ਭਰਮ ਗਿਆਨੀਆਂ ਅਤੇ ਬ੍ਰਹਮ ਗਿਆਨੀਆਂ ਦੀ ਭਾਸ਼ਾ ਇਕ ਦੂਜੇ ਤੋਂ ਉਲਟ ਰਹੀ ਹੈ। ਬ੍ਰਹਮ ਗਿਆਨ ਦੀ ਭਾਸ਼ਾ ਤਾਂ ਸੰਸਾਰ ਵਿਚ ਹਰ ਸਮੇਂ ਪ੍ਰਗਟ ਨਹੀਂ ਰਹਿੰਦੀ ਪਰ ਝੂਠੇ ਸੰਸਾਰ ਦੀ ਝੂਠੀ ਭਾਸ਼ਾ ਹਮੇਸ਼ਾ ਹੀ ਪੜ੍ਹਾਈ ਜਾਂਦੀ ਰਹੀ ਹੈ। ਗੁਰਬਾਣੀ ਦੀ ਭਾਸ਼ਾ ਬ੍ਰਹਮ ਵਿੱਦਿਆ ਕੇਵਲ ਨਿਰਾਕਾਰੀ ਗਿਆਨ ਕਰਾਉਣ ਹਿੱਤ ਹੀ ਬਣਾਈ ਜਾਂਦੀ ਹੈ। ਜਦੋਂ ਸੰਸਾਰ ਨੂੰ ਨਿਰਾਕਾਰੀ ਗਿਆਨ ਦੀ ਲੋੜ ਨਹੀਂ ਰਹਿੰਦੀ ਸੰਸਾਰ ਇਸ ਭਾਸ਼ਾ ਨੂੰ ਵਿਸਾਰ ਦਿੰਦਾ ਹੈ ਜਿਸ ਤੋਂ ਸਿੱਧ ਹੁੰਦਾ ਹੈ ਕਿ ਸੰਸਾਰ ਬ੍ਰਹਮ ਗਿਆਨੀਆਂ ਨਾਲੋਂ ਭਰਮ ਗਿਆਨ ਨੂੰ ਵਧੇਰੇ ਮਹੱਤਵ ਦਿੰਦਾ ਰਿਹਾ ਹੈ।

ਸੰਸਾਰੀ ਵਿੱਦਿਆ ਨੂੰ ਗੁਰਬਾਣੀ ਅੰਦਰ ਅਵਿੱਦਿਆ ਮੰਨਿਆ ਗਿਆ ਹੈ ਅਤੇ ਇਸ ਵਿੱਦਿਆ ਦੇ ਅਧਿਆਪਕ ਪੰਡਤ ਨੂੰ ਮੂਰਖ ਆਖਿਆ ਗਿਆ ਹੈ। ਜਿਸ ਵਿੱਦਿਆ ਦੀ ਪ੍ਰਾਪਤੀ ਨਾਲ ਮਨ ਅੰਦਰ ਲਬੁ ਲੋਭ ਅਤੇ ਹੰਕਾਰ ਸ਼ਕਤੀਸ਼ਾਲੀ ਹੋ ਜਾਂਦੇ ਹੋਣ ਉਸ ਵਿੱਦਿਆ ਨੂੰ ਗੁਰਮਤਿ ਅਵਿੱਦਿਆ ਕਿਉਂ ਨਾ ਮੰਨਦੀ, ਜਿਵੇਂ ਕਿ ਗੁਰਬਾਣੀ ਦਾ ਕਥਨ ਹੈ:

ਮਾਧੋ ਅਬਿਦਿਆ ਹਿਤ ਕੀਨ॥
ਬਿਬੇਕ ਦੀਪ ਮਲੀਨ॥੧॥ਰਹਾਉ॥
(ਰਾਗੁ ਆਸਾ, ਭਗਤ ਰਵਿਦਾਸ ਜੀ, ਪੰਨਾ ੪੮੬)

ਭਗਤ ਰਵਿਦਾਸ ਜੀ ਉਪਰੋਕਤ ਪੰਗਤੀਆਂ ਵਿਚ ਸਮਝਾ ਰਹੇ ਹਨ ਕਿ ਜਿਨ੍ਹਾਂ ਲੋਕਾਂ ਨੇ ਇਸ ਸੰਸਾਰੀ ਵਿੱਦਿਆ ਨੂੰ ਜਿਹੜੀ ਕਿ ਅਵਿੱਦਿਆ ਹੈ ਆਪਣੇ ਲਈ ਹਿਤਕਾਰੀ ਮੰਨ ਕੇ ਇਸ ਅਵਿੱਦਿਆ ਨਾਲ ਪ੍ਰੇਮ ਕਰ ਲਿਆ ਹੈ, ਉਨ੍ਹਾਂ ਦਾ ਹੀ "ਬਿਬੇਕ ਬੁੱਧ" ਰੂਪ ਦੀਵਾ ਮਲੀਨ ਹੋ ਗਿਆ ਹੈ। ਭਾਵ ਉਨ੍ਹਾਂ ਦੀ ਬੁੱਧੀ ਇਸ ਵਿੱਦਿਆ ਨੇ ਭ੍ਰਸ਼ਟ ਕਰ ਦਿੱਤੀ ਹੈ। ਇਸੇ ਲਈ ਤਾਂ ਇਹ ਕਾਸ਼ੀ ਦੇ ਸਾਰੇ ਵਿਦਵਾਨ, ਭਗਤਾਂ ਦੇ ਵਿਰੋਧ ਵਿਚ ਇਕਮੁੱਠ ਖੜੇ ਹੋ ਗਏ ਹਨ ਜਦ ਕਿ ਭਗਤ ਬਾਣੀ ਕਾਸ਼ੀ ਦੀ ਵਿੱਦਿਆ ਨੂੰ ਵਿਚਾਰਨ ਉਪਰੰਤ ਸੋਧ ਕੇ ਬ੍ਰਹਮ ਵਿਦਿਆ ਬਣਾ ਦਿੱਤੀ ਗਈ ਹੈ, ਜਿਸ ਦੀ ਮਦਦ ਨਾਲ ਹੁਣ ਬ੍ਰਹਮ ਨੂੰ ਵਿਚਾਰਿਆ ਸਮਝਿਆ ਜਾ ਸਕਦਾ ਹੈ, ਜਿਹੜਾ ਕਿ ਬ੍ਰਾਹਮਣ ਦਾ ਅਸਲੀ ਧਰਮ ਕਰਮ ਹੈ। ਪਰ ਉਸ ਵੇਲੇ ਤਾਂ ਇਹ ਨਾਮ ਦੇ ਬ੍ਰਾਹਮਣ ਕਰਮ ਦੇ ਨੀਚ ਹੋ ਚੁਕੇ ਸਨ ਕਿਉਂਕਿ ਸੱਚ ਦਾ ਵਿਰੋਧ ਕਰਨ ਵਾਲਿਆਂ ਨੂੰ ਹੀ ਗ੍ਰੰਥਾਂ ਵਿਚ ਨੀਚ ਮੰਨਿਆ ਹੋਇਆ ਹੈ। ਗਉੜੀ ਰਾਗ ਅੰਦਰਲੇ ਗੁਰ ਨਾਨਕ ਸਾਹਿਬ ਜੀ ਦੇ ਉਪਰੋਕਤ ਸ਼ਬਦ ਵਿਚ ਸਭ ਤੋਂ ਅਹਿਮ ਗੱਲ ਦੋਨਾਂ ਭਾਸ਼ਾਵਾਂ ਦੇ ਆਪਾ ਵਿਰੋਧ ਦੀ ਗੱਲ ਜੋ ਦੱਸੀ ਗਈ ਹੈ ਉਹ ਇਹ ਹੈ ਕਿ, ਕਾਸ਼ੀ ਮੱਤ ਵਾਲੇ ਜਾਂ ਹੋਰ ਸਾਰੀਆਂ ਸੰਸਾਰੀ ਮੱਤਾਂ ਵਾਲੇ ਮਨੁੱਖੀ ਮਨ ਨੂੰ ਦੋ ਭਾਗਾਂ ਵਿਚ ਵੰਡਿਆ ਹੋਇਆ ਮੰਨਦੇ ਹਨ। ਗੁਰਬਾਣੀ ਦਾ ਵੀ ਇਹੀ ਮੰਨਣਾ ਹੈ ਪਰ ਵਿਰੋਧ ਇਸ ਗੱਲ ਵਿਚ ਹੈ ਕਿ ਮਨੁੱਖੀ ਮਨ ਦਾ ਜਿਹੜਾ ਭਾਗ ਮਾਇਆ ਅੰਦਰ ਲਿਪਤ ਹੋਣ ਕਰਕੇ ਲੋਭ ਲਹਿਰ ਅਧੀਨ ਕਲਪਨਾ ਕਰਦਾ ਰਹਿੰਦਾ ਹੈ ਉਸ ਨੂੰ ਗੁਰਮਤਿ ਨੇ ਸੁੱਤਾ ਹੋਇਆ ਸੁਪਨਾ ਦੇਖ ਰਿਹਾ ਮੰਨਿਆ ਹੈ। ਪਰ ਗੁਰਮਤਿ ਤੋਂ ਛੁੱਟ ਸੰਸਾਰ ਦੀਆਂ ਸਾਰੀਆਂ ਮੱਤਾਂ ਮਨੁੱਖੀ ਮਨ ਨੂੰ ਜਾਗਦਾ (ਛੋਨਸਚੌਿਸ) ਮੰਨਦੀਆਂ ਹਨ। ਇਸ ਤੋਂ ਉਲਟ ਮਨ ਦੇ ਦੂਸਰੇ ਭਾਗ ਨੂੰ ਜਿਸ ਨੂੰ ਕਿ ਗੁਰਬਾਣੀ ਅੰਦਰ ਚਿਤ ਮੰਨਿਆ ਗਿਆ ਹੈ, ਨੂੰ ਗੁਰਬਾਣੀ "ਸਤਿਗੁਰੁ ਜਾਗਤਾ ਹੈ ਦੇਉ॥੨॥ਰਹਾਉ" ਭਾਵ ਜਾਗਦਾ ਮੰਨਦੀ ਹੈ। ਪਰ ਸੰਸਾਰੀ ਮੱਤਾਂ ਅਨੁਸਾਰ ਉਸ ਨੂੰ (ੂਬਿਚੋਨਚੌਿਸ ਮਨਿਦ) ਭਾਵ ਅਰਧ ਚੇਤਨ ਮਨ ਮੰਨਿਆ ਹੋਇਆ ਹੈ। ਇਸੇ ਨੂੰ ਸਤਿਗੁਰੂ ਜੀ ਨੇ "ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ॥" ਆਖ ਕੇ ਇਹ ਸੰਕੇਤ ਕੀਤਾ ਹੈ ਕਿ ਗੁਰ-ਮੁਖਾਂ ਦੀ ਵਿਚਾਰਧਾਰਾ ਮਨਮੁਖਾਂ ਦੀ ਮਨਮੱਤ ਨਾਲੋਂ ਇਕਦਮ ਉਲਟ ਹੈ।

ਗੁਰਬਾਣੀ ਨੂੰ ਜੇ ਇਕ ਮਨ ਇਕ ਚਿਤ ਹੋ ਕੇ ਵਿਚਾਰੀਏ ਤਾਂ ਇਹ ਸਾਨੂੰ ਸੰਸਾਰੀ ਮੱਤਾਂ ਦਾ ਪੈਰ ਪੈਰ 'ਤੇ ਵਿਰੋਧ ਕਰਦੀ ਦਿਖਾਈ ਦੇ ਰਹੀ ਹੈ। ਵਿਰੋਧ ਇਤਨਾ ਲੰਬਾ ਹੈ ਕਿ ਇਸ ਉਪਰ ਇਕ ਢਾਈ ਤਿੰਨ ਸੌ ਪੰਨੇ ਦੀ ਪੁਸਤਕ ਲਿਖੀ ਜਾ ਸਕਦੀ ਹੈ। ਪਰ ਇਸ ਲੇਖ ਵਿਚ ਤਾਂ ਦੋ-ਚਾਰ ਮਹੱਤਵਪੂਰਨ ਨੁਕਤੇ ਹੀ ਵਿਚਾਰੇ ਜਾ ਸਕਦੇ ਹਨ। ਸੰਸਾਰ ਅੰਦਰ ਜਨਮ ਲੈਣ ਪਿੱਛੋਂ ਜਦ ਤੋਂ ਅਸੀਂ ਬੋਲਣਾ ਅਤੇ ਸਮਝਣਾ ਸ਼ੁਰੂ ਕੀਤਾ ਹੈ, ਉਸੇ ਸਮੇਂ ਤੋਂ ਅਸੀਂ ਇਸ ਅਵਿੱਦਿਆ ਦੀ ਗ੍ਰਿਫ਼ਤ ਵਿਚ ਕੈਦ ਹੋ ਗਏ ਹਾਂ। ਇਸੇ ਲਈ ਗੁਰਬਾਣੀ ਵਿਚ ਸਭ ਤੋਂ ਪਹਿਲਾਂ ਸਾਨੂੰ ਇਹ ਸਮਝਾਇਆ ਜਾਂਦਾ ਹੈ ਕਿ ਜਿਸ ਦੇ ਪੇਟ ਦੁਆਰਾ ਅਸੀਂ ਸੰਸਾਰ ਵਿਚ ਆਏ ਹਾਂ ਅਸਲ ਵਿਚ ਉਹ ਸਾਡੀ ਮਾਂ ਨਹੀਂ ਹੈ ਕਿਉਂਕਿ ਉਸ ਦੇ ਸਰੀਰ (ਮਾਸ) ਤੋਂ ਤਾਂ ਕੇਵਲ ਸਾਨੂੰ ਇਸ ਹੱਡ ਮਾਸ ਦਾ ਸਰੀਰ ਹੀ ਮਿਲਿਆ ਹੈ, ਇਸ ਸਰੀਰ ਅੰਦਰ ਬੋਲਦੇ ਪੁਰਖ ਜੀਵ ਆਤਮਾ ਦੀ ਇਹ ਮਾਂ ਫਿਰ ਕਿਵੇਂ ਹੈ ? ਨਿਰਾਕਾਰ ਜੀਵਾਂ ਦਾ ਜਨਮ ਤਾਂ ਕੇਵਲ ਨਿਰਾਕਾਰ ਪਰਮੇਸ਼ਰ ਤੋਂ ਹੀ ਹੁੰਦਾ ਹੈ। ਇਸੇ ਦ੍ਰਿਸ਼ਟੀਕੋਣ ਤੋਂ ਗੁਰਬਾਣੀ ਨੇ ਸੰਸਾਰੀ ਸਾਰੇ ਰਿਸ਼ਤਿਆਂ ਨੂੰ ਹੱਡ ਮਾਸ ਦੇ ਰਿਸ਼ਤੇ ਹੀ ਮੰਨਿਆ ਹੈ। ਹਰੇਕ ਆਤਮਾ ਦਾ ਰਿਸ਼ਤਾ ਪਰਮਾਤਮਾ ਨਾਲ ਹੈ। ਪਰਮਾਤਮਾ ਹੀ ਆਤਮਾ ਦਾ ਬਾਪ ਹੈ, ਮਾਂ ਹੈ, ਭੈਣ-ਭਾਈ, ਸੰਬੰਧੀ ਹੈ।

ਸੰਸਾਰੀ ਭਾਸ਼ਾ ਘੜਨ ਵਾਲੇ ਵਿਦਵਾਨ ਤਾਂ ਭਾਵੇਂ ਹੁੰਦੇ ਹਨ ਪਰ ਵਿਚਾਰਵਾਨ ਨਹੀਂ ਹੁੰਦੇ ਇਸ ਲਈ ਸੰਸਾਰੀ ਭਾਸ਼ਾ (ਵਿੱਦਿਆ) ਨੂੰ ਗੁਰਬਾਣੀ ਅੰਦਰ ਵਿਚਾਰਨ ਦੀ ਹਦਾਇਤ

**(ਬਾਕੀ ਅਗਲੇ ਸਫੇ 'ਤੇ)**

# ਲੇਬਰ ਡੇ ਤੇ ਵਿਸ਼ੇਸ਼-ਕਿਰਤ ਤੇ ਮਜਦੂਰ



ਅਵਤਾਰ ਸਿੰਘ ਮਿਸ਼ਨਰੀ
510-432-5827

ਕਿਰਤ ਸੰਸਕ੍ਰਿਤ ਦਾ ਲਫਜ ਤੇ ਅਰਥ-ਕੰਮ, ਕਰਮ, ਕਮਾਈ, ਕਰਣੀ, ਕਰਤੂਤ ਹਨ। ਮਜਦੂਰ-ਮਜਦੂਰੀ (ਕਿਰਤ ਕਰਨ ਵਾਲਾ) ਰੱਬੀ ਭਗਤ ਤੇ ਸਿੱਖ ਗੁਰੂ ਸਹਿਬਾਨ ਸਾਰੇ ਕਿਰਤੀ ਸਨ। ਬਾਬੇ ਨਾਨਕ ਨੇ ਕਿਰਤੀ ਭਾਈ ਲਾਲੋ ਕਮਾਈ ਨੂੰ ਧਰਮ ਕਿਰਤ ਖੂਨ ਪਸੀਨੇ ਦੀ ਕਮਾਈ ਤੇ ਹੰਕਾਰੀ ਮਲਕ ਭਾਗੋ ਦੀ ਧੱਕੇਸ਼ਾਹੀ ਨੂੰ ਹਰਾਮ ਦੀ ਕਮਾਈ ਕਿਹਾ ਸੀ। ਅੱਜ ਵੀ ਵਿਹਲੜ ਰਜਵਾੜੇ ਅਮੀਰ ਲੋਕ, ਮਜਦੂਰਾਂ ਦਾ ਸ਼ੋਸ਼ਣ ਕਰਦੇ ਉਨ੍ਹਾਂ ਨੂੰ ਪੂਰੀ ਮਜਦੂਰੀ ਨਹੀਂ ਦਿੰਦੇ ਹਨ। ਇਹ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿੱਚ ਕਿਰਤੀ ਮਜਦੂਰਾਂ ਦੀ ਕੁਰਬਾਨੀ ਨਾਲ ਮਜਦੂਰ ਕਿਰਤੀ ਸਭਾਵਾਂ ਬਣੀਆਂ ਤੇ ਮਜਦੂਰਾਂ ਹੱਕ ਅੱਠ ਘੰਟੇ ਕੰਮ ਤੇ ਵੱਧ ਤਾਂ ਓਵਰ ਟੀਮ ਅਤੇ ਹੋਰ ਬੈਨੀਫਿਟ ਮੈਡੀਕਲ ਵਗੈਰਾ ਦਿੱਤੇ ਜਾਣ ਲੱਗੇ। ਭਾਰਤ ਪਾਕਿਸਤਾਨ ਆਦਿਕ ਏਸ਼ੀਆ ਦੇਸ਼ਾਂ ਵਿੱਚ ਅੱਜ ਵੀ ਕਿਰਤੀਆਂ ਦਾ ਪੂਰਾ ਸ਼ੋਸ਼ਣ ਹੋ ਰਿਹਾ ਹੈ।

ਗੁਰਮਤਿ ਵਿੱਚ ਧਰਮ ਕਿਰਤ ਦੀ ਭਾਰੀ ਮਹਿਮਾ ਅਤੇ ਕਿਰਤੀ ਮੰਗਣ ਦੇ ਵੱਡੇ ਪਾਪ ਤੋਂ ਬਚ ਜਾਂਦਾ ਹੈ। ਗੁਰੂ ਨਾਨਕ ਸਾਹਿਬ ਫੁਰਮਾਂਦੇ ਹਨ ਕਿ-ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥(੧੨੪੫) ਭਾਵ ਜੋ ਕਿਰਤ ਕਮਾਈ ਕਰਕੇ, ਵੰਡ ਛਕਦੇ ਨੇ, ਪ੍ਰਮਾਰਥ ਦਾ ਰਾਹ ਉਹ ਹੀ ਪਛਾਣਿ ਸਕਦੇ ਹਨ। ਗੁਰੂ ਅਰਜਨ ਸਾਹਿਬ-ਉਦਮੁ ਕਰੇਂਦਿਆਂ ਜੀਉ ਤੂੰ ਕਮਾਵਦਿਆਂ ਸੁਖ ਭੁੰਚੁ॥(੫੨੨) ਭਾਵ ਉਦਮੀ ਬੰਦਾ ਹੀ ਕਿਰਤ ਕਰਕੇ ਸਰੀਰਕ ਤੇ ਮਾਨਸਿਕ ਸੁਖ ਮਾਣ ਸਕਦਾ ਹੈ। ਭਗਤ ਤ੍ਰਲੋਚਨ ਨੂੰ ਭਗਤ ਨਾਮਦੇਵ ਕਿਰਤ ਕਰਦੇ ਕਰਤੇ ਨੂੰ ਯਾਦ ਰੱਖਣ ਦਾ ਉਪਦੇਸ਼ ਇਉਂ ਦੇਂਦੇ ਹਨ-ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ॥ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥੨੧੩॥ (੧੩੭੫) ਬਾਬਾ ਰਵਿਦਾਸ ਜੀ ਖੁਦ ਕਿਰਤ ਕਰਦੇ ਜਨਤਾ ਨੂੰ ਰੱਬੀ ਉਪਦੇਸ਼ ਦਿੰਦੇ ਸਨ।

ਭਾਈ ਗੁਰਦਾਸ ਜੀ ਦਾ ਕਥਨ ਹੈ ਕਿ-ਕਿਰਤਿ ਵਿਰਤਿ ਕਰਿ ਧਰਮ ਦੀ, ਖਟਿ ਖਵਾਲਣੁ ਕਾਰਿ ਕਰੇਹੀ॥੩॥ਭਾਈ ਨੰਦ ਲਾਲ ਜੀ ਵੀ ਰਹਿਤ ਨਾਮੇ 'ਚ ਦਰਸਾਂਦੇ ਹਨ-ਦਸ ਨਖ ਕਰ ਜੋ ਕਾਰ ਕਮਾਵੈ। ਤਾਂ ਕਰ ਜੋ ਧਨ ਘਰ ਮਹਿ ਆਵੈ। ਤਿਸ ਤੇ ਗੁਰ ਦਸੌਂਦ ਜੋ ਦੇਈ। ਸਿੰਘ ਸੁਜਸ ਬਹੁ ਜਗ ਮਹਿ ਲੇਈ।

ਕਿਰਤੀ ਦਾ ਅਰਥ ਹੱਥੀਂ ਮਿਹਨਤ ਕਰਕੇ, ਘਰ-ਬਾਰ ਅਤੇ ਸੰਸਾਰ ਚਲਾਉਣ ਵਾਲਾ। ਫਿਰਤੀ ਦਾ ਮਤਲਵ ਫਿਰਤੂ ਭਾਵ ਵਿਹਲੜ ਅਤੇ ਦੂਜਿਆਂ ਦੇ ਟੁਕੜਿਆਂ ਤੇ ਪਲਣ ਵਾਲਾ। ਕਿਰਤ ਦੀ, ਦੁਨੀਆਂ ਵਿੱਚ ਬੜੀ ਮਹਿਮਾਂ ਅਤੇ ਕਿਰਤ ਕਰਕੇ ਹੀ ਵੱਡੇ-ਵੱਡੇ ਕਾਰੋਬਾਰ ਚੱਲ ਰਹੇ ਹਨ। ਦੁਨੀਆਂ ਨੂੰ ਪੈਦਾ ਕਰਨ ਵਾਲੇ ਦਾ ਨਾਮ ਵੀ ਕਰਤਾ ਭਾਵ ਕਰਨ ਵਾਲਾ ਹੈ। ਉਸ ਨੇ ਪੌਣ, ਪਾਣੀ, ਅੱਗ, ਹਵਾ, ਧਰਤੀ, ਅਕਾਸ਼, ਬਨਸਪਤੀ, ਅਤੇ ਜੀਵ ਜੰਤੂ ਪੈਦਾ ਕੀਤੇ ਅਤੇ ਸਭ ਨੂੰ ਪੈਦਾ ਕਰ, ਪਾਲ-ਸੰਭਾਲ ਅਤੇ ਬਿਲੇ ਲਾਉਣ ਦੀ ਕਾਰ ਕਰ ਰਿਹੈ, ਸੋ ਦੁਨੀਆਂ ਦਾ ਕਰਤਾ ਵੀ ਕਿਰਤੀ ਹੈ।

ਦੇਖੋ ਜਿਤਨੇ ਵੀ ਭਗਤ ਅਤੇ ਗੁਰੂ ਆਮ ਕਰਕੇ ਸਭ ਕਿਰਤੀ ਅਤੇ ਗ੍ਰਿਹਸਤੀ ਹੋਏ ਹਨ। ਕੁਝ ਕੁ ਉਦਾਹਰਣਾਂ ਜਿਵੇਂ ਭਗਤ ਰਵਿਦਾਸ ਜੀ ਜੁੱਤੀਆਂ ਗੰਢਦੇ, ਭਗਤ ਕਬੀਰ ਜੀ ਤਾਣੀ ਬੁਣਦੇ ਅਤੇ ਭਗਤ ਧੰਨਾ ਜੀ ਖੇਤੀ ਕਰਦੇ ਸਨ। ਜਗਤ ਰਹਿਬਰ ਬਾਬਾ ਨਾਨਕ ਜੀ ਨੇ ਵੀ ਬਚਪਨ ਵਿੱਚ ਮੱਝਾਂ ਚਾਰੀਆਂ, ਵਾਪਾਰ ਅਤੇ ਖੇਤੀ-ਬਾੜੀ ਵੀ ਕੀਤੀ, ਬਾਕੀ ਗੁਰੂ ਵੀ ਕਿਰਤੀ ਸਨ। ਉੱਘੇ ਸਿੱਖ ਅਤੇ ਵਿਦਵਾਂਨ ਵੀ ਕਿਰਤ ਕਰਦੇ ਸਨ, ਜਿਵੇਂ ਬੇਬੇ ਨਾਨਕੀ, ਬਾਬਾ ਬੁੱਢਾ, ਭਾਈ ਭਗੀਰਥ, ਭਾਈ ਪੈੜਾ ਮੋਖਾ, ਮਾਤਾ ਖੀਵੀ, ਭਾਈ ਜੇਠਾ, ਮਾਤਾ ਗੰਗਾ, ਭਾਈ ਬਿਧੀ ਚੰਦ, ਬਾਬਾ ਮੱਖਣਸ਼ਾਹ ਲੁਬਾਣਾ, ਭਾਈ ਦਿਆਲਾ, ਭਾਈ ਮਤੀ ਦਾਸ, ਮਾਤਾ ਗੁਜਰੀ, ਮਾਈ ਭਾਗੋ, ਭਾਈ ਦਇਆ ਸਿੰਘ, ਧਰਮ ਸਿੰਘ, ਹਿਮਤ ਸਿੰਘ, ਮੋਹਕਮ ਸਿੰਘ, ਸਾਹਿਬ ਸਿੰਘ, ਭਾਈ ਘਨੀਆ, ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ, ਸ੍ਰ. ਜੱਸਾ ਸਿੰਘ ਆਹਲੂਵਾਲੀਆ, ਸ੍ਰ. ਜੱਸਾ ਸਿੰਘ ਰਾਮਗੜ੍ਹੀਆ, ਨਵਾਬ ਕਪੂਰ ਸਿੰਘ, ਬੀਬੀ ਸ਼ਰਨ ਕੌਰ, ਸ੍ਰ. ਹਰੀ ਸਿੰਘ ਨਲੂਆ, ਸ੍ਰ. ਸ਼ਾਮ ਸਿੰਘ ਅਟਾਰੀਵਾਲਾ, ਭਾਈ ਮਹਿਰਾਜ ਸਿੰਘ, ਅਕਾਲੀ ਫੂਲਾ ਸਿੰਘ, ਭਾਈ ਦਿੱਤ ਸਿੰਘ, ਪ੍ਰੋ. ਗੁਰਮੁਖ ਸਿੰਘ, ਭਾਈ ਰਣਧੀਰ ਸਿੰਘ, ਪ੍ਰੋ. ਸਾਹਿਬ ਸਿੰਘ, ਸ੍ਰ. ਗੰਡਾ ਸਿੰਘ, ਸਿਰਦਾਰ ਕਪੂਰ ਸਿੰਘ, ਬਾਬਾ ਖੜਕ ਸਿੰਘ, ਸ੍ਰ. ਕਰਤਾਰ ਸਿੰਘ ਝੱਬਰ, ਜਨਰਲ ਸੁਬੇਗ ਸਿੰਘ ਅਤੇ ਹੋਰ ਵੀ ਅਨੇਕਾਂ ਹੀ ਸਿੰਘ ਸਿੰਘਣੀਆਂ ਕਿਰਤੀ ਅਤੇ ਗ੍ਰਿਹਸਤੀ ਹੋਏ ਹਨ। ਮਹਾਂਰਾਜਾ ਰਣਜੀਤ ਸਿੰਘ ਦੇ ਰਾਜ ਤੱਕ ਸਿੰਘ-ਸਿੰਘਣੀਆਂ ਕਿਰਤੀ ਅਤੇ ਗ੍ਰਿਹਸਤੀ ਸਨ। ਜਗਤ ਰਹਿਬਰ ਬਾਬਾ ਗੁਰੂ ਨਾਨਕ ਸਾਹਿਬ ਨੇ ਤਾਂ ਉਪਦੇਸ਼ ਹੀ ਸੰਸਾਰ ਨੂੰ ਇਹ ਦਿੱਤਾ ਸੀ ਕਿ ਕਿਰਤ ਕਰੋ, ਵੰਡ ਛੱਕੋ ਅਤੇ ਨਾਮ ਜਪੋ।

ਵਿਹਲੜ ਰਹਿਣ ਨਾਲ ਅਨੇਕਾਂ ਬੀਮਾਰੀਆਂ ਅਤੇ ਵਿਕਾਰ ਪੈਦਾ ਹੋ ਜਾਂਦੇ ਹਨ। ਸਦਾ ਦੂਜੇ ਦਾ ਆਸਰਾ ਤੱਕਣਾ, ਦੂਸਰਿਆਂ ਲੋੜਵੰਦਾਂ ਨੂੰ ਵੰਡਣ ਦੀ ਬਜਾਏ ਹੋਰਨਾਂ ਕੋਲੋਂ ਮੰਗਣਾਂ ਪੈਂਦੈ ਅਤੇ ਵਿਹਲੜ ਕਿਰਤੀਆਂ ਤੇ ਬੋਝ ਬਣ ਜਾਂਦੇ ਹਨ। ਦੇਖੋ! ਪੁਰਾਤਨ ਬਾਬਿਆਂ ਨੂੰ ਛੱਡ ਕੇ ਅਜੋਕੇ ਨਵੀਨ ਬਾਬੇ (ਭਾਂਤ-ਸੁਭਾਂਤੇ ਡੇਰੇਦਾਰ) ਸਭ ਵਿਹਲੜ ਹਨ। ਕੋਈ ਕਿਰਤ ਕਮਾਈ ਨਹੀਂ ਕਰਦਾ, ਕੋਈ ਡੱਕਾ ਨਹੀਂ ਤੋੜਦਾ, ਕਾਰ ਸੇਵਾ ਵਾਲੇ ਬਾਬਿਆਂ ਪਹਿਲਾਂ ਪਹਿਲ ਜਰੂਰ ਧਰਮ ਅਸਥਾਨਾਂ ਦੀ ਸੇਵਾ ਕੀਤੀ ਪਰ ਬਹੁਤਿਆਂ ਨੇ ਤਾਂ ਸਾਡੀਆਂ ਇਤਿਹਾਸਕ ਇਮਾਰਤਾਂ-ਯਾਦਗਾਰਾਂ ਨੂੰ ਹੀ ਮਲੀਆਮੇਟ ਕੀਤਾ। ਗ੍ਰਾਹੀਆਂ ਅਤੇ ਦੁੱਧ ਇਕੱਠਾ ਕਰਕੇ ਦੁੱਧ ਘਿਉ ਦਾ ਵਾਪਾਰ ਕਰਨ ਲੱਗ ਪਏ। ਮਸੰਦਾਂ ਵਾਂਗ ਗਰੀਬ ਜਿਮੀਦਾਰਾਂ ਦੇ ਖੇਤਾਂ ਅਤੇ ਘਰਾਂ ਚੋਂ ਵੀ ਜਬਰੀ ਕਣਕ ਦੀਆਂ ਬੋਰੀਆਂ ਚੁੱਕਣ ਲੱਗ ਪਏ। ਸੋ ਜਿਤਨੇ ਵੀ ਫਿਰਤੂ ਡੇਰੇਦਾਰ ਨੇ ਸਭ ਗ੍ਰਿਹਸਤੀਆਂ ਦੇ ਦਾਨ ਤੇ ਪਲਦੇ ਹਨ। ਇਨ੍ਹਾਂ ਵਿਹਲੜਾਂ ਨੇ ਹਰਾਮ ਦੀ ਕਮਾਈ ਨਾਲ ਆਪੋ-ਆਪਣੇ ਆਲੀਸ਼ਾਨ ਡੇਰੇ ਬਣਾ ਲਏ ਅਤੇ ਜਮੀਨਾਂ ਖਰੀਦ ਲਈਆਂ ਹਨ। ਡੇਰਿਆਂ ਵਿੱਚ ਹਿੰਦੂ ਮਿਥਿਹਾਸ ਦੀਆਂ ਕਹਾਣੀਆਂ ਸੁਣਾ-ਸੁਣਾਂ ਕੇ ਸਿੱਖੀ ਦਾ ਭਗਵਾਕਰਨ ਕਰੀ ਜਾ ਰਹੇ ਹਨ। ਕਿਰਤ ਤੋਂ ਭਗੌੜੇ ਵਿਹਲੜਾਂ ਦੇ ਕਿਸੇ ਵੀ ਡੇਰੇ ਵਿੱਚ ਸਿੱਖ ਰਹਿਤ ਮਰਯਾਦਾ ਲਾਗੂ ਨਹੀਂ ਭਾਂਵੇ ਕਿ ਇਸ 'ਚ ਵੀ ਬਹੁਤ ਖਾਮੀਆਂ ਹਨ। ਹੁਣ ਇਹ ਵਿਹਲੜ ਡੇਰੇਦਾਰ ਰਾਜਨੀਤਕ ਲੀਡਰਾਂ ਦੇ ਵੋਟ ਬੈਂਕ ਬਣ, ਸਰਕਾਰੇ ਦਰਬਾਰੇ ਪਹੁੰਚ ਰੱਖਦੇ ਹਨ। ਜੇ ਕਿਤੇ ਡੇਰਿਆਂ ਵਿੱਚ ਹੁੰਦੇ ਵਿਸ਼ੇ ਵਿਕਾਰ ਅਤੇ ਕਤਲਾਂ ਦੀ ਸੂਹ ਬਾਹਰ ਨਿਕਲ ਜਾਵੇ ਤਾਂ ਸਰਕਾਰਾਂ ਨਾਲ ਸਾਂਝ ਹੋਣ ਕਰਕੇ ਇਨ੍ਹਾਂ ਦਾ ਕੱਖ ਵੀ ਨਹੀਂ ਵਿਗੜਦਾ।

ਗੁਰਸਿੱਖੋ! ਜਰਾ ਧਿਆਨ ਨਾਲ ਸੋਚੋ ਕਿ ਜੇ ਸਾਡੇ ਭਗਤ, ਗੁਰੂ ਅਤੇ ਗੁਰਸਿੱਖ ਆਗੂ ਕਿਰਤੀ ਅਤੇ ਗ੍ਰਿਹਸਤੀ ਸਨ ਫਿਰ ਇਹ ਕਿਰਤ ਤੋਂ ਭਗੌੜੇ ਵਿਹਲੜ ਡੇਰੇਦਾਰ ਸਾਧ ਸੰਪ੍ਰਦਾਈ ਬਾਬੇ ਕਿੱਥੋਂ ਸਿੱਖੀ ਤੇ ਕਾਬਜ ਹੋ, ਗੁਰੂਆਂ-ਭਗਤਾਂ ਤੋਂ ਵੀ ਵੱਡੇ ਸਿਆਣੇ ਹੋ ਗਏ? ਗੁਰੂ ਨੇ ਸਾਨੂੰ ਸਿੱਖ ਬਣਾਇਆ ਅਤੇ ਭਾਈ, ਬਾਬੇ ਅਤੇ ਸਿੰਘ ਕੌਰ ਦਾ ਤਖੱਲਸ ਦਿੱਤਾ ਸੀ ਫਿਰ ਇਹ ਮਹਾਂਰਾਜ, ਬ੍ਰਹਮ ਗਿਆਨੀ, ਬਾਬਾ ਜੀ ਮਹਾਂਰਾਜ ਅਤੇ ੧੦੮ ਮਹਾਂਪੁਰਖ ਕਿਵੇਂ ਬਣ ਗਏ? ਕਿਹੜੇ ਗੁਰੂ ਭਗਤ ਨੇ ਇਨ੍ਹਾਂ ਨੂੰ ਇਹ ਡਿਗਰੀਆਂ ਦਿੱਤੀਆਂ ਸਨ? ਅਜੋਕੇ ਬਹੁਤੇ ਡੇਰੇਦਾਰ ਕਿਰਤ ਤੋਂ ਭਗੌੜੇ ਬਾਬੇ ਕਿਸ ਹੱਦ ਤੱਕ ਵਿਗੜ ਚੁੱਕੇ ਹਨ ਜੋ ਪਰਾਏ ਮਾਲ, ਧੰਨ ਦੌਲਤ ਅਤੇ ਵੋਟਾਂ ਦੀ ਤਾਕਤ ਨਾਲ ਪਰਾਈਆਂ ਔਰਤਾਂ ਨਾਲ ਜੋਰਾ-ਜਬਰੀ ਬਲਾਤਕਾਰ ਵੀ ਕਰਦੇ ਹਨ। ਜਿਵੇਂ ਗੁਰੂ ਰਾਮ ਦਾਸ ਜੀ ਨੇ ਮਸੰਦ ਸਿਸਟਮ ਦਸਵੰਧ ਇਕੱਠਾ ਕਰਨ ਅਤੇ ਪ੍ਰਚਾਰ ਕਰਨ ਲਈ ਪੈਦਾ ਕੀਤਾ ਸੀ ਜੋ ਹੌਲੀ ਹੌਲੀ ਹੰਕਾਰੀ, ਵਿਕਾਰੀ ਅਤੇ ਵਿਹਲੜ ਲੁਟੇਰਾ ਹੋ ਗਿਆ, ਜਿਸਨੂੰ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੂੰ ਬੰਦ ਕਰਨਾ ਪਿਆ ਇੱਥੋਂ ਤੱਕ ਵੀ ਲਿਖਿਐ ਕਿ ਮਸੰਦ ਸਾੜਨੇ ਵੀ ਪਏ।

ਅੱਜ ਵੀ ਪੰਥ ਨੂੰ ਕਿਰਤ ਤੋਂ ਭਗੌੜੇ ਅਤੇ ਬਲਾਤਕਾਰੀ-ਡੇਰੇਦਾਰਾਂ ਦਾ ਡੇਰੇਵਾਦ ਦਾ ਭ੍ਰਿਸ਼ਟ ਸਿਸਟਮ ਬੰਦ ਕਰ ਦੇਣਾਂ ਚਾਹੀਦੈ ਕਿਉਂਕਿ ਇਹ ਡੇਰੇਦਾਰ ਸਾਧ ਵਕਤੀਆ ਸਰਕਾਰਾਂ ਨਾਲ ਮਿਲ ਕੇ ਸਿੱਖ ਸਿਧਾਂਤਾਂ ਦਾ ਮਲੀਆਮੇਟ ਕਰ ਰਹੇ ਹਨ। ਜੇ ਸਾਡੇ ਗੁਰੂਆਂ-ਭਗਤਾਂ ਨੇ ਕਿਰਤ ਅਤੇ ਗ੍ਰਿਹਸਤ ਨੂੰ ਪਹਿਲ ਦਿੱਤੀ ਤਾਂ ਸਾਨੂੰ ਵੀ ਉਸ ਤੇ ਪਹਿਰਾ ਦੇਣਾਂ ਚਾਹੀਦਾ ਹੈ। ਜੇ ਜਗਤ ਰਹਿਬਰ ਬਾਬਾ ਗੁਰੂ ਨਾਨਕ ਸਾਹਿਬ ਕਿਰਤੀ ਸੀ ਤਾਂ ਅਜੋਕੇ ਸਿੱਖ-ਸਾਧ ਫਿਰਤੀ (ਵਿਹਲੜ) ਕਿਉਂ ਹਨ? ਸਾਨੂੰ ਪ੍ਰਚਾਰਕ ਵੀ ਕਿਰਤੀ ਪੈਦਾ ਕਰਨੇ ਚਾਹੀਦੇ ਹਨ ਨਾਂ ਕਿ ਫਿਰਤੀ (ਵਿਹਲੜ)। ਜੇ ਬਾਬਾ ਨਾਨਕ, ਬਾਬਾ ਬੁੱਢਾ, ਬਾਬਾ ਮੱਖਣ ਸ਼ਾਹ, ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਨਵਾਬ ਕਪੂਰ ਸਿੰਘ, ਪ੍ਰੋ. ਗੁਰਮੁਖ ਸਿੰਘ, ਭਾਈ ਦਿੱਤ ਸਿੰਘ ਅਤੇ ਜਨਰਲ ਸੁਬੇਗ ਸਿੰਘ ਆਦਿਕ ਕਿਰਤੀ ਅਤੇ ਗ੍ਰਿਹਸਤੀ ਹੋਣ ਦੇ ਨਾਲ ਪ੍ਰਚਾਰ ਵੀ ਕਰਦੇ ਸਨ ਤੇ ਅਜੋਕੇ ਬਾਬੇ ਅਤੇ ਪ੍ਰਚਾਰਕ ਕਿਉਂ ਨਹੀਂ? ਅਜੋਕੇ ਬਾਬੇ, ਡੇਰੇਦਾਰ ਅਤੇ ਰਾਗੀ-ਢਾਢੀ, ਪ੍ਰਚਾਰਕ ਗੁਰੂਆਂ-ਭਗਤਾਂ ਤੋਂ ਕੋਈ ਉੱਪਰ ਨਹੀਂ ਜੋ ਹੱਥੀਂ ਕਿਰਤ ਕਰਨੀ ਛੱਡ ਕੇ, ਗੁਰੂ ਕੀ ਗੋਲਕ ਅਤੇ ਗੁਰਿਸੱਖਾਂ ਦੀ ਕਿਰਤ-ਕਮਾਈ ਤੇ ਟੇਕ ਰੱਖਦੇ ਹਨ।

ਸਿੱਖ ਕਿਰਤੀ ਹੁੰਦੈ ਅਤੇ ਫਿਰਤੂ ਵਿਹਲੜਾਂ ਨੂੰ ਕਦੇ ਵੀ ਖੂਨ ਪਸੀਨੇ ਦੀ ਕਮਾਈ ਨਹੀਂ ਲੁਟਾਉਂਦਾ। ਕਿਰਤ ਨਾਲ ਹੀ ਚੰਗੇ-ਚੰਗੇ ਸਕੂਲ, ਕਾਲਜ, ਯੂਨੀਵਰਸਿਟੀਆਂ ਆਦਿ ਵਿਦਿਅਕ ਅਦਾਰੇ ਅਤੇ ਉਦਯੋਗਕ ਕਾਰਖਾਨੇ ਖੋਲੇ ਜਾ ਸਕਦੇ ਹਨ ਅਤੇ ਲੋੜਵੰਦਾਂ ਨੂੰ ਕੰਮ ਦਿੱਤਾ ਜਾ ਸਕਦਾ ਹੈ। ਸੋ ਸਾਨੂੰ ਕਿਰਤ-ਗ੍ਰਿਹਸਤ ਦੀ ਮਹਾਨਤਾ ਨੂੰ ਸਮਝਦੇ ਹੋਏ ਵਿਹਲੜ ਸਾਧਾਂ-ਸੰਤਾਂ, ਮਹਿੰਗੇ-ਮਹਿੰਗੇ ਰਾਗੀਆਂ-ਪ੍ਰਚਾਰਕਾਂ ਅਤੇ ਡੇਰੇਦਾਰਾਂ ਦਾ ਪੇਟ ਭਰਨ ਨਾਲੋਂ ਕਿਰਤ ਕਰਨੀ, ਵੰਡ ਛੱਕਣਾਂ ਅਤੇ ਨਾਮ ਜਪਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਹ ਹੀ ਸਿੱਖੀ ਦਾ ਗੁਰਮੁਖ ਗਾਡੀ ਰਾਹ (ਪੰਥ) ਹੈ-ਕਿਰਤ ਵਿਰਤ ਕਰ ਧਰਮ ਦੀ...ਗੁਰਮੁਖ ਗਾਡੀ ਰਾਹੁ ਚਲੰਦਾ॥ (ਭਾ.ਗੁ.) ਆਪਣੀ ਕਿਰਤ-ਵਿਰਤ ਦੀ ਕਮਾਈ ਸਫਲ ਕਰਨ ਲਈ, ਸੰਸਾਰ ਦੀਆਂ ਬਹੁਤ ਸਾਰੀਆਂ ਬੋਲੀਆਂ ਵਿੱਚ ਗੁਰਬਾਣੀ ਦੇ ਅਰਥ-ਉਲੱਥੇ ਵੰਡਣੇ ਚਾਹੀਦੇ ਹਨ ਤਾਂ ਕਿ ਬਾਕੀ ਜਨਤਾ ਵੀ ਗੁਰੂ ਗ੍ਰੰਥ ਖਜ਼ਾਨੇ ਚੋਂ ਸਿਖਿਆ ਦੇ ਕੁਝ ਮੋਤੀ ਪ੍ਰਾਪਤ ਕਰਕੇ ਜੀਵਨ ਸਫਲ ਕਰ ਸੱਕੇ ਤੇ ਭਾਈ ਲਾਲੋ ਵਰਗੇ ਕਿਰਤੀ ਮਜਦੂਰ (ਕਾਮੇ) ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਸੱਕਣ।

# ਮਾਂ-ਦਿਵਸ ਤੇ ਵਿਸ਼ੇਸ਼ ਅਤੇ ਸਮੁੱਚੀਆਂ ਮਾਵਾਂ

ਕੀ ਮਾਵਾਂ ਇਕੱਲੀਆਂ ਮਨੁੱਖੀ ਹੀ ਹਨ? ਉੱਤਰ ਨਹੀਂ ਸਗੋਂ ਸਮੁੱਚੇ ਸੰਸਾਰੀ ਜੀਵਾਂ ਨੂੰ ਜਨਮ ਦੇਣ ਵਾਲੀਆਂ ਸਭ ਮਾਵਾਂ ਹੀ ਹਨ। ਸਭ ਤੋਂ ਵੱਡੀ ਪਸ਼ੂ, ਪੰਛੀ ਤੇ ਮਨੁੱਖ ਆਦਿਕ ਸਭ ਵਰਗਾਂ ਵਿੱਚ ਮਾਵਾਂ ਹਨ। ਸੰਸਾਰ ਪੈਦਾ ਕਰਨ ਵਾਲੀ ਪਰਮ ਸ਼ਕਤੀ ਰੱਬ ਅਤੇ ਧਰਤੀ ਸਭ ਤੋਂ ਵੱਡੀ ਮਾਤਾ ਹੈ-ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥(ਬਾਬਾ ਨਾਨਕ) ਬਾਂਦਰੀ 'ਚ ਏਨੀ ਮਮਤਾ ਹੈ ਕਿ ਉਹ ਮਰੇ ਬੱਚੇ ਨੂੰ ਵੀ ਛਾਤੀ ਨਾਲ ਲਾਈ ਫਿਰਦੀ ਹੈ। ਮਾਂ ਦਿਵਸ ਤਾਂ ਤਦ ਤੋਂ ਹੀ ਮੰਨਿਆਂ ਜਾ ਸਕਦੈ ਜਦ ਤੋਂ ਸੰਸਾਰ ਤੇ ਸੰਸਾਰੀ ਜੀਵ ਹੋਂਦ 'ਚ ਆਏ ਹਨ। ਪਹਿਲੀ ਮਾਂ ਰੱਬੀ ਕੁ-ਦਰਤਿ ਜਿਸ ਅਸੀਂ ਸਭ ਬੱਚੇ ਹਾਂ-ਤੁਮ ਪਾਤ ਪਿਤਾ ਹਮ ਬਾਰਿਕ ਤੇਰੇ॥(੨੬੮) ਵੈਸੇ ਅਜੋਕਾ ਪ੍ਰਚਲਿਤ ਮਾਂ ਦਿਵਸ ੧੯੦੮ ਤੋਂ ਹੋਂਦ ਵਿਚ ਆਇਆ। ਮਾਂ ਆਦਿ ਕਾਲ ਤੋਂ ਹੀ ਤਿਆਗ, ਮਮਤਾ ਅਤੇ ਪਿਆਰ ਦਾ ਰੂਪ ਤੇ ਇਸੇ ਸਤਿਕਾਰ ਵਿੱਚ 'ਮਾਂ ਦਿਵਸ' ਮਨਾਇਆ ਜਾਂਦਾ ਹੈ।

੧੦ ਮਈ ੧੯੦੮ ਨੂੰ ਗਰਾਟਨ 'ਚ "ਐਂਡ੍ਰਿਊਸ ਮੈਥੋਡਿਸਟ" ਨਾਮੀ ਚਰਚ ਨੇ ਸਭ ਤੋਂ ਪਹਿਲਾਂ "ਮਦਰਸ ਡੇ" ਮਨਾਇਆ। ਨੌ ਮਈ ੧੯੧੪ ਨੂੰ ਅਮਰੀਕੀ ਰਾਸ਼ਟਰਪਤੀ ਵੁਡਰੋ ਵਿਲਸਨ ਨੇ ਹਰ ਸਾਲ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਅਮਰੀਕਾ 'ਚ "ਮਦਰਸ ਡੇ" ਨੂੰ ਰਾਸ਼ਟਰੀ ਦਿਨ ਐਲਾਨਿਆ। ਉਨ੍ਹਾਂ ਨੇ ਕਿਹਾ ਕਿ ਇਹ ਦਿਨ ਯੁੱਧ 'ਚ ਸ਼ਹੀਦ ਹੋਏ ਪੁੱਤਰਾਂ ਦੀਆਂ ਮਾਵਾਂ ਨੂੰ ਸਨਮਾਨ ਦੇਣ, ਦੇਸ਼ ਦੀਆਂ ਸਭ ਮਾਵਾਂ ਪ੍ਰਤੀ ਇੱਜ਼ਤ ਅਤੇ ਪਿਆਰ ਦੀ ਭਾਵਨਾ ਜਤਾਉਣ ਲਈ ਮਨਾਇਆ ਜਾਵੇਗਾ। ਸੰਨ ੧੯੧੧ ਤੱਕ ਇਹ ਦਿਨ ਅਮਰੀਕਾ 'ਚ ਹੀ ਨਹੀਂ, ਸਗੋਂ ਮੈਕਸੀਕੋ, ਕੈਨੇਡਾ, ਸਾਊਥ ਅਮਰੀਕਾ, ਚੀਨ, ਜਾਪਾਨ ਅਤੇ ਅਫ਼ਰੀਕਾ ਆਦਿ 'ਚ ਵੀ ਮਨਾਇਆ ਜਾਣ ਲੱਗ ਪਿਆ।ਵਿਸ਼ਵੀਕਰਨ ਕਾਰਨ ਲਗਭਗ ਦਸ ਸਾਲਾਂ ਤੋਂ ਇਹ ਪੱਛਮੀ ਦੇਸ਼ਾਂ ਦਾ ਤਿਓਹਾਰ ਇੰਡੀਆ 'ਚ ਵੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ।



ਇਸ ਤਿਓਹਾਰ ਦੀ ਸਫ਼ਲਤਾ ਦਾ ਕਾਰਨ ਮਾਂ ਨਾਲ ਜੁੜੀਆਂ ਭਾਵਨਾਵਾਂ ਹਨ। ਮਾਵਾਂ ਨੂੰ ਤਾਂ ਭਾਰਤ 'ਚ ਪਹਿਲਾਂ ਹੀ ਕਈ ਰੂਪਾਂ 'ਚ ਪੂਜਿਆ ਜਾਂਦਾ ਹੈ। ਇਹ ਤਿਓਹਾਰ ਸਾਨੂੰ ਸੋਚਣ ਲਈ ਮਜਬੂਰ ਕਰਦੈ ਕਿ ਮਾਂ ਦਾ ਸਾਡੇ ਜੀਵਨ 'ਚ ਕੀ ਮਹੱਤਵ ਹੈ। ਮਾਂ ਨੇ ਸਾਨੂੰ ਜਨਮ ਦਿੱਤਾ ਤੇ ਬਿਨਾ ਕਿਸੇ ਸਵਾਰਥ ਸਾਡਾ ਪਾਲਣ ਪੋਸ਼ਣ ਕੀਤਾ। ਮਾਂ ਤੋਂ ਵੀ ਵਧੇਰੇ ਮਹਾਨ ਉਸ ਦੀ ਮਮਤਾ ਜੋ ਕਦੇ ਖਤਮ ਨਹੀਂ ਹੁੰਦੀ। ਮਾਂ ਇੱਕ ਅਜਿਹਾ ਰਿਸ਼ਤਾ ਜਿਸ 'ਤੇ ਬੱਚਾ ਅੱਖਾਂ ਮੀਟ ਕੇ ਵਿਸ਼ਵਾਸ ਕਰ ਸਕਦਾ ਹੈ। ਅੱਜ ਦੀ ਮਾਂ ਪਹਿਲਾਂ ਨਾਲੋਂ ਕਿਤੇ ਅਧੁਨਿਕ ਅਤੇ ਮਜ਼ਬੂਤ ਹੈ। ਭਾਵੇਂ ਮਾਵਾਂ ਦੇ ਜੀਵਨ 'ਚ ਜ਼ਮੀਨ ਅਸਮਾਨ ਦਾ ਫ਼ਰਕ ਆਇਐ ਪਰ ਮਮਤਾ ਅੱਜ ਵੀ ਓਹੀ ਹੈ।

ਇਸ ਦਿਨ ਬੱਚੇ ਆਪਣੀਆਂ ਮਾਵਾਂ ਨੂੰ ਫੁੱਲਾਂ ਦੇ ਗੁਲਦਸਤੇ ਆਦਿਕ ਤੋਹਿਫੇ ਦੇ ਪਆਰ ਸਤਿਕਾਰ ਦੀਆਂ ਭਾਵਨਾਵਾਂ ਪ੍ਰਗਟ ਕਰਦੇ ਹਨ। ਕੁੱਝ ਬੱਚੇ ਆਪਣੀ ਮਾਂ ਨੂੰ ਇਸ ਦਿਨ ਰਸੋਈ ਤੋਂ ਛੁੱਟੀ ਦੇ ਦਿੰਦੇ ਅਤੇ ਮਾਂ ਲਈ ਸੁਆਦੀ ਪਕਵਾਨ ਬਣਾਉਂਦੇ ਹਨ। ਕੁੱਝ ਲੋਕ ਇਸ ਦਿਨ ਘਰਾਂ ਨੂੰ ਖ਼ੂਬ ਸਜਾਉਂਦੇ ਅਤੇ ਕੇਕ ਵੀ ਕੱਟਦੇ ਹਨ। ਪੰਜਾਬੀਆਂ ਖਾਸ ਕਰ ਗੁਰਸਿੱਖਾਂ ਦੇ ਘੱਰੀਂ ਲੱਡੂ, ਜ਼ਲੇਬੀਆਂ, ਖੀਰ-ਕੜਾਹ ਆਦਿਕ ਦੇ ਖੁੱਲ੍ਹੇ ਗੱਫੇ ਵਰਤਦੇ ਹਨ। ਗੁਰਸਿੱਖ ਵੀ ਇਸ ਦਿਨ ਮਾਂ ਨੂੰ ਤੋਹਫੇ ਦਿੰਦੇ ਤੇ ਮਿਲ ਕੇ "ਸ਼ਬਦ ਗੁਰੂ ਗ੍ਰੰਥ" ਦੀ ਬਾਣੀ, ਪੜ੍ਹਦੇ, ਗਾਉਂਦੇ ਤੇ ਵਿਚਾਰਦੇ ਹਨ। ਗੁਰਮਤਿ ਦੀ ਰੂਹਾਨੀਅਤ 'ਚ ਮਾਤਾ ਮਤਿ ਤੇ ਪਿਤਾ ਸੰਤੋਖ ਨੂੰ ਦਰਸਾਇਆ ਹੈ-ਮਾਤਾ ਮਤਿ ਪਿਤਾ ਸੰਤੋਖ॥ ਹਰੀ ਕਰਤਾਰ ਹੀ ਮਾਂ-ਬਾਪ ਹੈ-ਮੇਰਾ ਮਾਤ ਪਿਤਾ ਹਰਿ ਰਾਇਆ॥(੬੨੭) ਨੋਟ-ਜੀਂਦੇ ਮਾਂ-ਬਾਪ ਦੀ ਸੇਵਾ ਹੀ ਅਸਲ ਪਿਤਰ-ਪੂਜਾ ਪਰ ਪੁਜਾਰੀ ਪ੍ਰਭਾਵ ਵਾਲੇ ਅਕ੍ਰਿਤਘਣ ਲੋਕ ਮਰਿਆਂ ਦੇ ਸਰਾਧ ਕਰਾਉਂਦੇ ਤੇ ਜੀਂਦੇ ਮਾਂ-ਬਾਪ ਨੂੰ ਪਾਣੀ ਦੀ ਘੁੱਟ ਵੀ ਨਹੀਂ ਪੁੱਛਦੇ-ਜੀਵਤ ਪਿਤਰ ਨ ਮਾਨੈ ਕੋਊ ਮੂਏ ਸਿਰਾਧ ਕਰਾਹੀ॥(੩੩੨) ਕਈ ਅਕ੍ਰਿਤਘਣ ਤਾਂ ਜਨਮ ਦੇਣ ਵਾਲੀਆਂ ਮਾਵਾਂ ਨੂੰ ਬੁੱਢੇਵਾਰੇ ਵੀ ਘਰੋਂ ਕੱਢ ਦਿੰਦੇ ਹਨ। ਭਾਈ ਗੁਰਦਾਸ ਜੀ ਅਨੁਸਾਰ ਮਾਂ ਬਾਪ ਨੂੰ ਵਿਸਾਰ ਕੇ ਧਰਮ-ਕਰਮ ਕਰਨ ਵਾਲੇ ਬੇਈਮਾਨ ਹਨ-ਮਾਂ ਪਿਉ ਪਰਹਰਿ ਪੜੇ ਬੇਦ ਬੇਈਮਾਨ ਅਗਿਆਨ ਪ੍ਰਾਣੀ॥ (ਭਾ.ਗੁ) ਮਾਂ ਦਾ ਆਦਰ ਸਵੱਰਗ ਤੇ ਨਿਰਾਦਰ ਹੀ ਨਰਕ ਹੋਰ ਕੋਈ ਨਰਕ ਸਵੱਰਗ ਅਕਾਸ਼ ਨਹੀਂ ਟੰਗੇ ਹੋਏ! ਮਾਂ ਦਾ ਅਸਲ ਸਤਿਕਾਰ ਆਗਿਆ ਦਾ ਪਾਲਨ, ਡਿਸਏਬਲ ਤੇ ਬੁਢੇਪੇ ਸਮੇ ਤਨਦੇਹੀ ਨਾਲ ਕੀਤੀ ਗਈ ਸੇਵਾ-ਸੰਭਾਲ, ਹਮਰਦੀ ਤੇ ਪਿਆਰ ਹੈ। ਮਾਂ ਵਾਲੀ ਨਿਮਰਤਾ, ਮਿਠਾਸ, ਪਿਆਰ, ਹਲੇਮੀ, ਤੜਫ ਤੇ ਵੰਡ ਛੱਕਣ ਆਦਿਕ ਵਾਲੇ ਗੁਣ ਸਾਨੂੰ ਵੀ ਜੀਵਨ 'ਚ ਧਰਾਨੇ ਚਾਹੀਦੇ ਨਾ ਕਿ ਨਿਰਾ ਮਾਂ ਦਿਵਸ ਤੇ ਲੋਕਾਂ ਦੀ ਦੇਖਾ-ਦੇਖੀ ਫਾਰਮਿਲਟੀ ਹੀ ਪੂਰੀ ਕਰਨੀ ਚਾਹੀਦੀ ਹੈ।

**- ਅਵਤਾਰ ਸਿੰਘ ਮਿਸ਼ਨਰੀ**

# ਗੁਰਬਾਣੀ ਅਰਥ-ਬੋਧ : ਗੁਰਬਾਣੀ ਨੂੰ ਸਮਝਣ ਲਈ ਗੁਰਮੁਖੀ ਦ੍ਰਿਸ਼ਟੀ ਦੀ ਲੋੜ

**(ਸਫਾ 30 ਦੀ ਬਾਕੀ)**

ਕੀਤੀ ਗਈ ਹੈ। "ਵਿਦਿਆ ਵੀਚਾਰੀ ਤਾਂ ਪਰਉਪਕਾਰੀ॥" ਭਾਵ ਸੰਸਾਰੀ ਵਿੱਦਿਆ ਤੋਂ ਪਰਉਪਕਾਰ ਦੀ ਆਸ ਉਦੋਂ ਹੀ ਕੀਤੀ ਜਾ ਸਕਦੀ ਹੈ ਜਦੋਂ ਇਸ ਨੂੰ ਵਿਚਾਰ ਕੇ ਸੋਧ ਲਿਆ ਜਾਵੇ। ਵਿਚਾਰਵਾਨ ਗੁਰਮੁਖਾਂ ਨੇ ਸੰਸਾਰੀ ਵਿੱਦਿਆ ਨੂੰ ਸੋਧਣ ਉਪਰੰਤ ਹੀ ਇਸ ਵਿਚ ਤੱਤ ਗਿਆਨ ਦਾ ਵਿਖਿਆਨ ਕੀਤਾ ਹੈ, ਪਰ ਅੱਜ ਵਿਦਵਾਨ ਲੋਗ ਇਸ ਨੂੰ ਸੰਸਾਰੀ ਵਿੱਦਿਆ ਸਮਝ ਕੇ ਹੀ ਇਸ ਵਿਚਲਾ ਤੱਤ ਗਿਆਨ ਪ੍ਰਾਪਤ ਕਰ ਲੈਣ ਦੇ ਜਤਨ ਵਿਚ ਲੱਗੇ ਹੋਏ ਹਨ, ਜਦ ਕਿ ਗੁਰਬਾਣੀ ਅੰਦਰ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਵਿੱਦਿਆ ਨੂੰ ਸੋਧੇ ਤੋਂ ਬਿਨਾਂ ਤੱਤ ਗਿਆਨ ਨਹੀਂ ਸਮਝਿਆ ਜਾ ਸਕਦਾ:

ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ॥
ਬਿਦਿਆ ਸੋਧੈ ਤਤੁ ਹੈ ਰਾਮ ਨਾਮ ਲਿਵ ਲਾਇ॥
ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ॥
ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥੫੩॥
(ਰਾਮਕਲੀ ਮ: ੧,ਦਖਣੀ ਓਅੰਕਾਰੁ, ਪੰਨਾ ੯੩੮)

ਇਸ ਤੋਂ ਹੋਰ ਅੱਗੇ ਗੁਰਬਾਣੀ ਸਾਫ ਦੱਸ ਰਹੀ ਹੈ:

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥੪੦॥
(ਰਾਮਕਲੀ ਮ: ੧,ਦਖਣੀ ਓਅੰਕਾਰੁ, ਪੰਨਾ ੯੩੫)

ਗੁਰਬਾਣੀ ਕੇਵਲ ਗੁਰਮੁਖੀ ਦ੍ਰਿਸ਼ਟੀ ਦੁਆਰਾ ਹੀ ਸਮਝੀ ਜਾ ਸਕਦੀ ਹੈ । ਗੁਰਮੁਖੀ ਦ੍ਰਿਸ਼ਟੀ ਸੰਸਾਰੀ ਵਿੱਦਿਆ ਨੂੰ ਗੁਰਬਾਣੀ ਦੇ ਸਮਝਣ ਸਮੇਂ ਅੜਿੱਕਾ ਨਹੀਂ ਬਣਨ ਦਿੰਦੀ। ਕਿਉਂਕਿ ਸੰਸਾਰੀ ਵਿੱਦਿਆ ਅਤੇ ਸੰਸਾਰੀ ਬੁੱਧੀ ਤੱਤ ਗਿਆਨ ਨੂੰ ਅਰਥਾਉਣ ਵਿਚ ਅਸਮਰੱਥ ਹਨ।ਇਸ ਬੁੱਧੀ ਨੂੰ ਇਹ ਵੀ ਪਤਾ ਹੈ ਕਿ ਗੁਰਬਾਣੀ ਰੂਪੀ ਦੁੱਧ ਉਸ ਤੱਤ ਗਿਆਨ ਰੂਪੀ ਮੱਖਣ ਤੋਂ ਬਣਾਇਆ ਗਿਆ ਹੈ ਜਿਹੜਾ ਕਿ ਗੁਰਮੁਖਾਂ ਨੂੰ ਆਪਣੇ ਅੰਦਰੋਂ ਸ਼ਬਦੁ (ਨਾਦ) ਦੁਆਰਾ ਪ੍ਰਾਪਤ ਹੋਇਆ ਕਰਦਾ ਹੈ। ਇਸ ਦਾ ਸਬੂਤ ਗੁਰਬਾਣੀ ਵਿਚੋਂ ਇਉਂ ਮਿਲਦਾ ਹੈ:

ਪ੍ਰਥਮੇ ਮਾਖਨੁ ਪਾਛੈ ਦੂਧੁ॥
ਮੈਲੂ ਕੀਨੋ ਸਾਬੁਨੁ ਸੂਧੁ॥
(ਰਾਮਕਲੀ ਮ: ੫, ਪੰਨਾ ੯੦੦)

'ਭਾਵ ਤੱਤ ਸਾਰ ਜੋ ਸ਼ਬਦ ਗੁਰੂ ਦੁਆਰਾ ਪ੍ਰਾਪਤ ਹੋਇਆ ਤਾਂ ਉਸ ਨੂੰ ਦੁੱਧ (ਗੁਰਬਾਣੀ) ਬਣਾਉਣ ਲਈ ਗੁਰਮੁਖਾਂ ਨੇ ਸੰਸਾਰੀ ਵਿੱਦਿਆ ਨੂੰ ਸੋਧ ਕੇ ਇਸ ਤਰੀਕੇ ਨਾਲ ਬੋਲਿਆ ਕਿ ਉਨ੍ਹਾਂ ਦੀ ਕਹੀ ਹੋਈ ਗੱਲ "ਈਹਾਂ-ਇਸ ਸੰਸਾਰ ਵਿਚ" "ਊਹਾਂ-ਪ੍ਰਲੋਕ ਵਿਚ" ਭਾਵ ਦੋਹਾਂ ਜਹਾਨਾਂ ਵਿਚ ਸੱਚੀ ਹੈ। ਹੁਣ ਇਸ ਵਿਚ ਮੱਖਣ ਭੀ ਸਹਿਜ ਅਵਸਥਾ ਦੇ ਧਾਰਨੀ (ਜਾਗੇ ਹੋਏ) ਗੁਰਮੁਖ ਹੀ ਪ੍ਰਾਪਤ ਕਰ ਸਕਣਗੇ। ਮਾਇਆ ਮੋਹ ਦੀ ਨੀਂਦ ਵਿਚ ਸੁੱਤੇ ਵਿਦਵਾਨ ਇਸ ਪਰਮੇਸ਼ਰ ਦੀ ਬਾਣੀ ਦੇ ਭੇਦ ਨੂੰ ਜਾਣ ਲੈਣ ਐਸਾ ਨਾ ਕਦੇ ਹੋਇਆ ਹੈ ਅਤੇ ਨਾ ਅੱਗੇ ਨੂੰ ਹੋ ਹੀ ਸਕਦਾ ਹੈ। ਵਿਦਵਾਨ ਤਾਂ ਅੱਖਰੀ ਅਰਥਾਂ ਵਿਚ ਹੀ ਉਲਝ ਕੇ ਰਹਿ ਜਾਂਦੇ ਹਨ। ਜਦਕਿ ਗੁਰਮੁਖੀ ਦ੍ਰਿਸ਼ਟੀ ਅੱਖਰੀ ਗਿਆਨ ਤੋਂ ਅਗਾਂਹ ਜਾ ਕੇ ਗੁਰਬਾਣੀ ਦੇ ਸ਼ਬਦ ਭੇਦ ਨੂੰ ਬੁੱਝਣ ਵਾਲੀ ਹੁੰਦੀ ਹੈ। ਫਿਰ ਗੁਰਬਾਣੀ ਦੀ ਭਾਸ਼ਾ ਭੀ ਤਾਂ (ਗੁਰਮੁਖੀ) ਗੁਰਮੁਖਾਂ ਦੀ ਆਪਣੀ ਭਾਸ਼ਾ ਹੈ ਜਿਹੜੀ ਉਨ੍ਹਾਂ ਨੂੰ ਪੂਰੇ ਗੁਰੂ ਦੀ ਸੰਗਤ ਵਿਚੋਂ ਪ੍ਰਾਪਤ ਹੋਇਆ ਕਰਦੀ ਹੈ। ਉਨ੍ਹਾਂ ਨੇ ਗੁਰਬਾਣੀ ਦੇ ਹਰ ਹੁਕਮ ਨੂੰ ਪਰਮੇਸ਼ਰ ਦਾ ਹੁਕਮ ਮੰਨਿਆ ਹੁੰਦਾ ਹੈ। ਉਨ੍ਹਾਂ ਨੇ ਸੰਸਾਰੀ ਵਿੱਦਿਆ ਅਤੇ ਸੰਸਾਰੀ ਕੁਗਿਆਨ ਨੂੰ ਗੁਰੂ ਅੱਗੇ ਅਰਪਣ ਕਰਕੇ ਇਕਦਮ ਨਵੇਂ ਸਿਰੇ ਤੋਂ ਗੁਰੂ ਦੀ ਬਾਣੀ ਨੂੰ ਸਮਝਿਆ ਹੁੰਦਾ ਹੈ। ਗੁਰਬਾਣੀ ਨੂੰ ਪੂਰਨ ਗੁਰੂ ਮੰਨਣ ਵਾਲੇ ਗੁਰਮੁਖ ਗੁਰਬਾਣੀ ਨੂੰ ਸਮਝਣ ਸਮੇਂ ਗੁਰਬਾਣੀ ਨੂੰ ਹੀ ਰੋਸ਼ਨੀ ਮੰਨ ਕੇ ਚੱਲਦੇ ਹਨ। ਕਿਸੇ ਵੀ ਪੰਗਤੀ ਦਾ ਉਨ੍ਹਾਂ ਦੁਆਰਾ ਸਮਝਿਆ ਹੋਇਆ ਅਰਥ, ਗੁਰਬਾਣੀ ਦੀ ਗੁਰਮਤਿ ਵਿਚਾਰਧਾਰਾ ਤੋਂ ਕਿਸੇ ਪੱਖੋਂ ਵੀ ਪ੍ਰਤੀਕੂਲ ਨਹੀਂ ਹੁੰਦਾ। ਉਹ ਜਾਣਦੇ ਹਨ ਕਿ ਗੁਰਬਾਣੀ ਅੰਦਰ ਆਪਾ ਵਿਰੋਧ ਲਈ ਕੋਈ ਥਾਂ ਨਹੀਂ ਹੈ।

ਅੱਜ ਅਸੀਂ ਜਿਸ ਤਰੀਕੇ ਨਾਲ ਗੁਰਬਾਣੀ ਨੂੰ ਅਰਥਾ ਰਹੇ ਹਾਂ ਅਤੇ ਜਿਸ ਵਿੱਦਿਆ ਦਾ ਸਹਾਰਾ ਅਸੀਂ ਗੁਰਬਾਣੀ ਅਰਥਾਉਣ ਸਮੇਂ ਲੈ ਰਹੇ ਹਾਂ, ਉਹ ਵਿੱਦਿਆ ਤਾਂ ਗੁਰਬਾਣੀ ਨੂੰ ਅਰਥਾਉਣ ਵਿਚ ਉਂਜ ਹੀ ਅਸਮਰੱਥ ਹੈ। ਇਹੀ ਕਾਰਨ ਹੈ ਕਿ ਅੱਜ ਦੇ ਸਿੱਖ ਵਿਦਵਾਨ ਗੁਰਬਾਣੀ ਦੇ ਅਰਥਾਂ ਅੰਦਰ ਵਿਰੋਧਾਭਾਸ ਨੂੰ ਸਮਾਪਤ ਕਰਨ ਵਿਚ ਆਪਣੇ ਆਪ ਨੂੰ ਅਸਮਰੱਥ ਸਮਝ ਰਹੇ ਹਨ।

ਉਹ ਗੁਰਬਾਣੀ ਦੇ ਅੱਖਰਾਂ ਨੂੰ ਜਿਹੜੇ ਕੋਸ਼ਾਂ ਦੇ ਸਹਾਰੇ ਨਾਲ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ, ਉਹ ਕੋਸ਼ ਬਿਪਰਵਾਦੀ ਕੋਸ਼ ਦੀ ਹੀ ਨਕਲ ਕਰਕੇ ਤਿਆਰ ਕੀਤੇ ਹੋਏ ਹਨ। ਗੁਰਬਾਣੀ ਅੰਦਰ ਜਿਨ੍ਹਾਂ ਲਫ਼ਜ਼ਾਂ ਦੇ ਅਰਥ ਬਦਲ ਦਿੱਤੇ ਹਨ ਉਨ੍ਹਾਂ ਵੱਲ ਇਹਨਾਂ ਕੋਸ਼ਾਂ ਦੇ ਕਰਤਾ ਨੇ ਧਿਆਨ ਨਹੀਂ ਦਿੱਤਾ। ਐਸੀ ਹਾਲਤ ਵਿਚ ਵਿਦਵਾਨ ਲੋਕ ਆਪਣੇ ਆਪ ਬੜੀ ਉਲਝਣ ਵਿਚ ਪਏ ਹੋਏ ਮਹਿਸੂਸ ਕਰ ਰਹੇ ਹਨ। ਵਿੱਦਿਆ ਸੋਧਣ ਦੀ ਪੜ੍ਹਾਈ ਇਨ੍ਹਾਂ ਵਿਦਵਾਨਾਂ ਨੇ ਅੱਜ ਤੱਕ ਪੜਨੀ ਤਾਂ ਕੀ ਸੀ ਉਨ੍ਹਾਂ ਨੇ ਸ਼ਾਇਦ ਅੱਜ ਤੱਕ ਸੁਣੀ ਵੀ ਨਾ ਹੋਵੇ। ਹੁਣ ਜੇ ਅਸੀਂ ਗੁਰਬਾਣੀ ਨੂੰ ਸੱਚਮੁਚ ਹੀ ਸਹੀ ਅਰਥਾਂ ਵਿਚ ਸਮਝਣ ਦੇ ਇਛੁੱਕ ਹਾਂ ਤਾਂ ਸਾਨੂੰ ਆਪਣੀ ਦ੍ਰਿਸ਼ਟੀ ਬਦਲ ਕੇ ਗੁਰਮੁਖਾਂ ਵਾਲੀ ਦ੍ਰਿਸ਼ਟੀ ਅਪਣਾਉਣੀ ਲਾਜ਼ਮੀ ਹੈ। ਜਿਵੇਂ ਮਨੁੱਖੀ ਸਰੀਰ ਜੋ ਅਸੀਂ ਆਪਣੀਆਂ ਅੱਖਾਂ ਨਾਲ ਦੇਖ ਰਹੇ ਹਾਂ ਅਤੇ ਇਸ ਅੰਦਰ ਬੋਲਣ ਵਾਲਾ ਚੇਤਨ ਸਰੂਪ ਜੀਵ ਆਤਮਾ ਤੋਂ ਭਿੰਨ ਹੈ। ਜੀਵ ਆਤਮਾ ਤਾਂ ਸਾਡੀਆਂ ਅੱਖਾਂ ਨਾਲ ਦੇਖੀ ਹੀ ਨਹੀਂ ਜਾ ਸਕਦੀ। ਉਂਜ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਹਰ ਸਰੀਰ ਅੰਦਰ ਆਤਮਾ ਹੁੰਦੀ ਹੈ। ਮਨੁੱਖੀ ਆਤਮਾ ਨੂੰ ਦੇਖ ਲੈਣ ਵਾਲੀ ਗੁਰਮੁਖੀ ਦ੍ਰਿਸ਼ਟੀ ਹੀ ਗੁਰਬਾਣੀ ਦੇ ਬਾਹਰੀ ਸਰੂਪ ਇਨ੍ਹਾਂ ਅੱਖਰਾਂ ਵਿਚੋਂ ਇਸ ਵਿਚਲੇ ਤੱਤ ਸਾਰ ਦਾ ਦਰਸ਼ਨ ਕਰ ਸਕਦੀ ਹੈ। ਸੋ ਲੋੜ ਹੈ ਸਾਨੂੰ ਪਹਿਲਾਂ" ਗੁਰਮੁਖੀ ਦ੍ਰਿਸ਼ਟੀਕੋਣ ਦੀ....!

# ਰਾਜਸ਼੍ਰੀ ਛਤਰਪਤੀ ਸ਼ਾਹੂ ਜੀ ਮਹਾਰਾਜ

## (26 June 1874 -6 May 1922)

ਸ਼ਾਹੂ ਜੀ ਮਹਾਰਾਜ ਮਹਾਰਾਸ਼ਟਰ ਦੇ ਇੱਕ ਮਹਾਨ ਸਮਾਜ ਸੁਧਾਰਕ ਸਨ ਲ ਜਿਹਨਾਂ ਨੇ ਅਛੂਤਾਂ ਅਤੇ ਪਛੜੇ ਵਰਗਾਂ ਨੂੰ ਉਹਨਾਂ ਦੇ ਪੈਰਾਂ ਤੇ ਖੜ੍ਹਾ ਕਰਨ ਲਈ ਆਪਣਾ ਸਾਰਾ ਜੀਵਨ ਲੱਗਾ ਦਿੱਤਾ ਲ ਆਓ ਉਹਨਾਂ ਦੁਆਰਾ ਇੱਕ ਮਹਾਰਾਜਾ ਹੁੰਦੇ ਹੋਏ ਅਛੂਤਾਂ ਅਤੇ ਪਛੜੇ ਵਰਗਾਂ ਲਈ ਕੀਤੇ ਕੁਝ ਕੰਮਾਂ ਤੇ ਨਿਗਾਹ ਮਾਰੀਏ-

1. 26 ਜੁਲਾਈ 1902 ਨੂੰ ਅਛੂਤਾਂ ਅਤੇ ਪਛੜੇ ਵਰਗਾਂ ਲਈ ਆਪਣੀ ਰਿਆਸਤ ਵਿੱਚ 50% ਰਿਜ਼ਰਵੇਸ਼ਨ ਦਿੱਤੀ।

ਚਮਨ ਲਾਲ ਚਣਕੋਆ

2. 1918 ਵਿੱਚ ਸ਼ਾਹੂ ਜੀ ਮਹਾਰਾਜ ਨੇ ਆਪਣੀ ਰਿਆਸਤ ਵਿੱਚ ਜਗ੍ਹਾ ਜਗ੍ਹਾ ਤੇ ਸਸਤੇ ਅਨਾਜ ਦੇ ਡੀਪੂ ਖੋਲ੍ਹੇ।

3. 2 ਜੂਨ 1897 ਨੂੰ ਕੋਹੜੀਆਂ ਲਈ ਵਿਸ਼ੇਸ਼ ਹਸਪਤਾਲ ਖੋਲ੍ਹੇ।

4. ਹਰ ਪਿੰਡ ਵਿੱਚ ਸਕੂਲ ਖੋਲ ਕੇ 1912 ਵਿੱਚ ਵੇਤਨਦਾਰ ਸਿੱਖਿਆ ਯੋਜਨਾ ਅਤੇ 1917 ਵਿੱਚ ਪਗਾਰੀ ਸਿੱਖਿਅਕ ਯੋਜਨਾ ਬਣਾਈ।

5. 1919 ਨੂੰ ਉਹਨਾਂ ਨੇ ਔਰਤਾਂ ਨਾਲ ਹੁੰਦੇ ਦੁਰਵਿਵਹਾਰ ਨੂੰ ਸਮਾਪਤ ਕਰਨ ਲਈ ਘਰੇਲੂ ਹਿੰਸਾ ਐਕਟ ਪਾਸ ਕੀਤਾ।

6. 3ਅਗਸਤ 1918 ਨੂੰ ਸ਼ਾਹੂ ਜੀ ਮਹਾਰਾਜ ਨੇ ਇੱਕ ਹੋਰ ਕਨੂੰਨ ਪਾਸ ਕਰਕੇ ਅਜਿਹੀਆਂ ਅਛੂਤ ਜਾਤੀਆਂ ਜਿਹਨਾਂ ਨੂੰ ਬ੍ਰਾਹਮਣਵਾਦੀ ਵਿਵਸਥਾ ਵਿੱਚ ਅਪਰਾਧਿਕ ਜਾਤੀਆਂ ਕਿਹਾ ਗਿਆ ਸੀ ਅਤੇ ਉਹਨਾਂ ਨੂੰ ਠਾਣੇ ਵਿੱਚ ਜਾ ਕੇ ਪ੍ਰਤੀ ਦਿਨ ਹਾਜ਼ਰੀ ਦੇਣੀ ਪੈਂਦੀ ਸੀ ਲ ਇਹਨਾਂ ਅਛੂਤ ਜਾਤੀਆਂ ਦੀ ਪ੍ਰਤੀ ਦਿਨ ਦੀ ਹਾਜ਼ਰੀ ਨੂੰ ਖ਼ਤਮ ਕੀਤਾ।

7. 11 ਅਕਤੂਬਰ 1919 ਨੂੰ ਸ਼ਾਹੂ ਜੀ ਮਹਾਰਾਜ ਨੇ ਇੱਕ ਹੁਕਮ ਪਾਸ ਕੀਤਾ ਜਿਸ ਦੁਆਰਾ ਸਵਰਨਾਂ ਦੇ ਵਿਸ਼ੇਸ਼ ਸਕੂਲਾਂ ਤੇ ਰੋਕ ਲਗਾ ਦਿੱਤੀ ਜਿਸ ਵਿੱਚ ਕੇਵਲ ਉੱਚ ਜਾਤੀਆਂ ਨੂੰ ਦਾਖਲਾ ਮਿਲਦਾ ਸੀ ਲ ਪਛੜੇ ਵਰਗ ਦੇ ਲੋਕਾਂ ਨੂੰ ਇਸ ਵਿੱਚ ਦਾਖਲਾ ਨਹੀਂ ਮਿਲਦਾ ਸੀ।

8. 30 ਸਤੰਬਰ 1919 ਨੂੰ ਉਹਨਾਂ ਨੇ ਇੱਕ ਹੁਕਮ ਪਾਸ ਕੀਤਾ ਜਿਸ ਵਿੱਚ ਉਹਨਾਂ ਨੇ ਅਛੂਤਾਂ ਲਈ ਬਣਾਏ ਸਕੂਲ ਬੰਦ ਕਰਵਾ ਦਿੱਤੇ ਅਤੇ ਸਾਰੇ ਸਰਕਾਰੀ ਸਕੂਲਾਂ ਦੇ ਦਰਵਾਜ਼ੇ ਅਛੂਤਾਂ ਲਈ ਖੋਲ ਦਿੱਤੇ।

9. 1919 ਵਿੱਚ ਸ਼ਾਹੂ ਜੀ ਨੇ ਜਗੀਰਦਾਰਾਂ ਤੋਂ ਪ੍ਰਬੰਧਕੀ ਸ਼ਕਤੀਆਂ ਵਾਪਸ ਲੈ ਲਈਆਂ।

10. ਸਤੰਬਰ 1911 ਨੂੰ ਸ਼ਾਹੂ ਜੀ ਮਹਾਰਾਜ ਨੇ ਮਹਾਰਾਂ (ਅਛੂਤ ਜਾਤੀ) ਦੀ ਜ਼ਮੀਨ ਪੱਕਿਆਂ ਕਰਨ ਸੰਬੰਧੀ ਕਨੂੰਨ ਬਣਾਇਆ ਕਿ ਉਹ ਜ਼ਮੀਨ ਜਿਹੜੀ ਸਰਕਾਰ ਵਲੋਂ ਮਹਾਰਾਂ ਨੂੰ ਦਿੱਤੀ ਗਈ ਹੈ ਲ ਭਾਵ ਮਹਾਰਾਂ ਦੇ ਨਾਂ ਤੇ ਚੜਾਈ ਜ਼ਮੀਨ ਅੱਗੇ ਲਈ ਉਹਨਾਂ ਦੇ ਨਾਂ 'ਤੇ ਰਹੇ।

11. 29 ਮਾਰਚ 1918 ਨੂੰ ਸ਼ਾਹੂ ਜੀ ਮਹਾਰਾਜ ਨੇ ਹੁਕਮ ਪਾਸ ਕੀਤਾ ਜਿਸ ਵਿੱਚ ਮਾਲੀਏ ਦਾ 6% ਹਿੱਸਾ ਸਿੱਖਿਆ ਤੇ ਖਰਚ ਕੀਤਾ ਜਾਵੇਗਾ।

12. ਪੁਨਰ ਵਿਆਹ ਕਨੂੰਨ ਨੂੰ ਮਨਜ਼ੂਰੀ

13. 1920 ਵਿੱਚ ਬਾਬਾ ਸਾਹਿਬ ਦੇ ਮੂਕ ਨਾਇਕ ਅਖ਼ਬਾਰ ਲਈ ਢਾਈ ਹਜ਼ਾਰ ਰੁਪਏ ਦੀ ਆਰਥਿਕ ਸਹਾਇਤਾ ਦਿੱਤੀ।

14. 1920 ਬਾਬਾ ਸਾਹਿਬ ਅੰਬੇਡਕਰ ਦੀ ਬੈਰਿਸਟਰੀ ਸਿੱਖਿਆ ਲਈ ਆਰਥਿਕ ਸਹਾਇਤਾ।

15. ਆਪਣੀ ਕੋਹਲਾਪੁਰ ਰਿਆਸਤ ਵਿੱਚ 122 ਸਕੂਲ ਖੋਲ੍ਹੇ ਅਤੇ ਇਹਨਾਂ ਨੂੰ ਇੱਕ ਲੱਖ ਰੁਪਏ ਦੀ ਗਰਾਂਟ ਦਿੱਤੀ।

(ਜਾਰੀ ਹੈ)



ਰਿਜ਼ਰਵੇਸ਼ਨ ਦੇ ਦੇਵਤਾ ਸ਼ਾਹੂ ਜੀ ਮਹਾਰਾਜ

# ਖੇਤੀ ਨਾਲੋਂ ਕਾਰੋਬਾਰ ਨੂੰ ਤਰਜੀਹ ਦੇਣ ਵਾਲਾ ਗੁਰਮੇਲ ਸਿੰਘ ਢੀਂਡਸਾ

ਵਿਲੱਖਣ ਉਸਾਰੂ ਸੋਚ ਦੇ ਧਾਰਨੀ ਗੁਰਮੇਲ ਸਿੰਘ ਢੀਂਡਸਾ ਦਾ ਜਨਮ 19 ਸਤੰਬਰ 1955 ਨੂੰ ਪਿੰਡ ਦੰਦਰਾਲਾ ਢੀਂਡਸਾ (ਪਟਿਆਲਾ) ਵਿਖੇ ਪਿਤਾ ਮੱਧਵਰਗੀ ਕਿਸਾਨ ਸ੍ਰ. ਈਸ਼ਰ ਸਿੰਘ ਢੀਂਡਸਾ (ਮੌਧੇਦਾਰ) ਦੇ ਘਰ ਮਾਤਾ ਸ਼੍ਰੀਮਤੀ ਜਸਵੰਤ ਕੌਰ ਦੀ ਕੁੱਖੋਂ ਚਾਰ ਭੈਣਾਂ ਦੇ ਜਨਮ ਤੋਂ ਬਾਅਦ ਹੋਣ ਤੇ ਦਾਦਾ ਸ੍ਰ. ਜਵਾਹਰ ਸਿੰਘ ਅਤੇ ਦਾਦੀ ਸ਼੍ਰੀਮਤੀ ਭਗਵਾਨ ਕੌਰ ਦੀ ਖ਼ੁਸ਼ੀ ਦਾ ਠਿਕਾਣਾ ਨਹੀਂ ਸੀ। ਉਹ ਆਪਣੇ ਇੱਕ ਭੈਣ ਅਤੇ ਭਰਾ ਤੋਂ ਵੱਡੇ ਹਨ।ਉਨ੍ਹਾਂ ਨੂੰ ਆਪਣੇ ਮਾਤਾ-ਪਿਤਾ ਤੋਂ ਹਮੇਸ਼ਾਂ ਸੱਚਾਈ ਦੇ ਮਾਰਗ ਤੇ ਚਲਣ ਲਈ ਚੰਗੇ ਸੰਸਕਾਰ ਮਿਲੇ,ਜਿਨ੍ਹਾਂ ਸਦਕਾ ਉਨ੍ਹਾਂ ਨੇ ਆਪਣੇ ਕਾਰੋਬਾਰ 'ਚ ਉੱਚ ਮੁਕਾਮ ਤੱਕ ਸਫਲਤਾ ਪ੍ਰਾਪਤ ਕੀਤੀ। ਉਨ੍ਹਾਂ ਦਾ ਦਾਦਾ ਪਿੰਡ ਦੇ ਹਵੇਲੀ ਵਾਲੇ ਲਾਲਿਆਂ ਦੀ ਚਾਪਲੂਸੀ ਕਰਨ ਵਾਲਿਆਂ 'ਚੋਂ ਹੋਣ ਕਾਰਨ ਹੁੱਕਾ ਪਾਣੀ ਪੀਣ ਦੇ ਵੀ ਆਦੀ ਰਹੇ। ਖੇਤੀ ਬਾੜੀ ਕਰਨ ਵੱਲ ਉਨ੍ਹਾਂ ਦਾ ਧਿਆਨ ਨਹੀਂ ਸੀ, ਪਰਿਵਾਰ ਦੀ ਮਾੜੀ ਹਾਲਤ ਨੂੰ ਦੇਖ ਕੇ ਸ੍ਰ. ਈਸ਼ਰ ਸਿੰਘ ਨੇ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਸਖ਼ਤ ਮਿਹਨਤ ਕਰਨੀ ਸ਼ੁਰੂ ਕੀਤੀ ।ਵੱਡੇ ਪੁੱਤਰ ਗੁਰਮੇਲ ਸਿੰਘ ਢੀਂਡਸਾ ਨੇ ਅੱਠਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਸਕੂਲ ਅਤੇ ਦਸਵੀਂ ਤੱਕ ਦੀ ਪੜ੍ਹਾਈ ਸ.ਹ.ਸ. ਚੌਂਦਾ (ਸੰਗਰੂਰ) ਤੋਂ ਮਾਰਚ 1971 ਵਿੱਚ ਪਹਿਲੇ ਦਰਜੇ 'ਚ ਪ੍ਰਾਪਤ ਕੀਤੀ।ਉਸ ਦਾ ਆਪਣੇ ਦੋਸਤ ਰਮੇਸ਼ ਇੰਦਰ ਸ਼ਰਮਾ (ਰਿਟਾਇਰਡ ਚੀਫ ਮਨੈਜਰ, ਪੀ. ਐਨ. ਬੀ.) ਨਾਲ ਪੜ੍ਹਾਈ 'ਚ ਪੂਰਾ ਮੁਕਾਬਲਾ ਹੁੰਦਾ ਸੀ। ਨਾਲ ਅਹਿਮ ਗੱਲ ਇਹ ਵੀ ਹੈ ਕਿ ਉਨ੍ਹਾਂ ਦੀਆਂ ਦੋ ਭੈਣਾਂ ਵੀ ਸ਼ੁਰੂ ਤੋਂ ਹੀ ਉਸ ਦੀ ਕਲਾਸ ਵਿੱਚ ਪੜ੍ਹਦੀਆਂ ਸਨ, ਪਿੰਡ ਮਿਡਲ ਸਕੂਲ ਹੋਣ ਕਰਕੇ ਕੁੜੀਆਂ ਨੂੰ ਕੋਈ ਮਾਂ-ਬਾਪ ਹਾਈ ਸਕੂਲ ਦੂਰ ਹੋਣ ਕਰਕੇ ਅੱਗੇ ਨਹੀਂ ਸੀ ਪੜਾਉਂਦਾ। ਪਿਤਾ ਸ੍ਰ. ਈਸ਼ਰ ਸਿੰਘ ਦੀ ਚੰਗੀ ਸੋਚ ਸਦਕਾ ਗੁਰਮੇਲ ਸਿੰਘ ਢੀਂਡਸਾ ਆਪਣੀਆਂ ਦੋ ਭੈਣਾਂ ਨਾਲ ਸਾਈਕਲਾਂ ਤੇ ਚੌਂਦੇ ਸਕੂਲ ਪੜ੍ਹਨ ਦੋ ਸਾਲ ਜਾਂਦੇ ਰਹੇ, ਕੱਚਾ ਰਸਤਾ, ਧੁੱਪਾਂ, ਧੁੰਦਾਂ, ਮੀਂਹ, ਹਨੇਰੀ ਆਦਿ ਭੈਣਾਂ ਲਈ ਆਪਣੇ ਵੀਰ ਦੇ ਨਾਲ ਹੋਣ ਕਾਰਨ ਕਦੇ ਵੀ ਰੁਕਾਵਟ ਨਾ ਬਣੇ।ਇੱਕ ਲੜਕਾ ਜਿਸ ਦੀ ਕਲਾਸ ਵਿੱਚ ਉਸ ਦੀਆਂ ਦੋ ਭੈਣਾਂ ਵੀ ਪੜ੍ਹਦੀਆਂ ਹੋਣ ਕਿਹੋ ਜਿਹੀ ਘੁੱਟਣ ਮਹਿਸੂਸ ਕਰੇਗਾ, ਇਹ ਤਾਂ ਗੁਰਮੇਲ ਸਿੰਘ ਨੂੰ ਹੀ ਪਤਾ ਹੈ। ਇਸ ਉਪਰੰਤ ਗੁਰਮੇਲ ਸਿੰਘ ਢੀਂਡਸਾ ਨੇ ਪ੍ਰੀ-ਮੈਡੀਕਲ ਵਿੱਚ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਦਾਖਲਾ ਲੈ ਲਿਆ।ਪਰ ਸ਼ੁਰੂ 'ਚ ਹੀ ਪ੍ਰੋਫੈਸਰਾਂ ਦੇ ਘੱਟ ਅੰਕਾਂ ਵਾਲੇ ਵਿਦਿਆਰਥੀਆਂ ਨੂੰ ਸਖ਼ਤਾਈ ਵਾਲਾ ਰੌਅ ਅਪਣਾ ਕੇ ਗਰੁੱਪ ਤਬਦੀਲ ਕਰਨ ਲਈ ਦਬਾਅ ਪਾਉਣ ਕਰਕੇ, ਉਨ੍ਹਾਂ ਦਾ ਮਨ ਵੀ ਇਹ ਸਖ਼ਤਾਈ ਸਦਕਾ ਆਪਣੇ ਆਰਟਸ ਗਰੁੱਪ ਵਾਲੇ ਸਾਥੀਆਂ ਦੀਆਂ ਮੌਜਾਂ ਦੇਖ ਡੋਲ ਗਿਆ ਅਤੇ ਪ੍ਰੋਫੈਸਰਾਂ ਦੇ ਕਹਿਣ ਦੇ ਬਾਵਜੂਦ ਵੀ ਗਰੁੱਪ ਤਬਦੀਲ ਕਰਕੇ ਆਰਟਸ ਲੈ ਲਿਆ। ਉਨ੍ਹਾਂ ਨੇ 1975 ਵਿੱਚ ਬੀ.ਏ. ਕਰ ਲਈ।ਇਸ ਉਪਰੰਤ ਪਿੰਡ ਵਿੱਚ ਯੂਥ ਕਲੱਬ ਦਾ ਗਠਨ ਹੋਇਆ ਤਾਂ ਗੁਰਮੇਲ ਸਿੰਘ ਢੀਂਡਸਾ ਇਸ ਕਲੱਬ ਦੇ ਪਹਿਲੇ ਪ੍ਰਧਾਨ ਬਣੇ ਤੇ ਹਰੇਕ ਸਾਲ ਕਬੱਡੀ ਟੂਰਨਾਮੈਂਟ ਹੋਣਾ ਸ਼ੁਰੂ ਹੋਇਆ। ਆਪਣੇ ਇੱਕ ਰਾਜਨੀਤਕ ਪਹੁੰਚ ਵਾਲੇ ਰਿਸ਼ਤੇਦਾਰ ਜੋ ਉਸ ਸਮੇਂ ਮਾਰਕੀਟ ਕਮੇਟੀ ਦਾ ਚੇਅਰਮੈਨ ਸੀ, ਤੋਂ ਨੌਕਰੀ ਤੇ ਲਗਾਉਣ ਦੀ ਆਸ ਨਾਲ ਉਸ ਦੇ ਸੈਲਰ ਵਿੱਚ ਤਕਰੀਬਨ ਦੋ ਸਾਲ ਕੰਮ ਕੀਤਾ। ਇਸੇ ਦੌਰਾਨ 1978 ਵਿੱਚ ਪਿੰਡ ਦੰਦਰਾਲਾ ਢੀਂਡਸਾ ਵਿਖੇ ਸ੍ਰ. ਲਾਭ ਸਿੰਘ ਸਰਪੰਚ ਨੇ ਸਮੂਹ ਪੰਚਾਇਤ ਅਤੇ ਯੂਥ ਕਲੱਬ ਦੇ ਸਹਿਯੋਗ ਨਾਲ ਪਿੰਡਾਂ ਦੇ ਵਿਕਾਸ ਲਈ ਉਸ ਸਮੇਂ ਦੀ ਅਕਾਲੀ-ਭਾਜਪਾ ਸਰਕਾਰ ਵਲੋਂ ਨਵੀਂ ਉਲੀਕੀ ਸਕੀਮ ਅਧੀਨ ਫੋਕਲ ਪੁਆਇੰਟ ਮਨਜ਼ੂਰ ਕਰਵਾ ਲਿਆ ਜਿਸ ਨਾਲ ਪਿੰਡ 'ਚ ਅਨਾਜ ਮੰਡੀ ਵੀ ਸ਼ੁਰੂ ਹੋਣੀ ਸੀ ।ਨਵੀਂ ਮੰਡੀ ਲਈ ਆੜ੍ਹਤੀਆਂ ਨੇ ਕੰਮ ਸ਼ੁਰੂ ਕਰਨਾ ਸੀ, ਗੁਰਮੇਲ ਸਿੰਘ ਢੀਂਡਸਾ ਦੇ ਨੇੜਲੇ ਸਾਥੀ ਸ੍ਰ. ਭਗਤ ਸਿੰਘ ਨੇ ਉਸ ਨੂੰ ਪ੍ਰੇਰਕੇ ਕਮਿਸ਼ਨ ਏਜੰਟ ਦਾ ਕੰਮ ਸ਼ੁਰੂ ਕਰਨ ਲਈ ਸ੍ਰ.





ਲਾਭ ਸਿੰਘ ਸਰਪੰਚ ਨੂੰ ਨਾਲ ਮਿਲਾ ਕੇ 'ਗੁਰਮੇਲ ਸਿੰਘ ਐਂਡ ਕੰਪਨੀ' ਦੇ ਨਾਂ ਤੇ ਪਹਿਲੇ ਸਾਲ ਹੀ ਮਹੂਰਤ ਕਰ ਲਿਆ। ਉਸ ਸਮੇਂ ਦੇ ਚਾਲੀ ਹਜ਼ਾਰ ਨਾਲ ਸ਼ੁਰੂ ਕੀਤਾ ਕੰਮ ਅੱਜ ਗੁਰਮੇਲ ਸਿੰਘ ਢੀਂਡਸਾ ਦਾ ਇੱਕਲੇ ਦਾ ਕਰੋੜਾਂ ਦਾ ਕਾਰੋਬਾਰ ਹੈ। ਛੋਟੇ ਭਰਾ ਬਲਵਿੰਦਰ ਸਿੰਘ ਦਾ ਵਿਆਹ ਪਹਿਲਾਂ ਹੋਣ ਕਾਰਣ ਉਹ ਦੁਕਾਨ ਦੇ ਚੱਕਰ 'ਚ ਪੈਣਾ ਨਹੀਂ ਸੀ ਚਾਹੁੰਦਾ। ਗੁਰਮੇਲ ਸਿੰਘ ਢੀਂਡਸਾ ਨੇ ਆਪਣੇ ਛੋਟੇ ਭਰਾ ਨੂੰ ਵੱਖਰੇ ਹੋਣ ਦੇ ਹੱਕ ਨੂੰ ਖ਼ੁਸ਼ੀ ਖ਼ੁਸ਼ੀ ਸਵੀਕਾਰਦਿਆਂ ਘਰੋਂ ਵੱਖਰੇ ਹੋ ਕਿ ਖੇਤੀਬਾੜੀ ਕਰਨ ਦੀ ਥਾਂ ਕਾਰੋਬਾਰ ਨੂੰ ਹੀ ਤਰਜੀਹ ਦਿੱਤੀ। ਉਨ੍ਹਾਂ ਦਾ ਵਿਆਹ ਕੱਲਰ ਮਾਜਰੀ ਦੇ ਸ੍ਰ. ਜੀ ਰਾਮ ਦੀ ਸਪੁੱਤਰੀ ਅਤੇ ਸ੍ਰ. ਹਰਿੰਦਰ ਸਿੰਘ ਖਟੜਾ ਦੀ ਭੈਣ ਕਰਮਜੀਤ ਕੌਰ ਨਾਲ 1982 'ਚ ਹੋਇਆ। ਉਨ੍ਹਾਂ ਨੇ ਆਪਣੇ ਭਰਾ ਸ੍ਰ. ਬਲਵਿੰਦਰ ਸਿੰਘ ਨੂੰ ਵੀ ਆਪਣੇ ਬਰਾਬਰ ਖੜ੍ਹਾਉਣ ਦੀ ਸੋਚ ਨਾਲ ਆੜ੍ਹਤ ਦੀ ਦੁਕਾਨ ਕਰਨ ਲਈ ਪ੍ਰੇਰਿਆ ਜੋ ਕਿ ਅੱਜ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਖੰਨਾ ਵਿਖੇ ਆੜ੍ਹਤ ਦਾ ਕਾਰੋਬਾਰ ਕਰ ਰਿਹਾ ਹੈ ਅਤੇ ਇੱਕ ਹੋਟਲ ਦਾ ਮਾਲਕ ਵੀ ਹੈ। ਉਸ ਦੀ ਸਾਰਥਿਕ ਅਤੇ ਅਗਾਂਹਵਧੂ ਸੋਚ ਨੇ ਪਿੰਡ ਦੇ ਕਈ ਪਰਿਵਾਰਾਂ ਨੂੰ ਆੜ੍ਹਤ ਦੇ ਕਾਰੋਬਾਰ ਲਈ ਗਾਈਡ ਕਰਕੇ ਸ਼ੁਰੂਆਤ ਕਰਵਾਈ।ਗੁਰਮੇਲ ਸਿੰਘ ਢੀਂਡਸਾ ਦੇ ਘਰ ਇੱਕ ਬੇਟੇ ਗੁਰਕਰਮਸ਼ੇਰ ਢੀਂਡਸਾ (ਵਿਸਕੀ) ਨੇ 1983 'ਚ ਜਨਮ ਲਿਆ ਜਿਸਨੇ ਦਸਵੀਂ ਦੀ ਪੜ੍ਹਾਈ ਨਾਭਾ ਵਿਖੇ ਕਰਨ ਤੋਂ ਬਾਅਦ ਬਾਰਵੀਂ ਤੱਕ ਦੀ ਪੜ੍ਹਾਈ ਆਰਮੀ ਪਬਲਿਕ ਸਕੂਲ ਡਕਸ਼ਈ (ਹਿਮਾਚਲ ਪ੍ਰਦੇਸ਼) ਤੋਂ ਪ੍ਰਾਪਤ ਕੀਤੀ।ਉਹ ਰਿਮਟ ਗੋਬਿੰਦਗੜ੍ਹ ਤੋਂ ਬੀ.ਕਾਮ. ਕਰਕੇ ਕੈਨੇਡਾ ਵਿਖੇ ਚਲਾ ਗਿਆ । ਉਹ ਉੱਥੇ ਆਪਣੀ ਇੰਸ਼ੋਰੈਂਸ ਕੰਪਨੀ ਚਲਾ ਰਿਹਾ ਹੈ। ਉਸ ਦਾ ਵਿਆਹ 27 ਨਵੰਬਰ 2005 ਨੂੰ ਸ੍ਰ.ਰਾਜਿੰਦਰ ਸਿੰਘ ਪੂਨੀਆ (ਤੰਬੂਆਂ ਵਾਲੇ ਸਰਦਾਰ) ਦੀ ਬੇਟੀ ਮਨਪ੍ਰੀਤ ਕੌਰ ਨਾਲ ਹੋ ਗਿਆ ਅਹਿਮ ਗੱਲ ਇਹ ਸੀ ਕਿ ਆਨੰਦ ਕਾਰਜ ਦੀ ਰਸਮ ਸਵੇਰੇ 4 ਵਜੇ ਪੂਰਨ ਗੁਰਮਰਿਆਦਾ ਅਨੁਸਾਰ ਸ਼ੁਰੂ ਹੋ ਕੇ ਸੰਪੂਰਨ ਹੋਈ ਜੋ ਕਿ ਪਰਿਵਾਰ ਦੀ ਇੱਕੋ ਇੱਕ ਮੰਗ ਸੀ। ਵੱਡੀ ਪੋਤਰੀ ਪਰੀਨਾਜ਼ ਢੀਂਡਸਾ ਦੇ ਜਨਮ ਤੋਂ ਤਕਰੀਬਨ 10 ਸਾਲ ਬਾਅਦ ਛੋਟੀ ਪੋਤਰੀ ਮਹਿਨਾਜ਼ ਢੀਂਡਸਾ ਨੇ ਜਦੋਂ ਜਨਮ ਲਿਆ ਤਾਂ ਸ੍ਰ. ਗੁਰਮੇਲ ਸਿੰਘ ਨੇ ਕੁੜੀਆਂ ਪ੍ਰਤੀ ਸਮਾਜ ਦੀ ਸੋਚ ਨੂੰ ਨਕਾਰਦਿਆਂ ਮਠਿਆਈ ਵੰਡ ਕੇ ਖ਼ੁਸ਼ੀ ਜ਼ਾਹਿਰ ਕੀਤੀ। ਪੋਤਰੀ ਦੀ ਪਹਿਲੀ ਲੋਹੜੀ 'ਤੇ ਸਾਰੇ ਪਿੰਡ ਵਿੱਚ ਡੱਬੇ ਵੰਡ ਕੇ ਲੋਕਾਂ ਅੰਦਰ ਪੁਰਾਣੀ ਸੋਚ ਨੂੰ ਤਿਆਗ ਕੇ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਬੋਲਾਂ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਨੂੰ ਅਪਣਾਉਣ ਦਾ ਸ਼ੁਭ ਸੁਨੇਹਾ ਦਿੱਤਾ।ਉਨ੍ਹਾਂ ਦੀ ਸਾਕਾਰਾਤਮਕ ਸੋਚ ਨੇ ਹਮੇਸ਼ਾਂ ਹੀ ਉਨ੍ਹਾਂ ਨੂੰ ਕਾਰੋਬਾਰ'ਚ ਕਈ ਵਾਰੀ ਘਾਟਾ ਪੈਣ ਤੇ ਅਡੋਲ ਅਤੇ ਚੜ੍ਹਦੀਕਲਾ 'ਚ ਰੱਖਿਆ ਹੈ। ਆੜ੍ਹਤ ਦੇ ਕੰਮ 'ਚ ਆਮ ਤੌਰ ਤੇ ਪੈਸੇ ਦੇ ਲੈਣ-ਦੇਣ 'ਚ ਆੜ੍ਹਤੀ ਕੇਸਾਂ 'ਚ ਉਲਝ ਜਾਂਦੇ ਹਨ ਪਰ ਗੁਰਮੇਲ ਸਿੰਘ ਢੀਂਡਸਾ ਹਮੇਸ਼ਾਂ ਇੰਨ੍ਹਾਂ ਚੱਕਰਾਂ ਤੋਂ ਬਚਣ ਦੀ ਕੋਸ਼ਿਸ਼ ਕਰਦੇ ਰਹੇ ਹਨ ਕਈ ਵਾਰੀ ਭਾਵੇਂ ਉਨ੍ਹਾਂ ਨੂੰ ਲੈਣਦਾਰੀਆਂ ਛੱਡਣੀਆਂ ਵੀ ਪਈਆਂ ਹਨ, ਜਿਸ ਦੀ ਉਨ੍ਹਾਂ ਕਦੇ ਪ੍ਰਵਾਹ ਨਹੀਂ ਕੀਤੀ। ਪਰ ਉਨ੍ਹਾਂ ਨੇ ਆਪ ਆਪਣੀ ਦੇਣਦਾਰੀ ਹਮੇਸ਼ਾ ਸਮੇਂ ਸਿਰ ਦੇਣ ਦੀ ਕੋਸ਼ਿਸ਼ ਕੀਤੀ ਹੈ ਭਾਵੇਂ ਕਈ ਵਾਰੀ ਘਾਟੇ ਕਾਰਨ ਪ੍ਰਾਪਰਟੀ ਵੀ ਵੇਚਣੀ ਪਈ ਹੈ। ਉਨ੍ਹਾਂ ਦੀ ਫਰਾਕਦਿਲੀ ਹੀ ਹੈ ਕਿ ਕਈਆਂ ਦੇ ਆਰਥਿਕ ਤੰਗੀ ਕਾਰਨ ਦੇਣਦਾਰੀ ਨਾ ਮੋੜ ਸਕਣ ਕਾਰਨ ਉਨ੍ਹਾਂ ਮਾਫੀ ਹੀ ਦੇ ਦਿੱਤੀ। ਜਿਵੇਂ ਕਿ ਆੜ੍ਹਤ ਦਾ ਕੰਮ ਬਾਣੀਆਂ ਦੇ ਹੱਥਾਂ 'ਚ ਹੀ ਕਾਮਯਾਬ ਮੰਨਿਆ ਜਾਂਦਾ ਹੈ ,ਜੱਟਾਂ ਦੇ ਵਸ ਦਾ ਕੰਮ ਨਹੀਂ।ਦੇਖਣ 'ਚ ਆਇਆ ਬਹੁਤੇ ਜੱਟ ਆੜ੍ਹਤ ਦਾ ਕੰਮ ਬਹੁਤਾ ਚਿਰ ਨਹੀਂ ਚਲਾ ਸਕੇ। ਵਿਰਲੇ ਸਫਲ ਆੜ੍ਹਤੀਆਂ 'ਚ ਸ੍ਰ. ਗੁਰਮੇਲ ਸਿੰਘ ਢੀਂਡਸਾ ਦਾ ਨਾਂ ਆਉਂਦਾ ਹੈ।ਉਹ ਧਾਰਮਿਕ ਸਥਾਨਾਂ / ਕਾਰਜਾਂ ਲਈ ਹਮੇਸ਼ਾਂ ਬਣਦਾ ਸਹਿਯੋਗ ਦਿੰਦੇ ਰਹਿੰਦੇ ਹਨ। ਇੱਕ ਕਾਲੋਨੀ 'ਚ ਤਾਂ ਉਨ੍ਹਾਂ ਆਪਣਾ ਇੱਕ ਧਾਰਮਿਕ ਸਥਾਨ ਨਾਲ ਲੱਗਦਾ ਅੱਧਾ ਪਲਾਟ ਧਾਰਮਿਕ ਸਥਾਨ ਦੀ ਕਮੇਟੀ ਨੂੰ ਬਿਆਨੇ ਤੇ ਹੀ ਦੇ ਦਿੱਤਾ,ਬਾਕੀ ਸਾਰੀ ਰਕਮ ਮਨ 'ਚ ਵਿਚਾਰ ਬਦਲਣ ਕਾਰਨ ਛੱਡ ਹੀ ਦਿੱਤੀ। ਇਸੇ ਤਰ੍ਹਾਂ ਹੀ ਗੁਪਤ ਤੌਰ ਤੇ ਸਕੂਲਾਂ ਨੂੰ ਵੀ ਦਾਨ ਦਿੰਦੇ ਰਹਿੰਦੇ ਹਨ। ਉਹ ਸ਼ਾਂਤ-ਚਿੱਤ ਸੁਭਾਅ ਦੇ ਨਾਲ ਇਮਾਨਦਾਰੀ ਦੇ ਪ੍ਰਤੀਕ ਵੀ ਹਨ। ਉਨ੍ਹਾਂ ਨੇ ਆਪਣੇ ਇਕਲੌਤੇ ਸਾਲੇ ਸ੍ਰ. ਹਰਿੰਦਰ ਸਿੰਘ ਖਟੜਾ ਦੀ 2009 'ਚ ਮੌਤ ਹੋਣ ਕਾਰਨ ਪਰਿਵਾਰ ਤੇ ਆਏ ਪਹਾੜ ਜਿੱਡੇ ਦੁੱਖ ਨੂੰ ਘਟਾਉਣ ਲਈ ਹਰ ਸਹਾਰਾ ਦੇ ਕੇ ਉਨ੍ਹਾਂ ਦੇ ਪੁੱਤਰ ਨੂੰ ਆਪਣੇ ਪੈਰਾਂ ਤੇ ਖੜ੍ਹਨ ਯੋਗ ਕਰਨ ਲਈ ਬਣਦਾ ਯੋਗਦਾਨ ਪਾਇਆ, ਜੋ ਕਿ ਹੁਣ ਚੰਡੀਗੜ੍ਹ ਵਿਖੇ ਬਿਜਨੈਸ ਕਰ ਰਿਹਾ ਹੈ। ਉਹ ਆਪਣੀ ਸੁਪਤਨੀ ਸ਼੍ਰੀਮਤੀ ਕਰਮਜੀਤ ਕੌਰ ਦੇ ਮਾੜੇ ਹਾਲਾਤਾਂ 'ਚ ਦਿੱਤੇ ਸਹਿਯੋਗ ਅਤੇ ਹੱਲਾਸ਼ੇਰੀ ਦਾ ਅਹਿਸਾਨਮੰਦ ਹੈ ।

ਅਰਥ ਸਾਸਤਰ ਵਿਸ਼ੇ ਦਾ ਵਿਦਿਆਰਥੀ ਹੋਣ ਕਰਕੇ ਕਾਰੋਬਾਰ ਵਿੱਚ ਜੋਖ਼ਿਮ ਉਠਾਉਣ ਦੇ ਨੁਕਤੇ ਨੂੰ ਉਨ੍ਹਾਂ ਅਪਣਾ ਕੇ ਸਫਲਤਾ ਪ੍ਰਾਪਤ ਕਰਨ ਦੀ ਜਾਚ ਸਿੱਖ ਲਈ। ਗੁਰਮੇਲ ਸਿੰਘ ਢੀਂਡਸਾ ਤਕਰੀਬਨ 10-11 ਕੋਠੀਆਂ ਨਵੀਆਂ ਖਰੀਦ ਕੇ ਜਾਂ ਨਵੀਆਂ ਬਣਾ ਕੇ ਕਾਰੋਬਾਰ ਨੂੰ ਸਥਿਰ ਰੱਖਣ ਲਈ ਆਪਣਾ ਠਿਕਾਣਾ ਬਦਲਦੇ ਰਹੇ ਪਰ ਉਨ੍ਹਾਂ ਦੀ ਪਤਨੀ ਨੇ ਵਾਰ-ਵਾਰ ਨਵੇਂ ਘਰਾਂ 'ਚ ਸਮਾਨ ਬਗੈਰਾ ਸੈਟਿੰਗ ਕਰਨ ਕਰਕੇ ਆਉਂਦੀਆਂ ਔਕੜਾਂ ਕਰਕੇ ਕਦੇ ਵੀ ਗਿਲ੍ਹਾ ਨਹੀਂ ਕੀਤਾ ਸਗੋਂ ਬੜੀ ਦਲੇਰੀ ਨਾਲ ਹਮੇਸ਼ਾਂ ਇਨ੍ਹਾਂ ਔਕੜਾਂ ਦਾ ਸਾਹਮਣਾ ਕਰਕੇ ਸਾਥ ਦਿੱਤਾ ਹੈ, ਇਥੋਂ ਤੱਕ ਕਿ ਉਨ੍ਹਾਂ ਨੇ ਕਾਰੋਬਾਰ ਨੂੰ ਪ੍ਰਫੁਲਤ ਕਰਨ ਲਈ ਕਈ ਵਾਰੀ ਆਪਣੇ ਗਹਿਣੇ ਤੱਕ ਵੀ ਖ਼ੁਸ਼ੀ ਖ਼ੁਸ਼ੀ ਸ੍ਰ.ਢੀਂਡਸਾ ਨੂੰ ਦੇ ਦਿੱਤੇ, ਇਹ ਸੋਚ ਉਨ੍ਹਾਂ ਦੇ ਚੰਗੇ ਖਾਨਦਾਨ 'ਚ ਹੋਏ ਪਾਲਣ-ਪੋਸ਼ਣ ਸਦਕਾ ਹੀ ਹੈ। ਢੀਂਡਸਾ ਪਰਿਵਾਰ ਨਾਭਾ ਵਿਖੇ ਲੰਬੇ ਸਮੇਂ ਤੋਂ ਰਹਿ ਰਿਹਾ ਹੈ।ਪ੍ਰਮਾਤਮਾ ਹਮੇਸ਼ਾਂ ਉਨ੍ਹਾਂ ਨੂੰ ਇਸੇ ਤਰ੍ਹਾਂ ਹੀ ਸਮਾਜ ਦੀ ਸੇਵਾ ਕਰਨ ਲਈ ਚੜ੍ਹਦੀਕਲਾ ਬਖ਼ਸ਼ੇ।



ਮੇਜਰ ਸਿੰਘ ਨਾਭਾ
91-94635-53962

# ਆਦਿ ਧਰਮ ਲਹਿਰ ਤੇ ਡਾ: ਅੰਬੇਡਕਰ

**ਮੂਲ ਲੇਖਕ: ਡੀ. ਸੀ. ਅਹੀਰ**

1915 ਵਿਚ ਜਦੋਂ ਡਾ. ਬੀ. ਆਰ. ਅੰਬੇਦਕਰ ਨਿਊਯਾਰਕ ਵਿਚ ਕੋਲੰਬੀਆ ਯੂਨੀਵਰਸਿਟੀ ਵਿਖੇ ਆਪਣੇ ਪੀ. ਐਚ. ਡੀ. ਥੀਸਿਸ ਨੂੰ ਅੰਤਿਮ ਛੋਹਾਂ ਦੇ ਰਹੇ ਸਨ ਤਾਂ ਇਕ ਪੰਜਾਬੀ ਨੌਜਵਾਨ ਜਿਹੜਾ ਕੁਝ ਸਾਲ ਪਹਿਲਾਂ ਅਮਰੀਕਾ ਗਿਆ ਸੀ, ਭਾਰਤ ਵਿਚ ਗਦਰ ਮਚਾਉਣ ਲਈ ਕੈਲੀਫੋਰਨੀਆ ਤੋਂ ਪੰਜਾਬ ਵਾਸਤੇ ਹਥਿਆਰਾਂ ਦੀ ਸਮਗਲਿੰਗ ਦੇ ਖਤਰਨਾਕ ਮਿਸ਼ਨ ਵਿਚ ਸ਼ਾਮਲ ਸੀ। ਇਹ ਪੰਜਾਬੀ ਨੌਜਵਾਨ ਮਗਰੋਂ ਬਾਬੂ ਮੰਗੂ ਰਾਮ, ਬਾਨੀ ਆਦਿ ਧਰਮ ਲਹਿਰ ਵਜੋਂ ਮਸ਼ਹੂਰ ਹੋਇਆ। ਮੰਗੂ ਰਾਮ ਦਾ ਜਨਮ 14 ਜਨਵਰੀ 1886 ਈ. ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਇਕ ਛੋਟੇ ਜਿਹੇ ਪਿੰਡ ਮੁੱਗੋਵਾਲ ਵਿਚ ਇਕ ਅਛੂਤ ਪਰਿਵਾਰ ਵਿਚ ਹੋਇਆ। ਉਨ੍ਹਾਂ ਦੇ ਪਿਤਾ ਚਮੜੇ ਦਾ ਵਪਾਰੀ ਸੀ। ਉਦੋਂ ਬਰਤਾਨਵੀ ਹਕੂਮਤ ਨੇ ਸਾਰੇ ਲੋਕਾਂ ਵਾਸਤੇ ਸਿੱਖਿਆ ਲਈ ਦਰਵਾਜ਼ੇ ਖੋਲ੍ਹ ਦਿੱਤੇ ਸਨ। ਮੰਗੂ ਰਾਮ ਨੂੰ ਪਿੰਡ ਦੇ ਨੇੜੇ ਮਾਹਿਲਪੁਰ ਵਿਚਲੇ ਸਕੂਲੇ ਪੜ੍ਹਨ ਪਾਇਆ ਗਿਆ ਪਰ ਉਨ੍ਹਾਂ ਨਾਲ ਹਿੰਦੂ ਅਧਿਆਪਕ ਨੇ ਅਣਮਨੁੱਖੀ ਸਲੂਕ ਕੀਤਾ। ਸਤਾਰਾ ਵਿਚ ਭੀਮ ਰਾਓ ਵਾਂਗ, ਮੰਗੂ ਰਾਮ ਨੂੰ ਵੀ ਕਲਾਸ ਤੋਂ ਬਾਹਰ ਬੈਠਣਾ ਪੈਂਦਾ ਸੀ। ਇੱਥੇ ਹੀ ਬੱਸ ਨਹੀਂ, ਅਧਿਆਪਕ ਉਨ੍ਹਾਂ ਨੂੰ ਸਿੱਧਿਆਂ ਨਹੀਂ ਪੜ੍ਹਾਉਂਦਾ ਸੀ, ਉਨ੍ਹਾਂ ਨੂੰ ਹਮੇਸ਼ਾ ਇਕ ਮੁਸਲਿਮ ਵਿਦਿਆਰਥੀ ਰਾਹੀਂ ਸਬਕ ਦਿੱਤਾ ਜਾਂਦਾ ਸੀ। ਫਿਰ ਵੀ ਮੰਗੂ ਰਾਮ ਮਿਡਲ ਦਾ ਇਮਤਿਹਾਨ ਪਾਸ ਕਰ ਗਏ ਤੇ ਨੇੜੇ ਦੇ ਕਸਬੇ, ਬਜਵਾੜਾ ਵਿਚਲੇ ਸਕੂਲ ਵਿਚ ਦਾਖਲਾ ਲੈ ਲਿਆ। ਇੱਥੇ ਵੀ, ਉਨ੍ਹਾਂ ਨਾਲ ਅਪਮਾਨ ਜਨਕ ਸਲੂਕ ਹੋਇਆ ਤੇ ਉਨ੍ਹਾਂ ਨੂੰ ਕਲਾਸ ਰੂਮ ਤੋਂ ਬਾਹਰ ਬੈਠਣਾ ਪੈਂਦਾ ਸੀ। ਇਕ ਦਿਨ, ਇੰਨੀ ਭਾਰੀ ਵਰਖਾ ਹੋਈ ਕਿ ਦਰੱਖਤ ਦੀ ਓਟ ਦੇ ਬਾਵਜੂਦ, ਮੰਗੂ ਰਾਮ ਪਾਣੀ ਨਾਲ ਬੁਰੀ ਤਰ੍ਹਾਂ ਭਿੱਜ ਗਏ। ਜਦੋਂ ਨ੍ਹੇਰੀ-ਝੱਖੜ ਨਾਲ ਅਹਿਣ ਉਨ੍ਹਾਂ ਉਤੇ ਮਿਸਾਇਲਾਂ ਵਾਂਗ ਡਿੱਗੀ ਤਾਂ ਉਹਨਾਂ ਤੋਂ ਹੋਰ ਬਹੁਤਾ ਬਰਦਾਸ਼ਤ ਨਾ ਹੋ ਸਕਿਆ। ਸੋ, ਉਹ ਭੱਜ ਕੇ ਕਲਾਸ ਰੂਮ ਅੰਦਰ ਜਾ ਵੜੇ। ਉਹ ਜਿਉਂ ਹੀ ਕਮਰੇ ਅੰਦਰ ਦਾਖਲ ਹੋਏ, ਅਧਿਆਪਕ ਨੇ ਉਨ੍ਹਾਂ ਨੂੰ ਦੇਖ ਲਿਆ। ਕੋਈ ਹਮਦਰਦੀ ਦਿਖਾਉਣ ਦੀ ਬਜਾਏ ਉਸ ਨੇ ਉਹਨਾਂ ਉਤੇ ਡੰਡੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ ਕਿ ਉਹ ਅੰਦਰ ਕਿਉਂ ਆਏ ਹਨ। ਰੋਂਦਿਆਂ-ਵਿਲਕਦਿਆਂ ਮੰਗੂ ਰਾਮ ਬਾਹਰ ਆਏ ਤੇ ਜਿਵੇਂ-ਕਿਵੇਂ ਆਪਣੇ ਘਰ ਪਹੁੰਚ ਗਏ।

ਬੇਇੱਜ਼ਤੀ ਤੇ ਕੁੱਟਮਾਰ ਨੂੰ ਨਜ਼ਰ ਅੰਦਾਜ਼ ਕਰਦਿਆਂ, ਮੰਗੂ ਰਾਮ ਅਗਲੇ ਦਿਨ ਫਿਰ ਸਕੂਲ ਗਏ। ਉਹ ਜਿਉਂ ਹੀ ਉਥੇ ਪਹੁੰਚੇ, ਉਨ੍ਹਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਕਿ ਅਧਿਆਪਕ ਪਾਣੀ ਦੇ ਛਿੱਟੇ ਮਾਰ ਕੇ ਕਲਾਸ ਰੂਮ ਵਿਚਲੇ ਮੇਜ਼-ਕੁਰਸੀ ਤੇ ਟਾਟ ਜਿਹਨਾਂ ਉਤੇ ਵਿਦਿਆਰਥੀ ਬਹਿੰਦੇ ਸਨ, ਨੂੰ ਭਿੱਟ ਦੂਰ ਕਰਕੇ ਪਵਿੱਤਰ ਕਰ ਰਿਹਾ ਸੀ। ਮੰਗੂ ਰਾਮ ਵੱਲ ਦੇਖਦਿਆਂ ਬ੍ਰਾਹਮਣ ਅਧਿਆਪਕ ਉੱਚੀ ਦੇਣੀ ਬੋਲਿਆ, 'ਤੂੰ ਫਿਰ ਆ ਗਿਆ ਓਏ ਚੰਡਾਲ।'

ਹੋਰ ਕੁਟਾਪੇ ਤੋਂ ਡਰਦਿਆਂ ਮੰਗੂ ਰਾਮ ਉਨ੍ਹੀਂ ਪੈਰੀਂ ਵਾਪਸ ਮੁੜ ਗਏ ਤੇ ਫਿਰ ਕਦੇ ਸਕੂਲ ਨਾ ਗਏ। ਇਹ ਉਨ੍ਹਾਂ ਦੀ ਪੜ੍ਹਾਈ ਦਾ ਅੰਤ ਸੀ।

ਆਪਣੀ ਪੜ੍ਹਾਈ ਦੇ ਅਚਨਚੇਤ ਖਾਤਮੇ ਨਾਲ ਮੰਗੂ ਰਾਮ ਵਿਹਲੇ ਹੋ ਗਏ ਤੇ ਪ੍ਰੇਸ਼ਾਨ ਵੱਖਰਾ। ਸਾਲ 1909 ਵਿਚ ਪਿੰਡ ਦੇ ਹੋਰ ਮੁੰਡਿਆਂ ਨਾਲ ਉਹ ਅਮਰੀਕਾ ਵਿਚਲੇ ਕੈਲੀਫੋਰਨੀਆ ਨੂੰ ਕਮਾਈਆਂ ਕਰਨ ਲਈ ਚਲੇ ਗਏ। ਉਹ ਫਰੈਜ਼ਨੋ ਦੇ ਪੀਚ ਔਰਚਰਡ ਤੇ ਕੇਂਦਰੀ ਕੈਲੀਫੋਰਨੀਆ ਦੀ ਸਾਂ ਜੋਆਕੁਇਨ ਵਿਚ ਕੰਮ ਕਰਦੇ ਰਹੇ। ਪੈਸੇ ਕਮਾਉਣ ਦੀ ਬਜਾਏ, ਉਹ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ। ਪਾਰਟੀ ਦੀ ਅਗਵਾਈ ਅੰਤਰ-ਰਾਸ਼ਟਰੀ ਪੱਧਰ ਉਤੇ ਲਾਲਾ ਹਰਦਿਆਲ ਕਰ ਰਹੇ ਸਨ। ਭਾਰਤ ਦੀ ਆਜ਼ਾਦੀ ਦੇ ਮਨੋਰਥ ਪ੍ਰਤੀ ਮੰਗੂ ਰਾਮ ਦੀ ਲਗਨ ਤੇ ਸੁਹਿਰਦਤਾ ਨੂੰ ਦੇਖਦਿਆਂ ਉਹਨਾਂ ਉਤੇ ਬਹੁਤ ਭਰੋਸਾ ਕੀਤਾ ਗਿਆ ਤੇ ਪਾਰਟੀ ਦਾ ਵਫ਼ਾਦਾਰ ਮੰਨਿਆ ਗਿਆ, ਸਾਲ 1915 ਵਿਚ, ਮੰਗੂ ਰਾਮ ਪੰਜ ਗਦਰੀਆਂ ਵਿਚੋਂ ਇਕ ਸਨ, ਜਿਹਨਾਂ ਨੂੰ ਹਥਿਆਰ ਤੇ ਤਰਥੱਲੀ ਮਚਾਉਣ ਵਾਲਾ ਸਾਹਿਤ ਦੇ ਕੇ ਭਾਰਤ ਭੇਜਿਆ ਗਿਆ। ਉਹ ਜਹਾਜ਼, ਬਦਕਿਸਮਤੀ ਨੂੰ ਬਰਤਾਨਵੀ ਹਕੂਮਤ ਵੱਲੋਂ ਬਤਾਵੀਆ ਵਿਚ ਫੜਿਆ ਗਿਆ ਤੇ ਸੀਲ ਕਰ ਦਿੱਤਾ ਗਿਆ। ਇਹ ਤਕਰੀਬਨ ਇਕ ਸਾਲ ਸੀਲ ਰਿਹਾ ਤੇ ਉਹ ਪੰਜ ਗਦਰੀ ਕੈਦੀਆਂ ਵਜੋਂ ਉਸ ਦੇ ਅੰਦਰ ਹੀ ਰਹੇ। ਇਸੇ ਦੌਰਾਨ, ਉਨ੍ਹਾਂ ਉਤੇ ਮੁਕੱਦਮਾ ਚਲਾਇਆ ਗਿਆ ਤੇ ਜਹਾਜ਼ ਰਾਹੀਂ ਗੈਰ-ਕਾਨੂੰਨੀ ਤੌਰ ਤੇ ਹਥਿਆਰਾਂ ਨੂੰ ਲਿਜਾਉਣ ਬਦਲੇ ਮੌਤ ਦੀ ਸਜ਼ਾ ਸੁਣਾਈ ਗਈ। ਸਜ਼ਾ ਸੁਣਾਏ ਜਾਣ ਮਗਰੋਂ ਕਈ ਦੇਸ਼-ਭਗਤ ਹਿੰਦੁਸਤਾਨੀ, ਜੋ ਜਰਮਨ ਵਿਚ ਰਹਿੰਦੇ ਸਨ, ਨੇ ਇਹਨਾਂ ਗਦਰੀਆਂ ਦੀ ਮਦਦ ਕਰਨ ਦਾ ਫੈਸਲਾ ਕੀਤਾ। ਕਿਸੇ ਤਰ੍ਹਾਂ, ਉਹ ਸੀਲ ਕੀਤੇ ਜਹਾਜ਼ ਵਿਚੋਂ ਕੈਦੀਆਂ ਨੂੰ ਕੱਢ ਕੇ ਲੈ ਗਏ। ਫਿਰ ਉਨ੍ਹਾਂ ਨੂੰ ਵੱਖ-ਵੱਖ ਦਿਸ਼ਾਵਾਂ ਵਿਚ ਭੇਜ ਦਿੱਤਾ। ਮੰਗੂ ਰਾਮ ਨੂੰ ਮਨੀਲਾ ਜਾਣ ਵਾਲੇ ਜਹਾਜ਼ ਵਿਚ ਬਿਠਾ ਦਿੱਤਾ ਗਿਆ। ਤੇ ਫਿਰ ਗਲਤੀ ਨਾਲ (ਕੰਪਾਸ ਖਰਾਬ ਹੋਣ ਕਾਰਨ- ਅਨੁ-ਵਾਦਕ) ਜਹਾਜ਼ ਸਿੰਗਾਪੁਰ ਪਹੁੰਚ ਗਿਆ। ਬਦਕਿਸਮਤੀ ਨੂੰ, ਮੰਗੂ ਰਾਮ ਨੂੰ ਇੱਥੇ ਕੁਝ ਦੇਸ਼-ਧਰੋ-



**ਡੀ. ਸੀ. ਅਹੀਰ**

ਹੀਆਂ ਨੇ ਪਛਾਣ ਜੋ ਪਹਿਲਾਂ ਗਦਰ ਪਾਰਟੀ ਲਈ ਕੰਮ ਕਰਦੇ ਸਨ। ਉਨ੍ਹਾਂ ਪੁਲਿਸ ਨੂੰ ਸੂਹ ਦੇ ਦਿੱਤੀ। ਹੁਣ ਬਤਾਵੀਆ ਤੋਂ ਭਗੌੜੇ ਹੋਇਆਂ ਦਾ ਡੈਥ ਵਾਰੰਟ ਬਰਤਾਨਵੀ ਸਰਕਾਰ ਵੱਲੋਂ ਜਾਰੀ ਕਰ ਦਿੱਤਾ ਗਿਆ ਕਿ ਉਨ੍ਹਾਂ ਪੰਜਾਂ ਵਿਚੋਂ ਕੋਈ ਵੀ ਫੜਿਆ ਜਾਵੇ ਤਾਂ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ। ਉਸੇ ਅਨੁਸਾਰ, ਸਿੰਗਾਪੁਰ ਪੁਲਿਸ ਮੌਤ ਦੇ ਘਾਟ ਉਤਾਰਨ ਦੀ ਤਿਆਰੀ ਕਰ ਰਹੀ ਸੀ ਕਿ ਸਬੱਬੀਂ ਇਕ ਚਮਤਕਾਰ ਹੋਇਆ। ਮੌਤ ਦੇ ਮੂੰਹ ਵਿਚ ਜਾਣ ਤੋਂ ਅੱਧਾ ਘੰਟਾ ਪਹਿਲਾਂ, ਬਰਡੇ ਨਾਂ ਦਾ ਇਕ ਬੰਦਾ ਆਇਆ, ਜਿਸ ਨੂੰ ਮੰਗੂ ਰਾਮ ਨੇ ਪਹਿਲਾਂ ਕਦੇ ਨਹੀਂ ਦੇਖਿਆ ਸੀ, ਬਾਹੋਂ ਫੜ ਕੇ ਥਾਣੇ ਤੋਂ ਬਾਰ ਲੈ ਗਿਆ ਤੇ ਮੁੜ ਉਸੇ ਜਹਾਜ਼ ਵਿਚ ਬਿਠਾ ਦਿੱਤਾ, ਜਿਸ ਵਿਚ ਮੰਗੂ ਰਾਮ ਆਏ ਸਨ, ਤੇ ਉਸ ਨੇ ਕੈਪਟਨ ਨੂੰ ਕਿਹਾ ਕਿ ਜਹਾਜ਼ ਮਨੀਲਾ ਨੂੰ ਲੈ ਜਾਵੇ। ਇੰਨੇ ਨੂੰ ਪੁਲਿਸ ਹਰਕਤ ਵਿਚ ਆ ਗਈ ਤੇ ਜਹਾਜ਼ ਸਿੰਗਾਪੁਰ ਦੀ ਹੱਦ ਪਾਰ ਕਰ ਗਿਆ ਸੀ। ਜਹਾਜ਼ ਨੂੰ ਫੜ ਨਾ ਸਕਣ ਕਾਰਨ, ਪੁਲਿਸ ਨੇ ਆਪਣੀ ਨਲਾਇਕੀ ਨੂੰ ਛੁਪਾਉਣ ਖਾਤਰ ਕਿਸੇ ਸ਼ਰਾਬੀ (ਹਿੰਦੁਸਤਾਨੀ) ਨੂੰ ਫੜ ਕੇ ਫਾਂਸੀ ਚੜ੍ਹਾ ਦਿੱਤਾ। ਮਗਰੋਂ ਇਹ ਖ਼ਬਰ ਭਾਰਤੀ ਅਖ਼ਬਾਰਾਂ ਵਿਚ ਛਪੀ।

ਇਸ ਘਟਨਾ ਉਪਰੰਤ ਮੰਗੂ ਰਾਮ 7-8 ਸਾਲ ਫਿਲਪੀਨਜ਼ ਵਿਚ ਲੁਕ-ਛਿਪ ਕੇ ਰਹਿੰਦੇ ਰਹੇ। ਇਸ ਸਮੇਂ ਦੌਰਾਨ ਉਨ੍ਹਾਂ ਦਾ ਆਪਣੇ ਪਰਿਵਾਰ ਨਾਲ ਕੋਈ ਸੰਪਰਕ ਨਾ ਰਿਹਾ। ਫੜੇ ਜਾਣ ਦੇ ਡਰੋਂ ਉਹਨਾਂ ਕੋਈ ਚਿੱਠੀ-ਪੱਤਰ ਵੀ ਨਹੀਂ ਲਿਖਿਆ ਸੀ। ਉਹਨਾਂ ਨੂੰ ਮਰ-ਮੁੱਕੇ ਸਮਝ ਕੇ ਉਹਨਾਂ ਦੀ ਪਤਨੀ ਨੂੰ ਮੰਗੂ ਰਾਮ ਦੇ ਵੱਡੇ ਭਰਾ ਜੋ ਰੰਡਾ ਸੀ, ਦੇ ਬਿਠਾ ਦਿੱਤਾ। ਸਾਲ 1924 ਵਿਚ ਬਰਤਾਨਵੀ ਹਕੂਮਤ ਵੱਲੋਂ ਜਾਰੀ ਡੈਥ ਵਾਰੰਟ ਦੀ ਮਿਆਦ ਪੁੱਗ ਗਈ। ਫਿਰ ਮੰਗੂ ਰਾਮ ਨੇ ਭਾਰਤ ਪਰਤਣ ਲਈ ਸੋਚਿਆ। ਸਾਲ 1925 ਵਿਚ ਉਹ ਵਾਪਸ ਪੰਜਾਬ ਆ ਗਏ। ਛੇਤੀ ਹੀ ਮਗਰੋਂ, ਮੰਗੂ ਰਾਮ ਇਕ ਹੋਰ ਸੁਤੰਤਰਤਾ ਸੰਗਰਾਮ ਵਿਚ ਸ਼ਾਮਲ ਹੋ ਗਏ, ਉਹ ਸੀ ਅਛੂਤਾਂ ਦੀ ਮੁਕਤੀ। ਉਹ ਲੋਕ ਜਿਨ੍ਹਾਂ ਵਿਚਾਲੇ ਉਹ ਪੈਦਾ ਹੋਏ- ਜਿਹੜੇ ਹਿੰਦੂਆਂ ਦੇ ਅੱਤਿਆਚਾਰਾਂ ਦਾ ਅਕਸਰ ਸ਼ਿਕਾਰ ਹੁੰਦੇ ਰਹਿੰਦੇ ਸਨ। ਬਾਬੂ ਮੰਗੂ ਰਾਮ ਦੇ ਗਦਰ ਪਾਰਟੀ ਨਾਲ ਗਹਿਗੱਚ ਮੇਲ ਜੋਲ ਸਦਕਾ ਉਹਨਾਂ ਦਾ ਨਜ਼ਰੀਆ ਵਿਆਪਕ ਤੇ ਵਿਸ਼ਾਲ ਹੋ ਗਿਆ ਸੀ ਤੇ ਇਕ ਜਥੇਬੰਦਕ ਵਜੋਂ ਉਨ੍ਹਾਂ ਦੀ ਮਹਾਰਤ ਤੇਜ਼-ਤਿੱਖੀ ਹੋ ਗਈ ਸੀ। ਛੇਤੀ ਹੀ ਉਹਨਾਂ ਆਪਣੀ ਸੋਚ ਵਾਲੇ ਸਾਥੀਆਂ ਨੂੰ ਤਲਾਸ਼ਿਆ ਤੇ ਹਿੰਦੂ ਸਮਾਜਿਕ ਗੁਲਾਮੀ ਦੇ ਸ਼ਿਕੰਜੇ ਵਿਚੋਂ ਦੱਬੇ-ਕੁਚਲੇ ਲੋਕਾਂ ਨੂੰ ਮੁਕਤੀ ਕਰਾਉਣ ਲਈ ਉਹਨਾਂ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ।

ਆਪਣੇ ਵਿਚਾਰਾਂ ਨੂੰ ਵੱਡੇ ਹੁਲਾਰੇ ਤੇ ਹੁੰਗਾਰੇ ਤੋਂ ਉਤਸ਼ਾਹਿਤ ਹੁੰਦਿਆਂ, ਬਾਬੂ ਮੰਗੂ ਰਾਮ ਨੇ 11-12 ਜੂਨ 1926 ਨੂੰ ਆਪਣੇ ਪਿੰਡ ਮੁੱ-ਗੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਇਕ ਕਾਨਫਰੰਸ ਬੁਲਾਈ। ਕਾਨਫਰੰਸ ਵਿਚ ਵੱਡੀ ਗਿਣਤੀ ਵਿਚ ਪਹੁੰਚੇ ਅਛੂਤਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਆਖਿਆ ਕਿ ਅਛੂਤ ਇਕ ਵੱਖਰੀ ਕੌਮ ਹਨ, ਮੁਸਲਮਾਨਾਂ, ਸਿੱਖਾਂ ਤੇ ਹਿੰਦੂਆਂ ਵਾਂਗ। ਅਛੂਤ ਇਸ ਦੇਸ਼ ਦੇ ਮੂਲ ਨਿਵਾਸੀ ਹਨ। ਖੈਰ, ਲਹਿਰ ਦਾ ਨਾਂ ਆਦਿ ਧਰਮ ਰੱਖਿਆ ਗਿਆ। ਲੀਡਰਾਂ ਨੇ ਵੱਖਰਾ ਤੇ ਨਿਆਰਾ ਪਹਿਰਾਵਾ ਪਹਿਨਿਆ ਜਿਵੇਂ ਗੂਹੜੀ ਲਾਲ ਪੱਗੜੀ ਤੇ ਨਵਾਂ ਪਵਿੱਤਰ ਮੰਤਰ ਜਾਂ ਪ੍ਰਤੀਕ (ਬੈਜ), ਸੋਂਹ ਸ਼ਬਦ ਅਪਣਾਇਆ। ਲੋਕਾਂ ਨੂੰ ਆਪਣੇ-ਆਪ ਨੂੰ ਆਦਿ ਧਰਮੀ ਕਹਿਣ-ਕਹਾਉਣ ਲਈ ਆਖਿਆ।

ਆਦਿ ਧਰਮ ਦਾ ਮੁਢਲਾ ਮਨੋਰਥ ਅਛੂਤਾਂ ਨੂੰ ਇਕ ਬਦਲਵਾਂ ਧਰਮ ਮੁਹੱਈਆ ਕਰਵਾਉਣਾ ਸੀ। ਇਸ ਦਾ ਇਕ ਹੋਰ ਮਨੋਰਥ ਆਪਣੇ ਸਮਾਜ ਨੂੰ ਅੰਦਰੋਂ ਸੁਧਾਰਨਾ ਸੀ। ਆਦਿ ਧਰਮ ਨੇ ਲੋਕਾਂ ਨੂੰ ਅਮਰ ਅਭਿਆਸਾਂ ਤੋਂ ਮੁਕਤ ਕੀਤਾ ਤੇ ਸਾਫ-ਸੁਥਰੀ ਜ਼ਿੰਦਗੀ ਜਿਊਣ ਲਈ ਆਖਿਆ। ਸ਼ਰਾਬ ਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਦੀ ਮਨਾਹੀ ਕੀਤੀ। ਲੜਕੇ ਤੇ ਲੜਕੀਆਂ ਨੂੰ ਪੜ੍ਹਾਉਣ ਤੇ ਸਮਾਜ ਦੇ ਸਾਰੇ ਮਰਦਾਂ ਤੇ ਔਰਤਾਂ ਨਾਲ ਬਰਾਬਰੀ ਦਾ ਸਲੂਕ ਕਰਨ ਲਈ ਹਦਾਇਤਾਂ ਕੀਤੀਆਂ। ਸਮੁੱਚੇ ਤੌਰ ਤੇ ਲਹਿਰ ਦਾ ਮਨੋਰਥ ਅਛੂਤਾਂ ਨੂੰ ਆਦਿ ਧਰਮ ਦੇ ਮੈਂਬਰਾਂ ਵਜੋਂ ਮਾਣ-ਸਤਿਕਾਰ ਦੀ ਭਾਵਨਾ ਦੇਣਾ ਸੀ। ਆਦਿ ਧਰਮ ਮੰਡਲ ਦਾ ਹੈਡਕੁਆਰਟਰ ਜਲੰਧਰ ਸ਼ਹਿਰ ਵਿਚ ਸਥਾਪਤ ਕੀਤਾ ਗਿਆ, ਜਿੱਥੋਂ ਲਹਿਰ ਨੂੰ ਯੋਜਨਾਬੱਧ ਤਰੀਕੇ ਨਾਲ ਚਲਾਇਆ ਗਿਆ ਤੇ ਸਮਰਪਿਤ ਮਿਸ਼ਨਰੀਆਂ ਨੇ ਪੰਜਾਬ (ਲਹਿੰਦੇ ਪੰਜਾਬ ਸਮੇਤ) ਦੇ ਦੂਰ-ਦੁਰਾਡੇ ਇਲਾਕਿਆਂ ਤੇ ਉਸ ਤੋਂ ਵੀ ਬਾਹਰ ਦੇ ਇਲਾਕਿਆਂ ਵਿਚ ਲਹਿਰ ਦੇ ਸੰਦੇਸ਼ ਨੂੰ ਪ੍ਰਚਾਰਿਆ ਤੇ ਪ੍ਰਸਾਰਿਆ। ਮੰਡਲ ਨੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੂੰ ਆਪਣਾ ਅਧਿਆਤਮਕ ਰਹਿਬਰ ਮੰਨਿਆ ਤੇ ਲਹਿਰ ਚਮਾਰਾਂ (ਤੇ ਬਾਲਮੀਕੀਆਂ) ਦਰਮਿਆਨ ਸ਼ੁਰੂ ਵਿਚ ਹਰਮਨ ਪਿਆਰੀ ਹੋ ਗਈ।

ਉਸ ਵੇਲੇ, ਬਾਬੂ ਮੰਗੂ ਰਾਮ ਆਦਿ ਧਰਮ ਦੇ ਝੰਡੇ ਹੇਠ ਅਛੂਤਾਂ ਨੂੰ ਜਥੇਬੰਦ ਕਰ ਰਹੇ ਸਨ ਤੇ ਉਧਰ ਡਾ. ਅੰਬੇਦਕਰ ਦੇਸ਼ ਦੇ ਇਕ ਹੋਰ ਹਿੱਸੇ ਵਿਚ ਅਜਿਹੀ ਹੀ ਲੜਾਈ ਲੜ ਰਹੇ ਸਨ। ਭਾਵੇਂ ਉਹਨਾਂ ਦੇ ਕੰਮ ਦਾ ਖੇਤਰ ਸੈਂਕੜੇ-ਹਜ਼ਾਰਾਂ ਮੀਲ ਦੂਰ ਸੀ ਪਰ ਉਹਨਾਂ ਦੇ ਵਿਚਾਰ ਤੇ ਸੰਘਰਸ਼ ਦੇ ਤਰੀਕੇ ਤਕਰੀਬਨ ਇਕੋ-ਜਿਹੇ ਸਨ। ਦੋਵਾਂ ਦਾ ਵਿਸ਼ਵਾਸ ਸੀ ਕਿ ਅਨੁਸੂਚਿਤ ਜਾਤੀਆਂ ਹਿੰਦੂ ਨਹੀਂ ਹਨ ਅਤੇ ਉਹਨਾਂ ਦੀ ਗੁਲਾਮੀ ਦਾ ਛੁਟਕਾਰਾ ਹਿੰਦੂ ਧਰਮ ਤੋਂ ਮੁਕਤ ਹੋਣ ਵਿਚ ਹੈ।

ਦੋਵਾਂ ਆਗੂਆਂ ਦਾ ਵਿਸ਼ਵਾਸ ਆਪਣੀ ਮਦਦ ਆਪ ਕਰਨ ਵਿਚ ਸੀ ਅਤੇ ਆਪਣੇ ਮੰਤਵ-ਮਨੋਰਥ ਦੀ ਪ੍ਰਾਪਤੀ ਲਈ ਸ਼ਾਂਤਮਈ ਤਰੀਕਿਆਂ ਦੀ ਵਕਾਲਤ ਸੀ। ਦੋਵਾਂ ਨੇ ਸਿੱਖਿਆ ਉਤੇ ਭਰਵਾਂ ਜ਼ੋਰ ਦਿੱਤਾ। ਬਾਬਾ ਸਾਹਿਬ ਨੇ ਸਿੱਖਿਆ ਨੂੰ ਸਮੁੱਚੀ ਤਰੱਕੀ ਦੀ ਚਾਬੀ ਵਜੋਂ ਵਿਚਾਰਿਆ ਜਦਕਿ ਮੰਗੂ ਰਾਮ ਦਾ ਕਹਿਣਾ ਸੀ ਕਿ 'ਸਿੱਖਿਆ ਸਾਨੂੰ ਸੱਚਖੰਡ (ਸਚਾਈ ਦਾ ਮੰਡਲ) ਵੱਲ ਲਿਜਾਂਦੀ ਹੈ।' ਹੋਰ ਅੱਗੇ, ਬਾਬਾ ਸਾਹਿਬ ਨੇ ਸਿੱਖਿਆ, ਸੰਘਰਸ਼ ਤੇ ਸੰਗਠਨ' ਦੀਆਂ ਤਿੰਨ ਪ੍ਰਮੁੱਖ ਗੱਲਾਂ ਲੋਕਾਂ ਨੂੰ ਮੰਨਣ ਲਈ ਆਖਿਆ ਜਦਕਿ ਮੰਗੂ ਰਾਮ ਅਨੁਸਾਰ ਗਰੀਬਾਂ ਕੋਲ ਤਿੰਨ ਕਿਸਮ ਦੀਆਂ ਤਾਕਤਾਂ ਹਨ: ਕੌਮੀਅਤ (ਸਮੂਹਿਕ ਇਕਮੁੱਠਤਾ), ਮਜ਼ਹਬ (ਅਧਿਆਤਮਕਤਾ) ਤੇ ਮਜਲਿਸ (ਸੰਗਠਨ)।'

ਆਦਿ ਧਰਮ ਦੀ ਸਥਾਪਨਾ ਤੋਂ ਇਕ ਸਾਲ ਮਗਰੋਂ ਲਹਿਰ ਨੇ ਲਗਾਤਾਰ ਰੈਲੀਆਂ ਤੇ ਕਾਨਫਰੰਸਾਂ ਸਦਕਾ ਪੰਜਾਬ ਵਿਚ ਇਕ ਵਿਆਪਕ ਲਹਿਰ ਖੜ੍ਹੀ ਕਰ ਦਿੱਤੀ ਜਿਸ ਕਾਰਨ ਉਸ ਵੇਲੇ ਦੀ ਸਰਕਾਰ ਅਛੂਤਾਂ ਦੀਆਂ ਸਮੱਸਿਆਵਾਂ ਉਤੇ ਧਿਆਨ ਦੇਣ ਲੱਗ ਪਈ। ਅਛੂਤਾਂ ਦੀ ਗਰੀਬੀ ਤੇ ਸ਼ੋਸ਼ਣ ਦੇ ਕਾਰਨਾਂ ਵਿਚੋਂ ਇਕ ਬੇਗਾਰ ਦੀ ਪ੍ਰਥਾ ਸੀ ਯਾਨਿ ਉਹ ਪ੍ਰਥਾ ਜਿਸ ਅਧੀਨ ਉਹ ਰਹਿਣ ਲਈ ਮਜਬੂਰ ਸਨ, ਉਹ ਸੀ ਜਬਰੀ ਕੰਮ ਕਰਾਉਣਾ ਤੇ ਇਵਜ਼ ਵਿਚ ਉਜ਼ਰਤ ਕੋਈ ਨਹੀਂ। ਆਦਿ ਧਰਮ ਮੰਡਲ ਨੇ ਬੇਗਾਰ ਪ੍ਰਥਾ ਵਿਰੁੱਧ ਸੰਘਰਸ਼ ਕੀਤਾ ਤੇ ਉਹਨਾਂ ਨੂੰ ਖਤਮ ਕਰਵਾਇਆ। ਮੰਡਲ ਨੇ ਪੰਜਾਬ ਇੰਤਕਾਲ ਇਰਾਜ਼ੀ ਕਾਨੂੰਨ ਵਿਰੁੱਧ ਜ਼ਬਰਦਸਤ ਸੰਘਰਸ਼ ਕੀਤਾ ਜਿਸ ਰਾਹੀਂ ਅਛੂਤਾਂ ਨੂੰ ਜ਼ਮੀਨ ਦਾ ਇਕ ਛੋਟਾ ਜਿੰਨਾ ਟੁਕੜਾ ਖਰੀਦਣ ਦੀ ਵੀ ਮਨਾਹੀ ਸੀ। ਆਦਿ ਧਰਮ ਮੰਡਲ 1931 ਦੀ ਮਰਦਮਸ਼ੁਮਾਰੀ ਸਮੇਂ ਆਪਣੀ ਪੂਰੀ ਚੜ੍ਹਤ ਉਤੇ ਸੀ। ਲਗਾਤਾਰ ਪ੍ਰਚਾਰ ਦੇ ਨਤੀਜੇ ਵਜੋਂ, ਤਕਰੀਬਨ 5 ਲੱਖ ਲੋਕਾਂ ਨੇ ਆਪਣੇ ਆਪ ਨੂੰ ਆਦਿ ਧਰਮੀ ਐਲਾਨਿਆ। ਇਹ ਹਕੀਕਤ ਆਦਿ ਧਰਮ ਦੇ ਆਗੂਆਂ ਦੀ ਜਥੇਬੰਦਕ ਮਹਾਰਤ ਨੂੰ ਦਰਸਾਉਂਦੀ ਹੈ। ਜਿਵੇਂ ਕਿ ਮਾਰਕ ਜੁਰਗਨਮੇਅਰ ਲਿਖਦਾ ਹੈ, ''ਵੱਡੀ ਗਿਣਤੀ ਵਿਚ ਲੋਕਾਂ ਦੇ ਸਮਰਥਨ ਨੇ ਰਾਜਨੀਤਿਕ ਸਰਮਾਇਆ ਪੈਦਾ ਕੀਤਾ ਤੇ ਮੰਗੂ ਰਾਮ ਨੇ ਇਸ ਸਰਮਾਏ ਨੂੰ ਰਾਜਸੀ ਤਰੀਕਿਆਂ ਨਾਲ ਵਰਤਿਆ।'' ਆਦਿ ਧਰਮ ਉਮੀਦਵਾਰ ਜਨਤਕ ਮਹਿਕਮਿਆਂ ਲਈ ਖੜ੍ਹੇ ਹੋਏ ਤੇ ਯੂਨੀਅਨਿਸਟ ਪਾਰਟੀ ਨਾਲ ਗੱਠਜੋੜ ਕੀਤਾ। ਦੋਹਾਂ ਮਿਸਾਲਾਂ ਵਿਚ ਆਦਿ ਧਰਮ ਮੰਡਲ ਦੁਆਰਾ ਅਨੁਸੂਚਿਤ ਜਾਤੀਆਂ ਦੇ ਆਗੂਆਂ ਨੇ ਲੋਕ-ਰੁਤਬਿਆਂ ਨੂੰ ਪ੍ਰਾਪਤ ਕੀਤਾ। -

*Ad Dharm Movement and Dr. Ambedkar ਵਿਚੋਂ ਧੰਨਵਾਦ ਸਹਿਤ।*

**ਅਨੁਵਾਦ: ਬਲਬੀਰ ਮਾਧੋਪੁਰੀ**

# ਆਈ. ਬੀ. ਓ. ਕਨੇਡਾ ਪ੍ਰਧਾਨ, ਇੰਜੀਨੀਅਰ ਜੀ.ਡੀ. ਗੁੱਡੂ ਨੂੰ ਨਿੱਘੀ ਸ਼ਰਧਾਂਜਲੀ










ਦੋਸਤੋ ਸਾਡਾ ਹਰਮਨ ਪਿਆਰਾ ਦੋਸਤ ਅਤੇ ਜ਼ਿੰਦਾਦਿਲ ਇੰਨਸਾਨ, ਇੰਜੀਨੀਅਰ ਜੀ.ਡੀ. ਗੁੱਡੂ, 30 ਅਪ੍ਰੈਲ ਨੂੰ ਤਕਰੀਬਨ ਸਵੇਰ 5:00 ਵਜੇ ਇਸ ਦੁਨੀਆਂ ਨੂੰ ਸਦੀਵੀਂ ਵਿਛੋੜਾ ਦੇ ਗਿਆ। ਗੁੱਡੂ ਨਾਲ ਅਖੀਰਲੀ ਵਾਰ 25 ਅਪ੍ਰੈਲ ਨੂੰ ਗੱਲ ਹੋਈ ਸੀ। ਕੁੱਝ ਮਿੰਟ ਗੱਲ ਕਰਕੇ ਕਹਿੰਦਾ ਅੱਛਾ ਫਿਰ ਗੱਲ ਕਰਾਂਗੇ। ਗੱਲ ਕਰਨ ਦਾ ਵਾਅਦਾ ਕਰਕੇ ਸਦਾ ਲਈ ਅਜਿਹੀ ਥਾਂ ਚਲਾ ਗਿਆ ਜਿੱਥੋਂ ਕੋਈ ਵਾਪਿਸ ਨਹੀਂ ਆ ਸਕਦਾ।

ਗੁੱਡੂ ਹਮੇਸ਼ਾਂ ਸਭਨੂੰ ਪਿਆਰ ਨਾਲ ਮਿਲਦਾ ਅਤੇ ਖੁਸ਼ ਰਹਿੰਦਾ। ਗੁੱਡੂ ਉਹ ਖੁਸ਼ਕਿਸਮਤ ਸ਼ਖਸ਼ ਸੀ ਜਿਸਨੂੰ ਸਾਹਿਬ ਕਾਂਸ਼ੀਰਾਮ ਜੀ ਦੀ ਅਗਵਾਈ ਹੇਠ ਸਮਾਜ ਦੀ ਸੇਵਾ ਕਰਨ ਦਾ ਮੌਕਾ ਮਿਲਿਆ। ਉਹ ਹਮੇਸ਼ਾਂ ਸਾਹਿਬ ਕਾਂਸ਼ੀਰਾਮ ਜੀ ਦੀ ਯਾਦਾਂ ਸਾਂਝੀਆਂ ਕਰਦਾ ਰਹਿੰਦਾ ਸੀ ਅਤੇ ਹਮੇਸ਼ਾਂ ਸਮਾਜ ਦੀਆਂ ਸਮੱਸਿਆਵਾਂ ਪ੍ਰਤੀ ਚਿੰਤਿਤ ਰਹਿੰਦਾ ਸੀ।

ਗੁੱਡੂ ਹਮੇਸ਼ਾਂ ਸਭ ਦੇ ਮਨਾਂ ਵਿੱਚ ਜਿਉਂਦਾ ਰਹੇਗਾ। ਪ੍ਰਮਾਤਮਾ ਇਸ ਨੇਕ ਦਿਲ ਇੰਨਸਾਨ ਦੀ ਵਿੱਛੜੀ ਰੂਹ ਨੂੰ ਨਿਵਾਸ ਬਖ਼ਸ਼ੇ। ਅਲਵਿਦਾ ਦੋਸਤ ਤੂੰ ਸਦਾ ਸਾਡੀਆਂ ਯਾਦਾਂ ਤੇ ਦਿਲ ਵਿੱਚ ਰਹੇਂਗਾ।

**- Tej Pal Muggowalia**

# ਚੁੱਪ ਦੀ ਬੁੱਕਲ

## ਅੰਗ-ਸੰਗ



ਸ਼ਾਮ ਸਿੰਘ
98141-13338

ਜਨਵਰੀ ਵੀਹ ਸੌ ਵੀਹ ਵਿਚ ਮੈਂ ਚੁੱਪ ਦੀ ਬੁੱਕਲ ਮਾਰ ਲਈ। ਸੋਚ ਵਿਚ ਦਮ ਨਾ ਰਿਹਾ, ਸ਼ਬਦ ਸਾਥ ਛੱਡ ਗਏ। ਫਰਵਰੀ-ਮਾਰਚ ਵਿਚ ਮਾੜੀਆਂ ਖ਼ਬਰਾਂ ਆਉਣ ਲੱਗ ਪਈਆਂ। ਜਦ ਕੋਰੋਨਾ ਵਾਇਰਸ ਦਾ ਲੰਮਾ ਅਲਾਪ ਹੋਣ ਲੱਗ ਪਿਆ ਤਾਂ 22 ਮਾਰਚ ਨੂੰ ਜਨਤਾ ਕਰਫਿਊ ਲਾਉਣਾ ਪੈ ਗਿਆ। ਫੇਰ ਲੌਕ ਡਾਊਨ ਤੇ ਕਰਫਿਊ। ਜਿਉਂ ਜਿਉਂ ਕੇਸ ਵਧਦੇ ਗਏ ਲੋਕ ਧੁਰ ਤੱਕ ਘਬਰਾਉਣ ਲੱਗ ਪਏ। ਸ਼ਹਿਰ ਸੁੰਨਸਾਨ ਹੋ ਕੇ ਸੰਨਾਟੇ ਦੀ ਲਪੇਟ ਵਿਚ ਆ ਗਿਆ। ਬੱਸਾਂ, ਕਾਰਾਂ ਥਾਉਂ ਥਾਈਂ ਖੜ੍ਹੀਆਂ ਰਹਿ ਗਈਆਂ। ਸਭ ਚਹਿਲ-ਪਹਿਲ ਬੰਦ ਹੋ ਗਈ। ਸ਼ਾਮ ਦੀਆਂ ਮਹਿਫਲਾਂ ਉੱਜੜ ਗਈਆਂ। ਮਿੱਤਰਾਂ ਨੂੰ ਮਿਲਣਾ ਮੁਹਾਲ ਹੋ ਗਿਆ। ਮੋਬਾਈਲਾਂ 'ਤੇ ਹੀ ਗੱਲਬਾਤ ਹੋਣ ਲੱਗੀ ਅਤੇ ਖ਼ਬਰਸਾਰ ਦਾ ਪਤਾ ਲਗਦਾ। ਜੇਕਰ ਮੋਬਾਈਲ ਵੀ ਨਾ ਹੁੰਦੇ ਤਾਂ ਸੋਚੋ ਕੀ ਬਣਦਾ? ਬੋਲਾਂ ਵਿਚ ਪਹਿਲਾਂ ਵਰਗੀ ਨਾ ਹੀ ਹਲਚਲ ਰਹੀ ਅਤੇ ਨਾ ਹੀ ਗਰਮੀ। ਸਭ ਦੇ ਸਿਰਾਂ 'ਤੇ ਜਿਵੇਂ ਡਰ ਦਾ ਤੰਬੂ ਤਣ ਗਿਆ। ਸੜਕਾਂ ਦੇ ਸਭ ਸਫੇ ਖਾਲੀ ਹੋ ਕੇ ਰਹਿ ਗਏ। ਲੋਕਾਂ ਨੂੰ ਘਰਾਂ ਅੰਦਰ ਬੰਦ ਹੋ ਕੇ ਰਹਿਣਾ ਪੈ ਗਿਆ। ਆਪਣਾ ਹੀ ਘਰ ਜਿਵੇਂ ਖਾਣ ਨੂੰ ਪੈਂਦਾ ਹੋਵੇ। ਹਰ ਕਮਰਾ ਚੁੱਪ ਦੀ ਜੂਨ ਹੰਢਾਉਣ ਲੱਗ ਪਿਆ।

ਚੌਤਰਫੀ ਦਹਿਸ਼ਤ ਦੀ ਮਾਰ। ਜਿਵੇਂ ਦਹਿਸ਼ਤ ਦੀ ਸਿਆਸਤ ਘਰਾਂ ਵਿਚ ਦਾਖਲ ਕਰ ਦਿੱਤੀ ਹੋਵੇ, ਆਜ਼ਾਦ ਫ਼ਿਜ਼ਾ ਦਾਬੇ ਹੇਠ ਆ ਕੇ ਰਹਿ ਗਈ। ਪੁਲੀਸ ਦੀ ਸਖਤੀ ਦਾ ਆਲਮ ਬਿਨਾਂ ਰੋਕ-ਟੋਕ ਛਾ ਗਿਆ। ਕਰਫਿਊ ਦੀ ਉਲੰਘਣਾ ਕਰਨ ਵਾਲਿਆਂ ਨੂੰ ਡੰਡ ਬੈਠਕਾਂ ਕਢਾਈਆਂ ਗਈਆਂ ਤੇ ਮੁਰਗੇ ਬਣਾਇਆ ਗਿਆ ਅਤੇ ਡੰਡਿਆਂ ਨਾਲ 'ਸੇਵਾ' ਵੀ ਕੀਤੀ ਗਈ।(ਉਂਜ ਇਹ ਕੰਮ ਪਿਆਰ ਨਾਲ ਸਮਝਾ ਕੇ ਵੀ ਕੀਤਾ ਜਾ ਸਕਦਾ ਸੀ, ਵਾਰਨਿੰਗ ਦਿੱਤੀ ਜਾ ਸਕਦੀ ਸੀ) ਇਹੋ ਜਹੀ ਦਹਿਸ਼ਤ ਵਿਚ ਘਰਾਂ ਅੰਦਰ ਡੱਕੇ ਰਹਿਣ ਨੂੰ ਤਰਜੀਹ ਦੇਣੀ ਠੀਕ ਰਹੀ। ਜਿਨ੍ਹਾਂ ਸੜਕਾਂ ਨੂੰ ਮੋਟਰ ਗੱਡੀਆਂ ਤੋਂ ਸਾਹ ਨਹੀਂ ਸੀ ਮਿਲਦਾ ਉਨ੍ਹਾ ਦੇ ਸਫਿਆਂ ਦੇ ਸਫੇ ਖਾਲੀ ਹੋ ਕੇ ਰਹਿ ਗਏ। ਸੜਕਾਂ ਤੇ ਵੀ ਵੀਰਾਨਗੀ ਅਤੇ ਸੰਨਾਟਾ ਛਾ ਗਿਆ ਅਤੇ ਤੇਜ ਰਫਤਾਰ ਵਕਤ ਜਿਉਂ ਰੁਕ ਗਿਆ ਹੋਵੇ। ਟੈਲੀਵੀਜ਼ਨ 'ਤੇ ਦੁਨੀਆਂ ਭਰ ਦੇ ਦੇਸ਼ਾਂ ਦੀਆਂ ਖ਼ਬਰਾਂ, ਕਿ ਕਿੱਥੇ ਬਣ ਗਈਆਂ ਕਿੰਨੀਆਂ ਕਬਰਾਂ।

ਹਰ ਸੂਬੇ ਦੇ ਕੋਰੋਨਾ ਦੇ ਪੀੜਤਾਂ ਦੀ ਗਿਣਤੀ ਪਤਾ ਲਗਦੀ ਤਾਂ ਦਿਲ ਕੰਬਦਾ। ਦੁਨੀਆਂ ਭਰ ਦੇ ਮੁਲਕਾਂ 'ਚ ਜਾਨਾਂ ਦੀ ਤਬਾਹੀ ਇਉਂ ਲੱਗੇ ਜਿਵੇਂ ਹਰੇਕ ਮਨੁੱਖ ਬਣ ਗਿਆ ਭਿਆਨਕ ਮੌਤ ਦਾ ਰਾਹੀ। ਲਗਦਾ ਸੀ ਕਿ ਅਪਰੈਲ ਦੇ ਅਖੀਰ ਤੱਕ ਕਰਫਿਊ ਅਤੇ ਲਾਕਡਾਊਨ ਖਤਮ ਹੋ ਜਾਣਗੇ ਪਰ ਅਜਿਹਾ ਨਹੀਂ ਹੋਇਆ। ਹਾਕਮਾਂ ਨੇ ਓਹੀ ਕੁੱਝ ਕੀਤਾ ਜਿਸ ਨਾਲ ਜਾਨਾਂ ਦਾ ਬਚਾਅ ਹੋ ਸਕੇ। ਅਮਰੀਕਾ ਦਾ ਸਭ ਤੋਂ ਵੱਧ ਨੁਕਸਾਨ ਹੋਇਆ ਹੈ ਜਿੱਥੇ ਯਮਰਾਜ ਮਨਆਈਆਂ ਕਰੀ ਜਾ ਰਿਹਾ। ਫਰਾਂਸ ਸਪੇਨ ਅਤੇ ਇੰਗਲੈਂਡ ਦੇ ਅੰਕੜੇ ਵੀ ਵੀਹ ਹਜ਼ਾਰ ਤੋਂ ਉੱਪਰ ਹੋ ਗਏ ਹਨ। ਕੀ ਕੀਤਾ ਜਾਵੇ, ਭਾਰਤ ਅੰਦਰ ਮਹਾਂ ਰਾਸ਼ਟਰ ਮੌਤਾਂ ਦੀ ਗਿਣਤੀ ਪੱਖੋਂ ਸਭ ਰਾਜਾਂ ਤੋਂ ਉੱਤੇ। ਦਹਿਸ਼ਤ ਦੀ ਸਿਆਸਤ ਆਪਣੀ ਥਾਂ। ਰੱਬ ਖੈਰ ਈ ਕਰੇ।



ਕੁੱਝ ਲੋਕ ਇਸ ਗੱਲ ਤੋਂ ਖੁਸ਼ ਹਨ ਕਿ ਦਰਿਆਵਾਂ ਦਾ ਪਾਣੀ ਸਾਫ ਹੋ ਗਿਆ, ਧੂੜ ਨਹੀਂ ਉਡਦੀ, ਹਵਾ ਜ਼ਹਿਰੀਲੀ ਨਹੀਂ ਰਹੀ। ਅਸਮਾਨ ਅਤੇ ਪਹਾੜ ਸਾਫ-ਸੁਥਰੇ ਵਿਖਾਈ ਦਿੰਦੇ ਹਨ ਅਤੇ ਦਿਸਦੇ ਵੀ ਹਨ। ਇਹ ਗੱਲਾਂ ਤਾਂ ਸਹੀ ਹਨ ਪਰ ਜੇ ਮਨੁੱਖ ਹੀ ਨਾ ਰਹੇ ਤਾਂ ਹਵਾ ਤੇ ਪਾਣੀ ਦੇ ਸ਼ੁੱਧ, ਸਾਫ ਹੋਣ ਦਾ ਕੀ ਫਾਇਦਾ ਹੋਵੇਗਾ। ਮਨੁੱਖ ਹੀ ਹੁਣ ਤੱਕ ਹਵਾ ਤੇ ਪਾਣੀ ਨੂੰ ਗੰਧਲੇ ਕਰਦਾ ਰਿਹਾ ਹੈ ਅਤੇ ਕਰਦਾ ਰਵ੍ਹੇਗਾ ਪਰ ਉਸ ਦੀ ਮਨਮਰਜ਼ੀ ਉਦੋਂ ਤੱਕ ਹੀ ਚੱਲ ਸਕਦੀ ਹੈ ਜਦੋਂ ਤੱਕ ਕੁਦਰਤ ਕਹਿਰਵਾਨ ਨਹੀਂ ਹੁੰਦੀ। ਹੁਣ ਕੁਦਰਤ ਦੀ ਮਨਮਰਜ਼ੀ ਚੱਲਣ ਲੱਗ ਪਈ ਤਾਂ ਹਰੇਕ ਦਿਸ਼ਾ ਵਿਚ ਹਾਹਾਕਾਰ ਮਚ ਗਈ। ਮਹਾਂਸ਼ਕਤੀਆਂ ਵੀ ਪੱਬਾਂ ਭਾਰ ਹੋ ਕੇ ਰਹਿ ਗਈਆਂ।

ਕਿਹਾ ਜਾ ਰਿਹਾ ਹੈ ਕਿ ਕਰੋਨਾ ਚੀਨ ਦੀ ਸ਼ਰਾਰਤ ਹੈ ਪਰ ਉਸ ਦੇਸ਼ ਦੇ ਵਾਸੀ ਖੁਦ ਵੀ ਤਾਂ ਭੁਗਤ ਰਹੇ ਹਨ। ਨਾਲ ਹੀ ਦੁਨੀਆਂ ਭਰ ਦੇ ਲੋਕਾਂ ਨੂੰ ਵਖਤ ਪਾਉਣ ਦੀ ਕੋਈ ਤੁਕ ਵੀ ਸਮਝ ਨਹੀਂ ਆ ਰਹੀ। ਜੇ ਕੁਦਰਤੀ ਆਫਤ ਹੈ ਤਾਂ ਇਸ ਲਈ ਕੋਈ ਜੁੰਮੇਵਾਰ ਨਹੀਂ। ਮਨੁੱਖ ਕੁਦਰਤ ਨੂੰ ਸਜ਼ਾ ਦੇਣ ਦੇ ਸਮਰੱਥ ਨਹੀਂ। ਪਰ ਜਿਸ ਵੀ ਮੁਲਕ ਨੇ ਚੀਨ ਹੋਵੇ ਜਾਂ ਕੋਈ ਹੋਰ ਇਹ ਵਾਇਰਸ ਛੱਡਿਆ ਹੋਵੇ ਤਾਂ ਬਾਕੀ ਮੁਲਕ ਇਕੱਠੇ ਹੋ ਕੇ ਉਹਨੂੰ ਸਬਕ ਸਿਖਾਉਣ ਦੇ ਰਾਹੇ ਪੈਣ। ਆਖਰ ਮਨੁੱਖੀ ਹੋਂਦ ਦਾ ਸਵਾਲ ਹੈ ਇਸ ਦੀ ਹਰ ਹੀਲੇ ਰਾਖੀ ਹੋਣੀ ਚਾਹੀਦੀ ਹੈ। ਦੁਨੀਆਂ 'ਤੇ ਆਪਣੀ ਤਾਨਾਸ਼ਾਹੀ ਕਾਇਮ ਕਰਨ ਲਈ ਮਨੁੱਖੀ ਘਾਣ ਕਰਨਾ ਮਹਾਂ ਅਪਰਾਧ ਹੈ, ਜਿਸ ਨੂੰ ਕਿਸੇ ਸੂਰਤ ਵਿਚ ਵੀ ਮੁਆਫ ਨਹੀਂ ਕੀਤਾ ਜਾਣਾ ਚਾਹੀਦਾ।

ਨੋਟਬੰਦੀ ਸਹਿਣ ਵਾਸਤੇ ਮਜਬੂਰ ਕੀਤਾ ਗਿਆ, ਬਿਨਾਂ ਸੋਚੇ ਤੋਂ ਆਏ ਹੁਕਮ ਕਰਕੇ ਘਰਬੰਦੀ ਵੀ ਸਹਿਣੀ ਪਈ, ਹਸਪਤਾਲ ਬੰਦੀ ਬਾਅਦ ਕਿੰਨਿਆਂ ਦੀ ਸਾਹ ਬੰਦੀ ? ਇਸ ਦਾ ਅਸਲ ਜਾਣਦਾ ਕੋਈ ਨਹੀਂ। ਇਹ ਕੇਹਾ ਮੌਸਮ ਹੈ ਕਿ ਸਹਿਮ ਹਰ ਇਕ 'ਤੇ ਸਵਾਰ ਹੋ ਗਿਆ। ਇਸ ਸਬੰਧੀ ਪ੍ਰਚਾਰ ਤੰਤਰ/ ਮੀਡੀਆ ਲੋਕਾਂ ਨੂੰ ਸਾਵਧਾਨੀਆਂ ਬਾਰੇ ਗੱਟ ਸੁਚੇਤ ਕਰ ਰਿਹਾ ਹੈ ਡਰ-ਭੈਅ ਬਹੁਤਾ ਪੈਦਾ ਕਰ ਰਿਹਾ ਹੈ। ਪਲ ਪਲ ਹੀ ਮੌਤ ਨੇੜੇ-ਤੇੜੇ ਫਿਰਦੀ ਮਹਿਸੂਸ ਹੁੰਦੀ ਹੈ, ਕਿਉਂਕਿ ਇਸ ਲਾਗ ਦੇ ਵਾਇਰਸ ਤੋਂ ਕੁੱਝ ਲੋਕ ਨਹੀਂ ਡਰਦੇ, ਉਹ ਫੇਰ ਸਥਿਤੀ ਨੂੰ ਵਿਗਾੜਨ ਦੇ ਜੁੰਮੇਵਾਰ ਬਣਦੇ ਹਨ। ਮਿੱਤਰੋ ਹੁਣ ਸਾਰੇ ਹੀ ਘਰਾਂ ਵਿਚ ਬੰਦ ਰਹਿ ਕੇ ਸਵੈ-ਇੱਛਾ ਨਾਲ ਨਜ਼ਰਬੰਦ ਰਹੋ। ਅਜਿਹਾ ਕਰਕੇ ਆਪਣੇ ਆਪ ਨੂੰ ਵੀ ਬਚਾਉ ਅਤੇ ਦੂਜਿਆਂ ਨੂੰ ਬਚਾਉਣ ਵਾਸਤੇ ਵੀ ਸਹਿਯੋਗ ਦੇਵੋ।

### ਸੁਖਦੇਵ ਮਾਦਪੁਰੀ / ਇਰਫਾਨ ਖਾਨ / ਰਿਸ਼ੀ ਕਪੂਰ – ਸਦੀਵੀ ਵਿਛੋੜਾ ਦੇ ਗਏ

ਲੋਕਧਾਰਾ ਅਤੇ ਬਾਲਧਾਰਾ ਵਿਚ ਆਪਣੀਆਂ ਲਿਖਤਾਂ ਰਾਹੀਂ ਸਾਰੀ ਉਮਰ ਹੀ ਭਰਪੂਰ ਹਿੱਸਾ ਪਾਉਣ ਵਾਲਾ ਸੁਖਦੇਵ ਮਾਦਪੁਰੀ 84 ਸਾਲ ਦੀ ਉਮਰ ਵਿਚ ਇਸ ਸੰਸਾਰ ਨੂੰ ਅਲਵਿਦਾ ਆਖ ਗਿਆ। ਸਾਦਾ ਜਿਹਾ ਜੀਵਨ ਜੀਉਣ ਵਾਲੇ ਮਾਦਪੁਰੀ ਨੇ ਵਿਦਵਤਾ ਦੇ ਖੇਤਰ ਵਿਚ ਯਥਾਯੋਗ ਹਿੱਸਾ ਪਾ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ-ਸੁਥਰੀ ਬੌਧਿਕਤਾ ਦੇ ਰਾਹ ਪੈਣ ਲਈ ਪੈੜਾਂ ਉਲੀਕ ਦਿੱਤੀਆਂ। ਮਾਦਪੁਰੀ ਨੇ ਲੋਕ ਗੀਤਾਂ, ਲੋਕ ਕਹਾਣੀਆਂ, ਲੋਕ ਬੁਝਾਰਤਾਂ, ਲੋਕ ਸਿਆਣਪਾਂ ਅਤੇ ਪੰਜਾਬ ਦੀਆਂ ਲੋਕ ਖੇਡਾਂ ਬਾਰੇ ਸਾਹਿਤ ਲਿਖਿਆ। ਤਿੰਨ ਦਰਜਣ ਤੋਂ ਵੱਧ ਲਿਖੀਆਂ ਕਿਤਾਬਾਂ ਵਿਚੋਂ 8 ਪੁਸਤਕਾਂ ਬਾਲ ਸਾਹਿਤ ਬਾਰੇ ਲਿਖੀਆਂ। ਪੰਜਾਬੀ ਸੱਭਿਆਚਾਰ ਬਾਰੇ ਸੁਖਦੇਵ ਮਾਦਪੁਰੀ ਦੀਆਂ ਲਿਖੀਆਂ ਪੁਸਤਕਾਂ ਨੇ ਬੌਧਿਕ ਹਲਕਿਆਂ ਵਿਚ ਮਾਨਤਾ ਪ੍ਰਾਪਤ ਕੀਤੀ। ਹਮੇਸ਼ਾ ਹੀ ਨਿਮਰਤਾ ਵਿਚ ਵਿਚਰਨ ਵਾਲੇ ਸੁਖਦੇਵ ਮਾਦਪੁਰੀ ਦੇ ਸਦਾ ਵਾਸਤੇ ਸੰਸਾਰ ਤੋਂ ਤੁਰ ਜਾਣ ਦਾ ਘਾਟਾ ਪੂਰਿਆ ਜਾਣ ਵਾਲਾ ਨਹੀਂ। ਸਾਹਿਤਕ, ਬੌਧਿਕ ਖੇਤਰ ਅੰਦਰ ਉਸਦੇ ਕੀਤੇ ਕਾਰਜਾਂ ਅੱਗੇ ਨਤਮਸਤਕ ਹੀ ਹੋਇਆ ਜਾ ਸਕਦਾ ਹੈ।

ਇਸਦੇ ਨਾਲ ਹੀ ਹੋਰ ਆਈਆਂ ਸੋਗੀ ਖਬਰਾਂ ਕਿ ਫਿਲਮੀ ਜਗਤ ਦੇ ਪ੍ਰਸਿੱਧ ਕਲਾਕਾਰ ਇਰਫਾਨ ਖਾਨ ਅਤੇ ਰਿਸ਼ੀ ਕਪੂਰ ਵੀ ਇਸ ਸੰਸਾਰ ਨੂੰ ਕੁਵੇਲੇ ਅਲਵਿਦਾ ਆਖ ਗਏ ਹਨ। ਉਨ੍ਹਾਂ ਦਾ ਇਸ ਸਮੇਂ ਚਲਾ ਜਾਣਾ ਕਲਾ ਜਗਤ ਵਾਸਤੇ ਵੱਡਾ ਘਾਟਾ ਕਿਹਾ ਜਾ ਸਕਦਾ ਹੈ। ਇਨ੍ਹਾਂ ਦੋਹਾਂ ਕਲਾਕਾਰਾਂ ਨੇ ਸਮਾਜਿਕ ਪਹਿਲੂਆਂ ਬਾਰੇ ਬਣੀਆਂ ਫਿਲਮਾਂ ਵਿਚ ਵਧੀਆਂ ਕਿਰਦਾਰ ਨਿਭਾਏ, ਜੋ ਸਦਾ ਯਾਦ ਕੀਤੇ ਜਾਂਦੇ ਰਹਿਣਗੇ।

# ਭੁੱਖਮਰੀ ਦੇ ਦੌਰ ਅਤੇ ਨੀਤੀਆ ਦੀ ਸਿਆਸਤ ਜਾਂ ਮਹਾਮਾਰੀ, ਭੁੱਖਮਰੀ ਅਤੇ ਸਦੀਵੀ ਸਿਆਸਤ ਜਾਂ ਰੋਟੀ, ਰਿਜਕ ਅਤੇ ਰਾਜਨੀਤੀ



ਰਵਿੰਦਰ ਸਿੰਘ ਧਾਲੀਵਾਲ
91-78374-90309

ਕੋਰੋਨਾਵਾਇਰਸ ਨੇ ਦੁਨੀਆ ਦੀ ਅਰਥ ਵਿਵਸਥਾ ਨੂੰ ਝਿਜੋੜ ਕੇ ਰੱਖ ਦਿੱਤਾ । ਕੇਦਰੀ ਮੰਤਰਾਲੇ ਦੇ ਮੁਤਾਬਕ ਭਾਰਤ ਦੀ ਅਰਥਿਕਤਾ ਨੂੰ 3 ਮਈ ਤੱਕ 26 ਲੱਖ ਕਰੋੜ ਦੇ ਨੁਕਸਾਨ ਹੋਣ ਦਾ ਖਦਸਾ ਹੈ। ਇਸ ਦੀ ਚਪੇਟ ਵਿੱਚ ਲਗਭਗ 200 ਦੇਸ਼ ਹਨ । ਪਹਿਲਾ ਵੀ ਸੰਸਾਰ ਦਾ ਸਪੈਨਿਸ ਫਲੂ,ਜੀਕਾ ਵਾਇਰਸ ,ਪਲੇਗ ,ਏਡਜ ,ਚਿਕਨ ਗੁੰਨੀਆ ਅਤੇ ਬਰਡ ਫਲੂ ਵਰਗੀਆ ਬੀਮਾਰੀਆ ਨੇ ਵੱਡਾ ਜਾਨੀ ਨੁਕਸਾਨ ਕੀਤਾ । ਅੱਜ ਅਮਰੀਕਾ ਵਰਗੇ ਮਹਾ ਸਕਤੀਸਾਲੀ ਰਾਸਟਰ ਨੂੰ 0.125 ਮਾਈਕਰੋਨ ਵਿਆਸ ਦੇ ਵਾਇਰਸ ਨੇ ਗੋਡਣੀਆ ਲਗਵਾ ਦਿੱਤੀਆ। ਸਨਅਤੀ ਖੇਤਰ ਦਾ ਪਹੀਆ ਪੂਰੀ ਤਰਾ ਜਾਮ ਹੈ। ਇਸਦੇ ਪ੍ਰਕੋਪ ਦਾ ਖੌਫ ਆਕਣ ਲਈ ਇੰਨਾ ਹੀ ਕਾਫੀ ਹੈ । ਕਿ ਪ੍ਰਵਾਸੀ ਮਜਦੂਰ ਆਪਣੇ ਘਰ ਪਹੁੰਚਣ ਲਈ ਹਜਾਰਾ ਕਿਲੋਮੀਟਰ ਪੈਦਲ ਚੱਲਣ ਤੋ ਵੀ ਨਹੀ ਸਹਿਮੇ । ਮਹਾਮਾਰੀ ਦਾ ਡਰ ਰਿਜਕ ਖੁਸਣ ਨਾਲ ਹੋਰ ਵੱਡਾ ਹੋ ਗਿਆ । ਇਹਨਾ ਸਨਅਤੀ ਤੇ ਰੋਜਮਰਾ ਕਾਮਿਆ ਨੂੰ ਜੱਦੀ ਠਕਾਣੇ ਵਿੱਚ ਪਰਿਵਾਰਿਕ ਸੁਰ-ਖਿਆ ਨਾਲ ਰੁੱਖੀ ਮਿੱਸੀ ਦਾ ਗੁਜਾਰਾ ਠੀਕ ਜਾਪਿਆ । ਗੁਰਬਤ ਦੇ ਮਾਰਿਆ ਲਈ ਭੁੱਖਮਰੀ ਵਿਚ ਬਾਲ-ਬੱਚੇ ਨਾਲ ਝੂਜਣਾ ਮੁਸਕਲ ਜਰੂਰ ਹੈ ਪਰ ਨਵਾ ਨਹੀ । ਭਾਰਤ ਨੇ 1702 ਚੇਚਕ,1812 ਪਲੇਗ ,1902 ਹੈਜਾ , 1947 ਆਜਾਦੀ ਸਮੇ ਫਸਲ ਬਰਬਾਦੀ ,1957,1967 ਸ਼ੋਕੇ , 2006 ਮਲੇਰੀਆ, 2015 ਸਵਾਈਨ ਫਲੂ ਕਾਰਨ ਭੁਖਮਰੀ ਦਾ ਸੰਤਾਪ ਹੰਢਾਇਆ । ਜਿਸ ਵਿੱਚ ਪਿਛੜੇ ਰਾਜ ਉੜੀਸਾ ,ਬਿਹਾਰ ਤੇ ਬੰਗਾਲ ਦੀ ਜਨਤਾ ਲੰਮੇ ਸਮੇ ਰੋਟੀ ਲਈ ਤਰਸੇ । ਆਫਤਾ ਨੂੰ ਨਜਿੱਠਣ ਲਈ ਅੰਨ ਭੰਡਾਰਨ ਤੇ ਵੰਡਣ ਲਈ ਭੁੱਖਮਰੀ ਕਨੂੰਨ ਐਕਟ 1963 ਵਿੱਚ ਲਾਗੂ ਕੀਤਾ । ਫਿਰ ਵੀ ਹਕੂਮਤ 1972 ਦੀ ਆਫਤ ਸਮੇ 25 ਮਿਲੀਅਨ ਲੋਕਾ ਨੂੰ ਵੀ ਅਨਾਜ ਨਾ ਦੇ ਸਕੀ।

ਲਾਕਡਾਊਨ ਦੇ ਕਾਰਨ ਪੂਰਾ ਭਾਰਤ ਘਰਾ ਵਿੱਚ ਬੰਦ ਹੈ । ਅਜਿਹੇ ਸਮੇ ਸਰਕਾਰ ਨਾਗਰਿਕਾ ਨੂੰ ਬਰਾਬਰ ਰਾਸਨ ,ਮੈਡੀਕਲ ਸੁਵਿਧਾ ਦੇਣ ਲਈ ਕਨੂੰਨਨ ਪਾਬੰਦ ਹੈ । ਰਾਸਨ ਵਿਤਰਣ ਨੂੰ ਲੈ ਕੇ ਸਭ ਪਾਰਟੀਆ ਦੇ ਨੇਤਾ ਅਤੇ ਸਰਕਾਰਾ ਚਰਚੇ ਵਿੱਚ ਹਨ । ਕਨੂੰਨ ਤੇ ਮਾਨਵੀ ਹਿੱਤਾ ਦੀ ਅਣਦੇਖੀ ਦਾ ਕੋਈ ਖਿਆਲ ਨਹੀ । ਪਰ ਲੀਡਰਾ ਦੀਆ ਫੋਟੋਆ ਵਾਲੇ ਰਾਸਨ ਥੈਲਿਆ ਨਾਲ ਆਪਣੀ ਵੋਟ ਬੈਕ ਨੂੰ ਨਹੀ ਖਿਸਕਣ ਦੇ ਰਹੇ। ਬਲੈਕ ਮਾਰਕੀਟ ਤੇ ਗੰਧਲੀ ਸਿਆਸਤ ਦੇ ਦੌਰ ਵਿੱਚ ਵੀ ਨਾਨਕ ਦੀ ਲੰਗਰ ਪ੍ਰਥਾ ਦੁਨੀਆ ਲਈ ਇਕ ਸਤਿਕਾਰਤ ਸਹਾਰਾ ਹੈ। ਉਂਜ ਅਖਬਾਰੀ ਫੋਟੋਆ ਤੇ ਸੋਸਲ ਮੀਡੀਆ ਵਾਲੇ ਦਾਨੀ ਵੀ ਖੂਬ ਸਰਗਰਮ ਹਨ । ਭਾਰਤ ਵਿੱਚ ਅਨਾਜ ਦੀ ਕਮੀ ਨਹੀ। ਇਸ ਵਿੱਚ ਪੰਜਾਬ ਸਭ ਰਾਜਾ ਨਾਲੋ ਵੱਧ (ਕਣਕ ਲਈ 37.83 ਅਤੇ ਚੋਲਾ ਲਈ 25.57 ਫੀਸਦੀ ) ਹਿੱਸਾ ਪਾਉਦਾ ਹੈ। ਲੋਕਤੰਤਰੀ ਇੱਛਾ ਦੀ ਘਾਟ ਰਾਸਨ ਦੀ ਜਨਤਕ ਪਹੁੰਚ ਲਈ ਵੱਡੀ ਰੁਕਾਵਟ ਹੈ। ਕਈ ਟਨ ਖਾਦ ਪਦਾਰਥ ਮੈਦਾਨੀ ਭੰਡਾਰਨ ਨਾਲ ਨਸਟ ਹੋ ਜਾਦੇ ਹਨ । ਸਯੁੰਕਤ ਰਾਸਟਰ ਵਿਕਾਸ ਪ੍ਰੋਗਰਾਮ ਦੇ ਸਰਵੇ ਅਨੁਸਾਰ ਭਾਰਤ ਦਾ 40 ਫੀਸਦੀ ਅਨਾਜ ਸਾਭ ਸੰਭਾਲ ਖੁਣੋ ਬਰਬਾਦ ਹੁੰਦਾ ਹੈ । ਵਿਡੰਬਨਾ ਇਹ ਹੈ ਕਿ 2016 ਤੱਕ 128 ਮਿਲੀਅਨ ਨਾਗਰਿਕ ਭੋਜਨ ਦੀ ਕਮੀ ਕਾਰਨ ਮਰ ਗਏ। ਪੰਜਾਬ ਨੇ ਲਾਕਡਾਊਨ ਦੌਰਾਨ ਵੀ ਦੂਜੇ ਰਾਜਾ ਲਈ 46 ਪ੍ਰਤੀਸਤ ਅਨਾਜ ਦਾ ਹਿੱਸਾ ਪੂਰਿਆ। ਜੋ ਲਗਭਗ 16.94 ਲੱਖ ਟਨ ਦੇ ਕਰੀਬ ਹੈ । 18 ਪ੍ਰਤੀਸਤ ਹਰਿਆਣੇ ਨੂੰ ਭੇਜਿਆ ਅਨਾਜ ਵੀ ਸਾਮਿਲ ਹੈ। ਇਸ ਲਈ ਮੌਜੂਦਾ ਸਮੇ ਕਣਕ ਦੀ ਕਟਾਈ ਲਈ ਮਜਦੂਰ, ਮਸ਼ੀਨਿਰੀ ,ਪਹੁੰਚ ,ਖਰੀਦ ਅਤੇ ਭੰਡਾਰਨ ਲਈ ਖਾਸ ਤਵਜੋ ਦੇਣ ਦੀ ਲੋੜ ਹੈ । ਤਾ ਜੋ ਕਿਰਸਾਨੀ ਚੌਲੇ ਦੀ ਫਸਲ ਸਮੇ ਸਿਰ ਲਗਾ ਸਕੇ।

ਰਾਸਟਰੀ ਭੋਜਨ ਸੁਰੱਖਿਆ ਕਨੂੰਨ 2013 ਦੇ ਅਨੁਸਾਰ ਦੋ ਤਿਹਾਈ ਗਰੀਬੀ ਰੇਖਾ ਦੇ ਨਾਗਰਿਕਾ ਨੂੰ ਸਬਸਿਡੀ ਨਾਲ ਰਾਸ਼ਨ ਦੇਣਾ ਜਰੂਰੀ ਹੈ । ਜਿਸ ਵਿੱਚ 75 ਫੀ ਪੇਂਡੂ ਤੇ 50 ਫੀ ਸਹਿਰੀ ਲੋਕ ਸਾਮਿਲ ਹਨ। ਜਦੋ ਕਿ ਮੋਜੂਦਾ ਸਮੇ ਵੀ 36 ਕਰੋੜ ਜਨਤਾ ਤਿੰਨ ਸਮੇ ਦੇ ਖਾਣੇ ਲਈ ਸਮਰਥ ਨਹੀ । 20 ਕਰੋੜ ਅਜਿਹੇ ਵੀ ਹਨ ਜੋ ਰਾਤ ਦਾ ਖਾਣਾ ਹੀ ਨਹੀ ਖਾਦੇ । ਇਸੇ ਤਰਾਸਦੀ ਦੇ ਕਾਰਨ ਹਰ ਰੋਜ 7309 ਲੋਕੀ ਮੌਤ ਦੇ ਮੂੰਹ ਚਲੇ ਜਾਦੇ ਹਨ। ਉਪਰੋ ਕੁਲ ਘਰੇਲੂ ਉਤਪਾਦ ਦੀ ਗਿਰਾਵਟ ਕਾਰਨ ਆਮਦਨ ਵਿੱਚ ਕਮੀ ਆਈ । ਦੇਸ ਦੇ 107 ਜਿਲੇ ਅਤਿ ਗਰੀਬੀ ਵਿੱਚ ਬਸਰ ਕਰ ਰਹੇ ਹਨ। ਗਲੋਬਲ ਭੁੱਖਮਰੀ ਇੰਡੈਕਸ 119 ਵਿੱਚੋ ਭਾਰਤ ਦਾ 103ਵਾ ਸਥਾਨ ਹੈ। ਪਹਿਲਾ ਹੀ ਫੈਲੀ ਭੁੱਖਮਰੀ ਕਾਰਨ ਮੋਜੂਦਾ ਸਮੇ ਦੀ ਮਹਾਮਾਰੀ ਨੇ ਦੇਸ਼ ਵਿੱਚ ਹੋਰ ਹਾਹਾਕਾਰ ਮਚਾ ਦਿੱਤੀ।



ਸਿਆਸੀ ਰਹਿਬਰਾ ਦੇ ਆਸਰੇ ਬੱਚਿਆ ਦੇ ਪੋਸਟਿਕ ਅਹਾਰ ਜਾ ਨਗਦੀ ਸਬੰਧੀ ਸਕੀਮ ਵੀ ਬੇਫਾਇਦਾ ਹੀ ਰਹੀਆਂ। ਉਹਨਾ ਦੀ ਸਮਹੂਰੀ ਲਈ ਵੋਟਾ ਵਟੋਰਨ ਸਮੇ ਕਰੋੜਾ ਰੁਪਾਏ ਖਰਚ ਕਰਦੇ ਹਨ। ਪਰ ਲਾਗੂ ਨਾ ਹੋਣ ਦੀ ਸੂਰਤ ਹਰ 15 ਸੈਕਿਡ ਵਿੱਚ ਭੁੱਖ ਕਾਰਨ ਕਿਸੇ ਗਰੀਬੜੇ ਦੇ ਘਰ ਦਾ ਚਿਰਾਗ ਬੁਝਦਾ ਹੈ । ਇਹ ਮੌਤ ਦਾ ਅੰਕੜਾ ਇਥੇ ਹੀ ਨਹੀ ਰੁਕਦਾ। ਭਾਰਤ ਦੇ 38 ਫੀ. ਬੱਚੇ ਪੰਜ ਸਾਲ ਤੋ ਜਿਆਦਾ ਉਮਰ ਨਹੀ ਭੋਗਦੇ। ਹਰ ਰੋਜ ਪੈਦਾ ਹੋਣ ਵਾਲੇ 1.7 ਮਿਲੀਅਨ ਨਵਜਾਤ ਬੱਚਿਆ ਵਿਚੋ 4650 ਸਰੀਰਕ ਕਮਜੋਰੀ ਕਾਰਨ ਨਹੀ ਬਚਦੇ । 2018 ਵਿੱਚ ਯੂਨੀਸੈਫ ਦੇ ਇਕ ਸਰਵੇ ਮੁਤਾਬਕ ਭਾਰਤ ਦਾ 8,82,000 ਬੱਚਿਆ ਦੀ ਸਲਾਨਾ ਮੌਤ ਦਰ ਹੈ। ਭਾਰਤ ਸਰਕਾਰ ਦੇ ਸਿਹਤ ਮੰਤਰਾਲੇ ਨੇ ਖੁਦ ਪੋਸਟਿਕ ਭੋਜਨ ਬਾਬਤ ਸਰਵੇ ਵਿੱਚ 35 ਫੀ ਬੱਚਿਆ ਅਵਿਕਿਸਤ ਸਰੀਰਕ ਢਾਚਾ , 33 ਫੀ ਵਜਨ ਨਾ ਵਧਣਾ ਅਤੇ 17 ਫੀ ਮਾਸਪੇਸੀਆ ਤੇ ਟਿਸੂ ਦੀ ਬੀਮਾਰੀ ਤੋ ਪੀੜਤ ਹੋਣਾ ਸਪਸਟ ਕੀਤਾ । ਦੂਜੇ ਪਾਸੇ ਖਰੀਦ ਸਮਤਾ ਵਾਲੇ ਲੋਕਾ ਨੇ 2016 ਵਿੱਚ ਫਾਸਟ ਫੂਡ ਤੇ ਮਠਿਆਈ ਦੀ ਖਰੀਦ ਵਿੱਚ 113 ਫੀ ਵਾਧਾ ਕਰ ਖੁਦ ਬੀਮਾਰੀਆ ਸਹੇੜ ਲਈਆ । ਹਰ ਸਾਲ ਕੇਵਲ ਮੋਸਮੀ ਬੀਮਾਰੀਆ ਜਾ ਵਾਇਰਸ (ਾਲੁ) ਨਾਲ 2,90,000 ਤੋ 6,50,000 ਲੋਕ ਦੁਨੀਆ ਵਿੱਚੋ ਰੁਖਸਤ ਕਰ ਜਾਦੇ ਹਨ ।

ਲਗਭਗ 138 ਕਰੋੜ (1-1-20 ਅਨੁਸਾਰ) ਦੀ ਅਬਾਦੀ ਨਾਲ ਭਾਰਤ ਦਾ ਸੰਸਾਰ ਵਿੱਚ ਦੂਜਾ ਸਥਾਨ ਤੇ ਪੁੱਜ ਗਿਆ। ਇੰਨੀ ਵੱਡੀ ਮਨੁੱਖੀ ਸਕਤੀ ਦੇ ਹੁੰਦਿਆ ਵੀ ਗਰੀਬ ਮੁਲਕਾ ਦੀ ਲੜੀ ਵਿੱਚ 49ਵਾਂ ਨੰਬਰ ਹੈ । ਆਰਥਿਕਤਾ ਦਾ ਧੁਰਾ ਸਨਅਤੀ ਖੇਤਰ ਦੇ ਵਿਕਾਸ ਨਾਲ ਰੁੜਦਾ ਹੈ । ਪਰਤੂੰ ਲੋਕ ਪੱਖੀ ਸਿਆਸਤ ਦੀ ਘਾਟ ਕਾਰਨ ਉਦਯੋਗਿਕ ਨੀਤੀਆ ਖਾਸ ਘਰਾਣਿਆ ਲਈ ਬਣਦੀਆ ਹਨ। ਇਸੇ ਲਈ ਅੱਜ 47 ਕਰੋੜ ਸਨਅਤੀ ਵਰਕਰ ਮੁੱਢਲੀਆ ਜਰੂਰਤਾ ਲਈ ਵੀ ਤਰਸ ਗਏ । 43 ਕਰੋੜ ਰੋ-ਜਮਰਾ ਵਾਲੇ ਭੁਖਮਰੀ ਦੀ ਕਗਾਰ ਤੇ ਹਨ। ਫੈਕਟਰੀਆ ਬੰਦ ਹੋਣ ਕਾਰਨ ਚੁੱਲੇ ਠੰਡੇ ਹਨ। ਸਯੁੰਕਤ ਰਾਸਟਰ ਦੇ ਤਾਜਾ ਅੰਕੜਿਆ ਅਨੁਸਾਰ ਸੰਸਾਰ ਦੇ 82 ਕਰੋੜ ਲੋਕ ਭੁੱਖਮਰੀ ਵੱਲ ਵਧ ਰਹੇ ਹਨ । ਆਉਣ ਵਾਲੇ ਮਹੀਨੇ ਵਾਇਰਸ ਦੇ ਪ੍ਰਕੋਪ ਨਾਲ 12 ਕਰੋੜ ਹੋਰ ਮਾਸਿਲ ਹੋ ਜਾਵਣਗੇ। ਜਿਸ ਕਰਕੇ ਕਰੋੜਾ ਜਾਨਾ ਜਾਣ ਦਾ ਭੈਅ ਹੈ। ਖੇਤ ਮਜਦੂਰ, ਕੰਸਟਰਸਨ ਕਾਮੇ, ਰੋਜ ਕਮਾ ਕੇ ਖਾਣ ਵਾਲੇ ਤਬਕਾ ਬੇਹਾਲ ਹੈ । ਰਾਸਨ ਵੰਡਣ ਲਈ ਐਨ.ਜੀ.ਓ ਤੇ ਸਰਕਾਰ ਨੂੰ ਸਾਝੀ ਕਮੇਟੀ ਗਠਤ ਅਤਿ ਲੋੜ ਹੈ। ਪਰ ਸਿਆਸੀ ਨਫੇ ਅੱਗੇ ਗਰੀਬ ਦੀ ਭੁੱਖ ਅਣਦੇਖੀ ਕੀਤੀ ਜਾ ਰਹੀ ਹੈ। ਸਰਕਾਰੀ ਰਾਸਨ ਸਿਆਸੀ ਹਿੱਤਾ ਮੁਤਾਬਕ ਵੰਡਿਆ ਜਾ ਰਿਹਾ। ਉਪਰੋ ਸਰਕਾਰ ਪਿਛਲੇ ਦਿਨੀ 30 ਲੱਖ ਲੋਕਾ ਨੂੰ ਰਾਸਨ ਵੰਡਣ ਦੇ ਗੋਗਾ ਗਾ ਰਹੀ ਹੈ। ਮਹਾਨਗਰਾ ਦੀਆ ਬਸਤੀਆ ਤੇ ਰਿਮੋਟ ਏਰੀਏ ਦੇ ਲੋਕ ਰਾਸਨ ਦੀ ਪਹੁੰਚ ਨਾ ਕਾਰਨ ਹਿੰਸਾ ਲਈ ਉਤਾਰੂ ਹਨ।

ਦੇਸ਼ ਦੇ ਅੰਦਰ 25 ਸਾਲਾ ਨੌਜਵਾਨਾ ਦੀ ਗਿਣਤੀ ਲਗਭਗ 60 ਕਰੋੜ ਦੇ ਕਰੀਬ ਹੈ ।ਜੋ ਦੇਸ਼ ਦੇ ਸੁਨਹਿਰੀ ਭਵਿੱਖ ਲਈ ਕਾਰਗਰ ਸਾਬਿਤ ਹੋ ਸਕਦੇ ਹਨ । ਦਾ ਗਾਰਡੀਅਨ ਦੇ ਜਰਨਲਿਸਟ ਇਆਨ ਯੈਕ ਅਨੁਸਾਰ ਕੋਈ ਦੂਸਰਾ ਦੇਸ਼ ਇਸਦੇ ਬਰਾਬਰ ਨਹੀ । ਮੁਲਕ ਦੀ 23.70 ਫੀ. ਵਾਲੀ ਬੇਰੁਜਗਾਰੀ ਦਰ ਇਕ ਵੱਡੀ ਰੁਕਾਵਟ ਹੈ। ਨਤੀਜਨ ਇਹ ਨੌਜਵਾਨ ਸੁਨਹਿਰੀ ਭਵਿੱਖ ਲਈ ਵਿਦੇਸ਼ ਉਡਾਰੀ ਮਾਰ ਜਾਦੇ। ਜਿਸਨੂੰ ਰੋਕਣ ਲਈ ਸਰਕਾਰ ਵਲੋ ਕਿੱਤਾ ਮੁੱਖੀ ਸਿੱਖਿਆ, ਲਘੂ ਉਦਯੋਗ, ਸਨਅਤੀ ਨੀਤੀ, ਉਦਯੋਗਿਕ ਤਕਨੀਕ, ਸਹਿਕਾਰੀ ਸਕੀਮਾ ਵਿੱਚ ਜਮੀਨੀ ਪੱਧਰ ਦੇ ਬਦਲਾਉ ਲੋੜੀਦੇ ਹਨ।

ਕੁਝ ਘੁਰਾਣੇ ਦੇਸ਼ ਦੀ ਸਰਕਾਰ ਤੇ ਲੋਕਾ ਨੂੰ ਆਪਣੀ ਨੀਤੀ ਅਨੁਸਾਰ ਚਲਾ ਰਹੇ ਹਨ । ਅਮਰੀਕਾ ਵਿੱਚ ਪਿਛਲੇ ਤਿੰਨ ਹਫਤਿਆ ਅੰਦਰ 1.7 ਕਰੋੜ ਜਨਤਾ ਦੀ ਨੌਕਰੀ ਜਰੂਰ ਗਈ ਪਰ ਯੂ.ਐਸ.ਏ ਦੀ ਪਾਲਿਸੀ ਮੁਤਾਬਕ ਸਭ ਤੁਰੰਤ ਬੇਰੁਜਗਾਰੀ ਭੱਤਾ ਲੈਣ ਦੇ ਕਾਬਿਲ ਸਨ । ਸੇਹਤ ਖੇਤਰ ਅੰਦਰ 117 ਦੇਸਾ ਵਿੱਚੋ 102ਵਾ ਸਥਾਨ ਮੈਡੀਕਲ ਸਹੂਲਤਾ ਦੀ ਘਾਟ ਨੂੰ ਬਖੂਬੀ ਬਿਆਨ ਕਰਦਾ ਹੈ । ਡਾਕਟਰਾ ਅਤੇ ਸਟਾਫ ਦਾ ਬਿਨਾ ਸੁਰੱਖਿਆ ਸਮਾਨ ਇਲਾਜ ਕਰਨ ਨਾਲ ਵੱਡੇ ਜੋਖਿਮ ਵਿੱਚ ਹਨ। ਜਿਥੇ ਪਹਿਲਾ ਹੀ 1700 ਮਰੀਜਾ ਦੇ ਇਲਾਜ ਲਈ1 ਡਾਕਟਰ ਅਤੇ 500 ਮਰੀਜਾ ਇਕ ਨਰਸ਼ ਹੋਵੇ । ਸਾਨੂੰ ਇਹਨਾ ਦੇ ਸਿਦਕ ਪ੍ਰਤੀ ਨਿਮਰਤਾ ,ਸਤਿਕਾਰ ਤੇ ਸਹਿਯੋਗ ਦਾ ਰਵਾਈਆ ਅਪਨਾਉਣਾ ਚਾਹੀਦਾ ਹੈ ।

ਸਰਕਾਰਾ ਨੇ ਪਹਿਲਾ ਵੀ ਮਹਾਮਾਰੀਆ ਨੂੰ ਲੋਕਾ ਦੇ ਸਹਿਯੋਗ ਨਾਲ ਕਾਬੂ ਪਾਇਆ । ਕਰੋਨਾ ਵੀ ਆਉਣ ਵਾਲੇ ਸਮੇ ਖਤਮ ਹੋ ਜਾਵੇਗਾ । ਪਰ ਨੇਤਾਵਾ ਲਈ ਦੁਨੀਆ ਦੇ ਬਦਲੇ ਢਾਂਚੇ ਤੋ ਸਬਕ ਸਿੱਖਣਾ ਜਰੂਰੀ ਹੈ। ਤਾ ਜੋ ਭਾਰਤ ਦਾ ਮੈਡੀਕਲ, ਰੋਜਗਾਰ ਅਤੇ ਆਰਥਿਕ ਪੱਧਰ ਉਚਾ ਹੋਵੇ । ਸਾਨੂੰ ਵੀ ਪ੍ਰਸਾਸਨ ਦੀਆ ਹਦਾਇਤਾ ਦੀ ਪਾਲਣਾ ਕਰਨੀ ਚਹੀਦੀ ਹੈ। ਜਿਸ ਨਾਲ ਸਮਾਜਿਕ ਤੇ ਘਰੇਲੂ ਜੀਵਨ ਆਪਣੀ ਲੈਅ ਵਿੱਚ ਆ ਜਾਵੇ ਅਤੇ ਕੁਲ ਜਹਾਨ ਦੁਵਾਰਾ ਜਿੰਦਗੀ ਦੇ ਰੰਗਾ ਨੂੰ ਖੁੱਲੀ ਫਿਜਾ ਵਿੱਚ ਮਾਣ ਸਕਣ।

## ਕਹਾਣੀ

# ਦੋਸ਼ੀ ਕੌਣ?



ਜਤਿੰਦਰ ਕੌਰ (ਡਾ.)
randhawajatinder1@gmail.com

**ਰੋਜ਼** ਦੀ ਤਰ੍ਹਾਂ ਸਵੇਰ ਕਾਹਲ਼ੀ ਕਾਹਲ਼ੀ ਮੈਂ ਸਕੂਲ ਜਾਣ ਨੂੰ ਤਿਆਰ ਹੋ ਰਹੀ ਸਾਂ। ਫਟਾਫਟ ਟਿਫਿਨ, ਪਾਣੀ ਦੀ ਥਰਮਸ ਅਤੇ ਪਰਸ ਕਾਰ ਵਿਚ ਰੱਖ ਮੈਂ ਗੱਡੀ ਸਟਾਰਟ ਕਰ ਲਈ ਸੀ। ਅਜੇ ਘਰ ਵਾਲ਼ਾ ਮੋੜ ਮੁੜੀ ਹੀ ਸਾਂ ਤੇ ਸੀ ਬੀ ਸੀਰੇਡੀਉ ਦੀ ਨਿਉਜ਼ ਸੁਣ ਕੇ ਮੇਰਾ ਮੱਥਾ ਠਣਕਿਆ। ਰੇਡੀਉ ਹੋਸਟ ਬਾਰ ਬਾਰ ਟੀਨ ਏਜ ਬੋਆਏ ਦੀ ਖ਼ਬਰ ਨਸ਼ਰ ਕਰ ਰਿਹਾ ਸੀ ਕਿ ਕਿਵੇਂ ਉਸਨੇ ਸ਼ਰਾਬ ਦੀ ਬੋਤਲ ਮਾਰ ਕੇ ਆਪਣੇ ਸਾਥੀ ਮੁੰਡੇ ਦਾ ਸਿਰ ਭੰਨ ਦਿੱਤਾ ਸੀ ਤੇ ਉਹ ਮੁੰਡਾ ਜ਼ਿੰਦਗੀ ਅਤੇ ਮੌਤ ਵਿਚਾਲੇ ਲੜ ਰਿਹਾ ਸੀ। ਸਾਰੇ ਪਾਸਿਉਂ ਹਮਲਾਵਰ ਮੁੰਡੇ ਨੂੰ ਫਿਟ ਲਾਹਨਤ ਪੈ ਰਹੀ ਸੀ ਤੇ ਇਕ ਵਿਸ਼ੇਸ਼ ਕਮਿਉਨਿਟੀ ਨੂੰ ਨਿਸ਼ਾਨਾ ਬਣਾ ਕੇ ਭੰਡਿਆ ਜਾ ਰਿਹਾ ਸੀ। ਮੈਂ ਹੈਰਾਨ ਸਾਂ ਕਿ ਕੀ ਹੋ ਗਿਆਹੈ ਇਸ ਮੁਲਖ਼ ਨੂੰ। ਰੋਜ਼ ਕਿਹੋ ਜਿਹੀਆਂ ਖ਼ਬਰਾਂ ਸੁਨਣ ਨੂੰ ਮਿਲਦੀਆਂ ਹਨ। ਟੀ.ਵੀ. ਵਾਲੇ ਭਾਵੇਂ ਕਿਸੇ ਦਾ ਨਾਮ ਨਹੀਂ ਸਨ ਲੈ ਰਹੇ ਪਰ ਏਨਾ ਤੇ ਜ਼ਾਹਿਰ ਹੀ ਸੀ ਕਿ ਕਿਸੇ ਸਕੂਲ ਦੀ ਲੜਾਈ ਹੈ ਤੇ ਇਕ ਮੁੰਡੇ ਨੇ ਦੂਸਰੇ ਤੇ ਜਾਨ ਲੇਵਾ ਹਮਲਾ ਕੀਤਾ ਹੈ।

ਜਦੋਂ ਮੈਂ ਸਕੂਲ ਅਪੜੀ ਤੇ ਪੁਲੀਸ ਦੀਆਂ ਗੱਡੀਆਂ ਸਕੂਲ ਅੱਗੇ ਵੀ ਖੜ੍ਹੀਆਂ ਸਨ। ਪ੍ਰਿੰਸੀਪਲ ਆਫਿਸ ਵਿਚ ਦੋ ਪੁਲਿਸ ਵਾਲੇ ਪ੍ਰਿੰਸੀਪਲ ਤੋਂ ਪੁਛ ਪੜਤਾਲ ਕਰ ਰਹੇ ਸਨ। ਸਟਾਫ ਰੂਮ ਤਕ ਪਹੁੰਚਦਿਆਂ ਸਭ ਕੁੱਝ ਸਾਫ਼ ਹੋ ਗਿਆ ਸੀ ਕਿ ਸਾਡੇ ਸਕੂਲ ਦੇ ਅਠਵੀਂ ਦੇ ਵਿਦਿਆਰਥੀ ਨੇ ਸੇਂਟ ਇਕਸਾਵਿਰ ਹਾਈ ਸਕੂਲ ਦੇ ਬੱਚੇ ਤੇ ਕਾਤਿਲਾਨਾ ਹਮਲਾ ਕਰ ਦਿੱਤਾ ਹੈ ਤੇ ਦੂਜੇ ਬੱਚੇ ਦੀ ਹਾਲਤ ਸੀਰੀਅਸ ਹੈ। ਦੂਜੇ ਹੀ ਪਲ ਪਤਾ ਲੱਗ ਗਿਆ ਕਿ ਹਮਲਾ ਕਰਨ ਵਾ਼ਲਾ ਸਾਡੇ ਸਕੂਲ ਦਾ ਅਕਸ ਹੈ। ਹਰ ਕਿਸੇ ਦਾ ਮੂੰਹ ਖੁਲ੍ਹਾ ਰਹਿ ਗਿਆ। ਇਹ ਕਿਵੇਂ ਹੋ ਗਿਆ? ਹਰ ਕੋਈ ਇਕ ਦੂਜੇ ਦਾ ਮੂੰਹ ਵੇਖ ਰਹੇ ਸੀ ਤੇ ਕੋਈ ਕੁੱਝ ਕਹਿਣ ਦੀ ਹਾਲਤ ਵਿਚ ਨਹੀਂ ਸੀ।

ਮੇਰੇ ਦਿਮਾਗ਼ਵਿਚ ਪਿਛਲੇ ਦੋ ਕੁ ਮਹੀਨਿਆਂ ਦੀ ਫਿਲਮ ਚਲਣ ਲੱਗੀ। ਉਸ ਦਿਨ ਇਸ ਨਾ਼ਲ ਇਹ ਮੇਰੀ ਪਹਿਲੀ ਕਲਾਸ ਹੀ ਸੀ ਜਦੋਂ ਅਕਸ ਡੈਸਕ ਤੇ ਸਿਰ ਸੁੱਟੀ ਪਿਆ ਸੀ। ਉਸਦੇ ਕੁੰਡਲਾਂ ਵਾਲੇ ਵਾ਼ਲ ਉਸਦੀ ਧੌਣ ਨੂੰ ਢੱਕੀ ਆਪਸ ਵਿਚ ਉਲਝੇ ਪਏ ਸਨ। ਉਸ ਆਪਣੀ ਸੱਜੀ ਬਾਂਹ ਤੇ ਸਿਰ ਰੱਖਿਆ ਹੋਇਆ ਸੀ, ਸਿਰ ਕੁੱਝ ਇਸ ਤਰ੍ਹਾਂ ਟੇਢਾ ਕਰਕੇ ਟਿਕਾਇਆ ਸੀ ਕਿ ਉਹ ਖਿੜਕੀ ਤੋਂ ਬਾਹਰ ਝਾਕ ਸਕੇ ਤੇ ਮੇਰੇ ਵਲ ਉਸਦੇ ਸਿਰ ਦਾ ਪਿਛਲਾ ਹਿੱਸਾ ਹੀ ਸੀ। ਕਲਾਸ ਵਿਚ ਕੀ ਹੋ ਰਿਹਾ ਹੈ ਉਸ ਵਲ ਉਸ ਦਾ ਕੋਈ ਧਿਆਨ ਨਹੀਂ ਸੀ। ਮੈਂ ਹੱਥਲਾ ਟੌਪਿਕ ਪੂਰਾ ਕਰਕੇ ਹੌ਼ਲੀ ਹੌ਼ਲੀ ਉਸਦੇ ਡੈਸਕ ਵਲ ਵਧੀ। ਵੈਸੇ ਤੇ ਮੈਂ ਲੈਕਚਰ ਦੇ ਪੂਰੇ ਸਮੇਂ ਹੀ ਉਸ ਵਲੋਂ ਧਿਆਨ ਨਹੀਂ ਸਾਂ ਹਟਾ ਸਕੀ ਪਰ ਬਾਕੀ ਬੱਚਿਆਂ ਦੀ ਰੁਚੀ ਦੇਖ ਮੈਂ ਲੈਸਨਪੂਰਾ ਕਰਨਾ ਜ਼ਰੂਰੀ ਸਮਝਿਆ ਸੀ। ਬੱਚਿਆਂ ਨੂੰ ਐਕਟੀਵਿਟੀ ਸ਼ੀਟਸ ਦੇ ਕੇ ਮੈਂ ਅਕਸ ਵਲ ਹੋ ਤੁਰੀ। ਉਹ ਕਲਾਸ ਵਿਚ ਹੁੰਦਿਆਂ ਵੀ ਬਿਲਕੁਲ ਉਥੇ ਨਹੀਂ ਸੀ। ਬੜੀਆਂ ਬੇਪ੍ਰਵਾਹ ਨਜ਼ਰਾਂ ਨਾਲ ਉਹ ਖਿੜਕੀ ਤੋਂ ਬਾਹਰ ਝਾਕ ਰਿਹਾ ਸੀ। ਮੈਂ ਹੌ਼ਲੀ ਜਿਹੀ ਉਸਦੇ ਖੱਬੇ ਮੋਢੇ ਨੂੰ ਹਿਲਾਉਂਦਿਆਂ ਪੁੱਛਿਆ, "ਆਰ ਯੂ ਓਕੇ ਅਕਸ? ਅਜੇ ਮੇਰੇ ਲਫ਼ਜ਼ ਮੇਰੇ ਮੂੰਹ ਵਿਚ ਹੀ ਸਨ ਕੇ ਉਹ ਤੱਭਕ ਕੇ ਖਲੋ ਗਿਆ।

"ਹਾਉ ਡੇਅਰ ਯੂ ਟੱਚਡ ਮੀ, ਸਟੇਅ ਅਵੇ।"

ਉਹ ਗੁੱਸੇ ਵਿਚ ਕੰਬ ਰਿਹਾ ਸੀ ਤੇ ਸ਼ਬਦ ਉਸਦੇ ਮੂੰਹ ਵਿਚੋਂ ਭਖਦੇ ਚੰਗਿਆੜਿਆਂ ਵਾਂਗ ਡਿੱਗੇ।

ਮੈਂ ਉਸਦਾ ਬਦਲਿਆ ਰੁੱਖ ਵੇਖ ਭਵੰਤਰ ਗਈ ਸਾਂ ਤੇ ਕ੍ਰੋਧ ਅਤੇ ਅਪਮਾਨ ਨਾਲ ਮੇਰਾ ਚਿਹਰਾ ਸੁਰਖ਼ ਹੋ ਗਿਆ ਸੀ।

ਇਹ ਤਿੱਖੀ ਆਵਾਜ਼ ਸੁਣ ਬਾਕੀ ਬੱਚੇ ਵੀ ਅਵਾਕ ਰਹਿ ਗਏ।

ਮੇਰੀਆਂ ਅੱਖਾਂ ਵਿਚੋਂ ਗਰਮ ਗਰਮ ਹੰਝੂ ਤਿਲਕ ਕੇ ਮੇਰੀਆਂ ਗਲ੍ਹਾਂ ਤੇ ਉਤਰ ਆਏ। ਜਿਹਨਾਂ ਨੂੰ ਮੈਂ ਕਾਬੂ ਕਰਨ ਦੀ ਭਰਪੂਰ ਕੋਸ਼ਿਸ਼ ਕਰ ਰਹੀ ਸਾਂ।

ਸ਼ਾਇਦ ਗਲਤੀ ਮੇਰੀ ਹੀ ਸੀ। ਮੈਨੂੰ ਬੱਚੇ ਨੂੰ ਇੰਝ ਛੂਹਣਾ ਨਹੀਂ ਸੀ ਚਾਹੀਦਾ। ਜਦ ਕੇ ਮੈਂ ਜਾਨਦੀ ਹਾਂ ਕੇ ਸਕੂਲਾਂ ਵਿਚ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਟੱਚ ਕਰਨ ਅਤੇ ਗਲਵਕੜੀ ਵਿਚ ਲੈਣ ਦੀ ਮਨਾਹੀ ਹੈ ਭਾਵੇਂ ਤੁਹਾਡੀ ਮੰਸ਼ਾ ਕੋਈ ਵੀ ਹੋਵੇ। ਫੇਰ ਉਹ ਤਾਂ 13 ਵਰ੍ਹਿਆਂ ਦਾ ਜਵਾਨੀ ਵਲ ਪੈਰ ਧਰਦਾ ਗਭਰੂ ਸੀ।ਮੈਂ ਵੀ ਨਾ, ਕਦੀ ਕਈ, ਬੱਚਿਆਂ ਨਾ਼ਲ ਮੋਹ ਦੀਆਂ ਤੰਦਾਂ ਬਹੁਤੀਆਂ ਵਲੇਟ ਲੈਨੀ ਹਾਂ। ਮੈਂ ਆਪਣੇ ਆਪ ਨੂੰ ਸਹੀ ਸਾਬਿਤ ਕਰਨਾ ਚਾਹਿਆ। ਪਰ ਹਾਲੇ ਵੀ ਮੈਂ ਇਹੀ ਸੋਚ ਰਹੀ ਸੀ ਕੇ ਅਕਸ ਨੇ ਐਨਾ ਰੁੱਖ਼ਾ ਅਤੇ ਮਾੜਾ ਸਲੂਕ ਕਿਉਂ ਕੀਤਾ?

ਦੂਸਰੇ ਬੱਚੇ ਵੀ ਇਹ ਸਭ ਦੇਖ ਚੁੱਪ ਕਰਕੇ ਬੈਠ ਗਏ ਸਨ ਤੇ ਨੀਵੀਂ ਪਾ ਆਪੋ ਆਪਣੀਆਂ ਐਕਟੀਵਿਟੀ ਸ਼ੀਟਸ ਭਰਨ ਲੱਗ ਪਏ ਸਨ। ਅਕਸ ਨੇ ਆਪਣਾ ਬੈਗ ਚੁੱਕਿਆ ਅਤੇ ਕਲਾਸ ਤੋਂ ਬਾਹਰ ਨਿਕ਼ਲ ਗਿਆ। ਉਸਨੂੰ ਵੀ ਅਹਿਸਾਸ ਹੋ ਗਿਆ ਸੀ ਕਿ ਜੋ ਵੀ ਹੋਇਆ ਠੀਕ ਨਹੀਂ ਹੋਇਆ।

ਅਕਸ ਇਸੇ ਸਾਲ ਕੋਈ ਤਿੰਨ ਕੁ ਮਹੀਨਿਆਂ ਤੋਂ ਸਾਡੇ ਸਕੂਲ ਵਿਚ ਆਇਆ ਸੀ। ਪੜ੍ਹਨ ਵਿਚ ਉਹ ਠੀਕ ਠਾਕ ਹੀ ਸੀ। ਕਿਸੇ ਨਾਲ ਉਹ ਬਹੁਤੀ ਗੱਲ ਨਹੀਂ ਸੀ ਕਰਦਾ। ਚੁੱਪ ਕੀਤਾ ਜਿਹਾ ਆਪਣੇ ਡੈਸਕ ਤੇ ਬੈਠਾ ਰਹਿੰਦਾ। ਦਿਲ ਕਰਦਾ ਤੇ ਕੀਤਾ ਹੋਇਆ ਕੰਮ ਵਿਖਾ ਦਿੰਦਾ ਨਹੀਂ ਤਾਂ ਬਸ ਢੀਠ ਜਿਹਾ ਬਣਿਆਂ ਬੈਠਾ ਰਹਿੰਦਾ।

ਸਟਾਫ ਰੂਮ ਵਿਚ ਵੀ ਅਕਸਰ ਉਸੇ ਦੀ ਹੀ ਗਲ ਚਲਦੀ ਰਹਿੰਦੀ ਸੀ, ਬਾਕੀ ਟੀਚਰ ਵੀ ਉਸਦੇ ਇਸ ਅਜੀਬ ਜਿਹੇ ਰਵਈਏ ਤੋਂ ਪਰੇਸ਼ਾਨ ਸਨ। ਇਕ ਦੋ ਵਾਰ ਉਸਦੇ ਪੇਰੇਂਟਸ ਨੂੰ ਵੀ ਬੁਲਾਇਆ ਗਿਆ ਸੀ। ਕੇਵਲ ਉਸ ਦੀ ਮਾਂ ਹੀ ਆਈ ਸੀ ਤੇ ਹਾਲ ਫਿਰ ਵੀ ਉਹੋ ਹੀ ਰਿਹਾ ਸੀ।

ਅਗਲੇ ਦਿਨ ਵੀ ਉਹ ਸਕੂਲ ਨਾ ਆਇਆ। ਮੈਂ ਡਾਹਢੀ ਫਿਕਰਮੰਦ ਹੋ ਗਈ ਸਾਂ ਕਿ ਬੱਚਾ ਕਿਤੇ ਬਾਹ਼ਲਾ ਹੀ ਡਿਪਰੈੱਸ ਨਾ ਹੋ ਗਿਆ ਹੋਵੇ ਤੇ ਸਕੂਲ ਹੀ ਆਉਣਾ ਨਾ ਛੱਡ ਦੇਵੇ। ਪਰ ਇਕ ਦੋ ਦਿਨਾਂ ਬਾਅਦ ਉਹ ਸਕੂਲ ਆ ਗਿਆ ਤੇ ਹੌ਼ਲੀ ਹੌ਼ਲੀ ਤੁਰਦਾ ਸਭ ਤੋਂ ਅਖੀਰੀ ਡੈਸਕ ਤੇ ਜਾ ਬਿਰਾਜਿਆ। ਮੈਂ ਕੁੱਝ ਨਹੀਂ ਬੋਲੀ ਅਤੇ ਕਲਾਸ ਸੁਭਾਵਕ ਦਿਨ ਵਾਂਗ ਪੂਰੀ ਕੀਤੀ। ਕਲਾਸ ਖ਼ਤਮ ਹੁੰਦਿਆਂ ਹੀ ਮੇਰੇ ਕੋ਼ਲ ਨਵੀਨ ਆਈ ਤੇ ਬੋਲੀ, ਮਿਸ ਪਾਲ 'ਕੈਨ ਯੂ ਡੂ ਮੀ ਆ ਫੇਵਰ',ਉਸ ਡਾਢੇ ਮੋਹ ਨਾ਼ਲ ਆਖਿਆ।

'ਪਲੀਜ਼'– ਉਹ ਤਰਲੇ ਨਾਲ ਕਹਿ ਰਹੀ ਸੀ।

ਹਾਂ ਹਾਂ ਕਹੋ।

ਮੈਂ ਆਪਣੇ ਖ਼ਿਆਲਾਂ ਵਿਚੋਂ ਬਾਹਰ ਨਿਕ਼ਲਦਿਆਂ ਕਿਹਾ, ਮੇਰੇ ਮਨ ਅੰਦਰ ਤਾਂ ਅਕਸ ਦਾ ਹੀ ਖ਼ਿਆਲ ਡੂੰਘਾ ਖੁੱਭਿਆ ਪਿਆ ਸੀ।

'ਪਲੀਜ਼ ਤੁਸੀਂ ਅਕਸ ਦੀ ਸ਼ਿਕਾਇਤ ਪ੍ਰਿੰਸੀਪਲ ਨੂੰ ਨਾ ਲਾਇਉ।'

'ਕਿਉਂ', ਮੈਂ ਹੈਰਾਨ ਹੋ ਕੇ ਕਿਹਾ।

'ਨਾ਼ਲੇ ਤੈਨੂੰ ਕਿਸ ਕਿਹਾ ਕਿ ਮੈਂ ਪ੍ਰਿੰਸੀਪਲ ਕੋਲ ਸ਼ਿਕਾਇਤ ਲਈ ਜਾ ਰਹੀ ਹਾਂ।'

'ਕਿਸੇ ਨਹੀਂ' ਉਸ ਸਿਰ ਫੇਰਦਿਆਂ ਕਿਹਾ।

ਮੈਨੂੰ ਲਗਿਆ ਕਿ ਅੱਜ ਅਕਸ ਵਾਪਿਸ ਆ ਗਿਆ ਹੈ ਤੇ ਤੁਸੀਂ ਅਕਸ ਦੀ ਸ਼ਿਕ–ਾਇਤ ਜ਼ਰੂਰ ਕਰੋਗੇ।

ਉਸ ਦਿਨ ਵੀ ਅਕਸ ਨੂੰ ਮੈਥ ਟੀਚਰ ਵੱਲੋਂ ਡਿਟੈਂਸ਼ਨ ਮਿ਼ਲੀ ਸੀ। ਪੂਰਾ ਪੀਰੀਅਡ ਉਹ ਪ੍ਰਿੰ–ਸੀਪਲ ਦੇ ਦਫਤਰ ਵਿੱਚ ਸੀ।

'ਕਾਹਦੇ ਲਈ?', ਮੈਂ ਅਨਜਾਣ ਬਣਦਿਆਂ ਪੁੱਛਿਆ?

'ਉਹ ਹੋਮਵਰਕ ਨਹੀਂ ਕਰ ਕੇ ਆਇਆ ਸੀ ਤੇ ਨਾ਼ਲੇ ਕਲਾਸ ਵਿਚ ਵੀ ਉਹ,ਕਹਿ ਫਿਰ ਨਵੀਨ ਚੁੱਪ ਹੋ ਗਈ।

ਇਹੀ ਤਾਂ ਗੱਲ ਹੈ, ਨਾ ਤਾਂ ਉਹ ਘਰੋਂਕੰਮ ਕਰਕੇ ਆਉਂਦਾ ਹੈ ਤੇ ਨਾ ਹੀ ਸਕੂਲ ਵਿਚ ਪੜ੍ਹਦਾ ਹੈ। ਬਸ ਨਾ਼ਲ ਦਿਆਂ ਬੱਚਿਆਂ ਨਾਲ ਕੁੱਟ ਮਾਰ ਕਰਦਾ ਰਹਿੰਦਾ ਹੈ।

ਨਹੀਂ ਮਿਸ, ਤੁਸੀਂ ਨਹੀਂ ਜਾਣਦੇ, ਇਹ ਬੱਚੇ ਵੀ ਉਸਨੂੰ ਬਹੁਤ ਤੰਗ ਕਰਦੇ ਹਨ।

'ਉਹ ਕਿਵੇਂ?', ਮੈਂ ਹੈਰਾਨ ਹੋ ਕੇ ਪੁੱਛਿਆ।

'ਯੂ ਡਾਂਟ ਨੋ ਮਿਸ।'

ਇਹ ਸਾਰੇ ਮੁੰਡੇ ਕੁੜੀਆਂ ਉਸਨੂੰ ਬਹੁਤ ਬੈਡ ਵਰਡਜ਼ (ਮਾੜੇ ਸ਼ਬਦ) ਕਹਿੰਦੇ ਆ ਅਤੇ ਨੇਮ ਕਾਲਿੰਗ ਕਰਦੇ ਹਨ ਤੇ ਉਹ ਬੋਲਦੇ ਵੀ ਹੌਲੀ ਜਿਹੀ ਹਨ ਜੋ ਟੀਚਰ ਨੂੰ ਨਹੀਂ ਸੁਣਦਾ ਤੇ ਉਸ ਉਪਰ ਗੰਦੇ ਗੰਦੇ ਫੇਸ ਵੀ ਬਣਾਉਂਦੇ ਹਨ। ਫਿਰ ਅਕਸ ਨੂੰ ਗੁੱਸਾ ਆ ਜਾਂਦਾ ਹੈ ਤੇ ਉਹ ਲੜ ਪੈਂਦਾ ਹੈ।

'ਅਦਰਵਾਈਸ ਹੀ ਇਜ ਏ ਗੁਡ ਗਾਇ', ਉਹ, ਮੈਂ ਵੀ ਉਦਾਸ ਹੋ ਗਈ ਸਾਂ।

'ਹੋਰ ਕੀ ਪਤਾ ਹੈ ਤੈਨੂੰ ਅਕਸ ਬਾਰੇ?' ਮੈਂ ਨਵੀਨ ਨੂੰ ਟਟੋਲਨਾ ਚਾਹਿਆ ਤਾਂ ਜੋ ਅਕਸ ਦੇ ਇਸ ਅਗਰੈਸਿਵ ਵਿਉਹਾਰ ਦੀ ਜੜ੍ਹ ਲੱਭ ਸਕਾਂ।

ਜ਼ਿਆਦਾ ਨਹੀਂ, ਬਸ ਇਨ੍ਹਾਂ ਕੁ ਕਿ ਉਸਦੇ ਮੋਮ–ਡੈਡ ਇਕੱਠੇ ਨਹੀਂ ਰਹਿੰਦੇ। ਅਲਗ ਤਾਂ ਉਹ ਉਦੋਂ ਹੀ ਹੋ ਗਏ ਸਨ ਜਦੋਂ ਅਕਸ ਗਰੇਡ ਤਿੰਨਵਿਚ ਸੀ ਹੁਣ ਤੇ ਉਸਦੇ ਡੈਡ ਨੇ ਹੋਰ ਵਿਆਹ ਵੀ ਕਰਾ ਲਿਆ ਹੈ।

'ਓ.ਕੇ.' (ਮੈਂ ਹੁੰਗਾਰਾ ਭਰਿਆ)

ਅਜੇ ਲਾਸਟਵੀਕ ਹੀ ਹੋਇਆ, ਉਸ ਦੇ ਡੈਡ ਦਾ ਵਿਆਹ – ਨਹੀਂ ਤੇ ਉਹ ਹਫ਼ਤੇ ਵਿਚ ਤਿੰਨ ਦਿਨ ਆਪਣੇ ਡੈਡ ਨਾਲ ਤੇ ਬਾਕੀ ਚਾਰ ਦਿਨ ਮਾਮ ਨਾਲ ਰਹਿੰਦਾ ਸੀ। ਹੁਣ ਪਤਾ ਨਹੀਂ ਕੀ ਹੋਵੇਗਾ। ਪਿਛਲੇ ਸਾਲ ਤੋਂ ਉਸਦੀ ਮੋਮ ਨੇ ਵੀ ਆਪਣੇ ਬੋਆਏ ਫਰੈਂਡ ਨਾਲ ਰਹਿਣਾ ਸ਼ੁਰੂ ਕਰ ਦਿੱਤਾ ਹੈ। ਨਵੀਨ ਨੇ ਆਪਣੀ ਗੱਲ ਮੁਕਾਉਂਦਿਆਂ ਕਿਹਾ। ਅਗਲੇ ਪੀਰੀਅਡ ਦੀ ਬੈੱਲ ਹੋ ਗਈ ਸੀ। ਮੈਂ ਵੀ ਆਪਣੇ ਡੈਸਕ ਨੂੰ ਠੀਕ ਕਰ ਦੂਸਰੀ ਕਲਾਸ ਵਿਚ ਜਾਣ ਲਈ ਤਿਆਰ ਹੋ ਗਈ ਤੇ ਨਵੀਨ ਆਪਣੀ ਕਲਾਸ ਵਲ ਗਈ।

ਇਸ ਤਰਾਂ ਦੋ ਚਾਰ ਦਿਨ ਠੀਕ ਠਾਕ ਲੰਘ ਗਏ। ਕੋਈ ਖਾਸ ਘਟਨਾ ਨਹੀਂ ਵਾਪਰੀ। ਅਕਸ ਵੀ ਚੁਪ ਚਾਪ ਕਲਾਸ ਵਿਚ ਆਉਂਦਾ ਤੇ ਉਠ ਕੇ ਚਲਿਆ ਜਾਂਦਾ। ਪਹਿਲੀ ਟਰਮ ਖਤਮ ਹੋ ਰਹੀ ਸੀ ਤੇ ਨਵੰਬਰ ਦੇ ਐਂਡ ਵਿਚ ਬੱਚਿਆਂ ਨੂੰ ਰਿਪੋਰਟ ਕਾਰਡ ਮਿਲਣੇ ਸਨ। ਅਕਸ ਦਾ ਵੀ ਰਿਪੋਰਟ ਕਾਰਡ ਤਿਆਰ ਹੋ ਰਿਹਾ ਸੀ। ਜਦੋਂ ਮੈਂ ਲੈਂਗੁਏਜ ਦੇ ਰੀਮਾਰਕ ਅਤੇ ਸਕੋਰ ਕੰਪਿਊਟਰ ਵਿਚ ਰਜਿਸਟਰ ਕਰ ਰਹੀ ਸੀ ਤੇ ਦੇਖਿਆ ਕਿ ਅਕਸ ਦੀਆਂ ਰਿਪੋਰਟਸ ਬਹੁਤ ਡਾਊਨ ਸਨ। ਹਰ ਸਬਜੈਕਟ ਵਿਚ ਸੀ ਜਾਂ ਡੀ ਲੈ ਰਿਹਾ ਸੀ। ਪੇਰੇਂਟਸ ਟੀਚਰ ਮੀਟਿੰਗ ਤੇ ਇਸ ਵਾਰ ਉਸਦੇ ਨਾਨਾ ਜੀ ਆਏ। ਥੋੜ੍ਹੇ ਉਦਾਸ ਜਿਹੇ ਲਗ ਰਹੇ ਸਨ ਤੇ ਨਾਲ ਅਕਸ ਵੀ ਹੌ਼ਲੀ ਹੌ਼ਲੀ ਤੁਰਿਆ ਆ ਰਿਹਾ ਸੀ। ਮੈਂ ਸੁਭਾਵਕ ਹੀ ਪੁੱਛ ਬੈਠੀ ਕੀ ਇਸਦੇ ਪੇਰੇਂਟਸ ਨਹੀਂ ਆਏ। ਅਕਸ ਦਾ ਚਿਹਰਾ ਫਿਰ ਭਖ਼ ਉੱਠਿਆ ਤੇ ਉਹ ਉੱਠ ਕੇ ਕਮਰੇ ਤੋਂ ਬਾਹਰ ਚਲਾ ਗਿਆ। ਉਸਦੇ ਨਾਨਾ ਜੀ ਹੌ਼ਲੀ ਜਿਹੀ ਆਵਾਜ ਵਿਚ ਬੋਲੇ, ਇਹ ਹੁਣ ਸਾਡੇ ਨਾ਼ਲ ਹੀ ਰਹਿੰਦਾ ਹੈ। ਇਸਦੀ ਮਾਮ ਨਾਲ ਹੁਣ ਇਹ ਨਹੀਂ ਰਹਿਣਾ ਚਾਹੁੰਦਾ। ਅਗੇ ਮੈਂ ਨਹੀਂ ਪੁੱਛਿਆ। ਕਾਫ਼ੀ ਗੱਲਾਂ ਮੈਨੂੰ ਨਵੀਨ ਤੋਂ ਪਤਾ ਲਗਦੀਆਂ ਰਹਿੰਦੀਆਂ ਸਨ ਕਿ ਅਕਸ ਆਪਣੀ ਮਾਂ ਦੇ ਬੁਆਏ ਫਰੈਂਡ ਨੂੰ ਨਹੀਂ ਪਸੰਦ ਕਰਦਾ। ਇਕ ਦੋ ਵਾਰੀ ਇਸਨੇ ਉਸ ਨਾਲ ਬਦਸਲੂਕੀ ਵੀ ਕੀਤੀ ਹੈ ਜਿਸ ਕਾਰਣ ਇਸ ਨਾਲ ਉਸਦੇ ਮਾਮ ਵੀ ਗੁੱਸੇ ਹੋ ਗਏ ਤੇ ਹੁਣ ਉਹ ਨਾਨਾ ਜੀ ਨਾਲ ਰਹਿ ਰਿਹਾ ਹੈ।

ਮੈਂ ਉਸਦੇ ਨਾਨਾ ਜੀ ਤੋਂ ਅਕਸ ਦੇ ਪਿਛਲੇ ਸਕੂਲ ਬਾਰੇ ਜਾਨਣਾ ਚਾਹਿਆ। ਬਹੁਤਾ ਤੇ ਉਹ ਨਹੀਂ ਜਾਣਦੇ ਸਨ ਜਾਂ ਦੱਸਿਆ ਨਹੀਂ ਉਹਨਾਂ ਨੇ ਪਰ ਐਨਾ ਪਤਾ ਲਗ ਗਿਆ ਸੀ ਕਿ ਪੁਰਾਣੇ ਸਕੂਲ ਦੇ ਮੁੰਡੇ ਵੀ ਉਸਨੂੰ ਤੰਗਕਰਦੇ ਸਨ ਤੇ ਇਕ ਦੋ ਵਾਰ ਉਹ ਬਾਥਰੂਮ ਵਿਚ ਰੋਂਦਾ ਹੋਇਆ ਮਿ਼ਲਿਆ ਸੀ ਅਕਸ। ਇਸੇ ਕਾਰਣ ਉਸ ਦਾ ਸਕੂਲ ਬਦਲ ਦਿੱਤਾ ਗਿਆ ਸੀ। ਮੈਂ ਇਸ ਬਾਬਤ ਹੋਰ ਕੋਈ ਗੱਲ ਨਹੀਂ ਕੀਤੀ ਤੇ ਉਹ ਸਤਿ ਸ੍ਰੀ ਅਕਾਲ ਕਰ ਉੱਠ ਗਏ।

ਕੁੱਝ ਦਿਨਾਂ ਬਾਅਦ ਮੈਂ ਜ਼ਿੰਦਗੀ ਦੇ ਹੋਰ ਰੁਝੇਵਿਆਂ ਵਿਚ ਉ਼ਲਝ ਗਈ ਤੇ ਅਕਸ ਵਲੋਂ ਅਵੇਸ਼ਲੀ ਹੋ ਗਈ ਸਾਂ ਤੇ ਫਿਰ ਕ੍ਰਿਸਮਿਸ ਬਰੇਕ ਹੋ ਗਈ ਅਤੇ ਸਕੂਲ ਖੁਲ੍ਹਣ ਤੇ ਦੂਜੇ ਦਿਨ ਹੀ ਆਹ ਭਾਣਾ ਵਾਪਰ ਗਿਆ ਸੀ।

ਇਕ ਬੱਚਾ ਜ਼ਿੰਦਗੀ ਮੌਤ ਦੀ ਲੜਾਈ ਲੜ ਰਿਹਾ ਸੀ ਤੇ ਦੂਸਰਾ ਹੱਸਣ ਖੇਡਣ ਦੀ ਉਮਰੇ ਜੇਲ੍ਹ ਦੀਆਂ ਸਲਾਖਾਂ ਪਿੱਛੇ ਜਾ ਰਿਹਾ ਸੀ। ਸਮਝ ਨਹੀਂ ਆ ਰਿਹਾ ਸੀ ਕਿ ਦੋਸ਼ੀ ਕੌਣ ਹੈ?

# ਕਰੋਨਾ ਵਾਇਰਸ ਤੋਂ ਬਾਅਦ ਬਦਲ ਜਾਵੇਗਾ ਦੁਨੀਆਂ ਦੀਆਂ ਖੇਡਾਂ ਦਾ ਆਕਾਰ ਅਤੇ ਸਵਰੂਪ



ਖੇਡ ਮੈਦਾਨ ਬੋਲਦਾ ਹੈ

ਜਗਰੂਪ ਸਿੰਘ ਜਰਖੜ
98143-00722

ਕਰੋਨਾ ਵਾਰਿਸ ਨੇ ਪੂਰੀ ਦੁਨੀਆਂ ਵਿੱਚ ਜ਼ਿੰਦਗੀ ਦੇ ਅਰਥ ਬਦਲ ਕੇ ਰੱਖ ਦਿੱਤੇ ਹਨ ਦੁਨੀਆਂ ਦੇ ਹਰ ਖੇਤਰ ਨੂੰ ਕਰੋਨਾ ਨੇ ਤਹਿਸ ਨਹਿਸ ਕਰ ਦਿੱਤਾ ਹੈ ।ਖਾਸ ਕਰਕੇ ਜੇਕਰ ਗੱਲ ਕਰੀਏ ਖੇਡਾਂ ਦੇ ਉਸ ਵਿੱਚ ਓਲੰਪਿਕ ਖੇਡਾਂ ,ਯੂਰੋਕੱਪ ਫੁੱਟਬਾਲ ,ਵਰਲਡ ਅਥਲੈਟਿਕਸ ਚੈਂਪੀਅਨਸ਼ਿਪ ,ਪ੍ਰੋ ਕਬੱਡੀ ਲੀਗ ,ਪ੍ਰੋ ਹਾਕੀ ਲੀਗ ਜੋ ਆਪਣੇ ਜਾਹੋ ਜਲਾਲ ਤੇ ਸਨ ਦੀ ਕਹਾਣੀ ਖ਼ਤਮ ਕਰਕੇ ਰੱਖ ਦਿੱਤੀ ਹੈ । ਕੋਈ ਵੱਡਾ ਈਵੈਂਟ ਮੁਲਤਵੀ ਹੋ ਗਿਆ ਕੋਈ ਰੱਦ ਹੋ ਗਿਆ ਕੋਈ ਅੱਗੇ ਪੈ ਗਿਆ ਤੇ ਗਰਾਊਂਡਾਂ ਵਿਰਾਨ ਹੋ ਗਈਆਂ ਖਿਡਾਰੀਆਂ ਦੀਆਂ ਖੇਡ ਗਤੀਵਿਧੀਆਂ ਥਾਂ ਦੀ ਥਾਂ ਠੱਪ ਹੋ ਕੇ ਰਹਿ ਗਈਆਂ ਹਨ ਪੰਜਾਬ ਦੇ ਪਿੰਡਾਂ ਵਿੱਚ ਹੋਣ ਵਾਲੇ ਵੱਡੇ ਵੱਡੇ ਕਬੱਡੀ ਕੱਪ ਅਤੇ ਕੈਨੇਡਾ ਅਮਰੀਕਾ ਆਸਟਰੇਲੀਆ ਯੂਰਪ ਆਦਿ ਮੁਲਕਾਂ ਦੀਆਂ ਕਬੱਡੀ ਸਰਗਰਮੀਆਂ ਪੂਰੀ ਤਰ੍ਹਾਂ ਬੰਦ ਹੋ ਗਈਆਂ ਹਨ ਚਲੋ ਕੁਦਰਤ ਅੱਗੇ ਕੋਈ ਜ਼ੋਰ ਨਹੀਂ ਕਿ ਕਰੋਨਾ ਵਾਰਿਸ ਵਰਗੀ ਭਿਆਨਕ ਮਹਾਂਮਾਰੀ ਆਈ ਤੇ ਸਾਰੇ ਸਿਸਟਮ ਫੇਲ ਹੋ ਕੇ ਰਹਿ ਗਏ ਇਹ ਪਹਿਲੀ ਵਾਰ ਨਹੀਂ ਹੋਇਆ ਇਸ ਤੋਂ ਪਹਿਲਾਂ ਵੀ ਪਲੇਗ ,ਹੈਜ਼ਾ ,ਮਲੇਰੀਆ ,ਚੇਚਕ ਅਤੇ ਸਵਾਈਨ ਫਲੂ ਆਦਿ ਹੋਰ ਭਿਆਨਕ ਬਿਮਾਰੀਆਂ ਨੇ ਦੁਨੀਆਂ ਵਿੱਚ ਮੌਤਾਂ ਦੀ ਤਬਾਹੀ ਮਚਾਈ ਦੁਨੀਆਂ ਦਾ ਜਾਨੀ ਮਾਲੀ ਨੁਕਸਾਨ ਕੀਤਾ ਆਖਰ ਫਿਰ ਗੱਡੀ ਲੀਹ ਤੇ ਆ ਜਾਂਦੀ ਰਹੀ ਖ਼ਾਸ ਕਰਕੇ ਦੂਸਰੇ ਵਿਸ਼ਵ ਯੁੱਧ ਵਿੱਚ ਦੁਨੀਆਂ ਦੀ ਵੱਡੀ ਤਬਾਹੀ ਹੋਈ ਪਰ ਉਸ ਯੁੱਧ ਤੋਂ ਬਾਅਦ ਦੁਨੀਆਂ ਵਿੱਚ ਇੱਕ ਵੱਡੀ ਤਬਦੀਲੀ ਆਈ , ਵੱਖ ਵੱਖ ਮੁਲਕਾਂ ਨੇ ਲੜਾਈਆਂ ਅਤੇ ਖਾਨਾਜੰਗੀ ਤੋਂ ਸਬਕ ਸਿੱਖਿਆ ਕਿ ਹਥਿਆਰਾਂ ਨਾਲ ਇੱਕ ਦੂਜੇ ਨੂੰ ਮਾਰਨ ਤੇ ਮਰਵਾਉਣ ਅਤੇ ਹਰਾਉਣ ਦੀ ਬਜਾਏ ਖੇਡ ਮੈਦਾਨਾਂ ਵਿੱਚ ਜੱਦੋ ਜਹਿਦ ਕਰਕੇ ਇੱਕ ਦੂਜੇ ਨੂੰ ਜਿੱਤਿਆ ਅਤੇ ਹਰਾਇਆ ਜਾਵੇ। ਇਸ ਤਬਦੀਲੀ ਦਾ ਨਾਮ ਸੀ ਸਪੋਰਟਸਮੈਨ ਸ਼ਿੱਪ। ਇਸ ਖੇਡ ਭਾਵਨਾ ਨੇ ਪੂਰੀ ਦੁਨੀਆਂ ਨੂੰ ਇੱਕ ਦੂਜੇ ਦੇ ਨੇੜੇ ਕੀਤਾ ਆਪਸੀ ਪਿਆਰ ਮਿਲਵਰਤਨ ਅਤੇ ਅੱਗੇ ਵਧਣ ਦਾ ਮੌਕਾ ਦਿੱਤਾ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੁਨੀਆਂ ਦੇ ਤਾਕਤਵਰ ਮੁਲਕਾਂ ਨੇ ਵਿਸ਼ਵ ਕੱਪ ਫੁੱਟਬਾਲ ਨੂੰ ਜਿੱਤਣਾ ਹੀ ਦੁਨੀਆਂ ਨੂੰ ਜਿੱਤਣਾ ਮੰਨ ਲਿਆ ਜੋ ਫੁੱਟਬਾਲ ਦੀ ਦੁਨੀਆਂ ਦਾ ਚੈਂਪੀਅਨ। ਉਸ ਨੂੰ ਇੰਝ ਲੱਗਦਾ ਕਿ ਮੈਂ ਹੀ ਦੁਨੀਆਂ ਦਾ ਦੁਨੀਆਂ ਦਾ ਜੇਤੂ ਸਿਕੰਦਰ ਹਾਂ। ਪੂਰੀ ਦੁਨੀਆਂ ਵਿੱਚ ਓਲੰਪਿਕ ਖੇਡ ਮੁਕਾਬਲਿਆਂ ਦੀ ਚੜ੍ਹਤ ਮੱਚੀ ਪੂਰੀ ਦੁਨੀਆਂ ਦੇ ਮੁਲਕ ਹੀ ਓਲੰਪਿਕ ਖੇਡਾਂ ਵਿੱਚ ਭਾਗੀਦਾਰੀ ਪਾਉਣ ਲੱਗੇ, ਤਗਮੇ ਜਿੱਤਣਾ ਖਿਡਾਰੀਆਂ ਦਾ ਟੀਚਾ ਬਣਿਆ ਫਿਰ ਵੱਖ ਵੱਖ ਮਹਾਂਦੀਪਾਂ ਦੇ ਖੇਡ ਮੁਕਾਬਲੇ ਸ਼ੁਰੂ ਹੋਏ ਵੱਖ ਵੱਖ ਖੇਡਾਂ ਦੇ ਵਿਸ਼ਵਪੱਧਰੀ ਮੁਕਾਬਲੇ ਸ਼ੁਰੂ ਹੋਏ ਏਸ਼ੀਅਨ ਖੇਡਾਂ ,ਹਾਕੀ ਵਰਲਡ ਕੱਪ ਕ੍ਰਿਕਟ ਵਰਲਡ ਕੱਪ, ਅਥਲੈਟਿਕਸ ਵਰਲਡ ਚੈਂਪੀਅਨਸ਼ਿਪ ਬਗੈਰਾ ਬਗੈਰਾ ਖੇਡ ਸਰਗਰਮੀਆਂ ਸ਼ੁਰੂ ਹੋਈਆ ਹਰ ਮੁਲਕ ਖੇਡਾਂ ਦੇ ਖੇਤਰ ਵਿੱਚ ਸੁਪਰ ਪਾਵਰ ਬਣਨ ਅਤੇ ਖੇਡਾਂ ਦੇ ਖੇਤਰ ਵਿੱਚ ਹਿੱਸਾ ਲੈਣਾ ਆਪਣਾ ਸੁਭਾਗ ਮੰਨਦਾ ,ਦੁਨੀਆਂ ਦੇ ਖੇਡ ਸਟੇਡੀਅਮ ਨੱਕੋ ਨੱਕ ਭਰਨੇ ਸ਼ੁਰੂ ਹੋਏ ਖਿਡਾਰੀ ਦੁਨੀਆਂ ਦੇ ਹੀਰੋ ਬਣੇ, ਖੇਡਾਂ ਵਿੱਚ ਫਿਲਮੀ ਸਿਤਾਰਿਆਂ ਦੀ ਸ਼ਮੂਲੀਅਤ ਹੋਣ ਲੱਗੀ, ਕਾਰਪੋਰੇਟ ਹਾਊਸ ਅਤੇ ਵੱਡੇ ਸਪਾਂਸਰ ਖੇਡਾਂ ਵਿੱਚ ਆਏ ਵੱਖ ਵੱਖ ਮੁਲਕਾਂ ਦੀਆਂ ਸਰਕਾਰਾਂ ਦੀ ਅਹਿਮ ਭੂਮਿਕਾ ਖੇਡਾਂ ਵਿੱਚ ਬਣੀ, ਵੱਡੀਆਂ ਵੱਡੀਆਂ ਪ੍ਰਬੰਧਕੀ ਖੇਡ ਕਮੇਟੀਆਂ ਬਣੀਆਂ, ਅੰਤਰ–ਰਾਸ਼ਟਰੀ ਓਲੰਪਿਕ ਕੌਂਸਲ ਅਤੇ ਹੋਰ ਖੇਡਾਂ ਦੀਆਂ ਵਿਸ਼ਵ ਪੱਧਰੀ ਸੰਸਥਾਵਾਂ ਬਣੀਆਂ ਕਿਸੇ ਲਈ ਇਹ ਖੇਡਾਂ ਖੇਡਾਂ ਹੀ ਰਹੀਆਂ ,ਕਿਸੇ ਲਈ ਆਪਣੀ ਪਹਿਚਾਣ, ਕਿਸੇ ਲਈ ਵਪਾਰ ਦੇ ਹੱਬ ਬਣ ਗਈਆਂ,ਕੋਈ ਮੁਲਕ ਖੇਡਾਂ ਵਿੱਚ ਆਪਣੀ ਸਰਦਾਰੀ ਦਰਸਾਉਣ ਲੱਗ ਪਿਆ ਕੋਈ ਮੁਲਕ ਕਿਸੇ ਇੱਕ ਖੇਡ ਦੇ ਵਿੱਚ ਹੀ ਆਪਣੀ ਵੱਖਰੀ ਪਹਿਚਾਣ ਬਣਾਉਣ ਲੱਗ ਪਿਆ , ਦਰਸ਼ਕਾਂ ਦੇ ਸਿਰ ਖੇਡ ਦਾ ਜਨੂੰਨ ਪੂਰੀ ਦੁਨੀਆਂ ਵਿੱਚ ਸਿਰ ਚੜ ਕੇ ਬੋਲ ਰਿਹਾ ਹੈ ਖੇਡ ਭਾਵੇਂ ਫੁੱਟਬਾਲ ਹੋਵੇ ,ਕ੍ਰਿਕਟ ਹੋਵੇ ,ਕਬੱਡੀ ਹੋਵੇ, ਹਾਕੀ ਬਾਸਕਟਬਾਲ , ਓਸੈਨ ਬੋਲਟ ਜਾਂ ਕਾਰਲੂਈਸ ਦੀ 100 ਮੀਟਰ ਦੀ ਦੌੜ ਹੋਵੇ ਸਟੇਡੀਅਮ ਵਿੱਚ ਦਰਸ਼ਕਾਂ ਦਾ ਹੜ੍ਹ ਆਇਆ ਹੁੰਦਾ ਅਤੇ ਤਿਲ ਸੁੱਟਣ ਜੋਗੀ ਵੀ ਜਗ੍ਹਾ ਨਹੀਂ ਬਚਦੀ।



ਪਰ ਦੁਨੀਆਂ ਵਿੱਚ ਖੇਡਾਂ ਦੇ ਚੱਲਦੇ ਵਧੀਆ ਸੁਹਾਵਣੇ ਮਾਹੌਲ ਨੂੰ ਕਰੋਨਾ ਵਾਰਿਸ ਮਹਾਂਮਾਰੀ ਨੇ ਇੱਕ ਅਜਿਹੀ ਬ੍ਰੇਕ ਲਾਈ ਕਿ ਦੁਨੀਆਂ ਦੀਆਂ ਖੇਡਾਂ ਦੇ ਅਰਥ ਹੀ ਬਦਲ ਕੇ ਰੱਖ ਦਿੱਤੇ ਹਨ ਅੱਜ ਦੇ ਹਾਲਾਤ ਇਹ ਹਨ ਕਿ ਚਾਰ ਬੰਦਿਆਂ ਦਾ ਇਕੱਠੇ ਖੜ੍ਹਾ ਹੋਣਾ ਮੁਸ਼ਕਲ ਹੋ ਗਿਆ ਹੈ ਜ਼ਿੰਦਗੀ ਵਿੱਚ ਸੋਸ਼ਲ ਡਿਸਟੈਂਸ ਦੀ ਭੂਮਿਕਾ ਅਹਿਮ ਹੋ ਗਈ ਹੈ ਕਰੋਨਾ ਵਾਇਰਸ ਦਾ ਕੋਈ ਸਹੀ ਇਲਾਜ ਅਜੇ ਦੁਨੀਆਂ ਨੂੰ ਮਿਲ ਨਹੀਂ ਰਿਹਾ । ਕਰੋਨਾ ਵਾਇਰਸ ਦੀ ਬੀਮਾਰੀ ਇੰਨੀ ਜਲਦੀ ਜਾਣ ਵਾਲੀ ਨਹੀਂ ,ਖੇਡਾਂ ਬਹੁਤਾ ਸਮਾਂ ਰੁਕਣ ਵਾਲੀਆਂ ਨਹੀਂ, ਫਿਰ ਆਖਰ ਖੇਡਾਂ ਦਾ ਭਵਿੱਖ ਕੀ ਹੋਵੇਗਾ ਕਿ ਸਟੇਡੀਅਮ ਪਹਿਲਾਂ ਦੀ ਤਰ੍ਹਾਂ ਲੋਕਾਂ ਨਾਲ ਖਚਾ ਖੱਚ ਭਰਨਗੇ, ਟੀਮ ਗੇਮਜ਼ ਜਿਸ ਤਰ੍ਹਾਂ ਫੁੱਟਬਾਲ ਹਾਕੀ ਜਿਸ ਵਿੱਚ ਖਿਡਾਰੀਆਂ ਦੀ ਭਰਮਾਰ ਹੁੰਦੀ ਹੈ ਉਹਨਾਂ ਖੇਡਾਂ ਨੂੰ ਕਿਸ ਤਰ੍ਹਾਂ ਖੇਡਾਂਗੇ ਇਸ ਪ੍ਰਤੀ ਪੂਰੀ ਦੁਨੀਆ ਚਿੰਤਤ ਹੈ, ਅੰਤਰ ਰਾਸ਼ਟਰੀ ਓਲੰਪਿਕ ਕੌਂਸਲ ਬਹੁਤ ਗੰਭੀਰ ਹੈ ਗੱਲ ਕੀ ਹੁਣ ਖੇਡਾਂ ਦਾ ਆਕਾਰ ਅਤੇ ਸਵਰੂਪ ਪੂਰੀ ਤਰ੍ਹਾਂ ਬਦਲ ਜਾਵੇਗਾ ਅੰਤਰ–ਰਾਸ਼ਟਰੀ ਓਲੰਪਿਕ ਕੌਂਸਲ ਨੇ ਇਹ ਉਪਰਾਲੇ ਸ਼ੁਰੂ ਕਰ ਦਿੱਤੇ ਹਨ ਹੁਣ ਓਲੰਪਿਕ ਖੇਡਾਂ ਜਾਂ ਹੋਰ ਵੱਡੇ ਮੁਕਾਬਲਿਆਂ ਲਈ ਵੱਡੇ ਸਟੇਡੀਅਮ ਬਣਾਉਣ ਦੀ ਲੋੜ ਨਹੀਂ ਪਵੇਗੀ ਸਿਰਫ ਖਿਡਾਰੀ ਹੀ ਖੇਡ ਮੈਦਾਨਾਂ ਵਿੱਚ ਖੇਡਣਗੇ ਅਤੇ ਲੋਕਾਂ ਨੂੰ ਟੀ ਵੀ ਚੈਨਲਾਂ ਉੱਤੇ ਹੀ ਖੇਡਾਂ ਦਾ ਆਨੰਦ ਮਾਣਨਾ ਪਵੇਗਾ ਖੇਡਾਂ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋਵੇਗੀ ਹਾਕੀ ਫੁਟਬਾਲ ਵਰਗੀਆਂ ਖੇਡਾਂ 11 ਖਿਡਾਰੀਆਂ ਤੋਂ ਘੱਟ ਕੇ 5–ਏ– ਸਾਈਡ ਤੱਕ ਸੀਮਤ ਰਹਿ ਜਾਣਗੀਆਂ। ਬਾਸਕਟਬਾਲ 3*3 ਖਿਡਾਰੀਆਂ ਤੱਕ ਸੀਮਤ ਰਹਿ ਜਾਵੇਗੀ ਕ੍ਰਿਕਟ ਵੀ 20–20 ਓਵਰਾਂ ਤੋਂ ਘੱਟ ਕੇ ਸੀਮਿਤ ਓਵਰ ਅਤੇ ਸੀਮਿਤ ਖਿਡਾਰੀਆਂ ਤੱਕ ਲੈ ਜਾਵੇਗੀ। ਹੋਰ ਖੇਡਾਂ ਨੂੰ ਵੀ ਇਸ ਤਰ੍ਹਾਂ ਦੀ ਹੀ ਖਿਡਾਰੀਆਂ ਪੱਖੋਂ ਖੇਡ ਦੇ ਸਿਸਟਮ ਪੱਖੋਂ ਵੱਡੀ ਕਟੌਤੀ ਲੱਗੇਗੀ ਇਸ ਤਰ੍ਹਾਂ ਖੇਡਾਂ ਖੇਡਣ ਅਤੇ ਦਰਸ਼ਕਾਂ ਵੱਲੋਂ ਦੇਖਣ ਦਾ ਸਮਾਂ ਵੀ ਸੀਮਤ ਜਿਹਾ ਹੀ ਰਹਿ ਜਾਵੇਗਾ ਅਤੇ ਖੇਡਾਂ ਦਾ ਰੋਮਾਂਚ ਅਤੇ ਜਨੂੰਨ ਵੱਡੇ ਪੱਧਰ ਤੇ ਵਧੇਗਾ ਪਰ ਪੰਜਾਬੀਆਂ ਲਈ ਵੱਡੀ ਸੋਚਣ ਵਾਲੀ ਗੱਲ ਇਹ ਹੈ ਕਿ ਪੰਜਾਬੀਆਂ ਦੀ ਮਕਬੂਲ ਖੇਡ ਕਬੱਡੀ ਦਾ ਕੀ ਬਣੇਗਾ ਕਿਉਂਕਿ ਕਬੱਡੀ ਵਿੱਚ ਤਾਂ ਪਹਿਲਾਂ ਹੀ ਨਾ ਹੀ ਖਿਡਾਰੀਆਂ ਦਾ, ਨਾ ਹੀ ਦਰਸ਼ਕਾਂ ਦਾ, ਨਾਂ ਹੀ ਪ੍ਰਬੰਧਕਾਂ ਦਾ ਕੋਈ ਨਿਯਮ ਸਿਧਾਂਤ ਹੈ ਮਨਾਂ ਮੂੰਹੀਂ ਕਬੱਡੀ ਪ੍ਰੇਮੀ ਖਿਡਾਰੀ ਥੋੜ੍ਹੀ ਦੀ ਜਗ੍ਹਾ ਤੇ ਇਕੱਤਰ ਹੋ ਜਾਂਦੇ ਹਨ ਜਦ ਕਿ ਸੋਸ਼ਲ ਡਿਸਟੈਂਸ ਦਾ ਰਹਿਣਾ ਭਵਿੱਖ ਵਿੱਚ ਬਹੁਤ ਜ਼ਰੂਰੀ ਹੈ ਇਹ ਮਾਮਲਾ ਸਿਰਫ ਤਾਂ ਹੀ ਨਜਿੱਠੇਗਾ ਜਦੋਂ ਪੰਜਾਬ ਸਰਕਾਰ ਇਸ ਪ੍ਰਤੀ ਕੋਈ ਕਾਨੂੰਨ ਜਾਂ ਹਦਾਇਤ ਅਖਤਿਆਰ ਕਰੇਗੀ ਨਹੀਂ ਤਾਂ ਕਬੱਡੀ ਵਾਲਿਆਂ ਦਾ ਵੀ ਫਿਰ ਤਬਲੀਗੀ ਜਮਾਤ ਜਾਂ ਹਜ਼ੂਰ ਸਾਹਿਬ ਵਾਲੇ ਸ਼ਰਧਾਲੂਆਂ ਵਾਲਾ ਹਸ਼ਰ ਹੋਵੇਗਾ।

ਭਵਿੱਖ ਦੀ ਅਸਲੀਅਤ ਤਾਂ ਇਹ ਹੈ ਕਿ ਕਰੋਨਾ ਵਾਇਰਸ ਤੋਂ ਬਾਅਦ ਜ਼ਿੰਦਗੀ ਦੇ ਅਰਥ ਬਦਲ ਜਾਣਗੇ ਦੁਨੀਆਂ ਦੇ ਵਿੱਚ ਵੱਡੀ ਤਬਦੀਲੀ ਆਵੇਗੀ ਭਾਵੇਂ ਉਹ ਖੇਡਾਂ ਹੋਣ ਜਾਂ ਕੋਈ ਹੋਰ ਖੇਤਰ ਹੋਵੇ ਬੀਤ ਚੁੱਕਿਆ ਕੱਲ੍ਹ ਸਿਰਫ਼ ਇੱਕ ਇਤਿਹਾਸ ਹੋਵੇਗਾ ਅੱਜ ਵਾਲੀ ਜ਼ਿੰਦਗੀ ਦੀਆਂ ਤਾਂ ਅਸੀਂ ਸਿਰਫ ਗੱਲਾਂ ਹੀ ਕਰਿਆ ਕਰਾਂਗੇ ਨਵੀਂ ਜ਼ਿੰਦਗੀ ਕੁਝ ਹੋਰ ਹੋਵੇਗੀ ਜਿਵੇਂ ਅਸੀਂ ਆਪਣੇ ਵੱਡੇ ਵਡੇਰਿਆਂ ਦੀਆਂ ਗੱਲਾਂ ਕਰਦੇ ਹਾਂ ਕਿ ਉਸ ਵਕਤ ਨਾ ਕੋਈ ਟਰਾਂਸਪੋਰਟ ਸੀ ਨਾ ਹੀ ਜਹਾਜ਼ ਅਤੇ ਰੇਲਾਂ ਚੱਲਦੇ ਸਨ ਨਾ ਕੋਈ ਵੀ ਅੱਜ ਵਰਗਾ ਵਪਾਰ ਸੀ ਨਾ ਸੜਕਾਂ ਸਨ ਨਾ ਹੀ ਟੈਲੀਫੋਨ ਸਨ ਨਾ ਹੀ ਪੈਸਾ ਪ੍ਰਧਾਨ ਸੀ ਨਾ ਹੀ ਕੋਈ ਅੱਜ ਵਰਗੀ ਹੰਕਾਰੀ ਜ਼ਿੰਦਗੀ ਸੀ ਸਿਰਫ ਸਧਾਰਨ ਜੀਵਨ ਜਿਉਂ ਕੇ ਜ਼ਿੰਦਗੀ ਦਾ ਨਿਰਬਾਹ ਹੁੰਦਾ ਸੀ।

ਗੱਲ ਇਥੇ ਮੁੱਕਦੀ ਆ ਕੇ ਬੰਦੇ ਨੇ ਕੁਦਰਤ ਨਾਲ ਅਤੇ ਪ੍ਰਕਿਰਤੀ ਨਾਲ ਖਿਲਵਾੜ ਬਹੁਤ ਕੀਤਾ ਹੁਣ ਕੁਦਰਤ ਬੰਦੇ ਨੂੰ ਸਬਕ ਸਿਖਾਇਆ ਕਿ ਬੰਦਿਆ ਬੰਦਾ ਬਣ ਅਤੇ ਬੰਦਿਆਂ ਵਾਲੇ ਕੰਮ ਕਰ , ਹੁਣ ਕਰੋਨਾ ਤੋਂ ਬਚਿਆ ਬੰਦਾ ਸੋਚੇਗਾ ਕਿ ਉਸ ਨੇ ਆਪਣੀ ਬਚੀ ਹੋਈ ਜ਼ਿੰਦਗੀ ਕਿਸ ਤਰ੍ਹਾਂ ਜਿਉਣੀ ਹੈ ਭਾਵੇਂ ਹੋਣ ਖੇਡਾਂ ਭਾਵੇਂ ਹੋਵੇ ਕੋਈ ਹੋਰ ਖੇਤਰ, ਦੁਨੀਆਂ ਦੇ ਲੋਕੋ ਸੋਚੋ ਸਮਝੋ ਇਹ ਕੁਦਰਤ ਦੀ ਤਬਦੀਲੀ ਦਾ ਬਿਗਲ ਅਨੋਖਾ ਹੈ । ਦੁਨੀਆਂ ਦਾ ਰੱਬ ਰਾਖਾ!

# ਆਓ ਵਹਿਮਾਂ ਭਰਮਾਂ ਨੂੰ ਛੱਡ ਕੇ ਜਿੰਦਗੀ ਨੂੰ ਖੁਸ਼ਹਾਲ ਬਣਾਈਏ



ਸੰਜੇ ਕੁਮਾਰ, ਨਾਭਾ
91-95010-21184

ਅੱਜ ਇਨਸਾਨ ਨੇ ਜੀਵਨ ਦੇ ਹਰ ਖੇਤਰ ਵਿੱਚ ਤਰੱਕੀ ਕਰ ਲਈ ਹੈ। ਦੂਜੇ ਪਾਸੇ ਇੱਕ ਖੇਤਰ ਅਜਿਹਾ ਵੀ ਹੈ ਜਿਸ ਨੂੰ ਅਪਣਾ ਕੇ ਅਸੀਂ ਪਿਛਾਂਹ ਵੱਲ ਜਾ ਰਹੇ ਹਾਂ। ਉਹ ਖੇਤਰ ਹੈ ਵਹਿਮਾਂ ਅਤੇ ਭਰਮਾਂ ਨੂੰ ਮੰਨਣਾ। ਆਧੁਨਿਕ ਸਮਾਜ ਵਿੱਚ ਬਹੁਤ ਸਾਰੇ ਵਹਿਮ-ਭਰਮ ਦੇਖੇ ਜਾ ਸਕਦੇ ਹਨ:- ਜਿਵੇਂ ਕੋਈ ਵਿਅਕਤੀ ਕੰਮ ਤੇ ਜਾ ਰਿਹਾ ਹੋਵੇ ਉਸ ਨੂੰ ਰਸਤੇ ਵਿੱਚ ਸੱਪ ਅਤੇ ਨਿਉਲੇ ਦੀ ਲੜਾਈ ਦਿੱਖ ਜਾਵੇ ਤਾਂ ਉਹ ਇਸ ਨੂੰ ਆਪਣੇ ਲਈ ਸ਼ੁਭ ਮੰਨਦਾ ਹੈ। ਜਿਸ ਤਰ੍ਹਾਂ ਸੱਪ ਅਤੇ ਨਿਉਲੇ ਦੀ ਲੜਾਈ ਵਿੱਚ ਨਿਓਲੇ ਦੀ ਜਿੱਤ ਪੱਕੀ ਹੁੰਦੀ ਹੈ ਤਾਂ ਦੇਖਣ ਵਾਲੇ ਸੋਚਦਾ ਹੈ ਕਿ ਉਹ ਜੋ ਕੰਮ ਕਰਨ ਜਾ ਰਿਹਾ ਹੈ ਉਸ ਵਿੱਚ ਉਸਨੂੰ ਸਫ਼ਲਤਾ ਪ੍ਰਾਪਤ ਹੋ ਜਾਵੇਗੀ। ਇਸੇ ਤਰਾਂ ਕੋਈ ਹੋਰ ਵਿਅਕਤੀ ਕੋਈ ਜ਼ਰੂਰੀ ਕੰਮ ਕਰਨ ਜਾ ਰਿਹਾ ਹੈ ਅਤੇ ਉਸ ਨੂੰ ਰਸਤੇ ਵਿੱਚ ਕੋਈ ਆਦਮੀ ਜਾਂ ਜਾਨਵਰ ਦਿੱਖ ਜਾਵੇ ਤਾਂ ਉਹ ਆਪਣੀ ਸਫ਼ਲਤਾ ਅਤੇ ਅਸਫ਼ਲਤਾ ਨੂੰ ਉਸ ਵਿਅਕਤੀ ਜਾਂ ਜਾਨਵਰ ਦੇ ਨਾਲ ਜੋੜ ਦਿੰਦਾ ਹੈ। ਉਹ ਸੋਚਦਾ ਹੈ ਕਿ ਜਦੋਂ ਮੈਂ ਘਰੋਂ ਨਿਕਲਿਆ ਸੀ ਤਾਂ ਮੈਨੂੰ ਉਹ ਵਿਅਕਤੀ ਜਾਂ ਜਾਨਵਰ ਮਿਲਿਆ ਸੀ ਇਸ ਲਈ ਮੈਨੂੰ ਆਪਣੇ ਕੰਮ ਵਿੱਚ ਸਫ਼ਲਤਾ ਮਿਲੀ ਹੈ। ਜੇਕਰ ਉਹ ਕੰਮ ਵਿੱਚ ਅਸਫ਼ਲ ਹੋ ਜਾਂਦਾ ਹੈ ਤਾਂ ਉਹ ਉਸ ਵਿਅਕਤੀ ਅਤੇ ਜਾਨਵਰ ਨੂੰ ਸ਼ੁਭ ਨਹੀਂ ਮੰਨਦਾ। ਸਾਡੇ ਸਮਾਜ ਵਿੱਚ ਦਿਨਾਂ ਨੂੰ ਵੀ ਚੰਗਾ ਅਤੇ ਮਾੜਾ ਸਮਝਿਆ ਜਾਂਦਾ ਹੇ। ਸੋਮਵਾਰ, ਬੁੱਧਵਾਰ ਅਤੇ ਸ਼ੁੱਕਰਵਾਰ ਨੂੰ ਚੰਗਾ ਦਿਨ ਸਮਝਿਆ ਜਾਂਦਾ ਹੈ। ਮੰਗਲਵਾਰ, ਵੀਰਵਾਰ ਅਤੇ ਸ਼ਨੀਵਾਰ ਨੂੰ ਮਾੜੇ ਦਿਨ ਸਮਝਿਆ ਜਾਂਦਾ ਹੈ। ਕੁੱਝ ਚੀਜਾਂ ਦੀ ਖਰੀਦਦਾਰੀ ਇਹਨਾਂ ਦਿਨਾਂ ਵਿੱਚ ਚੰਗੀ ਨਹੀਂ ਸਮਝੀ ਜਾਂਦੀ। ਖਾਸ ਕਰਕੇ ਲੋਹੇ ਦਾ ਸਮਾਨ ਸ਼ਨੀਵਾਰ ਨੂੰ ਲਿਆਉਣਾ ਠੀਕ ਨਹੀਂ ਸਮਝਿਆ ਜਾਂਦਾ। ਕਈ ਇਲਾਕਿਆਂ ਵਿੱਚ ਜਦੋਂ ਕੋਈ ਨਵਾਂ ਪਸ਼ੂ ਲਿਆਉਂਦਾ ਜਾਂਦਾ ਹੈ ਤਾਂ ਉਸ ਨੂੰ ਸੋਨੇ ਦਾ ਗਹਿਣਾ ਸੁੰਘਾਉਣਾ ਚੰਗਾ ਸਮਝਿਆ ਜਾਂਦਾ ਹੈ। ਇਸੇ ਸਬੰਧੀ ਮੈਨੂੰ ਇੱਕ ਕਹਾਣੀ ਯਾਦ ਆਉਂਦੀ ਹੈ ਕਿ ਇੱਕ ਵਾਰ ਇੱਕ ਪਿੰਡ ਵਿੱਚ ਇੱਕ ਪਰਿਵਾਰ ਨਵੀਂ ਮੱਝ ਖਰੀਦ ਕੇ ਲਿਆਇਆ। ਪਰਿਵਾਰ ਨੇ ਮੱਝ ਨੂੰ ਸੋਨੇ ਸੁੰਘਾਉਣ ਲਈ ਅੰਗੂਠੀ ਆਟੇ ਦੇ ਪੇੜੇ ਵਿੱਚ ਪਾ ਕੇ ਪੇੜਾ ਮੱਝ ਅੱਗੇ ਕੀਤਾ ਤਾਂ ਮੱਝ ਉਹ ਆਟੇ ਦਾ ਪੇੜਾ ਖਾ ਗਈ। ਸਾਰੇ ਪਰਿਵਾਰ ਨੂੰ ਫ਼ਿਕਰ ਪੈ ਗਿਆ ਅਤੇ ਉਹ ਉਦੋਂ ਤੱਕ ਮੱਝ ਦੇ ਦੁਆਲੇ ਹੀ ਬੈਠਾ ਰਿਹਾ ਜਦੋਂ ਤੱਕ ਮੱਝ ਨੇ ਗੋਹੇ ਨਾਲ ਸੋਨੇ ਦੀ ਅੰਗੂਠੀ ਬਾਹਰ ਨਾ ਕੱਢ ਦਿੱਤੀ। ਬਹੁਤ ਸਮਾਂ ਪਹਿਲਾਂ ਦੀ ਗੱਲ ਹੈ ਖੰਨਾ ਸ਼ਹਿਰ ਵਿੱਚ ਰੇਲਵੇ ਫਾਟਕ ਦੇ ਨਜ਼ਦੀਕ ਇੱਕ ਸਾਧ ਔਰਤਾਂ ਨੂੰ ਸੇਬ ਦੇ ਕੇ ਕਹਿੰਦਾ ਸੀ ਕਿ ਇਸ ਦੇ ਖਾਣ ਨਾਲ ਮੁੰਡਾ ਹੋ ਜਾਵੇਗਾ। ਸੇਬ ਖਾਣ ਤੋਂ ਬਾਅਦ ਔਰਤ ਨੂੰ ਮਾਹਾਵਾਰੀ ਆਉਣੀ ਬੰਦ ਹੋ ਜਾਂਦੀ ਸੀ ਅਤੇ ਉਸ ਦਾ ਪੇਟ ਵੀ ਗਰਭਵਤੀ ਔਰਤ ਵਾਂਗ ਵੱਧਣਾ ਸ਼ੁਰੂ ਹੋ ਜਾਂਦਾ ਸੀ। ਉਹ ਸਾਧ ਔਰਤਾਂ ਨੂੰ ਇਹ ਵੀ ਕਹਿੰਦਾ ਸੀ ਕਿ ਜੇਕਰ ਉਹਨਾਂ ਨੇ ਆਪਣੇ ਗਰਭ ਸਬੰਧੀ ਕੋਈ ਵੀ ਜਾਂਚ ਕਰਵਾਈ ਤਾਂ ਉਹਨਾਂ ਦੇ ਹੋਣ ਵਾਲੇ ਬੱਚੇ ਦਾ ਨੁਕਸਾਨ ਹੋ ਜਾਵੇਗਾ ਪਰ ਨੌ ਮਹੀਨੇ ਮਗਰੋਂ ਉਸ ਔਰਤ ਦੇ ਹੱਥ ਕੁੱਝ ਵੀ ਨਹੀਂ ਸੀ ਲਗਦਾ। ਪਰ ਉਹ ਸਾਧ ਇਸ ਕੰਮ ਤੋਂ ਚੰਗੀ ਕਮਾਈ ਕਰ ਗਿਆ। ਇੱਕ ਹੋਰ ਘਟਨਾ ਮੈਨੂੰ ਯਾਦ ਆਉਂਦੀ ਹੈ ਕਿ ਇਕ ਸਾਧ ਨੇ ਬੋਰਡ ਤੇ ਲਿਖ ਕੇ ਲਗਾਇਆ ਹੋਇਆ ਸੀ ਕਿ ਆਈਲਟ ਵਿੱਚ ਵੱਧ ਬੈਂਡ ਪ੍ਰਾਪਤ ਕਰੋ, ਫੀਸ ਹਜ਼ਾਰ ਰੁਪੈ ।ਮੈਂ ਉਸ ਸਾਧ ਦੇ ਚੇਲੇ ਨੂੰ ਪੁੱਛਿਆ ਕਿ ਉਹਨਾਂ ਨੂੰ ਆਈਲਟ ਦੇ ਕੁੱਲ ਬੈਂਡ ਬਾਰੇ ਪਤਾ ਹੈ ਤਾਂ ਉਸ ਨੇ ਉੱਤਰ ਦਿੱਤਾ ਕਿ ਇਸ ਬਾਰੇ ਤਾਂ ਇਹਨਾਂ ਨੂੰ ਪਤਾ ਨਹੀਂ ਪਰ ਜੇਕਰ ਕਿਸੇ ਵਿਦਿਆਰਥੀ ਦੇ ਘੱਟ ਬੈਂਡ ਆਉਂਦੇ ਹੋਣ ਤਾਂ ਇਹ ਉਸ ਦੇ ਘੱਟ ਬੈਂਡ ਨੂੰ ਵੱਧ ਬੈਂਡ ਵਿੱਚ ਬਦਲਣ ਦਾ ਮੰਤਰ ਜਾਣਦੇ ਹਨ। ਇਹ ਸੁਣ ਕੇ ਮੈਨੂੰ ਬਹੁਤ ਹੈਰਾਨੀ ਹੋਈ। ਹਿੰਦੂ ਸਮਾਜ ਵਿੱਚ ਵਿਆਹ ਸਮੇਂ ਜਨਮ ਪੱਤਰੀ ਮਿਲਾਉਣਾ ਵੀ ਵਹਿਮਾਂ ਭਰਮਾਂ ਦਾ ਇੱਕ ਹਿੱਸਾ ਹੈ। ਮੁੰਡਾ ਅਤੇ ਕੁੜੀ ਦੋਵਾਂ ਵਿੱਚੋਂ ਕੋਈ ਇੱਕ ਮੰਗ-ਲੀਕ ਨਿਕਲ ਆਵੇ ਤਾਂ ਵਿਆਹ ਦੀ ਗੱਲ ਬਾਤ ਨੂੰ ਅੱਗੇ ਨਹੀਂ ਤੋ ਰਿਆਜਾਂ ਦਾ। ਭਾਵ ਇਹ ਹੈ ਕਿ ਰਿਸ਼ਤਾ ਤਾਂ ਹੀ ਕੀਤਾ ਜਾਂਦਾ ਹੈ ਕਿ ਜਾਂ ਤਾਂ ਮੁੰਡਾ ਅਤੇ ਕੁੜੀ ਦੋਵੇਂ ਹੀ ਮੰਗਲੀਕ ਹੋਣ ਜਾਂ ਦੋਵਾਂ ਵਿੱਚੋਂ ਕੋਈ ਵੀ ਮੰਗਲੀਕ ਨਾ ਹੋਵੇ। ਪੁੱਛਿਆ ਦੇਣ ਵਾਲੇ ਸਾਡੇ ਇਹਨਾਂ ਵਹਿਮਾਂ ਭਰਮਾਂ ਦਾ ਖੂਬ ਫਾਇਦਾ ਉਠਾ ਰਹੇ ਹਨ। ਸਾਡੇ ਦੇਸ਼ ਵਿੱਚ ਪੁੱਛਿਆ ਅਤੇ ਉਪਾਅ ਦੇ ਨਾਂ ਤੇ ਸਵੇਰ ਤੋ ਸ਼ਾਮ ਤੱਕ ਕਰੋੜਾਂ ਰੁਪਏ ਦਾ ਵਪਾਰ ਹੋ ਰਿਹਾ ਹੈ। ਇੱਕ ਵਾਰ ਮੈਨੂੰ ਵੀ ਆਪਣੇ ਇੱਕ ਦੋਸਤ ਨਾਲ ਪੁੱਛਿਆ ਦੇਣ ਵਾਲੇ ਪੰਡਿਤ ਕੋਲ ਜਾਣ ਦਾ ਮੌਕਾ ਮਿਲਿਆ। ਪੰਡਿਤ ਜੀ ਪੁੱਛਿਆ ਦੇਣ ਦਾ ਪੰਜ ਸੌ ਰੁਪੈ ਪ੍ਰਤੀ ਵਿਅਕਤੀ ਲੈਂਦੇ ਸਨ। ਜਦੋਂ ਅਸੀਂ ਉਹਨਾਂ ਦੇ ਘਰ ਗਏ ਤਾਂ ਕਾਫ਼ੀ ਬੰਦੇ ਪਹਿਲਾਂ ਹੀ ਉਥੇ ਮੌਜੂਦ ਸਨ। ਅਸੀਂ ਵੀ ਕਾਉਂਟਰ ਤੇ ਬੈਠੀ ਲੜਕੀ ਤੋਂ ਪੰਜ ਸੌ ਰੁਪਏ ਦੀ ਰਸੀਦ ਲੈ ਲਈ। ਪੁੱਛਣ ਤੇ ਉਸ ਲੜਕੀ ਨੇ ਦੱਸਿਆ ਕਿ ਤੁਹ-ਾਡਾ ਨੰਬਰ ਲਗਭਗ ਸਾਢੇ ਤਿੰਨ ਘੰਟੇ ਤੋ ਬਾਅਦ ਆਵੇਗਾ। ਮੈ-ਂਆਪਣੇ ਦੋਸਤ ਨੂੰ ਕਮਰੇ ਵਿੱਚ ਬੈਠਾ ਕੇ ਬਾਹਰ ਆ ਗਿਆ। ਕੁੱਝ ਲੋਕ ਜੋ ਬਾਹਰ ਖੜ੍ਹੇ ਸਨ। ਮੈਂ ਉਹਨਾਂ ਨਾਲ ਗੱਲਬਾਤ ਕਰਨੀ ਸ਼ੂਰੂ ਕਰ ਦਿੱਤੀ। ਗੱਲ ਬਾਤ ਦੌਰਾਨ ਇੱਕ ਵਿਅਕਤੀ ਨੇ ਦੱਸਿਆ ਮੇਰੀ ਇੱਕ ਹੀ ਬੇਟੀ ਹੈ। ਮੈਂ ਉਸਨੂੰ ਵਿਦੇਸ਼ ਭੇਜਣਾ ਚਾਹੁੰਦਾ ਸੀ ਪਰ ਲੜਕੀ ਨਹੀਂ ਮੰਨੀ। ਉਸਨੇ ਮੈਨੂੰ ਕਿਹਾ ਕਿ ਮੈਂ ਐਮ ਕਰਨਾ ਚਾਹੁੰਦੀ ਹਾਂ। ਅਸੀਂ ਬੜੀ ਮੁਸ਼ਕਲ ਨਾਲ ਪੰਜਾਹ ਲੱਖ ਰੁਪਇਆ ਦੇ ਕੇ ਉਸ ਦਾ ਦਾਖਲਾ ਮੈਡੀਕਲ ਕਾਲਜ ਵਿੱਚ ਕਰਵਾ ਦਿੱਤਾ ਪਰ ਉਹ ਪਹਿਲੇ ਸਾਲ ਹੀ ਕਹਿਣ ਲੱਗ ਪਈ ਕਿ ਮੈਂ ਇਹ ਪੜ੍ਹਾਈ ਨਹੀਂ ਕਰਨੀ। ਸਾਡੇ ਲਈ ਇਹ ਬਹੁਤ ਹੀ ਔਖੀ ਸਥਿਤੀ ਪੈਦਾ ਹੋ ਗਈ ਸੀ। ਹੁਣ ਅਸੀਂ ਇਸ ਸਮੱਸਿਆ ਦੇ ਉਪਾਅ ਲਈ ਹੀ ਪੰਡਿਤ ਜੀ ਕੋਲ ਆਏ ਹਾਂ। ਇੱਕ ਹੋਰ ਵਿਦਿਆਰਥੀ ਨਾਲ ਗੱਲ ਕੀਤੀ ਅਤੇ ਮੈਂ ਉਸਨੂੰ ਇੱਥੇ ਆਉਣ ਦਾ ਕਾਰਨ ਪੁੱਛਿਆ ਤਾਂ ਵਿਦਿਆਰਥੀ ਨੇ ਦੱਸਿਆ ਕਿ ਅੰਕਲ ਮੈਂ ਇਹ ਪੁੱਛਣ ਆਇਆ ਹਾਂ ਕਿ ਮੇਰੇ ਆਈਲਟ ਵਿੱਚ ਚੰਗੇ ਬੈਂਡ ਆ ਜਾਣਗੇ ਜਾਂ ਨਹੀਂ। ਮੈਂ ਉਸ ਨੂੰ ਕਿਹਾ ਬੇਟਾ ਬੈਂਡ ਤਾਂ ਤੂੰ ਆਪਣੀ ਮਿਹਨਤ ਨਾਲ ਪ੍ਰਾਪਤ ਕਰਨੇ ਹਨ ਤਾਂ ਉਹ ਬੋਲਿਆ ਕਿ ਨਹੀਂ ਮੈਂ ਸਿਰਫ ਇਹ ਪਤਾ ਕਰਨਾ ਹੈ ਕਿ ਆ ਜਾਣਗੇ ਜਾਂ ਨਹੀਂ। ਇੱਕ ਹੋਰ ਵਿਅਕਤੀ ਨਾਲ ਗੱਲ ਕੀਤੀ ਜੋ ਕਿਸੇ ਮੁਸਲਿਮ ਦੇਸ਼ ਤੋਂ ਵਾਪਸ ਪਰਤ ਕੇ ਆਇਆ ਸੀ। ਮੈਂ ਉਸਨੂੰ ਕਿਹਾ ਵੀਰ ਜੀ ਤੁਸੀਂ ਤਾਂ ਸਿੱਖ ਧਰਮ ਨਾਲ ਸਬੰਧ ਰੱਖਦੇ ਹੋ ਫਿਰ ਤੁਸੀਂ ਇਹਨਾਂ ਪੰਡਿਤਾਂ ਦੇ ਚੱਕਰ ਵਿੱਚ ਕਿਵੇਂ ਆ ਗਏ ਤਾਂ ਉਸ ਨੇ ਦੱਸਿਆ ਕਿ ਉਹ ਪਿਛਲੇ ਕਈ ਸਾਲਾਂ ਤੋ ਇਹਨਾਂ ਤੋਂ ਪੁੱਛਿਆ ਲੈਣ ਲਈ ਆ ਰਿਹਾ ਹੈ। ਮੈਂ ਜਿਸ ਦੇਸ਼ ਤੋ ਵਾਪਸ ਆਇਆ ਹਾਂ ਉਥੇ ਡਰਾਈਵਰੀ ਦਾ ਕੰਮ ਬਹੁਤ ਘੱਟ ਗਿਆ ਹੈ। ਮੈਂ ਇਹਨਾਂ ਤੋਂ ਸਿਰਫ ਇਹ ਪੁੱਛਣ ਆਇਆ ਹਾਂ ਕਿ ਮੇਰੇ ਲਈ ਕਿਸ ਦੇਸ਼ ਵੱਲ ਜਾਣਾ ਠੀਕ ਰਹੇਗਾ। ਸਾਡੇ ਸਮਾਜ ਦੇ ਖੱਤਰੀ ਭਾਈਚਾਰੇ ਵਿੱਚ ਇੱਕ ਹੋਰ ਵਹਿਮ ਪਾਇਆ ਜਾਂਦਾ ਹੈ। ਜਦੋਂ ਉਹਨਾਂ ਦੇ ਘਰ ਵਿੱਚ ਮੁੰਡੇ ਦਾ ਜਨਮ ਹੁੰਦਾ ਹੈ ਤਾਂ ਉਸ ਮੁੰਡੇ ਨੂੰ ਪੰਜ ਸਾਲ ਦੀ ਉਮਰ ਤੱਕ ਸਲਾਈ ਕੀਤਾ ਕੱਪੜਾ ਪਾਉਣ ਦੀ ਇਜ਼ਾਜਤ ਨਹੀਂ ਹੁੰਦੀ। ਉਸ ਨੂੰ ਪੰਜ ਸਾਲ ਦੀ ਉਮਰ ਤੱਕ ਕਪੜੇ ਦੀ ਗੱਠ ਮਾਰ ਕੇ ਕਪੜਾ ਪਹਿਨਾਇਆ ਜਾਂਦਾ ਹੇ। ਜਦੋਂ ਮੈਂ ਆਪਣੇ ਇੱਕ ਦੋਸਤ ਨੂੰ ਇਸ ਬਾਰੇ ਪੁੱਛਿਆ ਤਾਂ ਉਸ ਨੇ ਉੱਤਰ ਦਿੱਤਾ ਕਿ ਸਾਡੇ ਵਿੱਚ ਅਜਿਹੀ ਧਾਰਨਾ ਹੈ ਕਿ ਜੇ ਅਸੀਂ ਸਲਾਈ ਕੀਤਾ ਕਪੜਾ ਮੁੰਡੇ ਨੂੰ ਪਾ ਦੇਵਾਂਗੇ ਤਾਂ ਇਸ ਤਰਾਂ ਕਰਨ ਨਾਲ ਮੁੰਡੇ ਦਾ ਨੁਕਸਾਨ ਹੋ ਸਕਦਾ ਹੈ। ਜਦੋਂ ਮੈਂ ਉਸ ਨੂੰ ਇਹੀ ਗੱਲ ਕੁੜੀਆਂ ਪ੍ਰਤੀ ਪੁੱਛੀ ਤਾਂ ਉਹ ਤੱਸਲੀਬਖ਼ਸ ਜਵਾਬ ਨਾ ਦੇ ਸਕਿਆ। ਬਹੁਤ ਸਮਾਂ ਪਹਿਲਾਂ ਪਟਿਆਲਾ ਵਿਖੇ ਇੱਕ ਜੋਤਸ਼ੀ ਪੁੱਛਿਆ ਦੇਣ ਦਾ ਕੰਮ ਕਰਦਾ ਸੀ। ਦੂਰੋਂ ਦੂਰੋਂ ਲੋਕ ਉਸ ਤੋਂ ਆਪਣੇ ਭਵਿੱਖ ਬਾਰੇ ਜਾਨਣ ਲਈ ਆਉਂਦੇ ਸਨ। ਫਿਰ ਇੱਕ ਦਿਨ ਅੱਧੀ ਰਾਤ ਨੂੰ ਉਸਦੀ ਲੜਕੀ ਕਿਸੇ ਲੜਕੇ ਨਾਲ ਚਲੀ ਗਈ। ਸੋਚਣ ਵਾਲੀ ਗੱਲ ਇਹ ਹੈ ਕਿ ਉਸ ਜੋਤਸ਼ੀ ਨੂੰ ਇਹ ਨਹੀਂ ਸੀ ਪਤਾ ਕਿ ਮੇਰੀ ਲੜਕੀ ਨੇ ਅੱਜ ਘਰੋਂ ਚਲੇ ਜਾਣਾ ਹੈ। ਇਸੇ ਤਰਾਂ ਇੱਕ ਪਿੰਡ ਵਿੱਚ ਕੋਈ ਬੰਦਾ ਖੋਈ ਹੋਈ ਚੀਜ ਬਾਰੇ ਦੱਸਦਾ ਸੀ ਕਿ ਉਹ ਕਿਸੇ ਦਿਸ਼ਾ ਵਿੱਚ ਮਿਲੇਗੀ। ਥੋੜ੍ਹੇ ਦਿਨਾਂ ਬਾਅਦ ਉਸ ਜੋਤਸ਼ੀ ਦੀ ਮੱਝ ਗੁਆਚ ਗਈ ਤਾਂ ਲੋਕਾਂ ਨੇ ਪੁੱਛਿਆ ਕਿ ਪੰਡਤ ਜੀ ਹੁਣ ਦੱਸੋ ਤੁਹਾਡੀ ਮੱਝ ਕਿਸ ਦਿਸ਼ਾ ਵੱਲ ਮਿਲੇਗੀ ਅਸੀਂ ਜਾ ਕੇ ਲੈ ਆਵਾਂਗੇ। ਪੰਡਿਤ ਜੀ ਨੇ ਮੱਝ ਜਿਸ ਦਿਸ਼ਾ ਵੱਲ ਦੱਸੀ ਉਹ ਉਸ ਤੋ ਉਲਟ ਦਿਸ਼ਾ ਵੱਲ ਮਿਲੀ। ਅਸੀਂ ਕਿਸੇ ਮਜ਼ਦੂਰ ਨੂੰ ਦਿਹਾੜੇ ਦੇਣ ਸਮੇਂ ਸੰਕੋਚ ਕਰਦੇ ਹਾਂ ਪਰ ਪੰਡਿਤ ਨੂੰ ਦਸ ਮਿੰਟ ਦੇ ਪੰਜ ਸੌ ਰੁਪਏ ਦੇਣ ਤੋਂ ਗੁਰੇਜ਼ ਨਹੀਂ ਕਰਦੇ। ਕਈ ਲੋਕ ਤਾਂ ਪੰਡਿਤ ਕੋਲੋਂ ਇਹ ਵੀ ਪੁੱਛਦੇ ਹਨ ਕਿ ਸਾਡੇ ਘਰ ਵਿੱਚ ਹੋਣ ਵਾਲਾ ਬੱਚਾ ਮੁੰਡਾ ਹੋਵੇਗਾ ਜਾਂ ਕੁੜੀ। ਉਹ ਮੁੰਡੇ ਦੀ ਇੱਛਾ ਨੂੰ ਲੈ ਕੇ ਪੰਡਿਤ ਨੂੰ ਕੋਈ ਦਾਨ ਪੁੰਨ ਬਾਰੇ ਪੁੱਛਦੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਸਾਇੰਸ ਨੇ ਜਦੋਂ ਇੰਨੀ ਤੱਰਕੀ ਕਰ ਲਈ ਹੈ ਅਤੇ ਅਸੀਂ ਚੰਨ ਤੇ ਪਹੁੰਚ ਗਏ ਹਾਂ ਪਰ ਬਹੁਤ ਸਾਰੇ ਲੋਕ ਮੁੰਡੇ ਅਤੇ ਕੁੜੀ ਨੂੰ ਸਮਾਨ ਨਹੀਂ ਸਮਝਦੇ। ਉਹ ਹਮੇਸ਼ਾ ਮੁੰਡੇ ਦੀ ਹੀ ਮੰਗ ਕਰਦੇ ਹਨ। ਮੈਂ ਪੜ੍ਹੇ ਲਿਖੇ ਲੋਕਾਂ ਨੂੰ ਇਹ ਕਹਿੰਦੇ ਸੁਣਿਆ ਹੈ ਕਿ ਮੈਂ ਤੁਹਾਨੂੰ ਪਾਰਟੀ ਦੇਵਾਗਾਂ ਜੇ ਰੱਬ ਸਾਡੇ ਘਰ ਚੰਗੀ ਚੀਜ਼ ਦੇਵੇਗਾ। ਉਹਨਾਂ ਦਾ ਚੰਗੀ ਚੀਜ਼ ਤੋਂ ਭਾਵ ਮੁੰਡਾ ਹੁੰਦਾ ਹੈ। ਸਾਨੂੰ ਸਵਸਥ ਬੱਚੇ ਦੀ ਮੰਗ ਕਰਨੀ ਚਾਹੀਦੀ ਹੈ। ਕੋਈ ਪੰਡਿਤ ਕੁਦਰਤੀ ਦੇਣ ਨੂੰ ਰੋਕ ਸਕਦਾ ਹੈ। ਇਹ ਨਿਰਾ ਵਹਿਮ ਭਰਮ ਹੈ। ਅੰਤ ਵਿੱਚ ਸਾਨੂੰ ਚਾਹੀਦਾ ਹੈ ਕਿ ਅਸੀਂ ਪ੍ਰਮਾਤਮਾ ਤੇ ਪੂਰਾ ਭਰੋਸਾ ਰੱਖੀਏ। ਸੱਚੇ ਦਿਲੋਂ ਮਿਹਨਤ ਕਰੀਏ। ਵਿਗਿਆਨਕ ਸੋਚ ਅਪਣਾਈਏ ਅਤੇ ਇਹ ਯਾਦ ਰੱਖੀਏ ਕਿ ਜੇਕਰ ਅਸੀਂ ਇਸ ਦੁਨੀਆਂ ਵਿੱਚ ਆਏ ਹਾਂ ਤਾਂ ਸਾਨੂੰ ਸੁੱਖ ਅਤੇ ਦੁੱਖ ਦੋਵਾਂ ਨੂੰ ਹੀ ਭੋਗਣਾ ਪਵੇਗਾ ਕਿਉਂਕਿ ਸਾਡੇ ਈਸ਼ਟ ਸ੍ਰੀ ਰਾਮ ਚੰਦਰ ਜੀ ਨੂੰ ਚੌਦਾਂ ਸਾਲਾਂ ਦਾ ਬਨਵਾਸ ਭੋਗਣਾ ਪਿਆ ਸੀ। ਸਾਡੇ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਰਿਵਾਰ ਦੀ ਕੁਰਬਾਨੀ ਦਿੱਤੀ। ਈਸਾ ਮਸੀਹ ਨੂੰ ਸੂਲੀ ਤੇ ਟੰਗਿਆ ਗਿਆ। ਇਸ ਤਰਾਂ ਅਸੀਂ ਦੇਖਦੇ ਹਾਂ ਕਿ ਦੁੱਖ ਸੁੱਖ ਜੀਵਨ ਦਾ ਅੰਗ ਹਨ।



ਸਾਨੂੰ ਹਰ ਤਰ੍ਹਾਂ ਦੇ ਵਹਿਮ ਭਰਮ ਛੱਡ ਕੇ ਜੀਵਨ ਜੀਉਣਾ ਚਾਹੀਦਾ ਹੈ। ਕਿਸੇ ਪੁੱਛਿਆ ਦੇਣ ਵਾਲੇ ਦੇ ਪਿੱਛੇ ਲੱਗ ਕੇ ਆਪਣਾ ਸਮਾਂ ਅਤੇ ਪੈਸਾ ਬਰਬਾਦ ਨਹੀਂ ਕਰਨਾ ਚਾਹੀਦਾ। ਵਹਿਮਾਂ ਭਰਮਾਂ ਤੋਂ ਦੂਰ ਰਹਿ ਕੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਬਚਾਉਣਾ ਚਾਹੀਦਾ ਹੈ। ਸਾਡੀ ਸਾਰਿਆਂ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਅਸੀਂ ਵਿਗਿਆਨਕ ਸੋਚ ਆਪਣਾਈਏ ਅਤੇ ਆਪਣੇ ਜੀਵਨ ਨੂੰ ਸਾਰਥਕ ਬਣਾਈਏ।

# ਪ੍ਰਸਿੱਧ ਪੰਜਾਬੀ ਰੈਪ (ਮਿਕਸ-ਭਾਸ਼ਾਵਾਂ ਦਾ) ਸਿੰਗਰ : ਫਤਿਹ ਡੋਅ

ਪਿਤਾ ਪਿਆਰਾ ਸਿੰਘ ਤੇ ਮਾਤਾ ਸੁਰਜੀਤ ਕੌਰ ਦਾ ਲਾਡਲਾ ਫਤਿਹਜੀਤ ਸਿੰਘ ਉਰਫ਼ ਫਤਿਹ ਡੋਅ ਪਹਿਲਾ ਸਿੱਖ ਰੈਪਰ (ਮਿਕਸ-ਭਾਸ਼ਾਵਾਂ ਦਾ) ਗਾਇਕ ਹੈ, ਜਿਸਨੇ ਪੰਜਾਬੀ ਵਿਚ ਪਗੜੀ ਪਾ ਕੇ ਰੈਪ (ਮਿਕਸ-ਭਾਸ਼ਾਵਾਂ ਦੇ ਗੀਤ) ਗਾਉਣੇ ਸ਼ੁਰੂ ਕੀਤੇ। 19 ਅਕਤੂਬਰ 1989 ਨੂੰ ਬੈਂਕੌਕ, ਥਾਈਲੈਂਡ ਵਿਚ ਜਨਮ ਲੈਣ ਵਾਲੇ ਫ਼ਤਿਹਜੀਤ ਨੇ ਦੱਸਿਆ ਕਿ ਉਸ ਨੇ ਮੁੱਢਲੀ ਸਿੱਖਿਆ, ''ਥਾਈ ਸਿੱਖ ਇੰਟਰਨੈਸ਼ਨਲ ਸਕੂਲ, ਬੈਂਕੌਕ'' ਤੋਂ ਪ੍ਰਾਪਤ ਕੀਤੀ। ਸਾਢੇ ਪੰਜ ਸਾਲ ਦੀ ਉਮਰ ਵਿਚ ਫਤਿਹ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਵਿਚ ਜਾ ਵਸਿਆ। ਨਰਸਰੀ ਤੋਂ ਹਾਈ ਸਕੂਲ ਤੱਕ ਉਹ ਹੇਵਰਡ, ਕੈਲੀਫੋਰਨੀਆ ਦੇ ਸਕੂਲਾਂ ਵਿਚ ਪੜਿਆ। ਇੱਥੇ ਪੜਦਿਆਂ ਦੌਰਾਨ ਅੰਗ੍ਰੇਜ਼ੀ ਵਿਚ ਰੈਪ (ਮਿਕਸ-ਭਾਸ਼ਾਵਾਂ ਦੀ) ਗਾਇਕੀ ਦਾ ਉਸ ਨੂੰ ਸ਼ੌਕ ਜਾਗ ਪਿਆ। ਬਾਰਾਂ ਸਾਲ ਦੀ ਉਮਰ ਵਿਚ ਉਸ ਨੇ ਪਹਿਲੀ ਸੀ. ਡੀ. ਕੱਢੀ। ਬਚਪਨ ਤੋਂ ਹੀ ਬਹੁਤ ਲਗਨ ਅਤੇ ਮਿਹਨਤ ਨਾਲ ਉਸ ਨੇ ਆਪਣੇ ਸ਼ੌਕ ਨੂੰ ਪ੍ਰਫੁਲਿੱਤ ਕੀਤਾ। ਫਿਰ ਪਰਿਵਾਰ 2007 ਵਿਚ ਟੋਰਾਂਟੋ, ਕੈਨੇਡਾ ਜਾ ਵਸੇ ਤਾਂ ਉਸਨੇ ਯੰਗ ਫਤਿਹ ਦੇ ਨਾਂ ਹੇਠਾਂ ਗਾਉਣਾ ਸ਼ੁਰੂ ਕਰ ਦਿੱਤਾ। ਇਸੇ ਦੌਰਾਨ ਯੌਰਕ ਯੂਨੀਵਰਸਿਟੀ ਤੋਂ ਸੋਸ਼ਿਓਲੋਜੀ ਅਤੇ ਸਾਈਕੋਲੋਜੀ ਵਿਚ ਉਸ ਨੇ ਗਰੈਜੂਏਸ਼ਨ ਕੀਤੀ। ਇਸ ਤੋਂ ਬਾਅਦ ਇੰਗਲੈਂਡ ਦੇ ਡਾ. ਜੂਸ ਅਤੇ ਜ਼ੋਰਾ ਰੰਧਾਵਾ ਨਾਲ ਰਲਕੇ ਉਸਨੇ ਗਾਉਣਾ ਸ਼ੁਰੂ ਕੀਤਾ। ''ਹੈਪੀ ਨਿਊ ਯੀਅਰ'' ਵਿਚ ਉਸ ਨੇ ਇਕ ਗਾਣੇ ਵਿਚ ਲਵਲੀ ਰੈਪ (ਮਿਕਸ-ਭਾਸ਼ਾਵਾਂ ਦਾ ਗੀਤ) ਗਾਇਆ, ਜਿਸ ਤੇ ਦੀਪਿਕਾ ਪਾਦੂਕੋਣ ਨੇ ਡਾਂਸ ਕੀਤਾ।



ਉਪਰੰਤ ਉਸਨੇ ਪੰਜਾਬੀ ਦੇ ਸਰਬਜੀਤ ਚੀਮਾ, ਗਿੱਪੀ ਗਰੇਵਾਲ, ਬਿਲਾਲ ਸਈਅਦ, ਅਮਰਿੰਦਰ ਗਿੱਲ, ਜੈਜ਼ ਧਾਮੀ ਅਤੇ ਹੋਰ ਬਹੁਤ ਸਾਰੇ ਪੰਜਾਬੀ ਅਤੇ ਅੰਗ੍ਰੇਜ਼ੀ ਗਾਇਕਾਂ ਨਾਲ ਰੈਪ (ਮਿਕਸ-ਭਾਸ਼ਾਵਾਂ ਦੇ ਗੀਤ) ਗਾਏ। ਉਸਦੇ ਗਾਏ ਰੈਪ (ਮਿਕਸ-ਭਾਸ਼ਾਵਾਂ ਦੇ ਗੀਤ) ਘਰ-ਘਰ ਵੱਜਣ ਲੱਗੇ। ਉਸ ਦੀ ਗਾਇਕੀ ਪ੍ਰਤੀ ਸੇਵਾਵਾਂ ਦੀ ਕਦਰ ਪਾਉਂਦਿਆਂ "ਕੈਲੀਫੋਰਨੀਆ ਸਟੇਟ ਆਫ ਮਾਈਨਡ 2009'', "ਵੰਨ ਵਰਸ ਕਰਸ 2010'', "ਮਿਸਟਰ ਵਾਲ ਸਟਰੀਟ 2011'', ''ਨਹੀਉਂ ਜਾਣਦੇ (ਸੋਲੋ)'' ਆਦਿ ਐਵਾਰਡ ਉਸ ਦੀ ਝੋਲੀ ਪਏ। ਉਸ ਨੂੰ ਚਾਰ ਨੌਮੀਨੇਸ਼ਨਜ਼ ਵੀ ਮਿਲ ਚੁੱਕੀਆਂ ਹਨ ਬਰੇਕਥਰੂ ਐਕਟ, ਬੈਸਟ ਨੌਰਥ ਅਮੈਰੀਕਨ ਐਕਟ, ਬੈਸਟ ਅਰਬਨ ਏਸ਼ੀਅਨ ਐਕਟ (ਬਰਿਟ ਏਸ਼ੀਆ ਮਿਊਜ਼ਿਕ ਅਵਾਰਡ, ਬਰਿੰਗ ਇਟ ਹੋਮ (ਸੋਲੋ)। ਯੂ-ਟਿਊਬ ਚੈਨਲ ਵਲੋਂ ਸਿਲਵਰ ਟਰੌਫੀ ਅਤੇ ਸਿਟੀ ਆਫ ਬਰੈਂਪਟਨ ਵਲੋਂ ਵੀ ਉਸਨੂੰ ਬੜੀ ਸ਼ਾਨੋ-ਸ਼ੌਕਤ ਨਾਲ ਸਨਮਾਨਿਤ ਕੀਤਾ ਗਿਆ। ਉਸ ਦੀਆਂ ਗਾਇਕੀ ਪ੍ਰਤੀ ਨਿਭਾਈਆਂ ਸੇਵਾਵਾਂ ਦੇ ਯੂ-ਟਿਊਬ ਉਤੇ ਵੀ. ਡੀ. ਓ. ਅਤੇ ਇੰਟਰਵਿਊਜ਼ ਵੀ ਦੇਖਣ ਨੂੰ ਮਿਲ ਰਹੇ ਹਨ।

ਵਿਸ਼ੇਸ਼ ਵਰਣਨ ਯੋਗ ਹੈ ਕਿ ਫਤਿਹ ਦੇ ਮਾਤਾ ਸ੍ਰੀਮਤੀ ਸੁਰਜੀਤ ਕੌਰ ਜੀ ਅਤੇ ਪਿਤਾ ਸ੍ਰ. ਪਿਆਰਾ ਸਿੰਘ ਕੁੱਦੋਵਾਲ ਜੀ ਜਿੱਥੇ ਦੋਵੇਂ ਹੀ ਪੰਜਾਬ ਦੇ ਜਿਲਾ ਜਲੰਧਰ ਵਿਖੇ ਅਧਿਆਪਨ ਦੇ ਕਾਰਜ ਵਿਚ ਰਹਿ ਚੁੱਕੇ ਹਨ, ਉਥੇ ਇਹ ਦੋਨੋਂ ਹੀ ਵਧੀਆ ਲੇਖਕ ਵੀ ਹਨ।

ਇਹੋ ਜਿਹੇ ਸੁਭਾਗੇ ਵਿਹੜੇ ਵਿਚ ਜਨਮ ਲੈਣ ਵਾਲੇ ਫਤਿਹ ਡੋਅ ਵਰਗੇ ਗਾਇਕ ਦਾ ਦੇਸ਼-ਵਿਦੇਸ਼ ਵਿਚ ਧੁੰਮਾ ਪਾਉਣਾ ਸਮੂਹ ਪੰਜਾਬੀਆਂ ਲਈ ਮਾਣ ਵਾਲੀ ਗੱਲ ਹੈ। ਰੱਬ ਕਰੇ ! ਸਾਹਿਤ ਤੇ ਸੱਭਿਆਚਾਰ ਨੂੰ ਸਮਰਪਿਤ ਇਹ ਪੰਜਾਬੀ-ਪਰਿਵਾਰ ਆਪੋ-ਆਪਣੇ ਖੇਤਰ ਵਿਚ ਹੋਰ ਵੀ ਬੁਲੰਦੀਆਂ ਨੂੰ ਜਾ ਛੂਹਵੇ!

**-ਪ੍ਰੀਤਮ ਲੁਧਿਆਣਵ**

# ਗੀਤਕਾਰੀ ਦਾ ਨਾਮਵਰ ਹਸਤਾਖਰ : ਮੇਜਰ ਸਾਹਿਬਪੁਰੀਆ

ਜਿਲ੍ਹਾ ਪਟਿਆਲਾ ਦੇ ਪਿੰਡ ਸਾਹਿਬਪੁਰਾ ਵਿਚ, 1 ਫਰਵਰੀ, 1982 ਨੂੰ ਸਰਦਾਰ ਰੁਲਦਾ ਸਿੰਘ ਪਿਤਾ ਤੇ ਕਰਨੈਲ ਕੌਰ ਮਾਤਾ ਜੀ ਦੇ ਗ੍ਰਹਿ ਨੂੰ ਭਾਗ ਲਾਉਣ ਵਾਲਾ ਮੇਜਰ ਸਾਹਿਬਪੁਰੀਆ ਗੀਤਕਾਰੀ ਖੇਤਰ ਵਿਚ ਪ੍ਰਵਾਨਿਤ ਹੋ ਚੁੱਕਾ ਨਾਂਉਂ ਹੈ। ਮੇਜਰ ਦੱਸਦਾ ਹੈ ਕਿ ਉਸਨੂੰ ਗੀਤਕਾਰੀ ਦਾ ਸ਼ੌਕ ਬਚਪਨ ਤੋਂ ਹੀ ਜਾਗ ਪਿਆ ਸੀ। ਉਸ ਦੇ ਸਭ ਤੋਂ ਪਹਿਲਾਂ ਦੋ ਡਿਊਟ-ਗੀਤ, "ਲੱਠ ਵਰਗੀ ਰੰਨ'' ਤੇ "ਬਾਪੂ ਜੀ ਟਰਾਈਆਂ ਮਾਰਦਾ'' ਗਾਇਕ ਕਲਾਕਾਰ ਦੀਵਾਨ ਚਮਕਾਰਾ ਅਤੇ ਬੀਬੀ ਸੋਹਣ ਸਿਤਾਰਾ ਨੇ ਆਪਣੀ ਸੁਰੀਲੀ ਤੇ ਦਮਦਾਰ ਅਵਾਜ਼ ਵਿਚ ਮਾਰਕੀਟ ਵਿਚ ਉਤਾਰੇ ਸਨ। ਇਨ੍ਹਾਂ ਗੀਤਾਂ ਨੂੰ ਐਸਾ ਭਰਵਾਂ ਹੁੰਗਾਰਾ ਮਿਲਿਆ ਕਿ ਮੇਜ਼ਰ ਨੇ ਮੁੜ ਕੇ ਪਿੱਛੇ ਵੱਲ ਨਹੀ ਦੇਖਿਆ। ਫਿਰ ਉਸ ਦੇ "ਚਿੱਟੀ ਪੱਗ ਦਾਦੇ ਦੀ'', "ਲੰਗਰ'', "ਪੰਥ ਪਿਆਰਾ'' ਤੇ ਜ਼ਾਲਮ ਸੂਬੇ ਨੇ'' ਚਾਰ ਧਾਰਮਿਕ ਗੀਤ ਬਾਈ ਦਲਜੀਤ ਨੇ ਰਿਕਾਰਡ ਕੀਤੇ। ਇਸ ਪਿੱਛੋਂ ਇਕ ਗੀਤ "ਸ਼ਗਨਾ ਦੇ ਦਿਨ'' ਬਾਓਪੁਰੀ ਨੇ ਅਤੇ "ਪੱਤਾ ਪੱਤਾ'' ਯਾਦਵਿੰਦਰ ਸੰਧੂ ਨੇ ਕਲਾ-ਪ੍ਰੇਮੀਆਂ ਦੇ ਹੱਥਾਂ ਤੱਕ ਪਹੁੰਚਦੇ ਕੀਤੇ। ਜਿਉਂ-ਜਿਉਂ ਉਸ ਦਾ ਨਾਂਓਂ ਗ਼ਲੀਆਂ-ਬਜ਼ਾਰਾਂ ਵਿਚ ਗੂੰਜਣ ਲੱਗਾ, ਤਿਉਂ-ਤਿਉਂ ਗਾਇਕ ਵੀ ਉਸ ਨੂੰ ਲੱਭਣ ਲੱਗ ਪਏ। ਫਿਰ, "ਹੱਥ ਦੋ ਦੋ ਕਰਕੇ'' ਅਤੇ "ਸੱਜਣਾ ਦੇ ਨਾਲ'' ਦੋ ਗੀਤ ਨਿਰਮਲ ਸੋਹਤਾਜ ਨੇ, "ਸੱਤ ਇਕਵੰਜਾ'', "ਚੰਡੀਗੜ੍ਹ ਦੀਆਂ ਕੁੜੀਆਂ'' ਤੇ "ਠੰਡੀ-ਠੰਡੀ ਛਾਂ'' ਮਾਤਾ ਜੀ ਦੀ ਭੇਟ, ਗਾਇਕ ਸੋਨੂੰ ਬੋਪਾਰਾਏ ਨੇ ਤਿੰਨ ਗੀਤ ਰਿਕਾਰਡ ਕਰਵਾਏ। ਰਿਕਾਰਡਿੰਗ ਦੀ ਇਸ ਚੱਲਦੀ ਲੜੀ ਵਿਚ ਗੀਤ, "ਪਿਆਰ''



ਗੁਰਜੀਤ ਤਲਵੰਡੀ ਨੇ .... ਸੂਫੀ ਗੀਤ "ਪੀਰਾ ਵੇ'' ਤੇ "ਚਿਰਾਗ ਲਾਲਾਂ ਵਾਲੇ ਦਾ'' ਸੇਵਕ ਚੀਮਾ ਨੇ ..... "ਸਲਾਮ ਫ਼ਕੀਰਾਂ ਨੂੰ''. ਅਤੇ "ਕਲਕੱਤੇ ਤੋਂ ਆ ਖੇਡਦੀ'' ਮਾਤਾ ਜੀ ਦੀ ਭੇਟ ਕਰਮਾ ਬਾਈ ਨੇ ਰਿਕਾਰਡ ਕੀਤੇ। ਗੱਲ ਕੀ, "ਵਿਰਲਾਪ ਮਾਵਾਂ ਦੇ'' ਕੇ. ਦੀਪ ਦੁਆਰਾ ਰਿਕਾਰਡ ਕਰਵਾਏ ਗਏ ਗੀਤ ਸਮੇਤ ਕੁੱਲ ਮਿਲਾਕੇ ਦੋ ਦਰਜ਼ਨ ਤੋਂ ਵੱਧ ਗੀਤਾਂ ਨਾਲ ਸੱਭਿਆਚਾਰ ਦੀ ਝੋ਼ਲੀ ਸ਼ਿੰਗਾਰ ਚੁੱਕਾ ਹੈ, ਇਹ ਗੀਤਕਾਰ।

ਮੇਜ਼ਰ ਦੇ ਆਉਣ ਵਾਲੇ ਗੀਤਾਂ ਬਾਰੇ ਪੁੱਛਣ ਤੇ ਉਸ ਦੱਸਿਆ ਕਿ ਸੋਨੂੰ ਬੋਪਾਰਾਏ ਦੀ ਅਵਾਜ਼ 'ਚ ਡਿਊਟ ਗੀਤ ਤੋਂ ਇਲਾਵਾ ਹਰਬੰਸ ਬੱਬੂ, ਸੇਵਕ ਚੀਮਾ, ਕਰਮਾ ਬਾਈ ਦੀ ਅਵਾਜ 'ਚ ਸੂਫੀ ਗੀਤ ਅਤੇ ਵਿੱਕੀ ਮੌਦਗਿੱਲ ਦੀ ਅਵਾਜ਼ 'ਚ ਮਾਤਾ ਦੀ ਭੇਟ ਆਦਿ ਜਲਦੀ ਹੀ ਆ ਰਹੇ ਹਨ, ਮਾਰਕੀਟ ਵਿਚ।



ਪ੍ਰੀਤਮ ਲੁਧਿਆਣਵੀ
9876428641

ਰੱਬ ਕਰੇ ਜਾਨਦਾਰ ਤੇ ਸ਼ਾਨਦਾਰ ਕਲਮ ਦਾ ਮਾਲਕ ਮੇਜ਼ਰ ਸਾ-ਹਬਪੁਰੀਆ ਇਵੇਂ ਹੀ ਗੀਤ-ਸੰਗੀਤ ਦੇ ਪੁਜਾਰੀਆਂ ਨੂੰ ਆਪਣੇ ਗੀਤਾਂ ਰਾਂਹੀਂ ਊਰਜਾ ਦਿੰਦਾ , ਗੀਤਕਾਰੀ ਦੀਆਂ ਸ਼ਿਖ਼ਰਾਂ ਨੂੰ ਛੂਹ ਜਾਵੇ।

06 ਮਈ ਪ੍ਰਕਾਸ਼ ਦਿਵਸ

# ਤੇਰੀ ਉਪਮਾ ਤੋਹਿ ਬਨਿ ਆਵੈ



ਰਮੇਸ਼ ਬੱਗਾ ਚੋਹਲਾ 91-94631-32719

ਗੁਰੂ ਨਾਨਕ ਪਾਤਸ਼ਾਹ ਜੀ ਦੀ ਤੀਸਰੀ ਜੋਤ ਸ੍ਰੀ ਗੁਰੂ ਅਮਰਦਾਸ ਜੀ ਸਰੀਰਕ ਤੌਰ ਤੇ ਬੇਸ਼ੱਕ ਉਮਰ ਦੇ ਉਸ ਪੜਾਅ ’ਤੇ ਵਿਚਰ ਰਹੇ ਸਨ ਜਿੱਥੇ ਪਹੁੰਚ ਕੇ ਆਮ ਮਨੁੱਖ ਜਿਸਮਾਨੀ ਤੌਰ ’ਤੇ ਕੁੱਝ ਥਕਾਵਟ ਅਤੇ ਰੁਕਾਵਟ ਜਿਹੀ ਮਹਿਸੂਸ ਕਰਨ ਲੱਗ ਪੈਂਦਾ ਹੈ, ਪਰ ਧੰਨ ਹਨ ਸ੍ਰੀ ਗੁਰੂ ਅਮਰਦਾਸ ਜੀ ਜਿਨ੍ਹਾਂ ਨੇ ਸੇਵਾ ਤੇ ਸਿਮਰਨ ਸਦਕਾ ਜੀਵਨ ਵਿੱਚ ਪੈ ਚੁੱਕੀ ਸ਼ਾਮ ਨੂੰ ਇੱਕ ਸਿਖਰ ਦੁਪਹਿਰ ਵਿੱਚ ਢਾਲ ਲਿਆ। ਉਨ੍ਹਾਂ ਦੁਆਰਾ ਅਧਿਆਤਮਕ ਅਤੇ ਸਮਾਜਿਕ ਖੇਤਰ ਵਿੱਚ ਜੋ ਦੇਣ ਮਨੁੱਖੀ ਕਲਿਆਣ ਹਿੱਤ ਦਿੱਤੀ ਗਈ, ਉਹ ਵੱਡਮੁੱਲੀ ਹੋਣ ਦੇ ਨਾਲ-ਨਾਲ ਲਸਾਨੀ ਕਿਸਮ ਦੀ ਵੀ ਹੈ। ਉਮਰ ਦੀ ਅਗਲੇਰੀ ਅਤੇ ਵਡੇਰੀ ਅਵਸਥਾ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅੰਗ ਲੱਗ ਕੇ ਨਾ ਸਿਰਫ ਆਪਣੀ ਸੇਵਾ ਨੂੰ ਹੀ ਘਾਲ ਪਾਇਆ, ਸਗੋਂ ਦੋ ਦਹਾਕਿਆਂ ਤੋਂ ਵੱਧ ਸਮਾਂ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਵੀ ਲਗਾਇਆ। ਗੁਰੂ ਅਮਰਦਾਸ ਦੁਆਰਾ ਸਿੱਖ ਫਿਲਾਸਫੀ ਨੂੰ ਦੂਰ-ਦੁਰਾਡੇ ਪਹੁੰਚਾਉਣ ਲਈ ਕੁੱਝ ਨਿਵੇਕਲੇ ਢੰਗ ਤਰੀਕਿਆਂ ਨੂੰ ਵਰਤੋਂ ਵਿੱਚ ਲਿਆਂਦਾ ਗਿਆ। ਇਹ ਢੰਗ ਤਰੀਕੇ ਨਾ ਸਿਰਫ ਸਮੇਂ ਦੀ ਲੋੜ ਮੁਤਾਬਕ ਹੀ ਖਰੇ ਉਤਰੇ, ਸਗੋਂ ਪੂਰਨ ਰੂਪ ਵਿੱਚ ਕਾਮਯਾਬ ਵੀ ਹੋਏ। ਇਸ ਕਾਮਯਾਬੀ ਕਾਰਨ ਹੀ ਭੱਟ ਭੱਲ ਜੀ ਆਪਣੀਆਂ ਪਾਵਨ ਪੰਕਤੀਆਂ ਵਿੱਚ ਫੁਰਮਾਉਂਦੇ ਹਨ-

ਘਨਹਰ ਬੂੰਦ, ਬਸੁਅ ਰੋਮਾਵਿਲ,
ਕੁਸਮ ਬਸੰਤ ਗਨੰਤ ਨਾ ਆਵੈ॥
ਰਵਿ ਸਸਿ ਕਿਰਣਿ ਉਦਰੁ ਸਾਗਰ ਕੋ,
ਗੰਗ ਤਰੰਗ ਅੰਤੁ ਕੋ ਪਾਵੈ॥
ਰੁਦ੍ਰ ਧਿਆਨ, ਗਿਆਨ ਸਤਿਗੁਰੂ ਕੇ,
ਕਬਿ ਜਨ ਭਲ ਉਨਹੁ ਜੋਗਾਵੈ॥
ਭਲੇ ਅਮਰਦਾਸ ਗੁਣ ਤੇਰੇ
ਤੇਰੀ ਉਪਮਾ ਤੋਹਿ ਬਨਿ ਆਵੈ॥

ਗੁਰੂ ਅਮਰਦਾਸ ਜੀ ਦਾ ਜਨਮ ਮਈ ਮਹੀਨੇ ਦੇ ਪੰਜਵੇਂ ਦਿਨ 1479 ਈ. ਨੂੰ ਪਿੰਡ ਬਾਸਰਕੇ (ਅੰਮ੍ਰਿਤਸਰ) ਵਿਖੇ ਪਿਤਾ ਸ੍ਰੀ ਤੇਜ ਭਾਨ ਜੀ ਅਤੇ ਮਾਤਾ ਸੁਲੱਖਣੀ ਦੀ ਕੁੱਖੋਂ ਹੋਇਆ। ਪਿਤਾ ਤੇਜ ਭਾਨ ਜੀ ਦਾ ਜਨਮ ਸਧਾਰਣ ਪਰ ਆਚਰਣ ਬਹੁਤ ਉੱਚਾ ਤੇ ਸੁੱਚਾ ਸੀ। ਮਾਤਾ ਸੁਲੱਖਣੀ ਜੀ ਵੀ ਬਹੁਤ ਹੀ ਸਹਿਣਸ਼ੀਲ ਅਤੇ ਧਾਰਮਿਕ ਸੁਭਾਅ ਦੀ ਖਵਾਤੀਨ ਸੀ।

ਪਰਿਵਾਰਕ ਪੱਖ ਤੋਂ ਗੁਰੂ ਅਮਰਦਾਸਰ ਜੀ ਚਾਰ ਭਰਾ ਸਨ, ਜਿਨ੍ਹਾਂ ਵਿੱਚ ਭਾਈ ਈਸ਼ਰਦਾਸ ਜੀ (ਪਿਤਾ ਭਾਈ ਗੁਰਦਾਸ ਜੀ) ਭਾਈ ਖੇਮ ਰਾਇ ਜੀ ਅਤੇ ਭਾਈ ਮਾਣਕ ਚੰਦ (ਕੁੜਮ ਸ੍ਰੀ ਗੁਰੂ ਅੰਗਦ ਦੇਵ ਜੀ) ਸਨ। ਇਹ ਚਾਰੇ ਭਾਈ ਬੜੇ ਹੀ ਭਲੇ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ। ਉਂਝ ਭਾਈ ਤੇਜਭਾਨ ਜੀ ਦਾ ਸਾਰਾ ਘਰਾਣਾ ਬਹੁਤ ਹੀ ਸਤਿਕਾਰ ਅਤੇ ਪਿਆਰ ਵਾਲਾ ਸੀ। ਇਸ ਪਿਆਰ ਅਤੇ ਸਤਿਕਾਰ ਸਦਕਾ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਸੁੱਘੜ ਅਤੇ ਸਿਆਣੀ ਧੀ ਬੀਬੀ ਅਮਰੋ ਦਾ ਨਾਤਾ ਸ੍ਰੀ ਗੁਰੂ ਰਾਮਦਾਸ ਜੀ ਦੇ ਭਤੀਜੇ ਭਾਈ ਜੱਸੂ (ਸਪੁੱਤਰ ਮਾਣਕ ਚੰਦ) ਨਾਲ ਜੋੜਿਆ ਹੋਇਆ ਸੀ। ਗੁਰੂ ਅਮਰਦਾਸ ਜੀ ਬਚਪਨ ਤੋਂ ਹੀ ਕੁੱਝ ਉਪਰਾਮ ਸੁਭਾਅ ਦੇ ਮਾਲਕ ਸਨ, ਪਰ ਮਾਤਾ ਪਿਤਾ ਦੁਆਰਾ ਗ੍ਰਹਿਸਥ ਧਰਮ ਦੀ ਮਹਿਮਾ ਦ੍ਰਿੜ ਕਰਵਾਉਣ ਸਦਕਾ ਆਪ ਜੀ ਦੀ ਸ਼ਾਦੀ ਸਿਆਲਕੋਟ ਜਿਲ੍ਹੇ ਵਿਚਲੇ ਪਿੰਡ ਸਨਖੜਾ ਦੇ ਵਸਨੀਕ ਦੇਵੀ ਚੰਦ ਜੀ ਦੀ ਲਾਡਲੀ ਪੁੱਤਰੀ ਬੀਬੀ ਮਨਸ਼ਾ ਦੇਵੀ ਨਾਲ ਹੋਈ। ਬੀਬੀ ਮਨਸ਼ਾ ਦੇਵੀ ਜੀ ਵੀ ਵੱਡੇ ਹੌਸਲੇ ਵਾਲੇ ਸਨ, ਜਿਨ੍ਹਾਂ ਨੇ ਆਪਣੇ ਪਤੀ ਦੀ ਭਗਤੀ ਅਤੇ ਸੇਵਾ ਭਾਵਨਾ ਵਿੱਚ ਕਿਸੇ ਕਿਸਮ ਦੀ ਕੋਈ ਰੁਕਾਵਟ ਨਹੀਂ ਪੈਣ ਦਿੱਤੀ। ਪਤੀ ਦੀ ਗੈਰਹਾਜ਼ਰੀ ਵਿੱਚ ਉਨ੍ਹਾਂ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਬੜੀ ਤਨਦੇਹੀ ਅਤੇ ਸਮਰਪਣ ਦੀ ਭਾਵਨਾ ਨਾਲ ਨਿਭਾਇਆ।

ਗੁਰੂ ਅੰਗਦ ਦੇਵ ਜੀ ਦੇ ਮਿਲਾਪ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਹਰ ਛਿਮਾਹੀ ਗੰਗਾ ਇਸ਼ਨਾਨ ਕਰਨ ਲਈ ਪੈਦਲ ਹੀ ਜਾਇਆ ਕਰਦੇ ਸਨ। ਗਰਮੀ ਦੇ ਮੌਸਮ ਵਿੱਚ ਚੇਤ ਨੂੰ ਚੱਲ ਪੈਂਦੇ ਅਤੇ ਵਿਸਾਖੀ ਵਾਲੇ ਦਿਨ ਵਾਪਸੀ ਪਾਉਂਦੇ। ਸਿਆਲ ਦੀ ਰੁੱਤ ਵਿੱਚ ਅੱਸੂ ਦੇ ਮਹੀਨੇ ਰਵਾਨਾ ਹੁੰਦੇ ਅਤੇ ਕੱਤਕ ਦੀ ਪੂਰਨਮਾਸ਼ੀ ਮੋੜਾ ਪਾ ਦਿੰਦੇ। ਤੀਰਥ ਇਸ਼ਨਾਨ ਅਤੇ ਪੁੰਨ ਦਾਨ ਦੇ ਬਾਵਜੂਦ ਵੀ ਮਨ ਦੀ ਅਵਸਥਾ ਟਿਕਾਅ ਵਾਲੀ ਨਹੀਂ ਸੀ ਬਣ ਰਹੀ। ਦਿਲ ਵਿੱਚ ਸਾਈਂ ਦੇ ਮਿਲਾਪ ਦੀ ਜ਼ੋਰਦਾਰ ਤੜਪ ਸੀ। ਇਸ ਤੜਪ ਨੂੰ ਘਟਾਉਣ ਅਤੇ ਮੰਜ਼ਿਲ ਨੂੰ ਨੇੜੇ ਲਿਆਉਣ ਵਿੱਚ ਆਪ ਜੀ ਦੀ ਭਤੀਜ ਨੂੰਹ ਬੀਬੀ ਅਮਰੋ ਨੇ ਬੜਾ ਹੀ ਇਤਿਹਾਸਕ ਤੇ ਸਹਾਈ ਰੋਲ ਅਦਾ ਕੀਤਾ, ਕਿਉਂਕਿ ਅੰਮ੍ਰਿਤ ਵੇਲੇ ਜਦੋਂ ਬੀਬੀ ਅਮਰੋ ਜੀ ਆਪਣੇ ਮੁਖਾਰਬਿੰਦ ’ਚੋਂ ਗੁਰੂ ਨਾਨਕ ਦੇਵ ਜੀ ਦੀ ਮਿੱਠੀ ਤੇ ਰਸੀਲੀ ਬਾਣੀ ਪੜ੍ਹਦੇ ਤਾਂ ਗੁਰੂ ਅਮਰਦਾਸ ਜੀ ਕੰਧ ਨਾਲ ਲੱਗ ਕੇ ਦਿਨ ਚੜ੍ਹਦੇ ਤੱਕ ਸੁਣਦੇ ਰਹਿੰਦੇ। ਇੱਕ ਦਿਨ ਬੀਬੀ ਜੀ ਕਿਸੇ ਜ਼ਰੂਰੀ ਕੰਮ ਆਪਣੇ ਪੇਕੇ (ਖਡੂਰ ਸਾਹਿਬ) ਚੱਲੇ ਗਏ। ਉਸ ਦਿਨ ਗੁਰੂ ਅਮਰਦਾਸ ਜੀ ਨੂੰ ਲੱਗਿਆ ਕਿ ਜਿਸ ਤਰ੍ਹਾਂ ਉਨ੍ਹਾਂ ਦੀ ਰੂਹ ਪਿਆਸੀ ਹੀ ਰਹਿ ਗਈ ਹੋਵੇ। ਜਦੋਂ ਉਨ੍ਹਾਂ ਦੀ ਪਿਆਸ ਵਧੀ ਤਾਂ ਉਨ੍ਹਾਂ ਨੇ ਇਸ ਦਾ ਜ਼ਿਕਰ ਆਪਣੀ ਭਾਬੀ ਭਾਗੋ ਜੀ ਨਾਲ ਕੀਤਾ। ਭਾਬੀ ਭਾਗੋ ਨੇ ਕਿਹਾ ਕਿ ਜੇਕਰ ਤੈਨੂੰ ਬਾਣੀ ਸੁਣਨ ਦੀ ਚਾਹ ਹੈ ਤਾਂ ਕਿਉਂ ਨਹੀਂ ਉਸ ਦੇ ਪਿਤਾ (ਗੁਰੂ ਅੰਗਦ ਦੇਵ ਜੀ) ਪਾਸ ਹੀ ਚੱਲਾ ਜਾਂਦਾ। ਪੇਕਿਆਂ ਤੋਂ ਵਾਪਸ ਆ ਕੇ ਜਦੋਂ ਬੀਬੀ ਅਮਰੋ ਨੇ ਆਪਣੇ ਅੰਮ੍ਰਿਤ ਵੇਲੇ ਦੇ ਨਿੱਤਨੇਮ ਵਿੱਚ ਧੰਨ ਗੁਰੂ ਨਾਨਕ ਪਾਤਸ਼ਾਹ ਜੀ ਦੇ ਅਮੋਲਕ ਵਚਨ ’’ਕਰਣੀ ਕਾਗਦ ਮਨ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ’’ ਪੜ੍ਹਿਆ ਤਾਂ ਉਸ ਸ਼ਬਦ ਵਿਚਲੀ ਦਸ਼ਾ ਗੁਰੂ ਅਮਰਦਾਸ ਜੀ ਦੀ ਵੀ ਸੀ। ਉਨ੍ਹਾਂ ਨੇ ਇਹ ਸ਼ਬਦ ਬੜੇ ਹੀ ਧਿਆਨ ਨਾਲ ਸੁਣਿਆ। ਸੁਣ ਕੇ ਇੰਜ ਲੱਗਾ ਜਿਵੇਂ ਚਾਤ੍ਰਿਕ ਨਾਮੀ ਸੁਆਂਤ ਬੂੰਦ ਮਿਲ ਗਈ ਹੋਵੇ। ਮਨ ਇਸ ਕਦਰ ਪਿਘਲ ਗਿਆ ਕਿ ਬੀਬੀ ਅਮਰੋ ਨੂੰ ਨਾਲ ਲੈ ਕੇ ਖਡੂਰ ਸਾਹਿਬ ਪਹੁੰਚ ਗਏ। ਕੁੜਮਾਚਾਰੀ ਦੇ ਸਤਿਕਾਰ ਵੱਜੋਂ ਗੁਰੂ ਅੰਗਦ ਦੇਵ ਜੀ ਨੇ ਆਪਣੇ ਗਲੇ ਲਗਾਉਣਾ ਚਾਹਿਆ ਪਰ ਗਲੇ ਮਿਲਣ ਦੀ ਬਜਾਏ ਆਪ ਜੀ ਨੇ ਆਪਣਾ ਸਿਰ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਉੱਪਰ ਰੱਖ ਦਿੱਤਾ ਅਤੇ ਕਿਹਾ ਕਿ ਮੈਨੂੰ ਆਪਣਾ ਦਾਸ ਹੀ ਸਮਝੋ ਅਤੇ ਨਾਲ ਹੀ ਕਿਹਾ ਕਿ ਗੰਗਾ ਇਸ਼ਨਾਨ ਦਾ ਫਲ ਅੱਜ ਪ੍ਰਾਪਤ ਹੋ ਗਿਆ ਹੈ, ਪਰ ਗੁਰੂ ਪਾਤਸ਼ਾਹ ਨੇ ਕਿਹਾ ਕਿ ਆਪਣੀ ਭਾਵਨਾ ਹੀ ਫਲਦੀ ਹੈ। ਆਪਣਾ ਮਨ ਹੀ ਦੇਵਤਾ ਹੈ। ਮਿਲਾਪ ਦੇ ਇਸ ਪੜਾਅ ਤੇ ਗੁਰੂ ਅਮਰਦਾਸ ਦੀ ਵਰੇਸ ਛੇਵੇਂ ਦਹਾਕੇ ਨੂੰ ਪਾਰ ਕਰ ਚੁੱਕੀ ਸੀ। ਲੱਗਭੱਗ ਇੱਕ ਦਰਜਨ ਸਾਲ ਗੁਰੂ ਅਮਰਦਾਸ ਜੀ ਨੇ ਦੂਸਰੇ ਨਾਨਕ (ਗੁਰੂ ਅੰਗਦ ਦੇਵ ਜੀ) ਦੀ ਤਨ ਮਨ ਨਾਲ ਸੇਵਾ ਕੀਤੀ। ਸੇਵਾ ਕਰਦਿਆਂ ਪਾਣੀ ਢੋਂਦਿਆਂ ਹੱਥ ਫੁੱਟ ਗਏ ਪਰ ਆਪ ਧੀਰਜ ਦੀ ਮੂਰਤੀ ਬਣ ਗਏ। ਨਿਤ ਦੀ ਕਾਰ ਨਹੀਂ ਬਦਲੀ। ਅੰਮ੍ਰਿਤ ਵੇਲੇ ਉੱਠਣਾ ਦਰਿਆ ਬਿਆਸ ਤੋਂ ਪਾਣੀ ਦੀ ਗਾਗਰ ਭਰ ਲਿਆਉਣੀ, ਗੁਰੂ ਪਾਤਸ਼ਾਹ ਦਾ ਇਸ਼ਨਾਨ ਕਰਵਾਉਣਾ, ਲੰਗਰ ਲਈ ਬਾਲਣ ਲਿਆਉਣਾ ਅਤੇ ਜੂਠੇ ਭਾਂਡਿਆਂ ਦੀ ਮਾਂਜਈ ਆਦਿ। ਇੱਕ ਦਿਨ ਗਾਗਰ ਵਿੱਚ ਜਲ ਭਰਦੇ ਸਮੇਂ ਗੁਰੂ ਅਮਰਦਾਸ ਜੀ ਦੇ ਮਨ ਵਿੱਚ ਇੱਕ ਵਿਚਾਰ ਆਇਆ ਕਿ ਮੈਂ ਬਿਨਾਂ ਇਸ਼ਨਾਨ ਹੀ ਗਾਗਰ ਭਰ ਕੇ ਲੈ ਜਾਂਦਾ ਰਿਹਾ ਹਾਂ। ਇਸ ਤਰ੍ਹਾਂ ਕਰਕੇ ਗੁਰੂ ਪਾਤਸ਼ਾਹ ਦੀ ਘੋਰ ਬੇਅਦਬੀ ਹੁੰਦੀ ਰਹੀ ਹੈ। ਪਸ਼ਚਾਤਾਪ ਦੇ ਸੇਕ ਨੂੰ ਘੱਟ ਕਰਨ ਲਈ ਉਨ੍ਹਾਂ ਨੇ ਕੁੱਝ ਸਮਾਂ ਇਸ਼ਨਾਨ ਕਰਕੇ ਗਾਗਰ ਕੈ ਲੇ ਜਾਣੀ ਆਰੰਭ ਕਰ ਦਿੱਤੀ। ਪਰ ਇਸ ਤਰ੍ਹਾਂ ਕਰਨ ਨਾਲ ਵੀ ਤਸੱਲੀ ਨਾ ਹੋ ਸਕੀ। ਸੋਚਿਆ ਮਨਾ ਇਸ ਤਰ੍ਹਾਂ ਕਰਕੇ ਵੀ ਆਪਣੇ ਗੁਰੂ ਤੋਂ ਪਹਿਲਾਂ ਹੀ ਇਸ਼ਨਾਨ ਕਰ ਲਵੇ। ਬਿਰਧ ਸ਼ਰੀਰ ਹੋਣ ਦੇ ਬਾਵਜੂਦ ਦੋਚਿਤੀ ਵਿੱਚੋਂ ਨਿਕਲਣ ਦਾ ਇਹ ਫੈਸਲਾ ਕੀਤਾ ਗਿਆ ਕਿ ਗਾਗਰ ਸਿਰ ਤੇ ਧਰ ਕੇ ਹੀ ਦਰਿਆ ਵਿੱਚ ਪ੍ਰਵੇਸ਼ ਕੀਤਾ ਜਾਵੇ ਅਤੇ ਜਲ ਭਰਿਆ ਜਾਵੇ। ਇਸ ਤਰ੍ਹਾਂ ਨਾਲੇ ਇਸ਼ਨਾਨ ਹੋ ਜਾਵੇ ਅਤੇ ਨਾਲੇ ਗਾਗਰ ਭਰ ਲਈ ਜਾਵੇ। ਪਾਣੀ ਦੀ ਸੇਵਾ ਕਰਦਿਆਂ ਇੱਕ ਦਿਨ ਬੜੇ ਜ਼ੋਰ ਦੀ ਬਾਰਸ਼ ਹੋਣ ਲੱਗੀ। ਬਾਰਸ਼ ਦੇ ਕੁੱਝ ਥੰਮਣ ਤੇ ਜਦ ਗੁਰੂ ਅਮਰਦਾਸ ਨੇ ਖਡੂਰ ਸਾਹਿਬ ਨੂੰ ਚਾਲੇ ਪਾਏ ਤਾਂ ਰਸਤੇ ਵਿੱਚ ਜੁਲਾਹੇ ਦੀ ਕਿੱਲੀ ਨਾਲ ਠੇਡਾ ਖਾ ਕੇ ਡਿੱਗ ਪਏ। ਠੇਡਾ ਬੇਸ਼ੱਕ ਜੋਰਦਾਰ ਸੀ, ਪਰ ਪੂਰੇ ਯਤਨਾਂ ਨਾਲ ਗਾਗਰ ਨੂੰ ਸੰਭਾਲ ਲਿਆ। ਰਾਤ ਸਮੇਂ ਖੜਾਕ ਸੁਣ ਕੇ ਜੁਲਾਹੇ ਨੇ ਕਿਹਾ ਕਿ ਕੌਣ ਹੈ ਬਈ? ਜੁਲਾਹੀ ਜੋ ਆਵਾਜ਼ ਸੁਣ ਰਹੀ ਸੀ ਜੁਲਾਹੇ ਨੂੰ ਸੰਬੋਧਨ ਹੁੰਦਿਆਂ ਕਹਿਣ ਲੱਗੀ ਚੁੱਪ ਕਰਕੇ ਸੁੱਤਾ ਰਹਿ, ਕਿਉਂ ਆਪਣੀ ਨੀਂਦ ਖਰਾਬ ਕਰ ਰਿਹਾ ਹੈਂ। ਇਹ ਉਹੀ ਅਮਰੀ ਨਿਥਾਵਾਂ ਹੈ,ਜੋ ਕੁੜਮਾਂ ਦੇ ਟੁੱਕੜੇ ਖਾਣ ਲਈ ਰਾਤ-ਦਿਨ ਇੱਕ ਕਰੀ ਫਿਰਦਾ ਹੈ। ਜੁਲਾਹੀ ਦੇ ਬੋਲਾਂ ਦਾ ਜਵਾਬ ਗੁਰੂ ਅਮਰਦਾਸ ਜੀ ਬੜੇ ਨਿਮਰ ਸ਼ਬਦਾਂ ਨਾਲ ਦਿੰਦਿਆਂ ਕਿਹਾ ਕਿ ਕਮਲੀਏ ! ਮੈਂ ਨਿਥਾਵਾਂ ਨਹੀਂ ਰਿਹਾ। ਮੇਰੀ ਥਾਂ ਤਾਂ ਉਸ ਦੇ ਚਰਨਾਂ ਵਿੱਚ ਹੈ ਜੋ ਦੀਨ ਦੁਨੀ ਦਾ ਮਾਲਕ ਹੈ। ਦਿਲਾਂ ਦੀਆਂ ਜਾਣਨ ਵਾਲੇ ਗੁਰੂ ਅੰਗਦ ਦੇਵ ਜੀ ਨੂੰ ਜਦੋਂ ਇਸ ਘਟਨਾਕ੍ਰਮ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਆਪਣੀ ਮਿਹਰ ਦੇ ਦਰਵਾਜ਼ੇ ਖੋਲ੍ਹ ਦਿੱਤੇ। ਵਜਦ ਵਿੱਚ ਆ ਕੇ ਕਹਿਣ ਲੱਗੇ ਪੁਰਖਾ ਤੂੰ ਸਾਡਾ ਹੀ ਰੂਪ ਹੈਂ। ਜਿਵੇਂ ਸੋਨੇ ਦੇ ਦੋ ਗਹਿਣਿਆਂ ਨੂੰ ਭੱਠੀ ਵਿੱਚ ਪਾ ਕੇ ਇੱਕ ਕਰ ਲਈਦਾ ਹੈ ਤਿਵੇਂ ਤੂੰ ਵੀ ਆਪਣੇ ਆਪ ਨੂੰ ਢਾਲ ਲਿਆ ਹੈ। ਸੰਨ 1552 ਮਾਰਚ ਮਹੀਨੇ ਦਾ ਆਖਰੀ ਪੱਖ। ਗੁਰੂ ਅੰਗਦ ਦੇਵ ਜੀ ਅੰਮ੍ਰਿਤ ਵੇਲੇ ਦੇ ਦੀਵਾਨ ਵਿੱਚ ਬਚਨ ਕੀਤਾ ਤਜਹਿ ਸਰੀਰ ਅਬਹਿ ਚਿਤ ਆਈ॥ ਬਚਨ ਸੁਣ ਕੇ ਗੁਰੂ ਅਮਰਦਾਸ ਜੀ ਕੁੱਝ ਉਦਾਸ ਜਿਹੇ ਹੋ ਗਏ। ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਨੂੰ ਆਪਣੇ ਕੋਲ ਬੁਲਾ ਕੇ ਗੁਰੂ ਨਾਨਕ ਪਾਤਸ਼ਾਹ ਦੀ ਸੋਚ ਦਾ ਤੀਸਰਾ ਪਹਿਰੇਦਾਰ ਥਾਪ ਦਿੱਤਾ। ਪਹਿਲਾਂ ਤਾਂ ਗੁਰੂ ਜੀ ਨੇ ਆਪ ਨਮਸਕਾਰ ਕੀਤੀ ਅਤੇ ਫਿਰ ਹਾਜ਼ਰ ਸੰਗਤਾਂ ਨੂੰ ਵੀ ਗੁਰੂ ਅਮਰਦਾਸ ਜੀ ਨੂੰ ਪ੍ਰਣਾਮ ਕਰਨ ਲਈ ਕਿਹਾ। ਗੁਰੂ ਨਾਨਕ ਦੀ ਸੋਚ ਦਾ ਵਾਰਸ ਬਣਨ ਤੋਂ ਬਾਅਦ ਗੁਰੂ ਅਮਰਦਾਸ ਜੀ ਨੇ 22 ਸਾਲ ਮਨੁੱਖੀ ਭਾਈਚਾਰੇ ਦੀ ਬਰਾਬਰੀ ਅਤੇ ਬਿਹਤਰੀ ਲਈ ਗੁਜਾਰੇ। ਇਸ ਮੰਤਵ ਦੀ ਸਿੱਧੀ ਲਈ ਉਨ੍ਹਾਂ ਨੇ ਵੱਖ-ਵੱਖ ਅਧਿਆਤਮਕ ਅਤੇ ਸਮਾਜਿਕ ਜੁਗਤਾਂ ਨੂੰ ਹਕੀਕਤਾਂ ਦੇ ਸਨਮੁੱਖ ਕੀਤਾ। ਸਿੱਖੀ ਦੇ ਪ੍ਰਚਾਰ ਹਿੱਤ ਉਨ੍ਹਾਂ ਨੇ ਕੁੱਝ ਨਵੀਆਂ ਪਿਰਤਾਂ ਵੀ ਪਾਈਆਂ।

ਇਨ੍ਹਾਂ ਪਿਰਤਾਂ ਕਰਕੇ ਹੀ ਉਨ੍ਹਾਂ ਦਾ ਨਾਮ ਸਿੱਖ ਇਤਿਹਾਸ ਦੇ ਨਾਲ-ਨਾਲ ਮਨੁੱਖੀ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਵੀ ਦਰਜ ਰਹੇਗਾ ਕਿਉਂਕਿ ਜਿੱਥੇ ਉਨ੍ਹਾਂ ਨੇ ਸੰਗਤ ਤੇ ਪੰਗਤ ਵਿੱਚ ਸਥਾਈ ਸਬੰਧ ਪੈਦਾ ਕੀਤਾ, ਉੱਥੇ ਸਤੀ ਪ੍ਰਥਾ ਵਰਗੀ ਜਾਨ ਲੇਵਾ ਰਸਮ ਨੂੰ ਵੀ ਜ਼ੋਰਦਾਰ ਅਤੇ ਪੁਰ ਅਸਰ ਸ਼ਬਦਾਂ ਵਿੱਚ ਨਿੰਦਿਆ। ਇਸ ਦੇ ਨਾਲ ਹੀ ਨਸ਼ਿਆਂ ਜਿਹੀ ਬੁਰਾਈ ਨੂੰ ਸਮਾਜ ਵਿੱਚੋਂ ਖਤਮ ਕਰਨ ਲਈ ਵੀ ਅਹਿਮਤਰੀਨ ਯੋਗਦਾਨ ਪਾਇਆ।




ਦਿਲ ਨੂੰ ਬੜਾ ਸਦਮਾ ਜਿਹਾ ਲੱਗਾ ਜਦੋਂ ਖ਼ਬਰ ਸੁਣੀ ਕਿ ਪਿੰਡ ਰੰਧਾਵਾ ਮਸੰਦਾਂ ਜ਼ਿਲਾ ਜਲੰਧਰ ਤੋਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ ਸੱਚੇ ਸਿਪਾਹੀ ਸਾਡੇ ਸਮਾਜ ਦੇ ਸਾਥੀ ਸ੍ਰੀ ਕੁਲਦੀਪ ਮਾਹੀ ਜੀ 29 ਅਪ੍ਰੈਲ ਦਿਨ ਬੁੱਧਵਾਰ ਨੂੰ ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ । ਇਹ ਖ਼ਬਰ ਸੁਣ ਕੇ ਇੰਝ ਲੱਗਾ ਜਿਵੇਂ ਸਾਨੂੰ ਸੱਚ ਅਤੇ ਗਿਆਨ ਦਾ ਰਾਸਤਾ ਦਿਖਾਉਣ ਵਾਲਾ ਕੋਈ ਦੀਵਾ ਬੁੱਝ ਗਿਆ ਹੋਵੇ ਤੇ ਅੱਗੇ ਹਨੇਰਾ ਹੀ ਹਨੇਰਾ ਦਿੱਸ ਰਿਹਾ ਹੋਵੇ, ਪਰ ਸਾਥੀਓ ਅਸੀਂ ਉਹਨਾਂ ਦੇ ਦਿਖਾਏ ਹੋਏ ਰਸਤੇ ਨੂੰ ਸਦਾ ਰੁਸ਼ਨਾ ਕੇ ਰੱਖਣਾ ਹੈ, ਇਹੀ ਸਾਡੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।



ਪਰਮਾਤਮਾ ਉਹਨਾਂ ਦੀ ਰੂਹ ਨੂੰ ਆਪਣੇ ਚਰਨਾ ਵਿੱਚ ਨਿਵਾਸ ਬਖ਼ਸ਼ੇ ਅਤੇ ਸਾਨੂੰ ਵੀ ਉਹਨਾਂ ਦੀ ਤਰਾਂ ਬਾਬਾ ਸਾਹਿਬ ਭੀਮ ਰਾਓ ਜੀ ਦੇ ਦੱਸੇ ਹੋਏ ਰਸਤਿਆਂ ਉਪਰ ਚੱਲਣ ਦਾ ਬੱਲ ਬਖ਼ਸ਼ੇ।

- Pawan Mahi

# ਪੁਰਾਣੇ ਨੋਟ ਤੇ ਸਿੱਕੇ ਸੰਭਾਲੀ ਬੈਠਾ ਨੌਜਵਾਨ ਕੰਵਲਦੀਪ ਵਧਵਾ



ਤਸਵਿੰਦਰ ਸਿੰਘ ਬੜੈਚ
91-98763-22677

ਇਸ ਦੁਨੀਆ ਵਿਚ ਕੁਝ ਲੋਕ ਅਜਿਹੇ ਹੁੰਦੇ ਹਨ, ਜਿਨ੍ਹਾਂ ਦੇ ਸ਼ੌਕ ਅਲੱਗ ਜਿਹੇ ਹੁੰਦੇ ਹਨ। ਸ਼ਹੀਦ ਭਗਤ ਸਿੰਘ ਨਗਰ, ਬਠਿੰਡਾ ਦੇ ਵਸਨੀਕ ਕੰਵਲਦੀਪ ਵਧਵਾ ਨੇ ਵੀ ਇਕ ਅਜੀਬ ਸ਼ੌਕ ਪਾਲਿਆ ਹੋਇਆ ਹੈ। ਦੁਰਲੱਭ ਨੋਟ, ਸਿੱਕੇ ਅਤੇ ਹੋਰ ਪੁਰਾਤਨ ਚੀਜ਼ਾਂ ਇਕੱਠੀਆਂ ਕਰਨ ਦਾ। ਸ਼ਹਿਰ ਬਠਿੰਡਾ ਦਾ ਜੰਮਪਲ ਪਿਤਾ ਪਿਰਥੀ ਵਧਵਾ, ਮਾਤਾ ਸਵਰਨਾ ਵਧਵਾ ਦਾ ਹੋਣਹਾਰ ਫਰਜੰਦ ਅੱਜ ਕੱਲ੍ਹ ਬਠਿੰਡਾ ਸ਼ਹਿਰ ਵਿਖੇ ਪੱਕਾ ਰੈਣ ਬਸੇਰਾ ਕਰਕੇ ਪੁਰਾਤਨ ਵਿਰਾਸਤ ਨੂੰ ਸੰਭਾਲਣ ’ਚ ਜੁਟਿਆ ਹੋਇਆ ਹੈ। ਉਸ ਕੋਲ ਈਸਟ ਇੰਡੀਆ ਕੰਪਨੀ ਦੇ ਸਿੱਕੇ, ਮੰਸੂਰੀ ਪੈਸੇ, ਭਾਰਤ ਦੇ ਗਲੀ ਵਾਲੇ ਪੈਸੇ, ਡਬਲੀ ਪੈਸੇ, ਅੱਧੇ ਆਨੇ, ਦੋ ਆਨੇ, ਚੁਆਨੀ, ਅਠਿਆਨੀ, ਇਕ ਪੈਸੇ, ਚਾਂਦੀ ਦਾ ਰੁਪਿਆ, 1/12 ਆਨੇ, ਟਕੇ, ਧੇਲੇ, ਸੰਨ 1616 ਦੇ 786 ਨੰਬਰ ਵਾਲੇ ਮੁਸਲਿਮ ਸਿੱਕੇ , ਮਹਾਰਾਣੀ ਵਿਕਟੋਰੀਆਂ ਦੇ ਸਿੱਕੇ, ਨੇਪੋਲੀਅਨ ਸਿੱਕੇ, ਰਾਜਸਥਾਨ ਦੇ ਰਾਜਾ ਸਵੈਮਾਨ ਦੇ ਸਿੱਕੇ, ਮਹਾਰਾਜਾ ਰਣਜੀਤ ਸਿੰਘ ਕਾਲ ਦੇ ਸਿੱਕੇ, (ਜਿਸ ਉਪਰ ਇਕ ਪਾਸੇ ਗੁਰੂ ਨਾਨਕ ਦੇਵ ਜੀ ਦਾ ਚਿੱਤਰ ਹੈ ਉਨ੍ਹਾਂ ਦੇ ਨਾਲ ਭਾਈ ਬਾਲਾ ਤੇ ਮਰਦਾਨਾ ਜੀ ਨਜ਼ਰ ਆ ਰਹੇ ਹਨ) ਰਾਮ ਦਰਬਾਰ ਦੇ ਸਿੱਕੇ, ਜਿਸ ਉਪਰ ਸੀਤਾ-ਰਾਮ ਵਿਆਹ ਦਾ ਚਿੱਤਰ ਤੇ ਦੂਜੇ ਪਾਸੇ ਰਾਮ-ਲਛਮਣ ਭਰਾਵਾਂ ਦੀ ਜੋੜੀ ਦੇ ਚਿੱਤਰ ਹਨ। ਹੈਦਰਾਬਾਦ ਦੇ ਨਿਜ਼ਾਮ ਦੀਆਂ ਦਮੜੀਆਂ, ਸਲਤਾਨ ਧਰਮ ਦੇ ਵੱਖ-ਵੱਖ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਵਾਲੇ ਸਿੱਕੇ, ਜਾਪਾਨੀ ਕਰੰਸੀ ਨੋਟ, ਰੂਸ ਦੇਸ਼ ਦੇ 100 ਸਾਲ ਪੁਰਾਣੇ 5 ਤੇ 10,000 ਤੱਕ ਦੇ ਰੂਬਲ ਦੇ ਨੋਟ, ਇੰਡੀਆਂ ਦੇ ਪੁਰਾਣੇ 10 ਅਤੇ 100 ਦੇ ਨੋਟ, 100 ਸਾਲ ਪਹਿਲਾ ਵੱਖ-ਵੱਖ ਦੇਸ਼ਾਂ ਦੇ ਆਲ ਇੰਡੀਆਂ ਰੇਡੀਓ ਦਿੱਲੀ ਨੂੰ ਭੇਜੇ ਹੋਏ ਪੱਤਰ, 150 ਦੇਸ਼ਾਂ ਦੀਆਂ ਡਾਕ ਟਿਕਟਾਂ ਤੇ ਪੰਜਾਬ ’ਚੋ ਅਲੋਪ ਹੋ ਚੁੱਕੀਆਂ ਵਸਤੂਆਂ ਦਾ ਅਦਭੁਤ ਖਜਾਨਾ ਮੌਜੂਦ ਹੈ। ਇਨ੍ਹਾਂ ਤੋਂ ਇਲਾਵਾ ਉਸ ਕੋਲ ਚੰਡੀਗੜ੍ਹ ਦੀ ਹਰੇਕ ਸੈਕਟਰ ਦੀ 786 ਨੰਬਰ ਵਾਲੀ ਪਾਰਕਿੰਗ ਟਿਕਟ, ਜੋ ਉਸ ਨੇ ਚੰਡੀਗੜ੍ਹ ਵਿਖੇ ਫੈਸ਼ਨ ਡਿਜਇਨ ਦੀ ਪੜ੍ਹਾਈ ਕਰਦਿਆ ਇਕੱਠੀਆਂ ਕੀਤੀਆਂ, 786 ਨੰਬਰ ਦੇ ਅਨੇਕਾਂ ਨੋਟ, ਬੱਸ, ਟ੍ਰੇਨ ਦੀਆਂ ਟਿਕਟਾਂ, ਪੁਰਾਣੇ ਬਿੱਲ, ਫੈਂਸੀ ਨੰਬਰ ਦੇ ਨੋਟ ਅਤੇ ਹੋਰ ਦਸਤਾਵੇਜ ਮੌਜੂਦ ਹਨ। ਦੁਨੀਆਂ ਦੇ ਦੁਰਲੱਭ ਨੋਟ ਤੇ ਸਿੱਕੇ ਇਕੱਠੇ ਕਰ ਰਹੇ ਕੰਵਲਦੀਪ ਵਧਵਾ ਕੋਲ ਇਸ ਸਮੇਂ 235 ਦੇਸ਼ਾਂ ਦੇ ਨੋਟ ਹਨ, ਹਜ਼ਾਰਾਂ ਸਾਲਾ ਪੁਰਾਣੇ ਦੇਸੀ-ਵਿਦੇਸ਼ੀ ਸਿੱਕਿਆ ਦਾ ਭੰਡਾਰ ਵੀ ਹੈ। ਇਨ੍ਹਾਂ ਵਸਤੂਆਂ ਦੇ ਭੰਡਾਰ ’ਤੇ ਉਹ ਹੁਣ ਤੱਕ 8 ਲੱਖ ਰੁਪਏ ਖਰਚ ਕਰ ਚੁੱਕਿਆ ਹੈ। ਨਰੂਆਣਾ ਰੋਡ ’ਤੇ ਆਪਣਾ ਇੰਗਲਿਸ਼ ਸਕੂਲ ਚਲਾ ਰਹੇ ਕੰਵਲਦੀਪ ਵਧਵਾ ਨੇ ਗੱਲਬਾਤ ਦੌਰਾਨ ਦੱਸਿਆ ਕਿ ਇਹ ਵਸਤਾਂ ਇਕੱਠੀਆਂ ਕਰਨ ਸ਼ੌਕ ਉਸ ਨੂੰ 2003 ਵਿਚ ਪਿਆ। ਇਸ ਸ਼ੌਕ ਨੂੰ ਪੂਰਾ ਕਰਨ ਲਈ ਉਸ ਨੂੰ ਸਖ਼ਤ ਮਿਹਨਤ ਕਰਨੀ ਪਈ। ਉਸ ਨੇ ਵੱਖ ਵੱਖ ਸ਼ਹਿਰਾਂ-ਪਿੰਡਾਂ ਦੀ ਖਾਕ ਛਾਣ ਕੇ ਇਹ ਪੁਰਾਤਨ ਅਤੇ ਵਿਰਸੇ ਨਾਲ ਸਬੰਧਿਤ ਵਸਤੂਆਂ ਇਕੱਠੀਆਂ ਕੀਤੀਆਂ ਹਨ। ਇਨ੍ਹਾਂ ਚੀਜ਼ਾਂ ਦੀ ਭਾਲ ਵਿਚ ਉਹ ਅਜੇ ਵੀ ਸਰਗਰਮ ਹੈ। ਇਸ ਅਲੋਪ ਹੋ ਰਹੀ ਵਿਰਾਸਤ ਨੂੰ ਸੰਭਾਲ ਕੇ ਰੱਖਣ ਦੀ ਪ੍ਰੇਰਣਾ ਕੰਵਲਦੀਪ ਵਧਵਾ ਨੂੰ ਆਪਣੇ ਪਿਤਾ ਜੀ ਤੋਂ ਮਿਲੀ। ਕੰਵਲਦੀਪ ਵਧਵਾ ਨੇ ਦੱਸਿਆ ਕਿ ਮੇਰੇ ਇਸ ਸ਼ੌਕ ’ਚ ਮੇਰੇ ਪਰਿਵਾਰ ਦਾ ਪੂਰਾ ਸਹਿਯੋਗ ਮਿਲ ਰਿਹਾ ਹੈ। ਇਸੇ ਸ਼ੌਕ ਲਈ ਉਸ ਨੂੰ ਵੱਖ-ਵੱਖ ਸੰਸਥਾਵਾਂ ਵੱਲੋਂ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਕੰਵਲਦੀਪ ਵਧਵਾ ਇਸ ਸ਼ੌਕ ਦੇ ਨਾਲ-ਨਾਲ ਵਧੀਆ ਸਮਾਜ-ਸੇਵਕ ਵੀ ਹੈ, ਬਠਿੰਡਾ ਸ਼ਹਿਰ ਨੂੰ ਸਾਫ਼ ਤੇ ਹਰਾ ਭਰਾ ਬਨਾਉਣ ਵਿਚ ਵੀ ਉਸ ਦਾ ਬਹੁਤ ਵੱਡਾ ਯੋਗਦਾਨ ਹੈ।



# ਪੰਜਾਬ ਦੀ ਅਰਥਵਿਵਸਥਾ ਨੂੰ ਮੁੜਕੇ ਲੀਹ ਉੱਪਰ ਕਿਵੇਂ ਲਿਆਂਦਾ ਜਾਵੇ?

ਕਰੋਨਾ ਮਹਾਂਮਾਰੀ ਦੇ ਸੰਕਟ ਨੇ ਸਾਰੇ ਮੁਲਕਾਂ ਦੀਆਂ ਅਰਥਵਿਵਸਥਾਵਾਂ ਨੂੰ ਲੀਹ ਤੋਂ ਲਾਹ ਦਿੱਤਾ ਹੈ। ਇਸ ਮਾਰ ਦੇ ਲਪੇਟ ਵਿਚ ਭਾਰਤ ਅਤੇ ਇਸ ਦੇ ਵੱਖ-ਵੱਖ ਸੂਬੇ ਵੀ ਹਨ। ਆਰਥਿਕ ਵਿਕਾਸ ਦਰ ਪੱਖੋਂ ਲੰਮੇ ਸਮੇਂ ਲਈ ਪਹਿਲੇ ਨੰਬਰ ਉੱਤੇ ਰਹਿਣ ਵਾਲਾ ਸੂਬਾ ਪੰਜਾਬ ਆਰਥਿਕ ਵਿਕਾਸ ਦੀ ਪੌੜੀ ਦੇ ਸਭ ਤੋਂ ਉੱਪਰਲੇ ਡੰਡੇ ਤੋਂ ਤੇਜ਼ੀ ਨਾਲ ਖਿਸਕਦਾ ਹੋਇਆ ਥੱਲੇ ਵਾਲੇ ਡੰਡਿਆਂ ਵਿਚ ਸ਼ਾਮਲ ਹੋ ਗਿਆ ਹੈ ਜਿਹੜੇ ਘਸਦੇ ਵੀ ਜ਼ਿਆਦਾ ਹਨ ਅਤੇ ਟੁੱਟਦੇ ਵੀ ਜ਼ਿਆਦਾ ਹਨ। ਕਰੋਨਾ ਮਹਾਂਮਾਰੀ ਦੇ ਸੰਕਟ ਨੇ ਪੰਜਾਬ ਦੀ ਅਰਥਵਿਵਸਥਾ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ ਅਤੇ ਆਉਣ ਵਾਲੇ ਸਮੇਂ ਵਿਚ ਇਸ ਮਾਰ ਦੇ ਹੋਰ ਵਧਣ ਦੀਆਂ ਸੰਭਾਵਨਾਵਾਂ ਹਨ। ਪੰਜਾਬ ਦੀ ਡਗਮਗਾ ਰਹੀ ਅਰਥਵਿਵਸਥਾ ਨੂੰ ਮੁੜਕੇ ਲੀਹ ਉੱਪਰ ਲਿਆਉਣ ਲਈ ਪੰਜਾਬ ਸਰਕਾਰ ਨੇ ਮੁਲਕ ਦੇ ਨਾਮਵਰ ਅਰਥ-ਵਿਗਿਆਨੀ ਅਤੇ ਨੌਕਰਸ਼ਾਹ ਡਾ. ਮੌਨਟੇਕ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਮਾਹਰਾਂ ਦੀ ਇਕ ਕਮੇਟੀ ਕਾਇਮ ਕਰਨ ਤੋਂ ਪਿਛੋਂ ਹੁਣ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁਲਕ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਵਿਸ਼ਵ ਪ੍ਰਸਿੱਧੀ ਪ੍ਰਾਪਤ ਅਰਥ-ਵਿਗਿਆਨੀ ਡਾ. ਮਨਮੋਹਨ ਸਿੰਘ ਨੂੰ ਇਸ ਮਾਹਰਾਂ ਦੀ ਕਮੇਟੀ ਦਾ ਮਾਰਗ-ਦਰਸ਼ਨ ਕਰਨ ਦੀ ਅਪੀਲ ਕੀਤੀ ਜਿਸ ਨੂੰ ਉਨ੍ਹਾਂ ਨੇ ਪ੍ਰਵਾਨ ਕਰ ਲਿਆ ਹੈ।

ਡਾ. ਮਨਮੋਹਨ ਦੇ ਮਾਰਗ-ਦਰਸ਼ਨ ਅਤੇ ਡਾ. ਮੌਨਟੇਕ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਬਣਾਈ ਗਈ ਮਾਹਰਾਂ ਦੀ ਕਮੇਟੀ ਦੇ ਸੰਬੰਧ ਵਿਚ ਇਕ ਸਵਾਲ ਪੁੱਛਣਾ ਬਣਦਾ ਹੈ ਕਿ ਕੀ ਪੰਜਾਬ ਸਰਦਾਰ ਦਾ ਮੰਤਰੀ ਮੰਡਲ, ਪ੍ਰਸ਼ਾਸਨਿਕ ਅਮਲਾ, ਵੱਖ-ਵੱਖ ਮਾਹਰ, ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਆਰਥਿਕ ਮਾਹਰ, ਸਲਾਹਕਾਰ ਅਤੇ ਇੱਥੋਂ ਦੇ ਹੋਰ ਬੁੱਧੀਜੀਵੀ ਪੰਜਾਬ ਦੀ ਅਰਥਵਿਵਸਥਾ ਨੂੰ ਮੁੜਕੇ ਲੀਹ ਉੱਪਰ ਲਿਆਉਣ ਲਈ ਆਯੋਗ ਹਨ ਜਾਂ ਉਨ੍ਹਾਂ ਉੱਪਰ ਭਰੋਸਾ ਨਹੀਂ ਜਾਂ ਇਨ੍ਹਾਂ ਵਿਚੋਂ ਕੁਝ ਦੁਆਰਾ ਦਿੱਤੇ ਹੋਏ ਸੁਝਾਵਾਂ ਨੂੰ ਹੁਕਮਰਾਨ ਅਮਲ ਵਿਚ ਨਹੀਂ ਲਿਆਉਣਾ ਚਾਹੁੰਦੇ। ਮੁਲਕ ਦੀ ਅਰਥਵਿਵਸਥਾ ਦੇ ਸੰਬੰਧ ਵਿਚ ਬਣਾਈਆਂ ਅਤੇ ਲਾਗੂ ਕੀਤੀਆਂ ਗਈਆਂ ਨੀਤੀਆਂ ਦਾ ਇਤਿਹਾਸ ਤਾਂ ਇਹ ਦੱਸਣਾ ਹੈ ਕਿ ਡਾ. ਮਨਮੋਹਨ ਸਿੰਘ ਦੇ ਮਾਰਗ-ਦਰਸ਼ਨ ਅਤੇ ਡਾ. ਮੌਨਟੇਕ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਬਣਾਈ ਗਈ ਮਾਹਰਾਂ ਦੀ ਕਮੇਟੀ ਆਪਣੇ ਸੁਝਾਵਾਂ ਦੁਆਰਾ ਸਰਮਾਏਦਾਰ/ਕਾਰਪੋਰੇਟ ਜਗਤ ਨੂੰ ਮੁੜ ਤੋਂ ਪ੍ਰਫੁਲਿਤ ਕਰਨ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡੇਗੀ। ਅਜਿਹਾ ਵਿਚਾਰ ਇਸ ਲਈ ਬਣਦਾ ਹੈ ਕਿ ਮੁਲਕ ਵਿਚ ਉਚਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀਆਂ 'ਨਵੀਆਂ ਆਰਥਿਕ ਨੀਤੀਆਂ' ਜਾਂ ਤਾਂ ਡਾ. ਮਨਮੋਹਨ ਸਿੰਘ ਦੇ ਮੁਲਕ ਦੇ ਵਿੱਤ ਮੰਤਰੀ ਜਾਂ ਪ੍ਰਧਾਨ ਮੰਤਰੀ ਦੇ ਸਮੇਂ ਦੌਰਾਨ ਹੀ ਘੜੀਆਂ ਅਤੇ ਲਾਗੂ ਕੀਤੀਆਂ ਗਈਆਂ ਜਿਨ੍ਹਾਂ ਕਾਰਨ ਅੱਤ ਦੇ ਅਮੀਰਾਂ ਅਤੇ ਬਾਕੀ ਦੇ ਲੋਕਾਂ ਵਿਚਕਾਰ ਆਰਥਿਕ ਅਸਮਾਨਤਾਵਾਂ ਤੇਜ਼ੀ ਨਾਲ ਵਧੀਆਂ ਅਤੇ ਹਾਸ਼ੀਏ ਉੱਪਰਲੇ ਲੋਕਾਂ ਨੂੰ ਅਕਸਰ ਦੁਰਕਾਰਿਆ ਅਤੇ ਉਜਾੜਿਆ ਗਿਆ। ਆਮ ਲੋਕਾਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਲਈ ਮੁਲਕ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਇੰਨੇ ਅਸੰਵੇਦਨਸ਼ੀਲ ਹੋ ਗਏ ਸਨ ਕਿ ਇਕ ਵਾਰ ਜਦੋਂ ਮੁਲਕ ਵਿਚ ਖੁੱਲ੍ਹੇ ਅਸਮਾਨ ਥੱਲੇ ਅਤੇ ਗੋਦਾਮਾਂ ਵਿਚ ਪਾਏ ਆਨਾਜ਼ ਦੇ ਵੱਡੀ ਪੱਧਰ ਉੱਪਰ ਖਰਾਬ ਹੋਣ ਉੱਪਰ ਮੁਲਕ ਦੀ ਸਰਬ-ਉੱਚ ਅਦਾਲਤ ਨੇ ਇਸ ਅਨਾਜ ਨੂੰ ਹੋਰ ਖਰਾਬ ਹੋਣ ਤੋਂ ਬਚਾਉਣ ਲਈ ਭਾਰਤ ਸਰਕਾਰ ਨੂੰ ਇਸ ਅਨਾਜ ਨੂੰ ਗ਼ਰੀਬਾਂ ਵਿਚਕਾਰ ਵੰਡਣ ਦੀ ਸਲਾਹ ਦਿੱਤੀ ਸੀ ਤਾਂ ਡਾ. ਮਨਮੋਹਨ ਸਿੰਘ ਨੇ ਬਿਆਨ ਦਿੱਤਾ ਸੀ ਕਿ ਅਦਾਲਤਾਂ ਨੂੰ ਸਰਕਾਰ ਦੁਆਰਾ ਨੀਤੀਆਂ ਬਣਾਉਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਦੇ ਸੰਬੰਧ ਵਿਚ ਦਖ਼ਲਅੰਦਾਜ਼ੀ ਨਹੀਂ ਕਰਨੀ ਚਾਹੀਦੀ। ਡਾ. ਮੌਨਟੇਕ ਸਿੰਘ ਨੇ ਮੁਲਕ ਦੇ ਯੋਜਨਾ ਕਮਿਸ਼ਨ, ਜਿਸ ਦਾ ਹੁਣ ਭੋਗ ਪਾਕੇ ਕਾਰਪੋਰੇਟ ਜਗਤ-ਪੱਖੀ ਨੀਤੀ ਆਯੋਗ ਬਣਾ ਦਿੱਤਾ ਗਿਆ ਹੈ, ਦੇ ਡਿਪਟੀ ਚੇਅਰਮੈਨ ਦੇ ਅਹੁਦੇ ਉੱਪਰ ਰਹਿੰਦੇ ਹੋਏ ਗ਼ਰੀਬੀ ਰੇਖਾ ਦੀਟਾਂ ਨਵੀਆਂ ਪਰਿਭਾਸ਼ਾਵਾਂ ਦਿੱਤੀਟਾਂ ਸਨ ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਪੇਂਡੂ ਇਲਾਕਿਆਂ ਵਿਚ 26 ਰੁਪਏ ਅਤੇ ਸ਼ਹਿਰੀ ਇਲਾਕਿਆਂ ਵਿਚ 32 ਰੁਪਏ ਪ੍ਰਤਿ ਜੀਅ ਰੋਜ਼ਾਨਾ ਤੋਂ ਵੱਧ ਖ਼ਰਚਣ ਵਾਲਿਆਂ ਨੂੰ ਗ਼ਰੀਬ ਨਾ ਮੰਨਿਆ ਜਾਵੇ। ਉਨ੍ਹਾਂ ਦੇ ਇਸ ਵਿਚਾਰ ਦੀ ਸਖ਼ਤ ਆਲੋਚਨਾ ਹੋਈ ਅਤੇ ਕਿਸੇ ਵੀ ਸਿਆਣੇ ਬੰਦੇ ਨੇ ਇਸ ਨੂੰ ਕਦੇ ਵੀ ਸਵਿਕਾਰਿਆਂ ਨਹੀਂ।

ਇਹ ਤਾਂ ਸੁਭਾਵਿਕ ਹੈ ਕਿ ਭਾਵੇਂ ਵਿਗਿਆਨੀਆਂ ਦੀ ਸਖ਼ਤ ਮਿਹਨਤ ਸਦਕਾ ਕਰੋਨਾ ਦੀ ਮਹਾਂਮਾਰੀ ਦੇ ਸੰਕਟ ਦਾ ਹੱਲ ਆਉਣ ਵਾਲੇ ਨੇੜਲੇ ਸਮੇਂ ਵਿਚ ਲੱਭ ਲਿਆ ਜਾਵੇਗਾ,




ਪਰ ਇਸ ਸੰਕਟ ਦੁਆਰਾ ਪੰਜਾਬ ਦੀ ਪਹਿਲਾਂ ਤੋਂ ਹੀ ਡਗਮਗਾ ਰਹੀ ਅਰਥਵਿਵਸਥਾ ਲੀਹੋਂ ਹੇਠਾਂ ਲਹਿ ਜਾਵੇਗੀ। ਜਿਸ ਨੂੰ ਮੁੜਕੇ ਲੀਹ ਉੱਪਰ ਲਿਆਉਣਾ ਪੰਜਾਬ ਸਮੇਤ ਪੂਰੇ ਮੁਲਕ ਲਈ ਬੇਹੱਦ ਜ਼ਰੂਰੀ ਹੈ। ਇਸ ਸਮੱਸਿਆ ਦੇ ਹੱਲ ਲਈ ਜਿੱਥੇ ਸਾਨੂੰ ਕੌਮਾਂਤਰੀ ਸਮੱਸਿਆਵਾਂ ਦੇ ਇਤਿਹਾਸ ਅਤੇ ਉਨ੍ਹਾਂ ਦੇ ਹੱਲ ਵੱਲ ਧਿਆਨ ਦੇਣਾ ਪਵੇਗਾ, ਉੱਥੇ ਕਰੋਨਾ ਮਹਾਂਮਾਰੀ ਦੇ ਸੰਕਟ ਦੇ ਸੰਭਾਵੀ ਕਾਰਨਾਂ ਅਤੇ ਉਨ੍ਹਾਂ ਵਿਚੋਂ ਉਪਜੀਆਂ ਨਵੀਆਂ ਆਰਥਿਕ, ਸਮਾਜਿਕ-ਸਭਿਆਚਾਰਕ ਅਤੇ ਰਾਜਸੀ ਵਿਉਂਤਬੰਦੀਆਂ ਵੱਲ ਵਿਸ਼ੇਸ਼ ਧਿਆਨ ਦੇਣਾ ਬਣਦਾ ਹੈ। ਕਲਾਸੀਕਲ ਅਰਥ-ਵਿਗਿਆਨੀ 'ਲੈਸਿਜ ਫੇਅਰ ਫਿਲਾਸਫ਼ੀ' ਵਿਚ ਡੂੰਘਾ ਵਿਸ਼ਵਾਸ ਰੱਖਦੇ ਸਨ ਜਿਸ ਦਾ ਭਾਵ ਇਹ ਹੈ ਕਿ ਸਰਕਾਰ ਨੂੰ ਆਰਥਿਕ ਕ੍ਰਿਆਵਾਂ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ ਕਿਉਂਕਿ ਪੂਰਤੀ ਆਪਣੀ ਮੰਗ ਆਪ ਪੈਦਾ ਕਰ ਲੈਂਦੀ ਹੈ ਜਿਸ ਕਾਰਨ ਨਾ ਤਾਂ ਲੋੜ ਤੋਂ ਵੱਧ ਉਤਪਾਦਨ ਹੁੰਦਾ ਹੈ ਅਤੇ ਨਾ ਹੀ ਆਮ ਬੇਰੁਜ਼ਗਾਰੀ ਹੁੰਦੀ ਹੈ। ਉਨ੍ਹਾਂ ਨੇ ਸਾਰੀਆਂ ਆਰਥਿਕ ਸਮੱਸਿਆਵਾਂ ਦਾ ਇਕੋ-ਇਕ ਹੱਲ ਮੰਡੀ ਨੂੰ ਦੱਸਿਆ। ਵੱਖ-ਵੱਖ ਸਰਮਾਏਦਾਰ ਮੁਲਕਾਂ ਵਿਚ ਸਰਕਾਰਾਂ ਦੁਆਰਾ ਸਾਰੀਆਂ ਆਰਥਿਕ ਸਮੱਸਿਆਵਾਂ ਦੇ ਹੱਲ ਨੂੰ ਮੰਡੀ ਉੱਪਰ ਛੱਡ ਦਿੱਤੇ ਜਾਣ ਕਾਰਨ ਅਮੀਰਾਂ ਅਤੇ ਗ਼ਰੀਬਾਂ ਵਿਚਕਾਰ ਆਰਥਿਕ ਪਾੜਾ ਵਧਿਆ ਅਤੇ ਵਿਸ਼ਵ ਦੇ ਉਸ ਸਮੇਂ ਦੇ ਸਰਮਾਏਦਾਰ ਮੁਲਕਾਂ ਨੇ 1930ਵਿਆਂ ਦੀ ਵੱਡੀ ਆਰਥਿਕ ਮੰਦੀ ਦਾ ਸਾਹਮਣਾ ਕੀਤਾ। ਮੰਡੀ ਵਿਚ ਵਸਤਾਂ ਦੀ ਪੂਰਤੀ ਦੁਆਰਾ ਅੰਬਾਰ ਲੱਗੇ ਪਏ ਸਨ, ਪਰ ਆਮ ਲੋਕਾਂ ਕੋਲ ਖ਼ਰੀਦ ਸ਼ਕਤੀ ਦੀ ਘਾਟ ਕਾਰਨ ਉਨ੍ਹਾਂ ਨੂੰ ਖ਼ਰੀਦਣ ਵਾਲੇ ਨਹੀਂ ਸਨ। ਇਸ ਸਮੱਸਿਆ ਉੱਪਰ ਕਾਬੂ ਪਾਉਣ ਲਈ ਵੱਖ-ਵੱਖ ਅਰਥ-ਵਿਗਿਆਨੀਆਂ ਨੇ ਆਪਣੇ ਆਪਣੇ ਸੁਝਾਅ ਦਿੱਤੇ, ਪਰ ਇਨ੍ਹਾਂ ਵਿਚੋਂ ਸਭ ਤੋਂ ਵੱਧ ਅਸਰਦਾਰ ਸੁਝਾਅ ਜੇ.ਐੱਮ. ਕੇਅਨਜ਼ ਦੇ ਸਨ। ਉਨ੍ਹਾਂ ਦੇ ਸੁਝਾਵਾਂ ਵਿਚ ਪ੍ਰਮੁੱਖ ਤੌਰ ਉੱਤੇ ਆਰਥਿਕ ਕ੍ਰਿਆਵਾਂ ਵਿਚ ਸਰਕਾਰਾਂ ਦੀ ਸ਼ਮੂਲੀਅਤ ਅਤੇ ਨਿੱਜੀ ਕਾਰੋਬਾਰੀਆਂ ਦੀਆਂ ਗਤੀਵਿਧੀਆਂ ਦੀ ਸਰਕਾਰਾਂ ਦੁਆਰਾ ਨਿਗਰਾਨੀ ਕਰਨਾ ਸਨ। ਕੇਅਨਜ਼ ਦੇ ਸੁਝਾਵਾਂ ਨੂੰ ਅਮਲ ਵਿਚ ਲਿਆਉਣ ਸਦਕਾ ਸਰਕਾਰਾਂ ਦੀ ਮਾਲਕੀ ਵਾਲੇ ਜਨਤਕ ਅਦਾਰੇ ਹੋਂਦ ਵਿੱਚ ਆਏ ਅਤੇ ਨਿੱਜੀ ਅਦਾਰਿਆਂ ਦੀਆਂ ਗਤੀਵਿਧੀਆਂ ਉੱਪਰ ਨਿਗਰਾਨੀ ਕਾਰਨ ਇਹ ਅਦਾਰੇ ਸਰਕਾਰੀ ਕਾਇਦਿਆਂ-ਕਾਨੂੰਨਾਂ ਅਨੁਸਾਰ ਕੰਮ ਕਰਨ ਲੱਗੇ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਉਸ ਦੀ ਕੀਮਤ ਵੀ ਦੇਣ ਲੱਗੇ।

ਕੌਮਾਂਤਰੀ ਪੱਧਰ ਉੱਪਰ ਮਿਸ਼ਰਤ ਅਰਥ ਵਿਵਸਥਾਵਾਂ ਹੋਂਦ ਵਿਚ ਆਈਆਂ ਜਿਨ੍ਹਾਂ ਵਿਚ ਜਨਤਕ ਖੇਤਰ ਦਾ ਪਸਾਰ ਅਤੇ ਵਿਸਥਾਰ ਹੋਇਆ ਅਤੇ ਨਿੱਜੀ ਕਾਰੋਬਾਰਾਂ ਉੱਪਰ ਸਰਕਾਰੀ ਨਿਯੰਤਰਨ ਵੀ ਰਿਹਾ। ਸਮੇਂ ਦੇ ਨਾਲ ਨਾਲ ਸਰਮਾਏਦਾਰੀ ਪ੍ਰਣਾਲੀ ਸਿਰਫ਼ ਮੁੜ-ਸੁਰਜੀਤ ਹੀ ਨਾ ਹੋਈ, ਸਗੋਂ ਇਸ ਤੋਂ ਵੱਧ ਖ਼ਤਰਨਾਕ ਕਾਰਪੋਰੇਟ ਆਰਥਿਕ ਪ੍ਰਣਾਲੀ ਹੋਂਦ ਵਿਚ ਆ ਗਈ। ਕਾਰਪੋਰੇਟ ਆਰਥਿਕ ਪ੍ਰਣਾਲੀ ਨੂੰ ਹੋਂਦ ਵਿਚ ਲਿਆਉਣ ਵਿਚ ਮੁੱਖ ਭੂਮਿਕਾ ਅਮਰੀਕਾ ਦੇ ਇਕ ਸਾਬਕਾ ਰਾਸ਼ਟਰਪਤੀ ਰੀਗਨ ਅਤੇ ਇੰਗਲੈਂਡ ਦੀ ਇਕ ਸਾਬਕਾ ਪ੍ਰਧਾਨ ਮੰਤਰੀ ਮਾਰਗ੍ਰੇਟ ਥੈਚਰ ਨੇ ਨਿਭਾਈ। ਇਸ ਪ੍ਰਣਾਲੀ ਨੂੰ ਪ੍ਰਫੁੱਲਿਤ ਕਰਨ ਵਿਚ ਇਕ ਅਰਥ-ਵਿਗਿਆਨੀ ਮਿਲਟਨ ਫਰਾਇਡਮੈਨ ਨੇ ਵੀ ਮੋਹਰੀ ਭੂਮਿਕਾ ਨਿਭਾਉਂਦੇ ਹੋਏ ਵੱਖ-ਵੱਖ ਮੁਲਕਾਂ ਦੇ ਅਰਥ-ਵਿਗਿਆਨੀਆਂ ਨੂੰ ਟ੍ਰੇਨਿੰਗ ਦਿੱਤੀ। ਇਸ ਆਰਥਿਕ ਪ੍ਰਣਾਲੀ ਨੇ ਸਾਰੀ ਦੁਨੀਆਂ ਵਿਚ ਤਰਥੱਲੀ ਮਚਾਈ ਹੋਈ ਹੈ। ਦੁਨੀਆਂ ਦੇ ਸਾਰੇ ਸਰਮਾਏਦਾਰ ਅਤੇ ਮਿਸ਼ਰਤ ਅਰਥਵਿਵਸਥਾਵਾਂ ਵਾਲੇ ਮੁਲਕਾਂ ਵਿਚ ਅੱਤ ਦੇ ਅਮੀਰ 1 ਫ਼ੀਸਦ ਅਤੇ ਬਾਕੀ ਦੇ 99 ਫ਼ੀਸਦ ਲੋਕਾਂ ਵਿਚਕਾਰ ਆਰਥਿਕ ਪਾੜਾ ਲਗਾਤਾਰ ਵਧਦਾ ਜਾ ਰਿਹਾ ਹੈ ਜਿਸ ਕਾਰਨ ਇਨ੍ਹਾਂ ਮੁਲਕਾਂ ਨੂੰ ਆਰਥਿਕ ਮੰਦੀ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ, ਪਰ ਕਰੋਨਾ ਮਹਾਂਮਾਰੀ ਦੇ ਸੰਕਟ ਕਾਰਨ ਇਸ ਮੰਦੀ ਦੇ ਵਿਕਰਾਲ ਰੂਪ ਅਖਤਿਆਰ ਕਰਨ ਬਾਰੇ ਕੋਈ ਦੋ ਰਾਵਾਂ ਨਹੀਂ ਹਨ।

ਪੰਜਾਬ ਦੀ ਅਰਥਵਿਵਸਥਾ ਨੂੰ ਮੁੜਕੇ ਲੀਹ ਉੱਪਰ ਲਿਆਉਣ ਲਈ ਪੰਜਾਬ ਸਮੇਤ ਪੂਰੇ ਮੁਲਕ ਲਈ ਆਰਥਿਕ ਵਿਕਾਸ ਮਾਡਲ ਬਦਲਣਾ ਜ਼ਰੂਰੀ ਹੈ। ਕਾਰਪੋਰੇਟ ਆਰਥਿਕ ਵਿਕਾਸ ਮਾਡਲ ਦੀ ਜਗ੍ਹਾ ਲੋਕ ਅਤੇ ਕੁਦਰਤ-ਪੱਖੀ ਆਰਥਿਕ ਵਿਕਾਸ ਮਾਡਲ ਅਪਣਾਉਣਾ ਪਵੇਗਾ ਜਿਸ ਵਿਚ ਜਨਤਕ ਖੇਤਰ ਦਾ ਪ੍ਰਸਾਰ ਅਤੇ ਵਿਸਥਾਰ ਅਤੇ ਨਿੱਜੀ ਖੇਤਰ ਉੱਪਰ ਸਰਕਾਰੀ ਨਿਯੰਤਰਨ ਹੋਵੇ। ਇਸ ਤਰ੍ਹਾਂ ਦੇ ਵਿਕਾਸ ਮਾਡਲ ਵਿਚ ਸਮਾਜਿਕ-ਸਭਿਆਚਾਰਕ ਸੰਬੰਧਾਂ ਨੂੰ ਨਰੋਆ ਅਤੇ ਨਿੱਗਰ ਬਣਾਉਣ ਲਈ ਪ੍ਰਮੁੱਖ ਥਾਂ ਹੋਵੇ। ਰਾਜਸੀ ਪ੍ਰਬੰਧ ਵਿਚ ਮੁਲਕ ਵਿਚ ਸੰਘੀ-ਢਾਂਚੇ ਨੂੰ ਉਸਾਰਨ ਅਤੇ ਮਜ਼ਬੂਤ ਕਰਨ ਦੀ ਖ਼ਾਸ ਲੋੜ ਹੈ। ਪੰਜਾਬ ਸਮੇਤ ਪੂਰੇ ਮੁਲਕ ਦੇ ਰਾਜਸੀ ਲੋਕ ਜੋ ਐੱਮ. ਐੱਲ. ਏ., ਐੱਮ. ਪੀ., ਮੰਤਰੀ ਜਾਂ ਹੋਰ ਰਾਜਸੀ ਅਹੁਦਿਆਂ ਉੱਪਰ ਬਿਰਾਜਮਾਨ ਹਨ ਜਾਂ ਰਿਟਾਇਰ ਹੋ ਗਏ ਹਨ ਉਨ੍ਹਾਂ ਦੀਆਂ ਤਨਖਾਹਾਂ ਮਗਨ-ਰੇਗਾ ਕਾਮਿਆਂ ਦੀ ਤਰ੍ਹਾਂ ਕੰਮ ਕਰਨ ਵਾਲੇ ਦਿਨਾਂ ਅਨੁਸਾਰ ਅਤੇ ਮਗਨਰੇਗਾ ਮਜ਼ਦੂਰੀ ਦੀਆਂ ਦਰਾਂ ਅਤੇ ਪੈਂਨਸ਼ਨਾਂ ਸਰਕਾਰੀ ਕਰਮਚਾਰੀਆਂ ਉੱਪਰ ਲਗਾਈਆਂ ਗਈਆਂ ਸ਼ਰਤਾਂ ਅਨੁਸਾਰ ਹੋਣ। ਉਹ ਉਨ੍ਹਾਂ ਉੱਤੇ ਬਣਦਾ ਕਰ ਆਪਣੀ ਆਮਦਨ ਵਿਚੋਂ ਦੇਣ ਨਾ ਕਿ ਹੁਣ ਦੀ ਤਰ੍ਹਾਂ ਉਹ ਸਰਕਾਰੀ ਖਜ਼ਾਨੇ ਉੱਪਰ ਬੋਝ ਬਣੇ। ਸੰਵਿਧਾਨ ਅਨੁਸਾਰ ਹੀ ਮੰਤਰੀਆਂ ਦੀ ਗਿਣਤੀ ਹੋਵੇ ਅਤੇ ਸਰਕਾਰੀ ਖਜ਼ਾਨੇ ਉੱਪਰ ਬੋਝ ਬਣੇ ਬਾਕੀ ਦੇ ਰਾਜਸੀ ਆਗੂ ਤੁਰੰਤ ਫਾਰਗ ਕੀਤੇ ਜਾਣ। ਰਾਜਸੀ ਲੋਕਾਂ ਨੂੰ ਮਿਲਦੀਆਂ ਸਹੂਲਤਾਂ ਆਮ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਵਰਗੀਆਂ ਹੋਣ। ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਇਲਾਜ ਪ੍ਰਧਾਨ ਮੰਤਰੀ ਸਿਹਤ ਸਕੀਮ ਹੋਵੇ। ਰਾਜਸੀ ਐਤ ਹੋਰ ਲੋਕਾਂ ਨੂੰ ਦਿੱਤੀ ਜਾਂਦੀ ਸੁਰੱਖਿਆ ਨੂੰ ਮੁੜ ਤੋਂ ਵਿਚਾਰਨ ਦੀ ਲੋੜ ਹੈ।



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਕੇਂਦਰ ਸਰਕਾਰ ਤੋਂ ਬਿਨਾਂ ਪੰਜਾਬ ਸਰਕਾਰ ਨੂੰ ਪੰਜਾਬ ਦੀ ਅਰਥਵਿਵਸਥਾ ਨੂੰ ਮੁੜ ਲੀਹ ਉੱਪਰ ਲਿਆਉਣ ਲਈ ਕਾਫ਼ੀ ਯਤਨ ਕਰਨ ਦੀ ਸ਼ਖ਼ਤ ਲੋੜ ਹੈ। ਰੇਤੇ-ਬਜਰੀ ਦੇ ਖਣਣ ਅਤੇ ਸ਼ਰਾਬ ਦੇ ਵਪਾਰ ਨੂੰ ਸਰਕਾਰੀ ਨਿਯੰਤਰਣ ਅਧੀਨ ਲਿਆਂਦਾ ਜਾਵੇ। ਵਿੱਦਿਆ, ਸਿਹਤ-ਸੰਭਾਲ ਅਤੇ ਆਵਾਜਾਈ ਦਾ ਪ੍ਰਬੰਧ ਜਨਤਕ ਕੰਟਰੋਲ ਅਧੀਨ ਲਿਆਂਦਾ ਜਾਵੇ। ਸੂਬੇ ਵਿਚ ਬਿਜਲੀ ਦੇ ਉਤਪਾਦਨ ਅਤੇ ਵੰਡ ਦੇ ਕੰਮ ਨੂੰ ਮੁੜ ਤੋਂ ਪੰਜਾਬ ਸਟੇਟ ਇਲੈਕਟਰੀਸਿਟੀ ਬੋਰਡ ਬਣਾ ਕੇ ਉਸ ਦੇ ਅਧੀਨ ਲਿਆਂਦਾ ਜਾਵੇ ਤਾਂ ਕਿ ਨਿੱਜੀ ਅਦਾਰਿਆਂ ਦੀ ਲੁੱਟ ਤੋਂ ਸਰਕਾਰੀ ਖਜ਼ਾਨੇ ਅਤੇ ਲੋਕਾਂ ਦੇ ਖੀਸਿਆਂ ਨੂੰ ਬਚਾਇਆ ਜਾ ਸਕੇ। ਬਣਦੇ ਕਰਾਂ ਨੂੰ ਲਗਾਉਣਾ, ਉਗਰਾਹੁਣਾ ਅਤੇ ਉਨ੍ਹਾ ਤੋਂ ਪ੍ਰਾਪਤ ਆਮਦਨ ਨੂੰ ਹਾਸ਼ੀਏ ਉੱਪਰਲੇ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਖ਼ਰਚਣਾ ਯਕੀਨੀ ਬਣਾਇਆ ਜਾਵੇ। ਕਰ ਚੋਰੀਆਂ ਨੂੰ ਰੋਕਣ ਦਾ ਬੰਦੋਬਸਤ ਕੀਤਾ ਜਾਵੇ। ਖੇਤੀਬਾੜੀ, ਉਦਯੋਗਿਕ ਅਤੇ ਸੇਵਾਵਾਂ ਖੇਤਰਾਂ ਨਾਲ ਸੰਬੰਧਿਤ ਜੱਥੇਬੰਦੀਆਂ ਨਾਲ ਵਿਚਾਰ-ਵਟਾਂਦਰਾਂ ਕਰਕੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਪੂਰੀਆਂ ਕੀਤੀਆਂ ਜਾਣ। ਪੰਜਾਬ ਵਿਚ ਫ਼ਸਲੀ-ਚੱਕਰ ਇੱਥੋਂ ਦੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਯਕੀਨੀ ਬਣਾਇਆ ਜਾਵੇ ਜਿਸ ਲਈ ਕੇਂਦਰ ਸਰਕਾਰ ਕੋਲ ਪੰਜਾਬ ਸਰਕਾਰ ਆਪਣਾ ਪੱਖ ਰੱਖੇ ਅਤੇ ਮਨਵਾਏ। ਪੰਜਾਬ ਵਿਚ ਦਲਿਤ ਪਰਿਵਾਰਾਂ ਵੱਲੋਂ ਪੰਚਾਇਤੀ ਜ਼ਮੀਨ ਉੱਪਰ ਸ਼ੁਰੂ ਕੀਤੀ ਗਈ ਸਹਿਕਾਰੀ ਖੇਤੀਬਾੜੀ ਸਾਰੇ ਕਿਸਾਨਾਂ ਲਈ ਵੀ ਰਾਹ-ਦਸੇਰਾ ਹੈ ਜਿਸ ਉੱਪਰ ਅਮਲ ਕਰਨ ਨਾਲ ਉਨ੍ਹਾਂ ਦੀਆਂ ਕੁਝ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ। ਸੋ, ਪੰਜਾਬ ਸਰਕਾਰ ਪੰਜਾਬ ਦੀ ਅਰਥਵਿਵਸਥਾ ਨੂੰ ਮੁੜਕੇ ਲੀਹ ਉੱਪਰ ਲਿਆਉਣ ਲਈ ਆਰਥਿਕ, ਸਮਾਜਿਕ-ਸਭਿਆਚਾਰਕ ਅਤੇ ਰਾਜਸੀ ਉਪਰਾਲੇ ਇਮਾਨਦਾਰੀ ਨਾਲ ਕਰਨੇ ਯਕੀਨੀ ਬਣਾਵੇ।

# ਸਿਰਜਣਾਤਮਕ ਰੁਚੀਆਂ ਨੂੰ ਉਤਸ਼ਾਹਿਤ ਕਰੇਗਾ "ਅੰਬੈਸਡਰ ਆਫ ਹੋਪ"

ਸੂਬੇ ਵਿੱਚ ਕਰੋਨਾਵਾਇਰਸ ਦਾ ਸੰਕਟ ਹੋਰ ਗੰਭੀਰ ਹੁੰਦਾ ਜਾ ਰਿਹਾ ਹੈ। ਇਹਤਿਆਤ ਵਜੋਂ ਕਰਫਿਊ ਵਿੱਚ ਹੋਰ ਇਜ਼ਾਫਾ ਕੀਤਾ ਗਿਆ ਹੈ। ਮਨੁੱਖੀ ਜਿੰਦਗੀ ਦੀ ਲੀਹੋ ਲੱਥੀ ਰੇਲ ਨੂੰ ਮੁੜ ਪਟੜੀ ਤੇ ਪਰਤਣ ਵਿੱਚ ਸਮਾਂ ਲੱਗਣ ਦੇ ਕਿਆਸ ਲਗਾਏ ਜਾ ਰਹੇ ਹਨ। ਅਜਿਹੀਆ ਪ੍ਰਸਥਿਤੀਆਂ ਦੇ ਵਿੱਚ ਸਭ ਤੋਂ ਤਰਸਯੋਗ ਹਾਲਤ ਬੱਚਿਆਂ ਦੀ ਹੈ। ਬੱਚਿਆਂ ਦਾ ਮਨ ਚੰਚਲ ਹੋਣ ਕਰਕੇ ਉਹ ਵੱਡਿਆਂ ਦੀ ਤਰ੍ਹਾਂ ਸਹੀ ਗਲਤ ਦੀ ਪਹਿਚਾਣ ਕਰਨ ਵਿੱਚ ਅਸਮਰੱਥ ਹੁੰਦੇ ਹਨ। ਉਹਨਾਂ ਦਾ ਹਾਣੀਆਂ ਦੇ ਨਾਲ ਖੇਡਣਾ ਕੁੱਦਣਾ ਖਤਮ ਹੋ ਗਿਆ ਹੈ। ਸਕੂਲਾਂ ਨੇ ਆਪਣੀਆਂ ਫੀਸਾਂ ਬਟੋਰਨ ਖਾਂਤਰ ਬੱਚਿਆਂ ਨੂੰ ਆਨਲਾਈਨ ਪੜ੍ਹਾਈ ਸ਼ੁਰੂ ਕਰਵਾ ਰੱਖੀ ਹੈ। ਇਹੋ ਹਾਲ ਕੋਚਿੰਗ ਸੈਂਟਰਾਂ ਦਾ ਹੈ।ਮਾਪਿਆਂ ਵੱਲੋਂ ਪੜ੍ਹਾਈ ਦਾ ਦਬਾਅ ਵੱਖਰੇ ਤੌਰ ਤੇ ਬਣਾਇਆ ਗਿਆ ਹੈ। ਜਿਸ ਕਰਕੇ ਬੱਚਿਆਂ ਦੇ ਸੁਭਾਅ ਵਿੱਚ ਚਿੜਚਿੜਾਪਣ ਭਾਰੂ ਹੈ। ਉਹ ਆਪਣੇ ਆਪ ਨੂੰ ਜੇਲ ਦੀ ਕੋਠੜੀ ਵਿੱਚ ਰਹਿ ਰਹੇ ਮਹਿਸੂਸ ਕਰਦੇ ਹਨ। ਜਦਕਿ ਬਾਕੀ ਮਨੁੱਖ ਸ਼ਾਤੀ ਨਾਲ ਆਪਣਾ ਜੀਵਨ ਬਸ਼ਰ ਕਰੀ ਜਾ ਰਿਹਾ ਹੈ। ਸੋ, ਬੱਚਿਆਂ ਦੀ ਹਾਲਤ ਚਿੰਤਾਜਨਕ ਹੈ। ਖੈਰ, ਸਿੱਖਿਆ ਵਿਭਾਗ ਨੇ ਕਰੋਨਾਵਾਇਰਸ ਦੇ ਚੱਲਦਿਆ ਬੱਚਿਆਂ ਦੇ ਉੱਪਰ ਪੜ੍ਹਾਈ ਦੇ ਲਈ ਪਾਏ ਜਾ ਰਹੇ ਬੇਲੋੜੇ ਦਬਾਅ ਨੂੰ ਘੱਟ ਕਰਨ ਲਈ ਇੱਕ ਮੁਕਾਬਲੇ ਦਾ ਆਯੋਜਨ ਕਰਨ ਦੀ ਯੋਜਨਾ ਬਣਾਈ ਹੈ ਜਿਸ ਦਾ ਨਾਮ "ਅੰਬੈਸਡਰ ਆਫ ਹੋਪ" ਹੈ। ਇਸਦਾ ਮੰਤਵ ਵਿਦਿਆਰਥੀਆਂ ਅੰਦਰ ਸਿਰਜਣਾਤਮਕ ਰੁਚੀਆਂ ਦਾ ਵਿਕਾਸ ਕਰਕੇ ਉਹਨਾਂ ਅੰਦਰ ਛੁਪੇ ਹੋਏ ਗੁਣਾਂ ਨੂੰ ਬਾਹਰ ਕੱਢਣਾ ਹੈ। ਇਸ ਵਿੱਚ ਸੂਬੇ ਦੇ ਸਾਰੇ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਵਿੱਚ ਪਹਿਲੀ ਸੇ ਤੋਂ ਬਾਰਵੀਂ ਸ੍ਰੇਣੀ ਤੱਕ ਪੜ੍ਹਦੇ ਵਿਦਿਆਰਥੀ ਭਾਗ ਲੈਣਗੇ। ਵਿਦਿਆਰਥੀਆਂ ਨੇ ਵਿਸ਼ਾ "ਲੌਕਡਾਊਨ ਦੀ ਘੜੀ ਵਿੱਚ ਭਵਿੱਖ ਦੀ ਉਮੀਦ" ਬਾਰੇ ਆਪਣੇ ਵਿਚਾਰਾਂ ਨੂੰ ਕਵਿਤਾ, ਐਕਟਿੰਗ, ਗੀਤ, ਭਾਸ਼ਣ, ਨਾਚ ਜਾਂ ਫਿਰ ਖੇਡ ਰਾਹੀਂ ਇੱਕ ਤੋਂ ਤਿੰਨ ਮਿੰਟ ਤੱਕ ਦੀ ਕ੍ਰਿਏਟਿਵ ਵੀਡਿਓ ਵਿੱਚ ਪੇਸ਼ ਕਰਨਾ ਹੈ। ਇਸ ਉਪਰੰਤ ਵੀਡਿਓ ਨੂੰ ਹੈਸ਼ਟੈਗ "ਅੰਬੇਸਡਰ ਆਫ ਹੋਪ ਦੀ ਵਰਤੋਂ ਕਰਕੇ ਆਪਣੀ ਪਸੰਦੀਦਾ ਸੋਸ਼ਲ ਮੀਡੀਆ ਤੇ ਅਪਲੋਡ ਕਰਨਾ ਹੈ। ਅੰਤ ਵਿੱਚ ਪਲੇਟਫਾਰਮ ਦੇ ਲਿੰਕ ਨੂੰ ਵਿਭਾਗੀ ਮੇਲ ਤੇ ਭੇਜਣਾ ਹੈ।




"ਅੰਬੈਸਡਰ ਆਫ ਹੋਪ" ਨਾਲ ਵਿਦਿਆਰਥੀਆਂ ਦੇ ਚਿਹਰੇ ਤੇ ਮੁੜ ਰੌਣਕ ਪਰਤੀ ਹੈ।ਪਹਿਲੀ ਵਾਰ ਉਹਨਾਂ ਨੂੰ ਪੜ੍ਹਾਈ ਤੋਂ ਬਿਨ੍ਹਾਂ ਕੋਈ ਦਿਲਚਪਸੀ ਭਰਿਆ ਕੰਮ ਮਿਲਿਆ ਹੈ ਜਿਸ ਕਰਕੇ ਉਹ ਉਤਸ਼ਾਹਿਤ ਹਨ। ਇਸ ਮੁਕਾਬਲੇ ਦੇ ਜਰਿਐ ਬੱਚਿਆਂ ਅੰਦਰ ਆਤਮਵਿਸ਼ਵਾਸ, ਬੋਲਣ ਦੀ ਕਲਾ, ਕਵਿਤਾ, ਗੀਤ ਲਿਖਣ ਦਾ ਜਜਬਾ ਅਤੇ ਸਰੀਰਕ ਅਤੇ ਮਾਨਸਿਕ ਵਿਕਾਸ ਹੋਣਾ ਤਹਿ ਹੈ। ਬੱਚਿਆਂ ਦੀ ਊਰਜਾ ਸਾਕਾਰਤਮਕ ਕੰਮ ਲੱਗਣ ਜਾ ਰਹੀ ਹੈ। ਫਸਟ, ਸੈਕਿੰਡ ਅਤੇ ਥਰਡ ਸਥਾਨ ਤੇ ਆਉਣ ਵਾਲਿਆਂ ਵਿੱਚ ਆਈ ਪੈਡ, ਲੈਪਟਾਪ, ਟੇਬਲੈਟ ਇਨਾਮਾਂ ਦੀ ਤਕਸੀਮ ਕੀਤੇ ਜਾਣ ਨਾਲ ਇਸ ਵਿੱਚ ਹੋਰ ਜਾਨ ਆਈ ਹੈ। ਉਹਨਾਂ ਵਿੱਚ ਮੁਕਾਬਲਿਆਂ ਨੂੰ ਜਿੱਤਣ ਦੀ ਕਲਾ ਦਾ ਗਿਆਨ ਹੋਵੇਗਾ ।ਸਕੂਲ ਪ੍ਰਿੰਸੀਪਲ ਵੀ ਕਾਫੀ ਉਤਸ਼ਾਹਿਤ ਹਨ ਕਿਉਂਕਿ ਸਭ ਤੋਂ ਵੱਧ ਐਟਰੀਆਂ ਕਰਵਾਉਣ ਵਾਲੇ ਸਕੂਲਾਂ ਦੇ ਲਈ ਵੀ ਵਿਸ਼ੇਸ ਇਨਾਮ ਦਿੱਤੇ ਜਾਣੇ ਹਨ। ਇੱਥੇ ਆਯੋਜਕਾਂ ਨੂੰ ਚਾਹੀਦਾ ਹੈ ਕਿ ਭਾਗ ਲੈਣ ਵਾਲੇ ਹਰ ਇੱਕ ਵਿਦਿਆਰਥੀ ਨੂੰ ਡਿਜ਼ੀਟਲ ਸਰਟੀਫਿਕੇਟ ਜਰੂਰ ਦੇਣ ਤਾਂ ਜੋ ਇਨਾਮ ਨਾ ਜਿੱਤਣ ਦੀ ਸੂਰਤ ਵਿੱਚ ਉਹਨਾਂ ਦਾ ਮਨੋਬਲ ਨਾ ਗਿਰੇ।



ਚਮਨਦੀਪ ਸ਼ਰਮਾ
91-95010-33005

ਅਖੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਜਿੱਥੇ ਸਿੱਖਿਆ ਵਿਭਾਗ ਛੁੱਟੀਆਂ ਦੇ ਦੌਰਾਨ ਬੱਚਿਆਂ ਨੂੰ ਆਨਲਾਈਨ ਪੜ੍ਹਾਈ ਨੂੰ ਲੈ ਕੇ ਸੂਚਨਾ ਤਕਨੀਕ ਦੀ ਵਰਤੋਂ ਕਰਕੇ ਸੁਰਖੀਆਂ ਬਟੋਰ ਰਿਹਾ ਹੈ ਉੱਥੇ ਸਿੱਖਿਆ ਮੰਤਰੀ ਸ੍ਰੀ ਵਿਜੈ ਇੰਦਰ ਸਿੰਗਲਾ ਦਾ "ਅੰਬੇਸਡਰ ਆਫ ਹੋਪ" ਮੁਕਾਬਲਾ ਵੀ ਬੱਚਿਆਂ ਦੇ ਲਈ ਵਰਦਾਨ ਸਿੱਧ ਹੋਵੇਗਾ। ਭਵਿੱਖ ਵਿੱਚ ਅਜਿਹੇ ਹੋਰ ਮੁਕਾਬਲਿਆਂ ਦੀ ਬੱਚਿਆਂ ਨੂੰ ਬਹੁਤ ਜਰੂਰਤ ਹੈ ਤਾਂ ਜੋ ਉਹਨਾਂ ਦਾ ਸਰਵਪੱਖੀ ਵਿਕਾਸ ਹੋ ਸਕੇ।

# “ਸਾਡਾ ਕੀ ਕਸੂਰ” ਗਾਣੇ ਨਾਲ ਰਣਜੀਤ ਬਾਵਾ ਦਾ ਵਿਵਾਦ

## ਗੁਰੂ ਰਵਿਦਾਸ ਅਤੇ ਧੰਨਾ ਜੀ ਦੇ ਪਰਿਵਾਰਾਂ ‘ਚੋਂ ਸਮਾਜਿਕ ਦੂਰੀ (ਸ਼ੋਸਲ ਡਿਸਟੈਂਸਿੰਗ) ਮਿਟਾਉਣ ਦਾ ਕਸੂਰਵਾਰ



ਡਾ. ਸੁਰਜੀਤ ਸਿੰਘ ਭਦੌੜ
91-98884-88060

ਗੰਭੀਰ ਗਾਇਕ ਰਣਜੀਤ ਬਾਵਾ ਨੂੰ ਆਪਣੇ ਕਸੂਰ ਦਾ ਅਹਿਸਾਸ ਤੁਰੰਤ ਕਰਵਾ ਦਿੱਤਾ। ਸਾਡਾ ਕੀ ਕਸੂਰ ਪੁੱਛਣ ਵਾਲੇ ਮਿੱਟੀ ਦੇ ਬਾਵੇ ਨੂੰ ਤੁਰੰਤ ਪਤਾ ਲੱਗ ਗਿਆ ਕਿ ਸੱਚ ਬੋਲਣਾ ਹੀ ਤਾਂ ਕਸੂਰ ਹੈ । ਇਹ ਵੀ ਲੱਗਦਾ ਕਿ ਮਿੱਟੀ ਦੇ ਬਾਵੇ ਨਾਲ ਗੱਲਾਂ ਕਰਦੇ ਬਾਵੇ ਨੂੰ ਨਹੀਂ ਪਤਾ ਸੀ ਕਿ ਉਹ ਜਿੰਨਾਂ ਨੂੰ ਮਿੱਟੀ ਦੇ ਬਾਵੇ ਸਮਝ ਕੇ ਗੱਲਾਂ ਕਰਦਾ ਰਿਹਾ ਹੈ, ਉਹ ਹੁਣ ਮਿੱਟੀ ਦੇ ਬਾਵਿਆਂ ਚ ਫਿਰਕੂ ਜਹਿਰ ਪਸਰ ਗਈ ਹੈ, ਜਿਸਦੀ ਅੱਗ ਵਿੱਚ ਸੱਚ ਹੀ ਕਸੂਰ ਹੈ । ਵਰਨਣਯੋਗ ਹੈ ਕਿ ਰਣਜੀਤ ਬਾਵਾ ਦੀ ਆਵਾਜ ਵਿੱਚ ਬੀਰ ਸਿੰਘ ਦਾ ਲਿਖਿਆ ਗੀਤ “ ਸਾਡਾ ਕੀ ਕਸੂਰ ” ਜਾਰੀ ਹੁੰਦਿਆਂ ਹੀ ਇੱਕ ਧਰਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਣ ਦੇ ਵਿਵਾਦ ਵਿੱਚ ਘਿਰ ਗਿਆ । ਸੱਚ ਨੂੰ ਫਾਂਸੀ ਦਾ ਇਹ ਘਟਨਾਕਰਮ ਏਨੀ ਤੇਜੀ ਨਾਲ ਫੈਲਿਆ ਕਿ ਸੱਚ ਗਾਉਣ ਦੀ ਗਲਤੀ ਤੁਰੰਤ ਸੁਧਾਰਦਿਆਂ ਰਣਜੀਤ ਬਾਵਾ ਨੇ 24 ਘੰਟਿਆਂ ਚ ਹੀ ਇਹ ਗਾਣਾ ਯੂ-ਟਿਊਬ ਤਾਂ ਹਟਾ ਵੀ ਦਿੱਤਾ। ਸਿਤਮ ਦੀ ਗੱਲ ਤਾਂ ਇਹ ਵੀ ਹੈ ਕਿ ਸੱਚ ਦਾ ਗੁਨਾਹ ਏਨਾ ਭਿਆਨਕ ਰਿਹਾ ਕਿ ਸਾਲਾਂ ਬੱਧੀ ਪੁਲਿਸ ਥਾਣਿਆਂ ਚ ਇਨਸਾਫ ਦੀ ਭੀਖ ਮੰਗਦੇ ਲੋਕਾਂ ਦੀ ਸ਼ਿਕਾਇਤ ਚਾਹੇ ਰੋਜਨਾਮਚੇ ਤੇ ਵਰਕੇ ਦਾ ਸ਼ਿੰਗਾਰ ਨਹੀਂ ਬਣਦੀ ਪਰ ਇਸ ਗੁਨਾਹ ਦੀ ਸ਼ਿਕਾਇਤ ਤਾਂ ਤੁਰੰਤ ਦਰਜ ਵੀ ਹੋ ਗਈ । ਦੋਸ਼ੀ ਤਾਂ ਗੀਤਕਾਰ ਬੀਰ ਸਿੰਘ ਵੀ ਹੈ ਜੋ ਸ਼ਬਦਾਂ ਨੂੰ ਫਾਸੀ ਦੇਣ ਵਾਲੇ ਦੇਸ਼ ਵਿੱਚ ਸੱਚ ਦੀ ਕਲਮ ਫੜ ਬੈਠਾ । “ ਓ ਜੇ ਮੈਂ ਮਾੜੇ ਘਰ ਜੰਮਿਆਂ ਤਾਂ ਮੇਰਾ ਕੀ ਕਸੂਰ ਐ ” ਇਹੀ ਤਾਂ ਕਸੂਰ ਆ ਬਾਵੇ




ਦਾ ਤੇ ਬੀਰ ਸਿੰਘ ਦਾ ਵੀ ਕਿ ਉਹ ਜਿਸ ਰਾਜ ਵਿੱਚ ਜਨਮੇ ਉਥੇ ਜੰਮਣਾ ਵੀ ਤਾਂ ਗੁਨਾਹ ਹੈ। ਨਾਲੇ ਗੀਤ ਚ ਪਹਿਲਾਂ ਹੀ ਤਾਂ ਲਿਖ ਦਿੱਤਾ “ ਓ ਜੇ ਮੈਂ ਸੱਚ ਬਹੁਤਾ ਬੋਲਿਆ ਤੇ ਮਚ ਜਾਣਾ ਯੁੱਧ ਐ ” ਫਿਰ ਗਾਉਣ ਤੇ ਲਿਖਣ ਚ ਕਸੂਰ ਹੀ ਕਸੂਰ ਤਾਂ ਹੈ । ਜਦੋਂ ਇਹ ਕਹਿਣਾ ਸੀ ਕਿ “ ਕੈਸੀ ਤੇਰੀ ਮੱਤ ਲੋਕਾ ਕੈਸੀ ਤੇਰੀ ਬੁੱਧ ਐ, ਭੁੱਖਿਆਂ ਨੂੰ ਮੁੱਕੀਆਂ ਤੇ ਪੱਥਰਾਂ ਨੂੰ ਦੁੱਧ ਐ ” ਤਾਂ ਪਹਿਲਾਂ ਪਤਾ ਹੋਣਾ ਚਾਹੀਦਾ ਸੀ ਕਿ ਜਿਹੜੇ ਖਿੱਤੇ ਚ ਉਹ ਵਸਦੇ ਨੇ ਉਥੇ ਮੱਤ ਅਤੇ ਬੁੱਧ ਦੀਆਂ ਪ੍ਰੀਭਾਸ਼ਾਵਾਂ ਨਿਰਧਾਰਤ ਨੇ । ਮੱਤ ਅਤੇ ਬੁੱਧ ਤੇ ਸਦੀਆਂ ਤੋਂ ਤਾਂ ਉਹਨਾਂ ਦਾ ਹੀ ਤਾਂ ਅਧਿਕਾਰ ਰਿਹਾ। ਉਨਾਂ ਦੇ ਮੱਤ ਅਤੇ ਬੁੱਧ ਨੇ ਗੁਰੂ ਰਵਿਦਾਸ ਅਤੇ ਭਗਤ ਧੰਨੇ ਦੇ ਪਰਿਵਾਰਾਂ ਵਿੱਚ ਸਮਾਜਿਕ ਦੂਰੀ (ਸ਼ੋਸਲ ਡਿਸਟੈਸਿੰਗ) ਨੂੰ ਬਨਾਉਣ ਵਿੱਚ ਇਤਿਹਾਸ ਰਚ ਦਿੱਤਾ। ਪਰ ਇੰਨਾਂ ਦੋਨਾਂ ਨੇ “ਗੋਤਾਂ ਅਨੁਸਾਰ ਗੁਰਦਵਾਰੇ ਵੀ ਬਣਾ ਲਏ” ਨਾਲ ਪੰਜਾਬ ਦੇ ਪਿੰਡਾਂ ਵਿੱਚ ਪਸਰੀ ਜਾਤ ਪਾਤ ਦੀ ਬੁਰਾਈ ਦੇ ਸੱਚ ਨੂੰ ਬਿਆਨ ਕਰਕੇ ਕੋਰੋਨਾ ਦੀ ਆੜ ਵਿੱਚ ਗੁਰੂ ਰਵਿਦਾਸ ਅਤੇ ਧੰਨਾ ਜੀ ਦੇ ਪਰਿਵਾਰਾਂ ਚੋਂ ਸਮਾਜਿਕ ਦੂਰੀ (ਸ਼ੋਸਲ ਡਿਸਟੈਂਸਿੰਗ) ਮਿਟਾਉਣ ਦਾ ਕਸੂਰ ਕੀਤਾ ਹੈ। ਮੁਆਫੀ ਤਾਂ ਚਾਹੇ ਲਿਖ ਕੇ ਭੇਜ ਦਿੱਤੀ ਪਰ ਇਹ ਕਸੂਰ ਤਾਂ ਬ੍ਰਾਹਮਣਵਾਦ ਦੇ ਪ੍ਰੀਭਾਸ਼ਤ ਮੱਤ ਅਤੇ ਸ਼ਹਿਣਸ਼ੀਲਤਾ ਦੇ ਅਲੰਬਰਦਾਰ ਖਿੱਤੇ ਚ ਮੁਆਫੀ ਦੇ ਕਾਬਿਲ ਹੀ ਨਹੀਂ। ਮੁਆਫੀ ਨਾਂ ਮਿਲਣ ਦਾ ਕਾਰਨ ਵੀ ਤਾਂ ਸਪੱਸ਼ਟ ਹੈ ਕਿ ਇਹ ਤਾਂ ਉਹਨਾਂ ਦੀ ਬੁੱਧੀ ਭਾਵ ਸਿੱਖਿਆ ਤੇ ਸ਼ੱਕ ਕਰ ਬੈਠੇ ਜਿਸਤੇ ਜਨਮ ਸਿੱਧ ਅਧਿਕਾਰ ਹੀ ਉਨਾਂ ਦਾ ਮੰਨਿਆਂ ਜਾਂਦਾ।

# ਕੋਰੋਨਾ ਵਾਇਰਸ, ਇਕੱਲਾਪਣ ਅਤੇ ਮਾਨਸਿਕ ਰੋਗ : ਕਾਰਣ ਅਤੇ ਨਿਵਾਰਣ



ਡਾ ਨਿਸ਼ਾਨ ਸਿੰਘ ਰਾਠੌਰ
91-90414-98009

ਅੱਜ ਦਾ ਦੌਰ ਸਮੁੱਚੀ ਮਨੁੱਖਤਾ ਲਈ ਮੁਸ਼ਕਿਲਾਂ ਭਰਿਆ ਦੌਰ ਹੈ। ਜਿੱਥੇ ਕੋਰੋਨਾ ਵਾਇਰਸ ਨੇ ਸਮੁੱਚੇ ਸੰਸਾਰ ਦੇ ਸਮਾਜਿਕ ਜੀਵਨ ਨੂੰ ਬਦਲ ਕੇ ਦਿੱਤਾ ਹੈ ਉੱਥੇ ਹੀ ਆਰਥਿਕ, ਰਾਜਨੀਤਿਕ, ਵਪਾਰਕ, ਸਿੱਖਿਅਕ ਖੇਤਰ ਵਿਚ ਵੀ ਵੱਡੇ ਬਦਲਾਓ ਮਹਿਸੂਸ ਕੀਤੇ ਜਾ ਰਹੇ ਹਨ। ਉਂਝ ਇਹ ਲਾਜ਼ਮੀ ਵੀ ਹੈ ਕਿਉਂਕਿ ਇਸ ਮਹਾਂਮਾਰੀ ਨੂੰ ਰੋਕਣ ਲਈ ਅਜਿਹੇ ਕਦਮ ਲਾਹੇਵੰਦ ਅਤੇ ਕਾਰਗਰ ਸਾਬਿਤ ਹੋ ਸਕਦੇ ਹਨ। ਖ਼ੈਰ! ਸਾਡੇ ਅੱਜ ਦੇ ਲੇਖ ਦਾ ਮੂਲ ਵਿਸ਼ਾ ਹੈ ਕਿ ਇਸ ਮਹਾਂਮਾਰੀ (ਕੋਰੋਨਾ ਵਾਇਰਸ) ਦੇ ਦੌਰਾਨ ਬਹੁਤ ਸਾਰੇ ਲੋਕ ਮਾਨਸਿਕ ਰੋਗਾਂ ਦੀ ਚਪੇਟ ਵਿਚ ਆ ਰਹੇ ਹਨ; ਉਹਨਾਂ ਨੂੰ ਇਹਨਾਂ ਮਾਨਸਿਕ ਰੋਗਾਂ ਤੋਂ ਕਿਸ ਤਰ੍ਹਾਂ ਬਚਾਇਆ ਜਾ ਸਕਦਾ ਹੈ? ਇਸ ਵਿਸ਼ੇ ਨਾਲ ਸੰਬੰਧਤ ਸੰਖੇਪ ਵਿਚਾਰ ਹੀ ਇਸ ਲੇਖ ਦਾ ਮੂਲ ਮੰਤਵ ਹੈ।

ਕੋਰੋਨਾ ਵਾਇਰਸ ਨੇ ਮਨੁੱਖ ਲਈ ਜਿੱਥੇ ਸਰੀਰਕ ਪ੍ਰੇਸ਼ਾਨੀ ਪੈਦਾ ਕੀਤੀ ਹੀ ਹੈ ਉੱਥੇ ਹੀ ਮਾਨਸਿਕ ਪ੍ਰੇਸ਼ਾਨੀਆਂ ਵੱਧ ਪੈਦਾ ਹੋ ਰਹੀਆਂ ਹਨ। ਮਨੁੱਖ ਇਕੱਲਾ ਨਹੀਂ ਰਹਿ ਸਕਦਾ। ਇਹ ਕੋਈ ਧਾਰਮਿਕ ਜਾਂ ਭਾਵਾਤਮਕ ਮੁੱਦਾ ਨਹੀਂ ਹੈ ਬਲਕਿ ਇਹ ਭੁਗੋਲਿਕ ਵਿਸ਼ਾ ਹੈ। ਇਹ ਵਿਸ਼ਾ ਮਨੁੱਖਤਾ ਦੇ ਸੰਪੂਰਨ ਇਤਿਹਾਸ ਜਿੰਨਾ ਹੀ ਪੁਰਾਣਾ ਅਤੇ ਮਹੱਤਵਪੂਰਨ ਹੈ। ਅਸਲ ਵਿਚ ਮਨੁੱਖ ਸਦੀਆਂ ਤੋਂ ਸਮਾਜਿਕ ਜੀਵਨ ਜਿਉਣ ਦਾ ਪ੍ਰਭਾਵ ਕਬੂਲਦਾ ਰਿਹਾ ਹੈ। ਇਹ ਪ੍ਰਭਾਵ ਮਨੁੱਖਤਾ ਦੇ ਇਤਿਹਾਸ ਜਿੰਨਾ ਹੀ ਪੁਰਾਣਾ ਹੈ ਕਿ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਆਦਿ ਕਾਲ ਤੋਂ ਹੀ ਜਦੋਂ ਮਨੁੱਖਤਾ ਅਜੇ ਆਪਣੇ ਵਿਕਾਸ ਦੇ ਸ਼ੁਰੁਆਤੀ ਦੌਰ ਵਿਚ ਸੀ ਤਾਂ ਸ਼ਿਕਾਰ ਆਦਿ ਖੇਡਣ ਜਾਣ ਲਈ ਝੁੰਡ, ਕਬੀਲੇ ਆਦਿ ਇਕੱਠੇ ਹੀ ਜੰਗਲਾਂ ਦਾ ਰੁਖ਼ ਕਰਦੇ ਸਨ। ਜੰਗਾਂ-ਯੁੱਧਾਂ ਵਿਚ ਵੀ ਝੁੰਡ ਜਾਂ ਕਬੀਲੇ ਦੀ ਅਹਿਮੀਅਤ ਕਿਸੇ ਗੱਲੋਂ ਅਣਛੋਹਿਆ ਵਿਸ਼ਾ ਨਹੀਂ ਹੈ। ਬਸਤੀਆਂ, ਸ਼ਹਿਰ ਅਤੇ ਪਿੰਡ ਇਸੇ ਬਿਰਤੀ (ਸਮਾਜਿਕਤਾ) ਦਾ ਸਿੱਟਾ ਹਨ। ਇਹ ਸਾਡੇ ਭੁਗੋਲਿਕ ਇਤਿਹਾਸ ਨਾਲ ਸੰਬੰਧਿਤ ਖੋਜ ਦਾ ਹਿੱਸਾ ਰਿਹਾ ਹੈ। ਭੁਗੋਲ ਦੇ ਵਿਦਿਆਰਥੀ ਇਸ ਗੱਲ ਨੂੰ ਸਹਿਜੇ ਹੀ ਸਮਝ ਸਕਦੇ ਹਨ। ਖ਼ੈਰ!

ਮਨੁੱਖ ਦੀ ਇਹ ਫਿਤਰਤ ਹੈ ਕਿ ਉਹ ਆਪਣੇ ਸਮਾਜ ਨਾਲੋਂ, ਆਪਣੇ ਲੋਕਾਂ ਨਾਲੋਂ ਵੱਖ ਨਹੀਂ ਹੋ ਸਕਦਾ। ਅੱਜ ਨਿਆਂਪਾਲਿਕਾ ਦੇ ਅਧੀਨ ਜਦੋਂ ਕੈਦੀਆਂ (ਮੁਜ਼ਰਮਾਂ) ਨੂੰ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ ਤਾਂ ਉਹਨਾਂ ਨੂੰ ਸਰੀਰਿਕ ਦੁੱਖ ਨਹੀਂ ਦਿੱਤੇ ਜਾਂਦੇ (ਜਾਂ ਨਾਮਾਤਰ ਦਿੱਤੇ ਵੀ ਜਾਂਦੇ ਹੋਣ) ਬਲਕਿ ਉਹਨਾਂ ਨੂੰ ਆਪਣੇ ਸਮਾਜ ਨਾਲੋਂ ਵੱਖ ਕਰਕੇ ਇਕਾਂਤ ਵਿਚ ਡੱਕ ਦਿੱਤਾ ਜਾਂਦਾ ਹੈ/ ਭੇਜ ਦਿੱਤਾ ਜਾਂਦਾ ਹੈ। ਇਹੀ ਇਕਾਂਤ (ਇਕੱਲਾਪਣ) ਉਹਨਾਂ ਲਈ ਸਜ਼ਾ ਸਮਝੀ ਜਾਂਦੀ ਹੈ। ਅੱਜ ਦਾ ਮਨੁੱਖ ਇਸੇ ਇਕੱਲੇਪਣ (ਇਕਾਂਤ) ਕਰਕੇ ਮਾਨਸਿਕ ਰੋਗੀ ਹੁੰਦਾ ਜਾ ਰਿਹਾ ਹੈ ਕਿਉਂਕਿ ਇਹ (ਇਕੱਲਾਪਣ) ਇਕਾਂਤ ਸਾਡੀ ਫਿਤਰਤ ਦੇ ਬਿਲਕੁਲ ਉਲਟ ਹੈ। ਅਸੀਂ ਇਕਾਂਤ ਨੂੰ ਆਪਣੇ ਜੀਵਨ ਦਾ ਹਿੱਸਾ ਨਹੀਂ ਮੰਨਦੇ। ਅਧਿਆਤਮਕ ਖ਼ੇਤਰ ਵਿਚ ਵੀ ਇਕਾਂਤ ਉਹਨਾਂ ਲੋਕਾਂ ਲਈ ਸਮਝਿਆ ਜਾਂਦਾ ਸੀ ਜਿਹੜੇ ਮਨੁੱਖ ਸੰਸਾਰ ਨਾਲੋਂ ਟੁੱਟ ਕੇ ਰੱਬ ਦੀ ਪ੍ਰਾਪਤੀ ਨੂੰ ਆਪਣਾ ਮੁੱਖ ਕਰਮ ਸਮਝਦੇ ਹਨ। ਉਹਨਾਂ ਵਿਚ ਸੰਨਿਆਸੀ ਸਾਧੂ, ਜੋਗੀ, ਨਾਥ ਅਤੇ ਸੰਸਾਰ ਤੋਂ ਉਪਰਾਮ ਵਿਅਕਤੀ ਹੀ ਪ੍ਰਮੁੱਖ ਸਨ। ਅਜਿਹੇ ਸਾਧੂ, ਨਾਥ ਅਤੇ ਜੋਗੀ ਬਿਰਤੀ ਦੇ ਮਨੁੱਖ ਪਹਾੜਾਂ ਆਦਿ ਉੱਪਰ ਜਾ ਕੇ ਸਮਾਜਿਕ ਜੀਵਨ ਤੋਂ ਦੂਰ ਹੁੰਦੇ ਸਨ। ਰੱਬ ਨੂੰ ਪਾਉਣ ਦਾ ਯਤਨ ਕਰਦੇ ਸਨ। ਖ਼ੈਰ! ਇਹ ਵਿਸ਼ਾ ਅਧਿਆਤਮਕ ਜਗਤ ਨਾਲ ਸੰਬੰਧਤ ਹੈ।

ਕੋਰੋਨਾ ਵਾਇਰਸ ਦੇ ਚੱਲਦਿਆਂ ਨਿੱਕੇ ਬੱਚਿਆਂ, ਬਜ਼ੁਰਗਾਂ ਅਤੇ ਔਰਤਾਂ ਉੱਪਰ ਇਸਦਾ ਡੂੰਘਾ ਪ੍ਰਭਾਵ ਵੇਖਣ ਨੂੰ ਮਿਲ ਰਿਹਾ ਹੈ। ਇਹ ਲੋਕ ਮਾਨਸਿਕ ਰੋਗਾਂ ਦੇ ਸ਼ਿਕਾਰ ਹੋ ਰਹੇ ਹਨ। ਸੰਨ 2016 ਵਿਚ ਕੀਤੇ ਗਏ ਇੱਕ ਸਰਵੇਖਣ ਦੇ ਅਨੁਸਾਰ ਭਾਰਤ ਵਿਚ 14ਗ ਫੀਸਦੀ ਲੋਕਾਂ ਨੂੰ ਅਮੂਮਨ ਮਾਨਸਿਕ ਇਲਾਜ ਦੀ ਜ਼ਰਰੂਤ ਹੁੰਦੀ ਹੈ। ਇਹਨਾਂ ਵਿਚੋਂ ਵੀ 2ਗ ਫੀਸਦੀ ਲੋਕ ਤਾਂ ਗੰਭੀਰ ਮਾਨਸਿਕ ਰੋਗਾਂ ਨਾਲ ਪੀੜਿਤ ਹੁੰਦੇ ਹਨ। ਇਹਨਾਂ ਰੋਗੀਆਂ ਵਿਚੋਂ ਹਰ ਵਰ੍ਹੇ ਤਕਰੀਬਨ 2 ਲੱਖ ਲੋਕ ਆਤਮ- ਹੱਤਿਆ ਵਰਗੇ ਕਦਮ ਵੀ ਚੁੱਕ ਲੈਂਦੇ ਹਨ। ਇਸ ਸਰਵੇਖਣ ਅਨੁਸਾਰ ਸ਼ਹਿਰੀ ਖੇਤਰਾਂ ਵਿਚ ਪੇਂਡੂ ਖੇਤਰਾਂ ਨਾਲੋਂ ਵੱਧ ਮਾਨਸਿਕ ਰੋਗਾਂ ਦਾ ਪ੍ਰਭਾਵ ਵੇਖਣ ਨੂੰ ਮਿਲਦਾ ਹੈ। ਇੱਥੇ ਖ਼ਾਸ ਗੱਲ ਇਹ ਹੈ ਕਿ ਭਾਰਤ ਵਿਚ 65ਗ ਫੀਸਦੀ ਆਬਾਦੀ 35 ਸਾਲ ਤੋਂ ਘੱਟ ਉਮਰ ਦੀ ਹੈ। ਇਹ ਲੋਕ ਅੱਜ ਕੱਲ ਵੱਡੀ ਗਿਣਤੀ ਵਿਚ ਮਾਨਸਿਕ ਰੋਗਾਂ ਦੀ ਚਪੇਟ ਵਿਚ ਆ ਰਹੇ ਹਨ।

ਇਹਨਾਂ ਮਾਨਸਿਕ ਰੋਗਾਂ ਤੋਂ ਬੱਚਿਆਂ, ਬਜ਼ੁਰਗਾਂ ਅਤੇ ਔਰਤਾਂ ਨੂੰ ਕਿਸ ਤਰ੍ਹਾਂ ਬਚਾਇਆ ਜਾਵੇ, ਇੱਥੇ ਸੰਖੇਪ ਰੂਪ ਵਿਚ ਜ਼ਿਕਰ ਕੀਤਾ ਜਾ ਰਿਹਾ ਹੈ। ਪਹਿਲੀ ਗੱਲ, ਦਿਨ- ਰਾਤ ਘਰਾਂ ਵਿਚ ਮਾਂ- ਬਾਪ ਦੁਆਰਾ ਕੋਰੋਨਾ ਵਾਇਰਸ



ਸੰਬੰਧੀ ਕੀਤੀ ਗੱਲਬਾਤ ਨੂੰ ਸੁਣ- ਸੁਣ ਕੇ ਨਿੱਕੇ ਬੱਚੇ ਡਰ ਦੇ ਪ੍ਰਭਾਵ ਹੇਠਾਂ ਆ ਰਹੇ ਹਨ/ ਪ੍ਰੇਸ਼ਾਨੀ ਦੇ ਪ੍ਰਭਾਵ ਹੇਠਾਂ ਆ ਰਹੇ ਹਨ। ਇੱਥੇ ਮਾਂ- ਬਾਪ ਲਈ ਵਿਸ਼ੇਸ਼ ਹਿਦਾਇਤ ਅਤੇ ਸੁਝਾਅ ਹੈ ਕਿ ਨਿੱਤ- ਦਿਹਾੜੀ ਇੱਕੋ ਵਿਸ਼ੇ (ਕੋਰੋਨਾ ਵਾਇਰਸ) ਉੱਪਰ ਗੱਲਬਾਤ ਨਾ ਕੀਤੀ ਜਾਵੇ ਬਲਕਿ ਕਈ ਵਾਰ ਇਸ ਵਿਸ਼ੇ ਨਾਲੋਂ ਹੱਟ ਕੇ ਸਾਰਥਕ ਵਿਚਾਰ- ਚਰਚਾ ਵੀ ਕੀਤੀ ਜਾਵੇ ਜਿਸ ਨਾਲ ਬੱਚਿਆਂ ਨੂੰ ਹੌਸਲਾ ਮਿਲੇ। ਇਹ ਗੱਲਬਾਤ ਕਿਸੇ ਵੀ ਸਾਰਥਕ ਵਿਸ਼ੇ ਨਾਲ ਸੰਬੰਧਤ ਹੋ ਸਕਦੀ ਹੈ। ਜਿਵੇਂ ਇਤਿਹਾਸ, ਭੁਗੋਲ ਜਾਂ ਫਿਰ ਧਾਰਮਿਕ ਵਿਸ਼ੇ ਚੁਣੇ ਜਾ ਸਕਦੇ ਹਨ।

ਦੂਜੀ ਗੱਲ, ਬੱਚੇ ਕਿਉਂਕਿ ਲੰਮੇ ਸਮੇਂ ਤੋਂ ਆਪਣੇ ਸਕੂਲਾਂ ਤੋਂ ਦੂਰ ਹਨ। ਸਕੂਲ ਜਾਣਾ ਤਾਂ ਮਹਤੱਵਪੂਰਨ ਕਾਰਜ ਹੁੰਦਾ ਹੀ ਹੈ ਬਲਕਿ ਸਕੂਲ ਜਾਣ ਤੋਂ ਪਹਿਲਾਂ ਸਕੂਲ ਦੀ ਤਿਆਰੀ ਦਾ ਸਮਾਂ ਹੋਰ ਜਿਆਦਾ ਮਹੱਤਵਪੂਰਨ ਹੁੰਦਾ ਹੈ। ਬੱਚੇ ਨੂੰ ਆਪਣੀ ਵਰਦੀ, ਬੂਟ, ਹੋਮ- ਵਰਕ ਅਤੇ ਦੋਸਤਾਂ, ਅਧਿਆਪਕਾਂ ਨੂੰ ਮਿਲਣ ਦਾ ਚਾਅ ਹੁੰਦਾ ਹੈ; ਜਿਹੜਾ ਅੱਜ ਕੱਲ ਕਿਤੇ ਦੇਖਣ ਨੂੰ ਨਹੀਂ ਮਿਲ ਰਿਹਾ ਕਿਉਂਕਿ ਸਕੂਲ ਬਿਲਕੁਲ ਬੰਦ ਹਨ। ਦੂਜੇ ਪਾਸੇ, ਹਰ ਵਕਤ ਘਰ ਵਿਚ ਕੋਰੋਨਾ ਵਾਇਰਸ ਦੀ ਗੱਲਬਾਤ ਅਤੇ ਮਾਂ- ਬਾਪ ਦੀਆਂ ਝਿੜਕਾਂ ਬੱਚਿਆਂ ਨੂੰ ਮਾਨਸਿਕ ਰੋਗੀ ਬਣਾ ਰਹੀਆਂ ਹਨ। ਇੱਥੇ ਵਿਸ਼ੇਸ਼ ਨੁਕਤਾ ਇਹ ਹੈ ਕਿ ਬੱਚਿਆਂ ਨੂੰ ਆਪਣੇ ਸਕੂਲ ਦੇ ਦੋਸਤਾਂ- ਮਿੱਤਰਾਂ ਨਾਲ ਗੱਲਬਾਤ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ; ਉਹ ਚਾਹੇ ਮੋਬਾਇਲ ਫੋਨ ਰਾਹੀਂ ਹੋਵੇ ਅਤੇ ਚਾਹੇ ਕਿਸੇ ਹੋਰ ਮਾਧਿਅਮ ਰਾਹੀਂ। ਬੱਚੇ ਜਦੋਂ ਆਪਣੇ ਦੋਸਤਾਂ ਨਾਲ ਗੱਲਬਾਤ ਕਰਨਗੇ ਤਾਂ ਉਹ ਬਿਹਤਰ ਮਹਿਸੂਸ ਕਰਨਗੇ ਅਤੇ ਖੁਸ਼ ਵੀ ਹੋਣਗੇ।

ਤੀਜੀ ਗੱਲ, ਮਾਂ-ਬਾਪ ਨੂੰ ਚਾਹੀਦਾ ਹੈ ਕਿ ਸ਼ਾਮ ਵੇਲੇ ਜਾਂ ਫਿਰ ਜਦੋਂ ਵੀ ਪੂਰਾ ਪਰਿਵਾਰ ਇਕੱਠਾ ਬੈਠ ਸਕੇ ਤਾਂ ਸਾਰਥਕ ਗੱਲਬਾਤ ਬੱਚਿਆਂ ਦੇ ਸਾਹਮਣੇ ਪੇਸ਼ ਕੀਤੀ ਜਾਣੀ ਚਾਹੀਦੀ ਹੈ। ਜ਼ਿੰਦਗੀ ਦੀਆਂ ਗੱਲਾਂ ਬੱਚਿਆਂ ਦੇ ਮਨਾਂ ਉੱਪਰ ਡੂੰਘਾ ਅਸਰ ਕਰ ਸਕਦੀਆਂ ਹਨ। ਘਰ ਵਿਚ ਜੇਕਰ ਬਜ਼ੁਰਗ ਹੋਣ ਤਾਂ ਉਹਨਾਂ ਕੋਲੋਂ ਬੀਤੇ ਵੇਲੇ ਦੀਆਂ ਯਾਦਾਂ ਸੁਣੀਆਂ ਜਾ ਸਕਦੀਆਂ ਹਨ। ਇਹਨੂੰ ਦੇ ਸਮੇਂ ਕਿਸੇ ਬਿਮਾਰੀ ਦੀ ਗੱਲਬਾਤ ਅਤੇ ਉਸ ਬਿਮਾਰੀ ਤੋਂ ਬਾਅਦ ਦੀ ਮਨੁੱਖੀ ਜ਼ਿੰਦਗੀ ਦੀ ਗੱਲਬਾਤ ਵੀ ਕੀਤੀ/ ਸੁਣੀ ਜਾ ਸਕਦੀ ਹੈ। ਬਜ਼ੁਰਗ ਵੀ ਆਪਣੇ ਪਰਿਵਾਰ ਦੇ ਬੱਚਿਆਂ ਨੂੰ ਇਹੀ ਸਾਰਥਕ ਗੱਲਬਾਤ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਸੁਣਾਉਣ ਤਾਂ ਕਿ ਉਹਨਾਂ ਨੂੰ ਇੰਝ ਮਹਿਸੂਸ ਹੋਵੇ ਕਿ ਇਹ ਬਿਮਾਰੀ ਮਗ਼ਰੋਂ ਵੀ ਸੰਸਾਰ ਮੁੜ ਪਹਿਲਾਂ ਵਾਂਗ ਚੱਲਦਾ ਰਹੇਗਾ। ਇਹ ਬਿਮਾਰੀਆਂ ਮਨੁੱਖੀ ਜੀਵਨ ਦਾ ਹਿੱਸਾ ਹਨ। ਇਹਨਾਂ ਦੇ ਆਉਣ ਨਾਲ ਮਨੁੱਖ ਨੂੰ ਸੇਧ ਮਿਲਦੀ ਹੈ/ ਸਮਝ ਆਉਂਦੀ ਹੈ। ਇਹ ਬਿਮਾਰੀ ਸਾਡੀ ਜ਼ਿੰਦਗੀ ਦਾ ਅੰਤ ਨਹੀਂ ਹੈ। ਇਸ ਤੋਂ ਬਾਅਦ ਦਾ ਜੀਵਨ ਹੋਰ ਜਿਆਦਾ ਖ਼ੁਸ਼ਹਾਲ ਅਤੇ ਸਕੂਨ ਭਰਿਆ ਹੋਵੇਗਾ।

ਚੌਥੀ ਗੱਲ, ਟੀ: ਵੀ: ਤੇ ਉਹ ਚੈਨਲ ਚਲਾਓ ਜਿਹਨਾਂ ਵਿਚ ਬੱਚਿਆਂ ਨੂੰ ਸੇਧ ਦਿੱਤੀ ਗਈ ਹੋਵੇ; ਮਸਲਨ ਨਿੱਕੇ ਬੱਚੇ ਕਾਰਟੂਨ ਵੇਖਣਾ ਜਿਆਦਾ ਪਸੰਦ ਕਰਦੇ ਹਨ ਤਾਂ ਉਹਨਾਂ ਨੂੰ ਕੁਝ ਸਮਾਂ ਕਾਰਟੂਨ ਵੇਖਣ ਲਈ ਦਿੱਤਾ ਜਾਣਾ ਚਾਹੀਦਾ ਹੈ। ਬਜ਼ੁਰਗ ਲੋਕਾਂ ਵੱਲੋਂ ਧਾਰਮਿਕ ਪ੍ਰੋਗਰਾਮ ਵੇਖੇ ਜਾ ਸਕਦੇ ਹਨ। ਪਰਿਵਾਰ ਵਿਚ ਬੈਠ ਕੇ ਵੇਖੀ ਜਾ ਸਕਣ ਵਾਲੀ ਫ਼ਿਲਮ ਵੀ ਵੇਖੀ ਜਾ ਸਕਦੀ ਹੈ। ਹਰ ਵਕਤ ਨਕਾਰਤਮਕ ਖ਼ਬਰਾਂ ਵੇਖਣ ਨਾਲ ਸਾਡੇ ਮਨਾਂ ਉੱਪਰ ਨਕਾਰਤਮਕ ਪ੍ਰਭਾਵ ਪੈਣਾ ਲਾਜ਼ਮੀ ਹੈ। ਹਾਂ, ਜਾਣਕਾਰੀ ਲਈ ਖ਼ਬਰਾਂ ਵੇਖਣਾ ਜ਼ਰੂਰੀ ਹੈ ਪਰ ਹਰ ਵਕਤ ਖ਼ਬਰਾਂ ਵੇਖਣਾ ਮਾਨਸਿਕ ਪ੍ਰੇਸ਼ਾਨੀ ਦਾ ਸਬੱਬ ਬਣ ਸਕਦਾ ਹੈ।

ਪੰਜਵੀ ਗੱਲ, ਮਨੁੱਖਤਾ ਦਾ ਇਤਿਹਾਸ ਅਜਿਹੀਆਂ ਮੁਸ਼ਕਿਲਾਂ ਨਾਲ ਭਰਿਆ ਪਿਆ ਹੈ ਜਦੋਂ ਮਨੁੱਖਤਾ ਦੀ ਹੋਂਦ ਨੂੰ ਹੀ ਖ਼ਤਰਾ ਪੈਦਾ ਹੋ ਗਿਆ ਸੀ। ਉਹਨਾਂ ਸਥਿਤੀਆਂ ਅਤੇ ਉਹਨਾਂ ਤੋਂ ਪਾਰ ਪਾਉਣ ਵਾਲੇ ਸੂਰਬੀਰ ਯੋਧਿਆਂ (ਡਾਕਟਰਾਂ, ਸੈਨਿਕਾਂ) ਦੀਆਂ ਸਾਖੀਆਂ, ਕਹਾਣੀਆਂ ਆਪਣੇ ਬੱਚਿਆਂ ਨੂੰ ਸੁਣਾਉਣੀਆਂ ਚਾਹੀਦੀਆਂ ਹਨ ਤਾਂ ਕਿ ਬੱਚਿਆਂ ਦੇ ਮਨਾਂ ਵਿਚ ਇਕੋ ਬਿਰਤੀ (ਕੋਰੋਨਾ ਵਾਇਰਸ) ਨੂੰ ਕੁਝ ਸਮੇਂ ਲਈ ਕੱਢਿਆ ਜਾ ਸਕੇ। ਬੱਚੇ ਇਹ ਮਹਿਸੂਸ ਕਰ ਸਕਣ ਕਿ ਇਸ ਬਿਮਾਰੀ ਨਾਲ ਸੰਸਾਰ ਦੀ ਹੋਂਦ ਨੂੰ ਖ਼ਤਰਾ ਨਹੀਂ ਹੈ। ਇਸ ਬਿਮਾਰੀ ਤੋਂ ਇਲਾਵਾ ਵੀ ਸੰਸਾਰ ਵਿਚ ਬਹੁਤ ਕੁਝ ਚੱਲ ਰਿਹਾ ਹੈ ਜਿਹੜਾ ਪਹਿਲਾਂ ਵੀ ਚੱਲਦਾ ਸੀ ਅਤੇ ਭਵਿੱਖ ਵਿਚ ਵੀ ਚੱਲਦਾ ਰਹੇਗਾ।

ਛੇਵੀਂ ਗੱਲ, ਸੋਸ਼ਲ- ਮੀਡੀਆਂ ਉੱਪਰ ਅ-ਜਹੀਆਂ ਵੀਡੀਓ ਵੇਖਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜਿਹਨਾਂ ਵਿਚ ਨਕਾਰਤਮਕਤਾ ਝਲਕਾਰੇ ਮਾਰਦੀ ਹੋਵੇ। ਸੋਸ਼ਲ- ਮੀਡੀਆ ਉੱਪਰ ਅੱਜ ਕੱਲ ਬਹੁਤ ਸਾਰੀਆਂ ਫ਼ਿਲਮਾਂ ਦੇ ਸੀਨ ਚਲਾਏ ਜਾ ਰਹੇ ਹਨ ਅਤੇ ਇਹ ਝੂਠ ਫੈਲਾਇਆ ਜਾ ਰਿਹਾ ਹੈ ਕਿ ਕੋਰੋਨਾ ਵਾਇਰਸ ਨਾਲ ਬੰਦੇ ਦੀ ਮੌਤ ਇੰਝ ਹੁੰਦੀ ਹੈ। ਅਜਿਹੀਆਂ ਭਿਆਨਕ ਵੀਡੀਓ ਵੇਖ ਕੇ ਮਨਾਂ ਅੰਦਰ ਡਰ ਬੈਠ ਜਾਂਦਾ ਹੈ। ਉਂਝ ਸੋਸ਼ਲ-ਮੀਡੀਆ ਉੱਪਰ 80 ਗ਼ ਫ਼ੀਸਦੀ ਭੰਡੀ ਪ੍ਰਚਾਰ ਹੀ ਹੁੰਦਾ ਹੈ। ਇਸ ਲਈ ਸੋਸ਼ਲ- ਮੀਡੀਆ ਉੱਪਰ ਅਜਿਹੀਆਂ ਗ਼ੈਰ- ਜ਼ਰੂਰੀ ਵੀਡੀਓ ਵੇਖਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।

ਸੱਤਵੀਂ ਗੱਲ, ਘਰਾਂ ਵਿਚ ਰਹਿ ਕੇ ਅਜਿਹੇ ਬਹੁਤ ਸਾਰੇ ਕੰਮਾਂ ਲਈ ਪਹਿਲ ਕੀਤੀ ਜਾ ਸਕਦੀ ਹੈ ਜਿਹੜੇ ਸਾਡੇ ਭਵਿੱਖ ਲਈ ਲਾਹੇਵੰਦ ਸਾਬਿਤ ਹੋ ਸਕਦੇ ਹਨ; ਮਸਲਨ ਸਭ ਨੂੰ ਪੇਟਿੰਗ ਸਿਖਾਈ ਜਾ ਸਕਦੀ ਹੈ; ਲਿਖਾਈ ਸੁਧਾਰੀ ਜਾ ਸਕਦੀ ਹੈ। ਸੰਗੀਤ ਦੀ ਸਿੱਖਿਆ ਦਿੱਤੀ ਜਾ ਸਕਦੀ ਹੈ। ਸਾਰੇ ਮੈਂਬਰਾਂ ਨੂੰ ਘਰ ਦੀ ਸਫ਼ਾਈ ਲਈ ਹੱਲਾਸ਼ੇਰੀ ਦਿੱਤੀ ਜਾ ਸਕਦੀ ਹੈ। ਉਹਨਾਂ ਨੂੰ (ਖ਼ਾਸ ਕਰਕੇ ਬੱਚਿਆਂ ਨੂੰ) ਆਪਣੇ ਕਪੜੇ, ਵਰਦੀਆਂ, ਬੂਟ ਅਤੇ ਕਿਤਾਬਾਂ ਦੀ ਸਾਂਭ- ਸੰਭਾਲ ਦੀ ਜਾਣਕਾਰੀ ਦਿੱਤੀ ਜਾ ਸਕਦੀ ਹੈ। ਮਾਤ- ਭਾਸ਼ਾ ਸਿਖਾਈ ਜਾ ਸਕਦੀ ਹੈ ਜਾਂ ਮੁੱਢਲੀ ਜਾਣਕਾਰੀ ਦਿੱਤੀ ਜਾ ਸਕਦੀ ਹੈ। ਅਜਿਹੀਆਂ ਬਹੁਤ ਸਾਰੀਆਂ ਜਾਣਕਾਰੀਆਂ ਦਿੱਤੀਆਂ ਜਾ ਸਕਦੀਆਂ ਹਨ ਜਿਹੜੀਆਂ ਸਕੂਲਾਂ ਵਿਚ ਬੱਚਿਆਂ ਨੂੰ ਨਹੀਂ ਸਿਖਾਈਆਂ ਜਾਂਦੀਆਂ।

ਅੱਠਵੀਂ ਗੱਲ, ਬਜ਼ੁਰਗਾਂ ਅਤੇ ਔਰਤਾਂ ਲਈ ਕਿ ਉਹ ਵਿਹਲੇ ਸਮੇਂ ਮਿਆਰੀ ਪੁਸਤਕਾਂ ਨਾਲ ਜੁੜ ਸਕਦੇ ਹਨ। ਬੀਤੇ ਸਮੇਂ ਦੀ ਕਿਸੇ ਅਧੂਰੀ ਖ਼ੁਆਇਸ਼ ਨੂੰ ਪੂਰਾ ਕਰ ਸਕਦੇ ਹਨ। ਕੁਝ ਨਵਾਂ ਸਿੱਖ ਸਕਦੇ ਹਨ। ਰਸੋਈ ਵਿਚ ਨਵੇਂ ਪਕਵਾਨਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਧਿਆਨ, ਯੋਗ ਕਰ ਸਕਦੇ ਹਨ। ਘਰ ਵਿਚ ਲੱਗੇ ਰੁੱਖ, ਬੂਟਿਆਂ ਦੀ ਸਾਂਭ- ਸੰਭਾਲ ਕਰ ਸਕਦੇ ਹਨ। ਮਨਪਸੰਦ ਸੰਗੀਤ ਸੁਣ ਸਕਦੇ ਹਨ। ਘਰ ਦੀਆਂ ਅਲਮਾਰੀਆਂ, ਕਿਤਾਬਾਂ ਦੇ ਰੈਕ ਆਦਿਕ ਦੀ ਸਫ਼ਾਈ ਕਰ ਸਕਦੇ ਹਨ। ਪੁਰਾਣੇ ਕਪੜਿਆਂ ਦੀ ਸਾਂਭ- ਸੰਭਾਲ ਕਰ ਸਕਦੇ ਹਨ।

ਆਖ਼ਰ ਵਿਚ ਉੱਪਰ ਕੀਤੀ ਗਈ ਵਿਚਾਰ- ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਪ੍ਰੇਸ਼ਾਨੀ ਅਤੇ ਨਕਾਰਤਮਕਤਾ ਭਰਪੂਰ ਮਾਹੌਲ ਨੂੰ ਬਦਲਣਾ ਤੁਹਾਡੇ ਹੱਥ ਵਿਚ ਹੈ ਅਤੇ ਇਸ ਬਦਲੇ ਹੋਏ ਮਾਹੌਲ ਦਾ ਤੁਹਾਡੇ ਘਰ ਦੇ ਮੈਂਬਰਾਂ ਉੱਪਰ ਸਾਰਥਕ ਅਤੇ ਲਾਹੇਵੰਦ ਪ੍ਰਭਾਵ ਪੈਣਾ ਵੀ ਲਾਜ਼ਮੀ ਗੱਲ ਹੈ। ਮੈਂਬਰਾਂ ਨੂੰ ਜਿੱਥੇ ਕੋਰੋਨਾ ਵਾਇਰਸ ਤੋਂ ਬਚਣ ਲਈ ਪ੍ਰੇਰਿਤ ਕਰਨਾ ਹੈ ਉੱਥੇ ਹੀ ਹੱਲਾਸ਼ੇਰੀ ਵੀ ਦੇਣੀ ਹੈ ਕਿ ਇਹ ਸਮੱਸਿਆ ਸਥਾਈ ਨਹੀਂ ਹੈ; ਇਸਦਾ ਅੰਤ ਵੀ ਹੋ ਜਾਣਾ ਹੈ। ਕੁਝ ਸਮੇਂ ਮਗ਼ਰੋਂ ਜ਼ਿੰਦਗੀ ਮੁੜ ਆਪਣੀ ਲੀਹਾਂ ਉੱਪਰ ਤੁਰਨ ਲੱਗਣੀ ਹੈ। ਇਸ ਲਈ ਪ੍ਰੇਸ਼ਾਨ ਹੋਣ ਦੀ ਜ਼ਰੂਰਤ ਨਹੀਂ ਹੈ ਬਲਕਿ ਸਾਵਧਾਨੀ ਦੀ ਜ਼ਰੂਰਤ ਹੈ ਤਾਂ ਕਿ ਇਸ ਮਹਾਂਮਾਰੀ ਤੋਂ ਬਚਿਆ ਜਾ ਸਕੇ।

# ਸੂਬਿਆਂ ਦੇ ਅਧਿਕਾਰਾਂ ਉਤੇ ਕੱਸਿਆ ਜਾ ਰਿਹੈ ਸ਼ਿਕੰਜਾ



ਗੁਰਮੀਤ ਪਲਾਹੀ
91-98158-02070

1975 ਵਿੱਚ ਦੇਸ਼ ਵਿੱਚ ਐਮਰਜੈਂਸੀ ਦੇ ਸਮੇਂ, ਭਾਰਤੀ ਸੰਘਵਾਦ ਪ੍ਰਣਾਲੀ ਉਤੇ ਲਗਾਤਾਰ ਹਮਲੇ ਕਰਕੇ, ਮੌਕੇ ਦੀ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ, ਕੇਂਦਰੀਕਰਨ ਦੀ ਤਾਨਾਸ਼ਾਹੀ ਨੀਤੀ ਉਤੇ ਚਲਦਿਆਂ, ਇੱਕ ਪਾਰਟੀ, ਇੱਕ ਵਿਚਾਰਧਾਰਾ ਅਤੇ ਇੱਕ ਨੇਤਾ ਨੂੰ ਦੇਸ਼ ਉਤੇ ਥੋਪਣ ਦਾ ਯਤਨ ਕੀਤਾ ਸੀ। ਜਿਸਦੀ ਇਜਾਜ਼ਤ ਦੇਸ਼ ਦੇ ਲੋਕਾਂ ਨੇ ਨਹੀਂ ਦਿੱਤੀ ਅਤੇ 1977 ਵਿੱਚ ਦੇਸ਼ ਦੀਆਂ ਲੋਕ ਸਭਾ ਚੋਣਾਂ 'ਚ ਕਾਂਗਰਸ ਬੁਰੀ ਤਰ੍ਹਾਂ ਹਾਰ ਗਈ।

ਮੌਜੂਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਇੰਦਰਾ ਗਾਂਧੀ ਦੇ ਕਦਮ ਚਿੰਨਾਂ 'ਤੇ, ਪੂਰੀ ਤਾਕਤ ਨਾਲ, ਕੇਂਦਰੀਕਰਨ ਵਾਲੀ ਨੀਤੀ ਉਤੇ ਚਲ ਰਹੇ ਹਨ। ਉਹ ਆਪਣੀ ਪਾਰਟੀ, ਮੰਤਰੀ ਮੰਡਲ, ਅਧਿਕਾਰੀਆਂ ਅਤੇ ਹਕੂਮਤ ਦੀ ਵਾਂਗਡੋਰ ਸਿਰਫ਼ ਆਪਣੇ ਹੱਥ ਵਿੱਚ ਲੈ ਕੇਭਾਰਤੀ ਬਹੁਲਤਾ ਵਾਦੀ, ਖੁਲ੍ਹੇ ਮਨ ਵਾਲੀਆਂ ਲੋਕਤੰਤਰਿਕ ਕਦਰਾਂ ਕੀਮਤਾਂ ਨੂੰ ਪੈਰਾਂ ਹੇਠ ਮਿੱਧ ਕੇ ਮਨਮਰਜ਼ੀ ਨਾਲ ਦੇਸ਼ ਨੂੰ ਚਲਾਉਣ ਦੇ ਰਾਹ ਤੁਰੇ ਹੋਏ ਹਨ। ਕੋਰੋਨਾ ਆਫ਼ਤ ਨੇ ਉਹਨਾ ਨੂੰ ਦੇਸ਼ ਦੇ ਸੰਘੀ ਢਾਂਚੇ ਨੂੰ ਕਮਜ਼ੋਰ ਕਰਨ ਅਤੇ ਸੂਬਿਆਂ ਦੀਆਂ ਸ਼ਕਤੀਆਂ ਨੂੰ ਆਪਣੇ ਹੱਥ ਵਿੱਚ ਲੈਣ ਦਾ ਵੱਡਾ ਮੌਕਾ ਦੇ ਦਿੱਤਾ ਹੈ। ਉਦਾਹਰਨ ਵਜੋਂ:-

1. ਮੋਦੀ ਸਰਕਾਰ ਵਲੋਂ ਜੀ.ਐਸ.ਟੀ. ਦੀ ਰਕਮ ਜੋ 30,000 ਕਰੋੜ ਰੁਪਏ ਤੋਂ ਜਿਆਦਾ ਹੈ, ਅਤੇ ਜੋ ਸੂਬਿਆਂ ਦਾ ਹਿੱਸਾ ਹੈ ਅਤੇ ਉਹਨਾ ਨੂੰ ਵੰਡੀ ਜਾਣੀ ਸੀ, ਆਫ਼ਤ ਦਾ ਨਾਂਅ ਲੈ ਕੇ ਇਸਦੀ ਵੰਡ ਅੱਗੇ ਪਾ ਦਿੱਤੀ ਗਈ ਜਦਕਿ ਇਸ ਰਕਮ ਦੀ ਲੋੜ ਸੂਬਿਆਂ ਨੂੰ ਹੁਣ ਸੀ।

2. ਮੋਦੀ ਸਰਕਾਰ ਨੇ ਪੀਐਮ-ਕੇਅਰਜ਼ ਨਾਂਅ ਦਾ ਇੱਕ ਫੰਡ ਦਾ ਨਿਰਮਾਣ ਕੀਤਾ ਹੈ, ਜਿਸ ਵਿੱਚ ਕਾਰਪੋਰੇਟ ਸੈਕਟਰ ਨੂੰ ਕਾਰਪੋਰੇਟ ਸੋਸ਼ਲ ਰਿਸਪੌਂਨਸੀਬੈਲਿਟੀ (ਕਾਰਪੋਰੇਟ ਸਮਾਜਿਕ ਜ਼ੁੰਮੇਵਾਰੀ) ਅਧੀਨ ਦਾਨ ਦੇਣ 'ਚ ਵਿਸ਼ੇਸ਼ ਛੋਟ ਦਿੱਤੀ ਗਈ, ਪਰ ਸੂਬਿਆਂ ਨੂੰ ਦਾਨ ਦੇਣ ਦੀ ਇਹ ਵਿਸ਼ੇਸ਼ ਛੋਟ ਨਾ ਦੇਕੇ ਵਿਤਕਰਾ ਕੀਤਾ। ਇਸ ਫੰਡ ਵਿੱਚ ਹਜ਼ਾਰਾਂ ਕਰੋੜ ਰੁਪਏ ਇਕੱਠੇ ਹੋਏ ਹਨ, ਜਿਸਨੂੰ ਖ਼ਰਚਣ ਦੇ ਵਿਆਪਕ ਅਧਿਕਾਰ ਪ੍ਰਧਾਨ ਮੰਤਰੀ ਕੋਲ ਰੱਖੇ ਗਏ ਹਨ ਅਤੇ ਇਸ ਰਾਸ਼ੀ ਨੂੰ ਕੈਗ ( ਨਿਰੰਤਰਿਕ ਅਤੇ ਮਹਾਂਲੇਖਾ ਪ੍ਰੀਖਸ਼ਕ) ਦੇ ਆਡਿਟ ਤੋਂ ਵੀ ਬਾਹਰ ਰੱਖਿਆ ਗਿਆ ਹੈ। ਜਦਕਿ ਪਹਿਲਾਂ ਹੀ ਪ੍ਰਧਾਨ ਮੰਤਰੀ ਰਲੀਫ਼ ਫੰਡ ਦੇਸ਼ ਵਿੱਚ ਚਾਲੂ ਹੈ, ਜਿਸ ਵਿੱਚ ਆਉਂਦਾ ਜਾਂਦਾ ਫੰਡ ਬਾਕਾਇਦਾ ਕੈਗ ਵਲੋਂ ਆਡਿਟ ਹੁੰਦਾ ਹੈ।

3. ਪਾਰਲੀਮੈਂਟ ਮੈਂਬਰਾਂ ਦੀ ਸਥਾਨਿਕ ਖੇਤਰ ਵਿਕਾਸ ਯੋਜਨਾ (ਐਮ ਪੀ ਲੈਡ ਸਕੀਮ) ਨੂੰ ਖ਼ਤਮ ਕਰ ਦਿੱਤਾ ਗਿਆ (ਜੋ ਕੇਂਦਰੀਕਰਨ ਦੀ ਇੱਕ ਵੱਡੀ ਉਦਾਹਰਨ ਹੈ) ਜਿਸ ਨਾਲ ਸਾਂਸਦ ਆਪਣੇ ਖੇਤਰਾਂ ਵਿੱਚ ਹੁਣ ਕੋਈ ਵੀ ਪੈਸਾ ਆਪਣੀ ਮਰਜ਼ੀ ਨਾਲ ਨਹੀਂ ਖ਼ਰਚ ਸਕਣਗੇ।

ਇਹਨਾ ਤੋਂ ਇਲਾਵਾ ਗੈਰ ਭਾਜਪਾ ਸਰਕਾਰਾਂ ਦੀਆਂ ਸ਼ਕਤੀਆਂ ਨੂੰ ਘਟਾਉਣ ਅਤੇ ਉਹਨਾ ਦਾ ਕੰਮ ਕਾਰ ਪ੍ਰਭਾਵਿਤ ਕਰਨ ਦੇ ਇਰਾਦੇ ਨਾਲ ਸੂਬਿਆਂ ਦੇ ਰਾਜਪਾਲਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਤੇ ਉਹਨਾ ਨੂੰ ਕਿਹਾ ਜਾ ਰਿਹਾ ਹੈ ਕਿ ਉਹ ਸਰਕਾਰਾਂ ਦੇ ਕੰਮ ਕਾਰ 'ਚ ਰੁਕਾਵਟਾਂ ਪਾਉਣ। ਇਸ ਦੀ ਉਦਾਹਰਨ ਮਹਾਂਰਾਸ਼ਟਰ ਵਿੱਚ ਵਿਧਾਨ ਪ੍ਰੀਸ਼ਦ ਦੀ ਚੋਣ ਕਰਨ 'ਚ ਦੇਰੀ ਕਰਨ ਅਤੇ ਪੱਛਮੀ ਬੰਗਾਲ ਵਿੱਚ ਬਿਨ੍ਹਾਂ ਵਜਾਹ ਸਰਕਾਰੀ ਕੰਮ 'ਚ ਦਖ਼ਲ ਦੇਣ ਤੋਂ ਵੇਖੀ ਜਾ ਸਕਦੀ ਹੈ। ਰਾਜਪਾਲਾਂ ਵਲੋਂ ਦਿੱਤੇ ਜਾ ਰਹੇ ਬਿਆਨ ਜਾਂ ਦਖ਼ਲ ਅਸਲ 'ਚ ਭਾਜਪਾ ਦੇ ਅਜੰਡੇ ਨੂੰ ਅੱਗੇ ਵਧਾਉਣ ਵਜੋਂ ਵੇਖੇ ਜਾ ਸਕਦੇ ਹਨ। ਕੋਵਿਡ-19 ਨੂੰ ਲਾਗੂ ਕਰਨ ਦੇ ਨਾਂਅ ਉਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਜਿਵੇਂ ਸੂਬਿਆਂ ਦੇ ਮੁੱਖਮੰਤਰੀਆਂ ਨੂੰ ਵੀਡੀਓਜ਼ ਸੰਦੇਸ਼ ਦਿੱਤੇ ਜਾਂਦੇ ਹਨ ਅਤੇ ਹਰ ਛੋਟੀ-ਮੋਟੀ ਗੱਲ ਉਤੇ ਨਿਰਦੇਸ਼ ਦਿੱਤੇ ਜਾ ਰਹੇ ਹਨ , ਉਹ ਅਸਲ ਅਰਥਾਂ 'ਚ ਤਾਕਤਾਂ ਦੇ ਕੇਂਦਰੀਕਰਨ ਦੀ ਤਸਵੀਰ ਪੇਸ਼ ਕਰਦੇ ਹਨ। ਇਵੇਂ ਹੀ, ਜਿਸ ਢੰਗ ਨਾਲ ਇਲੈਕਟ੍ਰੌਨਿਕ ਮੀਡੀਆ 'ਚ ਮੋਦੀ ਦਾ ਅਕਸ ਇੱਕ ਪੂਜਣਯੋਗ ਸ਼ਖਸ਼ੀਅਤ ਉਭਾਰਨ ਦਾ ਜਿਵੇਂ ਯਤਨ ਹੋ ਰਿਹਾ ਹੈ, ਉਹ ਮੋਦੀ ਹਕਮਤ ਵਲੋਂ ਪ੍ਰੈੱਸ ਓਤੇ ਨਕੇਲ ਦੀ ਮੂੰਹ ਬੋਲਦੀ ਤਸਵੀਰ ਹੈ। ਅਸਲ ਵਿੱਚ ਤਾਂ ਕੋਵਿਡ-19 ਨੇ ਨਰੇਂਦਰ ਮੋਦੀ ਨੂੰ ਇੱਕ ਇਹੋ ਜਿਹਾ ਮੌਕਾ ਪ੍ਰਦਾਨ ਕਰ ਦਿੱਤਾ ਹੈ, ਜਿਸ ਤਹਿਤ ਉਹ "ਆਫ਼ਤ" ਦੇ ਨਾਂਅ ਉਤੇ ਅਥਾਹ ਸ਼ਕਤੀਆਂ ਪ੍ਰਾਪਤ ਕਰਕੇ, ਹਰ ਇੱਕ ਨੂੰ ਆਪਣੇ ਅਧੀਨ ਕਰਨ ਦੇ ਚੱਕਰ 'ਚ ਹੈ। ਕਿਉਂਕਿ ਲੋਕ ਇਸ ਆਫ਼ਤ ਤੋਂ ਬੁਰੀ ਤਰ੍ਹਾਂ ਡਰੇ ਹੋਏ ਹਨ ਜਾਂ ਡਰਾਏ ਗਏ ਹਨ। ਇਸ ਆਫ਼ਤ ਨੇ ਬੁਰੀ ਤਰ੍ਹਾਂ ਉਹਨਾ ਨੂੰ ਤੋੜ ਕੇ ਰੱਖ ਦਿੱਤਾ ਹੈ। ਦੁਨੀਆ ਨੇ ਦੋ ਦਹਾਕਿਆਂ 'ਚ ਜੋ ਪ੍ਰਾਪਤੀਆਂ ਕੀਤੀਆਂ ਸਨ, ਕੋਰੋਨਾ ਵਾਇਰਸ ਨੇ ਉਹਨਾ ਦਾ ਮਲੀਆਮੇਟ ਕਰ ਦਿੱਤਾ ਹੈ। ਭਾਰਤ ਜਿਸਨੇ ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਮੁਤਾਬਕ 2006 ਤੋਂ 2016 ਵਿਚਕਾਰ 21 ਕਰੋੜ ਲੋਕਾਂ ਨੂੰ ਗਰੀਬੀ ਰੇਖਾ ਤੋਂ ਉਪਰ ਲਿਆ ਦਿੱਤਾ ਸੀ। ਉਹਨਾ ਲੋਕਾਂ ਨੂੰ ਹੁਣ ਰੋਟੀ ਤੱਕ ਦੇ ਲਾਲੇ ਪੈਣ ਦਾ ਖਦਸ਼ਾ ਹੋ ਗਿਆ ਹੈ। ਇਸ ਡਰ ਦੇ ਮਾਹੌਲ ਵਿੱਚ ਨਰੇਂਦਰ ਮੋਦੀ ਨੂੰ ਇੱਕ ਤਾਰਨਹਾਰ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

ਨਰੇਂਦਰ ਮੋਦੀ ਅਤੇ ਉਸਦੀ ਸਰਕਾਰ ਨੇ ਪਹਿਲਾਂ ਹੀ ਸਿਵਲ ਸਰਵਿਸਜ, ਜਾਂਚ ਏਜੰਸੀਆਂ ਦਾ ਰਾਜਨੀਤਕ ਔਜਾਰ ਦੇ ਰੂਪ ਵਿੱਚ ਇਸਤੇਮਾਲ ਕਰਨ 'ਚ ਕੋਈ ਕਸਰ ਨਹੀਂ ਛੱਡੀ। ਆਪਣੇ ਵਿਰੋਧੀ ਨੂੰ ਲਿਤਾੜਨ ਲਈ ਉਸ ਹਰ ਹਥਿਆਰ ਦੀ ਵਰਤੋਂ ਕੀਤੀ ਹੈ। ਪਰ ਵੱਡੇ ਯਤਨਾਂ ਦੇ ਬਾਵਜੂਦ ਵੀ ਉਹ ਸੰਵਿਧਾਨ ਦੀ ਸੰਘੀ ਪਰੰਪਰਾ ਨੂੰ ਹਾਲ ਦੀ ਘੜੀ ਤੋੜਨ 'ਚ ਕਾਮਯਾਬੀ ਹਾਸਲ ਨਹੀਂ ਕਰ ਸਕੇ।

ਮੋਦੀ ਸਰਕਾਰ ਦਾ ਗਠਨ 2014 ਵਿੱਚ ਹੋਇਆ । 2014 ਅਤੇ 2019 ਦੇ ਦਰਮਿਆਨ ਕੁਝ ਰਾਜਾਂ ਵਿੱਚ ਭਾਜਪਾ ਨੇ ਅਪਾਣੀਆਂ ਸਰਕਾਰਾਂ ਬਣਾਈਆਂ ਅਤੇ ਵਿਰੋਧੀਆਂ ਨੂੰ ਚਿੱਤ ਕੀਤਾ। ਕਾਂਗਰਸ ਮੁਕਤ ਭਾਰਤ ਦਾ ਨਾਹਰਾ ਭਾਜਪਾ ਅਤੇ ਮੋਦੀ ਸਰਕਾਰ ਵਲੋਂ ਦਿੱਤਾ ਗਿਆ। ਸਾਲ 2019 ਵਿੱਚ ਮੁੜ ਭਾਜਪਾ ਨੇ ਭਾਰੀ ਜਿੱਤ ਹਾਸਲ ਕੀਤੀ। ਕੇਂਦਰ ਵਿੱਚ ਉਹ ਸੂਬਿਆਂ ਵਿੱਚ ਜਿੱਤਾਂ ਹਾਸਲ ਨਹੀਂ ਕਰ ਸਕੇ। ਉਂਜ ਭਾਜਪਾ ਨੇ ਆਪਣਾ ਅਜੰਡਾ ਲਾਗੂ ਕਰਨਾ ਜਾਰੀ ਰੱਖਿਆ। ਆਯੋਧਿਆ ਮੰਦਰ ਦੀ ਉਸਾਰੀ ਸਬੰਧੀ ਫੈਸਲਾ ਕਰਵਾਇਆ, ਜੰਮੂ-ਕਸ਼ਮੀਰ ਦਾ ਰਾਜ ਦਾ ਦਰਜਾ ਖ਼ਤਮ ਕਰਕੇ ਉਸਨੂੰ ਕੇਂਦਰੀ ਸ਼ਾਸ਼ਤ ਪ੍ਰਦੇਸ਼ ਬਣਾ ਦਿੱਤਾ। ਧਾਰਾ 370 ਖ਼ਤਮ ਕਰ ਦਿੱਤੀ। ਦੇਸ਼ ਵਿੱਚ 2019 ਸਿਟੀਜਨ ਸੋਧ ਬਿੱਲ ਪੇਸ਼ ਕਰਕੇ ਬਹੁਚਰਚਿਤ ਕਾਨੂੰਨ ਪਾਰਲੀਮੈਂਟ ਵਿੱਚ ਪਾਸ ਕਰਾ ਦਿੱਤਾ। ਜਿਸਨੂੰ ਦੇਸ਼ ਦੇ ਵਿਰੋਧੀ ਪਾਰਟੀਆਂ ਵਲੋਂ ਸ਼ਾਸ਼ਤ ਸੂਬਿਆਂ ਨੇ ਲਾਗੂ ਕਰਨ ਤੋਂ ਇਨਕਾਰ ਕੀਤਾ। ਪਰ ਇਹ ਵਿਰੋਧੀ ਆਵਾਜ਼ ਭਾਜਪਾ ਆਗੂ ਨਰੇਂਦਰ ਮੋਦੀ ਨੂੰ ਕਿਸੇ ਵੀ ਹਾਲਤ ਵਿੱਚ ਪ੍ਰਵਾਨ ਨਹੀਂ ਹੈ। ਕਿਉਂਕਿ ਨਰੇਂਦਰ ਮੋਦੀ ਦੀ ਰਾਜਨੀਤਕ ਸ਼ੈਲੀ, ਆਰ.ਐਸ.ਐਸ. ਦੀ ਸ਼ੈਲੀ ਹੈ, ਜੋ ਵਿਰੋਧੀਆਂ ਨੂੰ ਟਿੱਚ ਸਮਝਦੀ ਹੈ। ਉਦਾਹਰਨ ਦੇ ਤੌਰ ਤੇ ਇਸ ਕੁਦਰਤੀ ਕੋਰੋਨਾ ਆਫ਼ਤ ਸਮੇਂ ਬਾਵਜੂਦ ਕਾਂਗਰਸ ਅਤੇ ਹੋਰ ਪਾਰਟੀਆਂ ਵਲੋਂ ਰਲਕੇ ਆਫ਼ਤ ਦਾ ਮੁਕਾਬਲਾ ਕਰਨ ਦੀ ਪੇਸ਼ਕਸ਼ ਦੇ, ਨਰੇਂਦਰ ਮੋਦੀ ਨੇ ਇਕੱਲਿਆਂ ਹੀ ਆਪਣੀ ਸਖਸ਼ੀਅਤ ਨੂੰ ਉਭਾਰਨ ਲਈ "ਛੋਟੇ-ਵੱਡੇ" ਪਰਦੇ, ਮੀਡੀਆ, ਟਵਿੱਟਰ, ਫੇਸ ਬੁੱਕ ਅਤੇ ਹਰ ਥਾਂ ਆਪਣੇ ਆਪ ਨੂੰ ਹੀ ਮੋਹਰੀ ਰੱਖਿਆ। ਸੂਬਿਆਂ ਦੇ ਮੁੱਖਮੰਤਰੀ ਖ਼ਾਸ ਕਰਕੇ ਵਿਰੋਧੀ ਧਿਰ ਦੇ ਮੁੱਖ ਮੰਤਰੀਆਂ ਨਾਲ ਸਲਾਹ ਮਸ਼ਵਰਾ ਕਰਨ ਦੀ ਵਿਜਾਏ, ਆਪੂੰ ਤਿਆਰ ਕੀਤਾ 'ਪਲਾਨ' ਹੀ ਪੂਰੇ ਦੇਸ਼ ਉਤੇ ਆਫ਼ਤ ਨੂੰ ਕਾਬੂ ਕਰਨ ਲਈ ਲਾਗੂ ਕੀਤਾ। ਇਥੇ ਹੀ ਬੱਸ ਨਹੀਂ ਵਿਰੋਧੀ ਧਿਰ ਦੀਆਂ ਸਰਕਾਰਾਂ ਨੂੰ ਕੋਰੋਨਾ ਆਫ਼ਤ ਸਮੇਂ ਅਸਥਿਰ ਕਰਨ ਕਰਕੇ ਕਬਜ਼ਾ ਕਰਨ ਦਾ ਯਤਨ ਕੀਤਾ। ਹਾਲ ਸੀ ਘੜੀ ਮੱਧ ਪ੍ਰਦੇਸ਼ ਸਰਕਾਰ ਇਸਦੀ ਜੀਊਂਦੀ ਜਾਗਦੀ ਮਿਸਾਲ ਹੈ, ਜਿਥੇ 22 ਕਾਂਗਰਸੀ ਵਿਦਾਇਕਾਂ ਤੋਂ ਅਸਤੀਫ਼ਾ ਦੁਆਕੇ ਭਾਜਪਾ ਦਾ ਸ਼ਿਵਰਾਜ ਸਾਬਕਾ ਮੁੱਖਮੰਤਰੀ, ਮੁੜ ਮੁੱਖ-ਮੰਤਰੀ ਵਜੋਂ ਕੁਰਸੀ 'ਤੇ ਸਜਾ ਦਿੱਤਾ।

ਸੰਵਿਧਾਨ ਅਨੁਸਾਰ ਕੇਂਦਰ ਸਰਕਾਰ ਕੋਲ ਬਹੁਤੇ ਅਧਿਕਾਰ ਹਨ। ਸੂਬਿਆਂ ਕੋਲ ਸੀਮਤ ਅਧਿਕਾਰ ਹਨ। ਕਾਂਗਰਸ ਨੇ ਜਿੰਨਾ ਚਿਰ ਹਕੂਮਤ ਕੀਤੀ, ਸੂਬਿਆਂ ਦੇ ਅਧਿਕਾਰਾਂ ਉਤੇ ਛਾਪਾ ਮਾਰਿਆ। ਹਰ ਛੋਟੀ-ਮੋਟੀ ਚੀਜ਼ ਦੀ ਮਨਜ਼ੂਰੀ ਕੇਂਦਰ ਵਲੋਂ ਜਾਰੀ ਕੀਤੀ। ਵੱਡਾ ਕਾਰਖਾਨਾ, ਯੂਨੀਵਰਸਿਟੀਆਂ ਹੋਰ ਅਦਾਰੇ ਕੇਂਦਰ ਦੀ ਸਹਿਮਤੀ ਤੋਂ ਸੂਬਿਆਂ 'ਚ ਬਿਨ੍ਹਾਂ ਬਣਾਏ ਹੀ ਨਹੀਂ ਜਾ ਸਕੇ। ਸਮੇਂ ਸਮੇਂ ਵਿਰੋਧੀ ਧਿਰ ਵਲੋਂ ਅਧਿਕਾਰਾਂ ਦੀ ਮੰਗ ਕੀਤੀ ਗਈ। ਪੱਛਮੀ ਬੰਗਾਲ, ਕੇਰਲ ਦੀਆਂ ਕਮਿਊਨਿਸਟ ਸਰਕਾਰਾਂ, ਸ਼੍ਰੋਮਣੀ ਅਕਾਲੀ ਦਲ ਕੁਝ ਦੱਖਣੀ ਰਾਜਾਂ ਨੇ ਵੱਧ ਅਧਿਕਾਰ ਮੰਗੇ। ਪਰ ਇਹਨਾ ਅਧਿਕਾਰਾਂ ਦੀ ਪ੍ਰਾਪਤੀ ਲਈ ਕੋਈ ਵੱਡਾ ਸੰਘਰਸ਼ ਨਹੀਂ ਵਿੱਢਿਆ।

ਭਾਜਪਾ ਦਾ ਅਜੰਡਾ ਤਾਂ ਮੁੱਢ ਤੋਂ ਕੇਂਦਰੀਕਰਨ ਦਾ ਏਜੰਡਾ ਹੈ। ਉਸ ਕੋਲ ਹੁਣ ਇੱਕ ਇਹੋ ਜਿਹਾ ਸਖ਼ਸ਼ ਹੈ, ਜੋ ਇਸ ਏਜੰਡੇ ਨੂੰ ਬਿਨ੍ਹਾਂ ਕਿਸੇ ਸੰਕੋਚ ਕਠੋਰਤਾ ਨਾਲ ਲਾਗੂ ਕਰਨ ਦੇ ਰਾਹ ਪਿਆ ਹੋਇਆ ਹੈ। ਤਾਕਤਾਂ ਦੇ ਕੇਂਦਰੀਕਰਨ ਦੀਆਂ ਕੁਝ ਉਦਾਹਰਨਾਂ ਸਪਸ਼ਟ ਹਨ। ਨੋਟਬੰਦੀ ਦਾ ਹੁਕਮ ਰਾਤੋ-ਰਾਤ ਜਾਰੀ ਹੋਣਾ।

ਇੱਕ ਦੇਸ਼ ਇੱਕ ਟੈਕਸ ਦੇ ਨਾਂਅ ਉਤੇ ਜੀ.ਐਸ.ਟੀ. ਲਾਗੂ ਕਰਨਾ ਅਤੇ ਸੂਬਿਆਂ ਨੂੰ ਹੱਥਲ ਕਰ ਦੇਣਾ। ਬਿਨਾ ਕਿਸੇ ਤਿਆਰੀ, ਸੂਬਿਆਂ ਦੀ ਸਲਾਹ ਲਏ ਬਿਨ੍ਹਾਂ, ਦੇਸ਼ ਨੂੰ ਲੌਕਡਾਊਨ ਵੱਲ ਧੱਕ ਦੇਣਾ ਅਤੇ ਫਿਰ ਨਤੀਜੇ ਭੁਗਤਣ ਲਈ ਸੂਬਿਆਂ ਨੂੰ ਉਹਨਾ ਦੇ ਰਹਿਮੋ-ਕਰਮ ਉਤੇ ਛੱਡ ਦੇਣਾ।

ਅਸਲ ਵਿੱਚ ਤਾਂ ਕੇਂਦਰ ਵਲੋਂ ਸੂਬਾ ਸਰਕਾਰਾਂ ਨੂੰ ਇਸ ਵੇਲੇ ਸੂਬੇ ਦੀਆਂ ਨਗਰਪਾਲਿਕਾਵਾਂ, ਅਰਥਾਤ ਸਥਾਨਕ ਸਰਕਾਰਾਂ ਹੀ ਬਣਾਕੇ ਰੱਖਣ ਦੀ ਯੋਜਨਾ ਹੈ, ਜਿਹਨਾ ਕੋਲ ਕਹਿਣ ਨੂੰ ਤਾਂ ਬਹੁਤ ਅਧਿਕਾਰ ਹੋਣ, ਪਰ ਅਸਲ ਵਿੱਚ ਇਹਨਾ ਦੀ ਵਰਤੋਂ ਪ੍ਰਸ਼ਾਸਨਿਕ ਅਧਿਕਾਰੀ ਕਰਦੇ ਹੋਣ।






ਇਤਿਹਾਸ ਦੇ ਝਰੋਖੇ 'ਚੋਂ

ਪੇਸ਼ਕਰਤਾ- ਡਾ. ਜੀ. ਸੀ. ਕੌਲ

# ਅਪੀਲ ਅਤੇ ਐਲਾਨ

ਕੌਮਾਂ ਦੀ ਉਨਤੀ, ਕੌਮਾਂ ਦਾ ਨਵ-ਨਿਰਮਾਣ ਉਹਨਾਂ ਦੀ ਜਥੇਬੰਦੀ ਤੇ ਆਧਾਰਿਤ ਹੋਇਆ ਕਰਦੇ ਹਨ। ਜਿਸ ਕੌਮ ਦੀ ਜਥੇਬੰਦੀ ਨਹੀਂ ਜਾਂ ਉਸ ਦੀ ਸਮਾਜਿਕ ਅਤੇ ਧਾਰਮਿਕ ਪੱਖੋਂ ਸਭਾ ਸੁਸਾਇਟੀ ਨਹੀਂ, ਉਹ ਕੌਮ ਹਮੇਸ਼ਾ ਹੀ ਆਪਣੇ ਸਵੈ ਤੇ ਸਵਰੂਪ ਨੂੰ ਗੁਆ ਬੈਠਦੀ ਹੈ। ਇਸੇ ਹੀ ਗੱਲ ਨੂੰ ਮੁੱਖ ਰੱਖ ਕੇ ਅਸੀਂ ਅੱਜ ਤੋਂ ਅੱਧੀ ਸਦੀ ਪਹਿਲਾਂ ਇਹਨਾਂ ਪੱਛੜੀਆਂ ਹੋਈਆਂ ਅਛੂਤ ਬਰਾਦਰੀਆਂ ਨੂੰ ਇਹਨਾਂ ਦੀ ਆਪਣੀ ਹੋਂਦ ਤੋਂ ਜਾਣੂ ਕਰਾਉਣ ਅਤੇ ਹਰ ਪੱਖੋਂ ਸੱਖਣੇ ਵੇਖ ਕੇ ਦੂਜੀਆਂ ਕੌਮਾਂ ਦੇ ਬਰਾਬਰ ਦੀ ਸਤਹਿ ਤੇ ਲਿਆਉਣ ਲਈ 'ਆਦਿ ਧਰਮ' ਨਾਂ ਦੀ ਇਕ ਸੰਸਥਾ ਕਾਇਮ ਕੀਤੀ ਸੀ, ਸਾਨੂੰ ਇਸ ਸੰਸਥਾ ਦਾ ਪ੍ਰਚਾਰ ਕਰਨ ਸਮੇਂ ਜਿਹੜੀਆਂ ਮੁਸੀਬਤਾਂ ਦਾ ਟਾਕਰਾ ਕਰਨਾ ਪਿਆ, ਉਹਨਾਂ ਬਾਰੇ ਮੈਂ ਵੀ ਜਾਣੂ ਹਾਂ ਅਤੇ ਮੇਰੀ ਆਦਿ-ਧਰਮੀ ਕੌਮ ਵੀ ਭੁੱਲੀ ਹੋਈ ਨਹੀਂ। ਇਹ ਆਦਿ ਧਰਮ ਮੰਡਲ ਦੇ ਪ੍ਰਬੰਧਕਾਂ ਦਾ ਹੀ ਸਦਕਾ ਕਿ ਮੇਰੀ ਕੌਮ ਦੇ ਨੌਜਵਾਨ ਪੜ੍ਹ-ਲਿਖ ਕੇ ਅੱਜ ਦੇਸ਼ ਦੇ ਕੋਨੇ-ਕੋਨੇ ਵਿਚ ਰਾਜ ਦਰਬਾਰ ਵਿਚ ਉੱਚ-ਪਦਵੀਆਂ ਹਾਸਲ ਕਰੀ ਬੈਠੇ ਹਨ।



ਬਾਬੂ ਮੰਗੂ ਰਾਮ ਮੁੱਗੋਵਾਲੀਆ

ਭਰਾਵੋ, ਇਹ ਕੁਝ ਮੇਰੀ ਕੌਮ ਲਈ ਅਜੇ ਕਾਫੀ ਨਹੀਂ। ਸਾਡਾ ਨਿਸ਼ਾਨਾ ਅਜੇ ਹੋਰ ਅਗੇਰੇ ਵਧਣਾ ਤੇ ਖੁਸੇ ਹੋਏ ਹੱਕਾਂ ਦੀ ਮੁਕੰਮਲ ਤੌਰ 'ਤੇ ਪ੍ਰਾਪਤੀ ਲਈ ਇਸ ਤੋਂ ਵੀ ਵੱਧ ਸਿਆਸੀ ਤੇ ਜਮਾਤੀ ਘੋਲ ਕਰਨਾ ਹੈ। ਮੇਰੀ ਤੇ ਮੇਰੇ ਸਾਥੀਆਂ ਦੀ ਜਿਤਨੀ ਸਮਰੱਥਾ ਸੀ, ਉਸਦੇ ਅਨੁਸਾਰ ਵਿੱਤੋਂ ਵੱਧ ਕੰਮ ਕੀਤਾ, ਕੁਝ ਸਾਥੀ ਧੜਿਆਂ 'ਚ ਵਟ ਗਏ ਤੇ ਕੁਝ ਮੇਰੇ ਸਾਥੀ ਵਿਛੜ ਗਏ। ਉਮਰ ਦੇ ਪੱਖੋਂ ਅਤੇ ਸਰੀਰਕ ਤੌਰ ਤੇ ਕਮਜ਼ੋਰ ਹੋਣ ਦੇ ਕਾਰਨ ਮੈਂ ਤੁਰਨ ਫਿਰਨ ਤੋਂ ਅਸਮਰੱਥ ਹਾਂ। ਇਸ ਲਈ ਭਰਾਵੋ, ਮੈਂ ਤੁਹਾਡਾ ਬਹੁਤ-ਬਹੁਤ ਰਿਣੀ ਹਾਂ, ਜਿਹਨਾਂ ਨੇ ਮੈਨੂੰ ਕੌਮੀ ਸੰਘਰਸ਼ ਕਰਦੇ ਸਮੇਂ ਤਨ ਮਨ ਅਤੇ ਧਨ ਨਾਲ ਸਹਾਇਤਾ ਦਿੱਤੀ। ਮੇਰੀ ਦਿਲੀ ਤਮੰਨਾ ਹੈ ਕਿ ਆਦਿ-ਧਰਮ ਮੰਡਲ ਨਾਂ ਦੀ ਸੰਸਥਾ ਸਦਾ ਵਧਦੀ ਫੁੱਲਦੀ ਰਹੇ ਅਤੇ ਇਹ ਸੋਹੰ ਦਾ ਝੰਡਾ ਦੇਸ਼ ਦੇ ਕੋਨੇ6ਕੋਨੇ ਵਿਚ ਝੁਲਦਾ ਦਿਖਾਈ ਦੇਵੇ।

ਭਰਾਵੋ! ਇਹ ਤਦ ਹੀ ਹੋ ਸਕਦਾ ਹੈ ਕਿ ਜੇ ਮੇਰੀ ਕੌਮ ਦੇ ਸੂਝਵਾਨ ਪੜ੍ਹੇ ਲਿਖੇ ਤੇ ਨੌਜਵਾਨ ਸਾਥੀ ਇਸ ਸੰਸਥਾ ਦੀ ਵਾਗਡੋਰ ਆਪਣੇ ਹੱਥਾਂ ਵਿਚ ਸੰਭਾਲਣ। ਮੈਨੂੰ ਆਸ ਹੈ ਕਿ ਉਹਨਾਂ ਵਰਕਰ ਸਾਥੀਆਂ ਤੇ ਸਾਹਿਤਕਾਰਾਂ ਉਤੇ ਜਿਵੇਂ ਉਹਨਾਂ ਨੇ ਮੇਰੇ ਨਾਲ ਕੰਮ ਕਰਦਿਆਂ ਆਪਣਾ ਬਚਪਨ ਬਤੀਤ ਕੀਤਾ, ਅੱਗੋਂ ਤੋਂ ਵੀ ਇਸ ਕੌਮ ਲਈ ਤੇ ਆਦਿ-ਧਰਮ ਲਹਿਰ ਨੂੰ ਪ੍ਰਫੁੱਲਿਤ ਕਰਨ ਵਿਚ ਆਪਣੇ ਜੀਵਨ ਦਾ ਰਹਿੰਦਾ ਹਿੱਸਾ ਵੀ ਬਤੀਤ ਕਰਨਗੇ।

ਇਸ ਲਈ ਮੈਂ ਕੌਮ ਦਾ ਸੇਵਾਦਾਰ ਹੁੰਦਾ ਹੋਇਆ ਹੇਠ ਲਿਖੇ ਸੱਜਣਾਂ ਦੀ ਐਡਹਾਕ ਕਮੇਟੀ ਦਾ ਐਲਾਂਨ ਕਰਦਾ ਹੋਇਆ ਆਦਿ-ਧਰਮ ਕੌਮ ਅੱਗੇ ਬੇਨਤੀ ਕਰਦਾ ਹਾਂ ਕਿ ਅੱਗੋਂ ਤੋਂ ਇਹਨਾਂ ਸਾਥੀਆਂ ਨੂੰ ਪੂਰਾ-ਪੂਰਾ ਸਹਿਯੋਗ ਦੇ ਕੇ ਇਹਨਾਂ ਨਿਮਾਣੇ ਸੇਵਕਾਂ ਦਾ ਹੌਸਲਾ ਵਧਾਉਣਗੇ। ਮੇਰੀਆਂ ਸ਼ੁਭ ਇੱਛਾਵਾਂ ਤੇ ਅਸੀਸਾਂ ਇਹਨਾਂ ਦੇ ਅਤੇ ਕੌਮ ਦੇ ਸਮਰਪਣ ਹਨ। ਇਸ ਐਡਹਾਕ ਕਮੇਟੀ ਨੂੰ ਪੂਰਨ ਹੱਕ ਹਨ ਜੋ ਕਿ ਆਪਣੇ ਅਧਿਕਾਰਾਂ ਦੀ ਪੂਰੀ-ਪੂਰੀ ਵਰਤੋਂ ਕਰੇਗੀ ਤੇ ਅੱਗੋਂ ਤੋਂ ਮੈਂਬਰਸ਼ਿਪ ਕਰਕੇ ਨਵੀਆਂ ਚੋਣਾਂ ਕਰਾ ਸਕੇ। ਅੱਜ ਤੋਂ ਪਹਿਲਾਂ ਜੋ ਬੋਰਡ ਦਸੰਬਰ, 1970 ਵਿਚ ਬਣਾਇਆ ਗਿਆ ਸੀ। ਉਸਦੀ ਥਾਂ ਇਹ ਹੇਠ ਲਿਖੀ ਐਡਹਾਕ ਕਮੇਟੀ ਕੰਮ ਕਰੇਗੀ।

ਸ੍ਰੀ ਮੰਗੂ ਰਾਮ 'ਜਸਪਾਲ', ਚਾਨਣ ਲਾਲ ਮਾਣਕ, ਠਾਕਰ ਦਾਸ, ਗਿਆਨ ਚੰਦਰ ਕੌਲ, ਸਵਰਨ ਚੰਦ, ਸ਼ਾਮ ਚੰਦ ਪਾਲ, ਹਰਬੰਸ ਸਿੰਘ, ਗੁਰਮੀਤ ਚੰਦ ਸੁੰਮਣ, ਯੈਂਕਰ ਲਾਲ ਧਰਭੰਗਾ ਚੁਣੇ ਗਏ ਹਨ।

ਇਹਨਾਂ ਤੋਂ ਇਲਾਵਾ 5 ਮੈਂਬਰ ਹੋਰ ਸਥਾਪਤ ਕੀਤੇ ਜਾਣਗੇ, ਫਿਲਹਾਲ ਇਹ ਕਮੇਟੀ ਕੰਮ ਚਾਲੂ ਕਰੇਗੀ।

**ਮੰਗੂ ਰਾਮ ਬਾਨੀ ਆਦ-ਧਰਮ**
**ਸ਼ਡਿਊਲਡ ਕਾਸਟ ਫੈਡਰੇਸ਼ਨ (ਪੰਜਾਬ)4**

ਧੰਨਵਾਦ ਸਹਿਤ 'ਰਵਿਦਾਸ ਪਤ੍ਰਿਕਾ' ਜਲੰਧਰ 23 ਅਪ੍ਰੈਲ 1974

# ਕੌਮਾਂਤਰੀ ਰੈੱਡ ਕਰਾਸ ਦਿਵਸ – 8 ਮਈ



ਗੋਬਿੰਦਰ ਸਿੰਘ ਢੀਂਡਸਾ
bardwal.gobinder@gmail.com

ਮਾਨਵਤਾ ਨੂੰ ਸਮਰਪਿਤ ਸੰਸਥਾਵਾਂ ਦਾ ਜ਼ਿਕਰ ਹੁੰਦਿਆਂ ਰੈੱਡ ਕਰਾਸ ਦਾ ਨਾਮ ਆਪ ਮੁਹਾਰੇ ਜ਼ੁਬਾਨ ਤੇ ਆ ਜਾਂਦਾ ਹੈ। ਸਵਿਟਜ਼ਰਲੈਂਡ ਦੇ ਉੱਦਮੀ, ਰੈੱਡ ਕਰਾਸ ਦੇ ਸੰਸਥਾਪਕ ਅਤੇ 1901 ਵਿੱਚ ਵਿਸ਼ਵ ਸ਼ਾਂਤੀ ਦੇ ਲਈ ਪਹਿਲੇ ਨੋਬਲ ਪੁਰਸਕਾਰ ਜੇਤੂ ਜੀਨ ਹੇਨਰੀ ਡਿਊਨੈਂਟ ਦੇ ਜਨਮ ਦਿਨ ਤੇ ਹਰ ਸਾਲ 8 ਮਈ ਨੂੰ ਕੌਮਾਂਤਰੀ ਰੈੱਡ ਕਰਾਸ ਦਿਵਸ ਮਨਾਇਆ ਜਾਂਦਾ ਹੈ। ਰੈੱਡ ਕਰਾਸ ਆਪਣੀ ਕਾਰਜਸ਼ੈਲੀ ਦੌਰਾਨ ਮੁੱਖ ਸੱਤ ਸਿਧਾਂਤਾਂ ਮਨੁੱਖਤਾ, ਸਮਦਰਸ਼ਤਾ, ਨਿਰਪੱਖਤਾ, ਆਜ਼ਾਦੀ, ਵਲੰਟਰੀ ਸੇਵਾ, ਏਕਤਾ ਅਤੇ ਸਰਵ ਵਿਆਪਕਤਾ ਦੇ ਨਿਰੰਤਰ ਪਹਿਰਾ ਦਿੰਦਾ ਆ ਰਿਹਾ ਹੈ।

ਇੰਟਰਨੈਸ਼ਨਲ ਕਮੇਟੀ ਆੱਫ਼ ਦ ਰੈੱਡ ਕਰਾਸ (ਆਈ.ਸੀ.ਆਰ.ਸੀ.) ਦੀ ਸਥਾਪਨਾ 1863 ਵਿੱਚ ਹੋਈ ਅਤੇ ਇਹ ਸੰਸਥਾ ਯੁੱਧ ਪੀੜਤ ਲੋਕਾਂ, ਸੈਨਿਕਾਂ ਅਤੇ ਯੁੱਧ ਬੰਦੀਆਂ ਲਈ ਕੰਮ ਕਰਦੀ ਰਹੀ ਹੈ। ਰੈੱਡ ਕਰਾਸ ਉਹਨਾਂ ਕਾਨੂੰਨਾਂ ਨੂੰ ਉਤਸ਼ਾਹਿਤ ਕਰਦੀ ਹੈ ਜਿਸ ਨਾਲ ਯੁੱਧ ਪੀੜਤਾਂ ਦੀ ਸੁਰੱਖਿਆ ਹੋ ਸਕੇ। ਰੈੱਡ ਕਰਾਸ ਦਾ ਮੁੱਖ ਦਫ਼ਤਰ ਜਿਨੇਵਾ (ਸਵਿਟਜ਼ਰਲੈਂਡ) ਵਿਖੇ ਹੈ। ਰੈੱਡ ਕਰਾਸ ਦਾ ਮੁੱਖ ਉਦੇਸ਼ ਜਿਥੇ ਜੰਗ ਸਮੇਂ ਫੱਟੜ ਹੋਏ ਸੈਨਿਕਾਂ ਦੀ ਸੇਵਾ-ਸੰਭਾਲ ਕਰਨਾ ਹੈ, ਉਥੇ ਆਫਤਾਂ, ਹੜ੍ਹਾਂ, ਸੋਕੇ, ਭੁਚਾਲ ਅਤੇ ਬੀਮਾਰੀਆਂ ਆਦਿ ਤੋਂ ਪੀੜਤ ਲੋਕਾਂ ਦੀ ਅੱਗੇ ਹੋ ਕੇ ਬਿਨ੍ਹਾਂ ਕਿਸੇ ਵਿਤਕਰੇ ਤੋਂ ਸੇਵਾ ਕਰਨਾ ਹੈ।




ਸੰਸਾਰ ਦੇ ਤਕਰੀਬਨ ਹਰ ਦੇਸ਼ ਵਿੱਚ ਰੈੱਡ ਕਰਾਸ-ਰੈੱਡ ਕਰੀਸੈਂਟ ਸੰਸਥਾਵਾਂ ਮਨੁੱਖਤਾ ਦੀ ਭਲਾਈ ਹਿੱਤ ਕੰਮ ਕਰ ਰਹੀਆਂ ਹਨ। ਭਾਰਤ ਸਰਕਾਰ ਦੇ ਪਾਰਲੀਮੈਂਟ ਐਕਟ 15 ਅਧੀਨ ਸਾਲ 1920 ਵਿੱਚ ਭਾਰਤੀ ਰੈੱਡ ਕਰਾਸ ਸੋਸਾਇਟੀ ਦਾ ਗਠਨ ਕੀਤਾ ਗਿਆ। ਸਾਲ 1994 ਵਿੱਚ ਬਣਾਏ ਨਿਯਮਾਂ ਅਨੁਸਾਰ ਭਾਰਤੀ ਰੈੱਡ ਕਰਾਸ ਸੋਸਾਇਟੀ ਦੇ ਪ੍ਰਧਾਨ ਰਾਸ਼ਟਰਪਤੀ ਅਤੇ ਚੇਅਰਮੈਨ ਕੇਂਦਰੀ ਸਿਹਤ ਮੰਤਰੀ ਨੂੰ ਬਣਾਇਆ ਗਿਆ। ਰੈੱਡ ਕਰਾਸ ਦੇ ਨਿਸ਼ਾਨ ਦੀ ਗਲਤ ਵਰਤੋਂ ਕਰਨ ਤੇ ਜ਼ੁਰਮਾਨਾ ਕੀਤਾ ਜਾ ਸਕਦਾ ਹੈ ਅਤੇ ਉਸ ਵਿਅਕਤੀ ਦੀ ਸੰਪੱਤੀ ਵੀ ਜ਼ਬਤ ਕੀਤੀ ਜਾ ਸਕਦੀ ਹੈ। ਪੰਜ ਪਾਣੀਆਂ ਦੀ ਧਰਤੀ ਪੰਜਾਬ ਦੇ ਇਤਿਹਾਸ ਵਿੱਚ ਭਾਈ ਘਨੱਈਆ ਜੀ ਨੇ ਆਨੰਦਪੁਰ ਸਾਹਿਬ ਦੀ ਧਰਤੀ ਉੱਤੇ ਬਿਨ੍ਹਾਂ ਕਿਸੇ ਭੇਦਭਾਵ ਤੋਂ ਜ਼ਖਮੀਆਂ ਨੂੰ ਪਾਣੀ ਪਿਲਾ ਅਤੇ ਮਰਹਮ ਪੱਟੀਆਂ ਕਰ ਕੇ ਅਜਿਹੀ ਹੀ ਮਾਨਵਤਾ ਦੀ ਸੇਵਾ ਦੀ ਉੱਚ ਸੋਚ ਦੀ ਪਿਊਂਦ ਲਗਾਈ ਜਿਸ ਦਾ ਝੰਡਾ ਰੈੱਡ ਕਰਾਸ ਨੇ ਚੁੱਕਿਆ ਹੋਇਆ ਹੈ। ਇਹ ਕੋਈ ਅੱਤਕੱਥਨੀ ਨਹੀਂ ਕਿ ਪੰਜਾਬ ਵਿੱਚ ਭਾਈ ਘੱਨ੍ਹਈਆ ਜੀ ਨੇ ਰੈੱਡ ਕਰਾਸ ਦੀ ਵਿਚਾਰਧਾਰਾ ਨੂੰ ਪਹਿਲਾਂ ਹੀ ਜਨਮ ਦੇ ਦਿੱਤਾ ਸੀ ਅਤੇ ਮਨੁੱਖਤਾ ਦੀ ਪੁੱਜ ਕੇ ਸੇਵਾ ਕੀਤੀ। ਇਸ ਲਈ ਪੰਜਾਬ ਵਿੱਚ ਭਾਈ ਘਨ੍ਹਈਆ ਜੀ ਨੂੰ ਵੀ ਰੈੱਡ ਕਰਾਸ ਦੇ ਪਹਿਲੇ ਪਰਿਵਰਤਕ ਦੇ ਤੌਰ ਉੱਤੇ ਯਾਦ ਕੀਤਾ ਜਾਂਦਾ ਹੈ। ਸਾਲ 1937 ਵਿੱਚ ਰੈੱਡ ਕਰਾਸ ਸੰਸਥਾ ਦੁਆਰਾ ਵਿਸ਼ਵ ਦਾ ਪਹਿਲਾ ਬਲੱਡ ਬੈਂਕ ਅਮਰੀਕਾ ਵਿੱਚ ਖੋਲਿਆ ਗਿਆ ਅਤੇ ਭਾਰਤ ਵਿੱਚ 1942 ਵਿੱਚ ਕਲਕੱਤੇ ਦੇ ਆਲ ਇੰਡੀਆ ਇੰਸਟੀਚਿਊਟ ਆੱਫ਼ ਹਾਈਜੀਨ ਐਂਡ ਪਬਲਿਕ ਹੈਲਥ ਦੇ ਅਧੀਨ ਭਾਰਤੀ ਰੈੱਡ ਕਰਾਸ ਸੋਸਾਇਟੀ ਦੁਆਰਾ ਪਹਿਲਾ ਬਲੱਡ ਬੈਂਕ ਸਥਾਪਿਤ ਕੀਤਾ ਗਿਆ।

ਸਾਲ 1977 ਵਿੱਚ ਭਾਰਤੀ ਰੈੱਡ ਕਰਾਸ ਸੋਸਾਇਟੀ ਹੈੱਡਕੁਆਟਰ ਦੁਆਰਾ ਸਿੱਧੇ ਤੌਰ ਤੇ ਬਲੱਡ ਬੈਂਕਾਂ ਦਾ ਸੰਚਾਲਨ ਕੀਤਾ ਜਾਣ ਲੱਗਾ ਅਤੇ ਇਸਦੇ ਤਹਿਤ ਵੱਖੋ ਵੱਖਰੇ ਰਾਜਾਂ ਵਿੱਚ ਇਸਦੀਆਂ ਸ਼ਾਖਾਵਾਂ ਸਥਾਪਿਤ ਕੀਤੀਆਂ ਗਈਆਂ।

ਰੈੱਡ ਕਰਾਸ ਨੇ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਸਮੇਂ ਆਪਣੀ ਅਹਿਮ ਭੂਮਿਕਾ ਨਿਭਾਉਂਦੇ ਹੋਏ ਜ਼ਖ਼ਮੀ ਸੈਨਿਕਾਂ ਅਤੇ ਨਾਗਰਿਕਾਂ ਦੀ ਸਹਾਇਤਾ ਕੀਤੀ। ਰੈੱਡ ਕਰਾਸ ਦੇ ਸਾਰਥਕ ਕਾਰਜਾਂ ਕਰਕੇ ਹੀ ਸਾਲ 1917 ਦਾ ਸ਼ਾਂਤੀ ਨੋਬਲ ਪੁਰਸਕਾਰ ਰੈੱਡ ਕਰਾਸ ਨੂੰ ਦਿੱਤਾ ਗਿਆ। ਇਸ ਤੋਂ ਇਲਾਵਾ ਰੈੱਡ ਕਰਾਸ ਨੂੰ 1944 ਅਤੇ 1963 ਵਿੱਚ ਵੀ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਮੌਜੂਦਾ ਸਮੇਂ ਸੰਸਾਰ ਕੋਰੋਨਾ ਵਾਇਰਸ (ਕੋਵਿਡ-19) ਮਹਾਂਮਾਰੀ ਨਾਲ ਜੂਝ ਰਿਹਾ ਹੈ ਅਤੇ ਮਾਨਵਤਾ ਦੀ ਸੇਵਾ ਵਿੱਚ ਰੈੱਡ ਕਰਾਸ ਅਤੇ ਉਸਦੇ ਵਲੰਟੀਅਰ ਆਪਣੀ ਅਹਿਮ ਭੂਮਿਕਾ ਨਿਭਾ ਰਹੇ ਹਨ।



### ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਸਬੰਧੀ ਵਿਸ਼ੇਸ਼

# ਲੋਕਤੰਤਰ ਦਾ ਚੋਥਾ ਥੰਮ ਹੋ ਰਿਹਾ ਹੈ ਭ੍ਰਿਸ਼ਟਾਚਾਰ ਅਤੇ ਰਾਜਨੀਤੀ ਦਾ ਸ਼ਿਕਾਰ



ਕੁਲਦੀਪ ਚੰਦ
91-9417563054

ਇੱਕ ਨਿਰਪੱਖ ਪੱਤਰਕਾਰ ਸ਼ੀਸ਼ਾ ਹੈ ਜੋਕਿ ਸਹੀ ਤਸਵੀਰ ਵਿਖਾਂਉਦਾ ਹੈ। ਖਬਰਾਂ ਦੇ ਵੱਖ ਵੱਖ ਮਾਧਿਅਮਾਂ ਪ੍ਰਿੰਟ ਮੀਡੀਆ, ਇਲਾਕਟ੍ਰਾਨਿਕ ਮੀਡੀਆ, ਆਨਲਾਇਨ ਮੀਡੀਆ ਆਦਿ ਦਾ ਬਿਨਾਂ ਕਿਸੇ ਦਬਾਓ ਅਤੇ ਡਰ ਦੇ ਕੰਮ ਕਰਨਾ ਹੀ ਪ੍ਰੈਸ ਦੀ ਅਸਲੀ ਆਜ਼ਾਦੀ ਹੈ। ਪੱਤਰਕਾਰਤਾ ਦੀ ਅਜ਼ਾਦੀ ਸਮਾਜ ਅਤੇ ਦੇਸ਼ ਦੀ ਅਜ਼ਾਦੀ ਹੈ, ਜੇਕਰ ਪੱਤਰਕਾਰਤਾ ਅਜ਼ਾਦ ਕੰਮ ਨਹੀਂ ਕਰੇਗੀ ਤਾਂ ਉਹ ਸਮਾਜ ਵਿੱਚ ਹੋ ਰਹੀਆਂ ਕੋਤਾਹੀਆਂ ਅਤੇ ਘਟਨਾਵਾਂ ਨੂੰ ਸਹੀ ਤਰੀਕੇ ਨਾਲ ਪੇਸ਼ ਨਹੀਂ ਕਰ ਸਕਦੀ। ਗਲੋਬਲ ਪ੍ਰੈਸ ਫਰੀਡਮ ਰੈਂਕਿੰਗ ਅਨੁਸਾਰ ਦੁਨੀਆਂ ਦੇ 63 ਦੇਸ਼ਾਂ ਵਿੱਚ ਪ੍ਰੈਸ ਨੂੰ ਸੰਪੂਰਨ ਆਜ਼ਾਦੀ ਪ੍ਰਾਪਤ ਹੈ, 70 ਦੇਸ਼ਾਂ ਵਿੱਚ ਪ੍ਰੈਸ ਨੂੰ ਅਧੂਰੀ ਅਜ਼ਾਦੀ ਪ੍ਰਾਪਤ ਹੈ ਅਤੇ 64 ਦੇਸ਼ਾਂ ਵਿੱਚ ਪ੍ਰੈਸ ਨੂੰ ਕੋਈ ਵੀ ਆਜ਼ਾਦੀ ਪ੍ਰਾਪਤ ਨਹੀਂ ਹੈ। ਕਮੇਟੀ ਟੂ ਪ੍ਰੋਟੈਕਟ ਜਰਨਲਿਸਟਜ਼ ਅਨੁਸਾਰ ਸੋਮਾਲੀਆ, ਸੀਰੀਆ, ਇਰਾਕ, ਦੱਖਣੀ ਸੂਡਾਨ, ਫਿਲੀਪਾਇਨਜ, ਅਫਗਾਨਿਸਤਾਨ, ਮੈਕਸਿਕੋ, ਪਾਕਿਸਤਾਨ, ਬ੍ਰਾਜੀਲ, ਬੰਗਲਾ ਦੇਸ, ਰੂਸ, ਨਾਇਜੀਰੀਆ ਅਤੇ ਭਾਰਤ ਪੱਤਰਕਾਰਾਂ ਲਈ ਸਭਤੋਂ ਵੱਧ ਖਤਰਨਾਕ ਦੇਸ਼ ਹਨ। ਇਨ੍ਹਾਂ ਦੇਸ਼ਾਂ ਵਿੱਚ ਪੱਤਰਕਾਰਾਂ ਤੇ ਹਮਲੇ ਵੱਧੇ ਹਨ ਅਤੇ ਹਮਲਾਵਾਰ ਅਜਾਦ ਘੁੰਮਦੇ ਹਨ। ਇਸ ਸੰਸਥਾ ਅਨੁਸਾਰ ਸਾਲ ਸਤੰਬਰ 2009 ਤੋਂ ਅਗੱਸਤ 2019 ਤੱਕ ਇੱਕ ਦਹਾਕੇ ਦੌਰਾਨ ਹੀ ਸੰਸਾਰ ਵਿੱਚ ਲੱਗਭੱਗ 318 ਪੱਤਰਕਾਰ ਕੰਮ ਦੌਰਾਨ ਮਾਰੇ ਗਏ ਹਨ ਅਤੇ ਦੁੱਖ ਦੀ ਗੱਲ ਹੈ ਕਿ ਇਨ੍ਹਾਂ ਵਿੱਚੋਂ ਲੱਗਭੱਗ 86 ਫਿਸਦੀ ਮਾਮਲਿਆਂ ਦੀ ਸਹੀ ਜਾਂਚ ਨਹੀਂ ਕੀਤੀ ਗਈ ਅਤੇ ਕਿਸੇ ਵੀ ਦੋਸੀ ਖਿਲਾਫ ਸਫਲਤਾਪੂਰਬਕ ਮੁਕੱਦਮਾ ਨਹੀਂ ਚਲਾਇਆ ਗਿਆ ਹੈ। ਪੱਤਰਕਾਰਤਾ ਦੀ ਅਜ਼ਾਦੀ ਦੀ ਮਹੱਤਤਾ ਨੂੰ ਵੇਖਦੇ ਹੋਏ ਹੀ ਸੰਯੁਕਤ ਰਾਸ਼ਟਰ ਸੰਘ ਨੇ 1993 ਵਿੱਚ 03 ਮਈ ਦੇ ਦਿਹਾੜੇ ਨੂੰ ਵਿਸਵ ਪ੍ਰੈਸ ਅਜ਼ਾਦੀ ਦਿਵਸ ਵਜੋਂ ਘੋਸ਼ਿਤ ਕੀਤਾ ਸੀ ਉਸਤੋਂ ਬਾਦ ਹਰ ਸਾਲ 03 ਮਈ ਨੂੰ ਵਿਸਵ ਪ੍ਰੈਸ ਅਜ਼ਾਦੀ ਦਿਵਸ ਮਨਾਇਆ ਜਾਂਦਾ ਹੈ ਅਤੇ ਇਸ ਦਿਨ ਸਰਕਾਰਾਂ ਵਲੋਂ ਅਤੇ ਮੀਡੀਆ ਉਦਯੋਗ ਨਾਲ ਜੁੜ੍ਹੇ ਲੋਕਾਂ ਵਲੋਂ ਪੱਤਰਕਾਰਤਾ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਇਸਦੇ ਅਜ਼ਾਦ ਰੂਪ ਵਿੱਚ ਕੰਮ ਕਰਨ ਲਈ ਠੋਸ ਨੀਤੀਆਂ ਬਣਾਈਆਂ ਜਾਂਦੀਆਂ ਹਨ। ਪਹਿਲਾਂ ਪੱਤਰਕਾਰਤਾ ਇੱਕ ਮਿਸ਼ਨ ਸੀ ਅਤੇ ਮੀਡੀਆ ਨਾਲ ਜੁੜ੍ਹੇ ਲੋਕਾਂ ਦੀ ਸਮਾਜ ਪ੍ਰਤੀ ਵਿਸ਼ੇਸ਼ ਜਿੰਮੇਵਾਰੀ ਹੁੰਦੀ ਸੀ ਪਰ ਹੁਣ ਬਹੁਤੇ ਮੀਡੀਆ ਅਦਾਰਿਆਂ ਤੇ ਵਪਾਰਿਕ ਘਰਾਣੇ ਅਤੇ ਰਾਜਨੇਤਾ ਕਾਬਜ਼ ਹੋ ਰਹੇ ਹਨ। ਕਈ ਮੀਡੀਆ ਅਦਾਰਿਆਂ ਨੇ ਵਪਾਰਕ ਹਿੱਤਾਂ ਨੂੰ ਪਹਿਲ ਨਾ ਦਿੰਦੇ ਹੋਏ ਆਪਣੀ ਸਾਖ ਬਣਾਕੇ ਰੱਖੀ ਹੋਈ ਹੈ ਹੈ ਪਰੰਤੂ ਕੁੱਝ ਨੇ ਇਸਨੂੰ ਨਿਰੋਲ ਲਾਹੇਵੰਦ ਵਪਾਰ ਬਣਾਕੇ ਰੱਖਿਆ ਹੋਇਆ ਹੈ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ ਭਾਰਤ ਨੂੰ ਪ੍ਰੈਸ ਦੀ ਆਜ਼ਾਦੀ ਦੇ ਮਾਮਲੇ ਵਿੱਚ 180 ਵਿੱਚੋਂ 142ਵਾਂ ਰੈਂਕ ਪ੍ਰਾਪਤ ਹੈ। ਕਈ ਮੀਡੀਆਕਰਮੀਆਂ ਦੀ ਨਾਕਾਰਤਮਕ ਸੋਚ ਅਤੇ ਕਾਰਜਪ੍ਰਣਾਲੀ ਵੀ ਗੰਭੀਰ ਚਿੰਤਾ ਦਾ ਵਿਸ਼ਾ ਹੈ। ਅੱਜ ਪੱਤਰਕਾਰਿਤਾ ਦਾ ਖੇਤਰ ਵਿਆਪਕ ਹੋ ਗਿਆ ਹੈ। ਤੱਥਾਂ ਨੂੰ ਤੋੜ-ਮਰੋੜ ਕੇ, ਵਧਾ-ਚੜ੍ਹਾਕੇ ਜਾਂ ਘਟਾਕੇ ਸਨਸਨੀ ਬਣਾਉਣ ਦੀ ਪ੍ਰਵਿਰਤੀ ਅੱਜ ਪੱਤਰਕਾਰਿਤਾ ਵਿੱਚ ਵੱਧਣ ਲੱਗੀ ਹੈ। ਖੋਜੀ ਪੱਤਰਕਾਰਿਤਾ ਦੇ ਨਾਮ ਤੇ ਪੀਲੀ ਅਤੇ ਨੀਲੀ ਪੱਤਰਕਾਰਿਤਾ ਕੁਝ ਪੱਤਰਕਾਰਾਂ ਦੇ ਜੀਵਨ ਦਾ ਅਭਿੰਨ ਅੰਗ ਬਣਦੀ ਜਾ ਰਹੀ ਹੈ। ਭਾਰਤੀ ਚੋਣ ਆਯੋਗ ਵਲੋਂ ਕਈ ਮੀਡੀਆ ਅਦਾਰਿਆਂ ਅਤੇ ਪੱਤਰਕਾਰਾਂ ਤੇ ਵੋਟਾਂ ਦੌਰਾਨ ਪੈਸੇ ਲੈਕੇ ਖਬਰਾਂ ਲਗਾਉਣ ਦੀਆਂ ਸ਼ਿਕਾਇਤਾਂ ਸਾਡੇ ਸਭ ਲਈ ਖਤਰਨਾਕ ਸੰਕੇਤ ਹੈ। ਭਾਰਤੀ ਸੰਵਿਧਾਨ ਵਿੱਚ ਦਰਜ ਮੋਲਿਕ ਅਧਿਕਾਰਾਂ ਵਿੱਚ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ ਜਿਸ ਵਿੱਚ ਪ੍ਰੈਸ ਦੀ ਅਜ਼ਾਦੀ ਵੀ ਸ਼ਾਮਿਲ ਹੈ।




ਦੁਨੀਆਂ ਵਿੱਚ ਅੱਜ ਲਗਭੱਗ 50 ਦੇਸ਼ਾਂ ਵਿੱਚ ਪ੍ਰੈਸ ਪਰਿਸ਼ਦ ਜਾਂ ਮੀਡੀਆ ਪਰਿਸ਼ਦ ਹੈ। ਭਾਰਤ ਵਿੱਚ ਪ੍ਰੈਸ ਨੂੰ ਵਾਚਡੱਾਗ ਅਤੇ ਪ੍ਰੈਸ ਪਰਿਸ਼ਦ ਨੂੰ ਮੋਰਲ ਵਾਚਡੱਾਗ ਕਿਹਾ ਜਾਂਦਾ ਹੈ। 4 ਜੁਲਾਈ 1966 ਨੂੰ ਭਾਰਤੀ ਪ੍ਰੈਸ ਪਰਿਸ਼ਦ ਦੀ ਸਥਾਪਨਾ ਕੀਤੀ ਗਈ ਜਿਸਨੇ 16 ਨਵੰਬਰ 1966 ਤੋਂ ਆਪਣਾ ਕੰਮ ਸ਼ੁਰੂ ਕੀਤਾ। ਐਮਰਜੈਂਸੀ ਦੌਰਾਨ ਜਦੋਂ ਪ੍ਰੈਸ ਤੇ ਸੈਂਸਰ ਲੱਗਿਆ ਸੀ ਉਦੋਂ ਪੱਤਰਕਾਰਿਤਾ ਇੱਕ ਵਾਰ ਫਿਰ ਥੋੜ੍ਹੇ ਸਮੇਂ ਦੇ ਲਈ ਭ੍ਰਿਸ਼ਟਾਚਾਰ ਮਿਟਾਓ ਅਭਿਆਨ ਨੂੰ ਲੈ ਕੇ ਮਿਸ਼ਨ ਬਣ ਗਈ ਸੀ। ਹੌਲੀ-ਹੌਲੀ ਪੱਤਰਕਾਰਿਤਾ ਪ੍ਰੋਡਕਸ਼ਨ ਤੋਂ ਸੈਂਨਸੇਸ਼ਨ ਅਤੇ ਸੈਨਸੇਸ਼ਨ ਤੋਂ ਕਮਿਸ਼ਨ ਬਣ ਗਈ ਹੈ। ਇਹਨਾਂ ਸਾਰੀਆਂ ਸਮਾਜਿਕ ਬੁਰਾਈਆਂ ਦੇ ਲਈ ਸਿਰਫ ਮੀਡੀਆ ਨੂੰ ਦੋਸ਼ੀ ਠਹਿਰਾਉਣਾ ਉਚਿੱਤ ਨਹੀਂ ਹੈ। ਮੀਡੀਆ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ, ਪਰ ਕਦੀ-ਕਦੀ ਮੀਡੀਆ ਸਮਾਜ ਤੋਂ ਵੀ ਪ੍ਰਭਾਵਿਤ ਹੋਣ ਲੱਗਦਾ ਹੈ। ਭਾਰਤੀ ਪ੍ਰੈਸ ਪਰਿਸ਼ਦ ਦੇ ਨਿਰਦੇਸ਼ਾਂ ਅਨੁਸਾਰ 17 ਅਕਤੂਬਰ 2011 ਨੂੰ 6 ਮੈਂਬਰੀ ਸਬ-ਕਮੇਟੀ ਬਣਾਈ ਗਈ। ਇਹ ਕਮੇਟੀ ਦੇਸ਼ ਦੇ ਉਹਨਾਂ 11 ਸੂਬਿਆਂ ਵਿੱਚ ਗਈ ਜਿੱਥੇ ਪੱਤਰਕਾਰਾਂ ਨਾਲ ਕਈ ਘਟਨਾਵਾਂ ਵਾਪਰੀਆਂ ਅਤੇ ਲੱਗਭੱਗ 1200 ਪੱਤਰਕਾਰਾਂ, ਸੰਪਾਦਕਾਂ ਅਤੇ ਪੱਤਰਕਾਰਾਂ ਦੇ ਸੰਗਠਨਾਂ, ਸਿਵਲ ਅਧਿਕਾਰੀਆਂ, ਉਚ ਪੁਲਿਸ ਅਫਸਰਾਂ, ਕੁਝ ਸੂਬਿਆਂ ਦੇ ਮੁੱਖ ਮੰਤਰੀਆਂ ਅਤੇ ਮੰਤਰੀਆਂ ਨਾਲ ਮਿਲ ਕੇ ਜਾਣਕਾਰੀ ਪ੍ਰਾਪਤ ਕੀਤੀ। ਇਸ ਕਮੇਟੀ ਨੇ ਪੱਤਰਕਾਰਾਂ ਤੇ ਹੋ ਰਹੇ ਹਮਲਿਆਂ ਅਤੇ ਪੱਤਰਕਾਰਾਂ ਦੀ ਭੁਮਿਕਾ ਬਾਰੇ ਵੱਖ ਵੱਖ ਸੂਬਿਆਂ ਵਿੱਚ ਵਿਚਾਰ ਵਟਾਂਦਰਾ ਕੀਤਾ।

ਭਾਰਤੀ ਪ੍ਰੈਸ ਪਰਿਸ਼ਦ ਦੀ ਸਾਲਾਨਾ ਰਿਪੋਰਟ ਅਨੁਸਾਰ ਅਪ੍ਰੈਲ 2014 ਤੋਂ ਮਾਰਚ 2017 ਤੱਕ ਪਰਿਸ਼ਦ ਕੋਲ ਕੁੱਲ 2999 ਮਾਮਲੇ ਪਹੁੰਚੇ ਹਨ ਜਿਨ੍ਹਾਂ ਵਿੱਚੋਂ 695 ਸ਼ਕਾਇਤਾਂ ਪ੍ਰੈਸ ਦੀ ਆਜ਼ਾਦੀ ਵਿੱਚ ਦਖਲਅੰਦਾਜ਼ੀ ਲਈ ਪ੍ਰਾਪਤ ਹੋਈਆਂ ਹਨ ਅਤੇ 2304 ਪੱਤਰਕਾਰਾਂ ਖਿਲਾਫ ਹੀ ਮਿਲੀਆਂ ਹਨ। ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ 2017 ਦਾ ਸਾਲ ਪੱਤਰਕਾਰਤਾ ਲਈ ਕਾਫੀ ਖਤਰਨਾਕ ਰਿਹਾ ਹੈ ਅਤੇ ਇਸ ਸਾਲ ਦੌਰਾਨ 11 ਪੱਤਰਕਾਰਾਂ ਦਾ ਕਤਲ ਹੋਇਆ 46 ਪੱਤਰਕਾਰਾਂ ਤੇ ਹਮਲੇ ਹੋਏ ਅਤੇ 27 ਪੱਤਰਕਾਰਾਂ ਖਿਲਾਫ ਪੁਲਿਸ ਵਲੋਂ ਕੇਸ ਦਰਜ਼ ਕੀਤੇ ਗਏ ਅਤੇ ਗ੍ਰਿਫਤਾਰ ਕੀਤੇ ਗਏ। ਸਤੰਬਰ 2017 ਵਿੱਚ ਹੋਏ ਗੋਰੀ ਲੰਕੇਸ਼ ਦੇ ਕਤਲ ਨੇ ਸੱਚ ਲਿਖਣ ਵਾਲੇ ਪੱਤਰਕਾਰਾਂ ਤੇ ਮੰਡਰਾ ਰਹੇ ਖਤਰੇ ਨੂੰ ਪੂਰੀ ਦੁਨੀਆਂ ਸਾਹਮਣੇ ਲਿਆਂਦਾ ਹੈ। ਇਸ ਮਾਮਲੇ ਵਿੱਚ ਪੁਲਿਸ ਵਲੋਂ ਨਵੰਬਰ 2018 ਵਿੱਚ 18 ਦੋਸੀਆਂ ਖਿਲਾਫ ਲੱਗਭੱਗ 9325 ਪੰਨਿਆਂ ਦੀ ਚਾਰਜਸੀਟ ਫਾਇਲ ਕੀਤੀ ਗਈ ਪਰੰਤੂ ਦੋ ਸਾਲਾਂ ਬਾਦ ਵੀ ਅਜੇ ਤੱਕ ਕੇਸ ਦਾ ਟਰਾਇਲ ਨਹੀਂ ਚੱਲਿਆ ਹੈ। ਇੱਕ ਰਿਪੋਰਟ ਅਨੁਸਾਰ ਦੇਸ ਦੇ ਵੱਖ ਵੱਖ ਭਾਗਾਂ ਵਿੱਚ ਪਿਛਲੇ 5 ਸਾਲਾਂ ਦੌਰਾਨ ਪੱਤਰਕਾਰਾਂ ਤੇ ਲੱਗਭੱਗ 198 ਹਮਲੇ ਹੋਣ ਦੇ ਮਾਮਲੇ ਸਾਹਮਣੇ ਆਏ ਹਨ। ਸਾਲ 2019 ਦੌਰਾਨ ਹੀ ਮੀਡੀਆਕਰਮੀਆਂ ਤੇ ਹਮਲੇ ਦੇ 36 ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਵਿੱਚੋਂ 6 ਘਟਨਾਵਾਂ ਸਰਕਾਰ ਵਲੋਂ ਪਾਸ ਕੀਤੇ ਨਾਗਰਿਕਤਾ ਸੋਧ ਐਕਟ ਸਬੰਧੀ ਹੋਏ ਰੋਸ ਪ੍ਰਦਰਸਨ ਦੌਰਾਨ ਹੀ ਵਾਪਰੀਆਂ ਹਨ।

ਇਸ ਸਮੇਂ ਦੌਰਾਨ ਲੱਗਭੱਗ 40 ਮੀਡੀਆਕਰਮੀ ਮਾਰੇ ਗਏ ਹਨ। ਦੁਨੀਆਂ ਵਿੱਚ ਫੈਲੇ ਕੋਰੋਨਾ ਵਾਇਰਸ ਦੀ ਕਵਰੇਜ ਕਰਨ ਵਾਲੇ ਕਈ ਪੱਤਰਕਾਰਾਂ ਤੇ ਵੀ ਹਮਲੇ ਕੀਤੇ ਗਏ। ਕਈ ਪੱਤਰਕਾਰ ਖੁੱਦ ਵੀ ਇਸ ਵਾਇਰਸ ਦੀ ਲਪੇਟ ਵਿੱਚ ਆ ਗਏ ਹਨ।

ਵੱਧ ਰਹੇ ਅਪਰਾਧ, ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਵੇਖਦੇ ਹੋਏ ਮੀਡੀਆ ਦੀ ਭੂਮਿਕਾ ਹੋਰ ਵੀ ਵੱਧ ਸਿਆਣਪ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਹੈ। ਕੁੱਝ ਮੀਡੀਆਕਰਮੀਆਂ ਦੇ ਨਾਕਾਰਤਮਕ ਰਵਈਆ ਕਾਰਨ ਲੋਕਾਂ ਦਾ ਹੌਲੀ-ਹੌਲੀ ਮੀਡੀਆ ਤੋਂ ਵਿਸ਼ਵਾਸ਼ ਉਠਦਾ ਜਾ ਰਿਹਾ ਹੈ ਜੋ ਕਿ ਸਮਾਜ ਅਤੇ ਦੇਸ਼ ਲਈ ਇੱਕ ਖਤਰਨਾਕ ਸੰਕੇਤ ਹੈ। ਸਮਾਜ ਵਿੱਚ ਵੱਧ ਰਹੀਆਂ ਸਮਾਜਿਕ ਬੁਰਾਈਆਂ ਬਾਰੇ ਅਕਸਰ ਮੀਡੀਆ ਰਿਪੋਰਟਾਂ ਛੱਪਦੀਆਂ ਹਨ ਅਤੇ ਕਈ ਵਾਰ ਕੁਝ ਅਧਿਕਾਰੀਆਂ ਵੱਲੋਂ ਇਨ੍ਹਾਂ ਰਿਪੋਰਟਾਂ ਨੂੰ ਆਧਾਰ ਬਣਾਕੇ ਬਣਦੀ ਕਾਰਵਾਈ ਕੀਤੀ ਜਾਂਦੀ ਹੈ। ਪ੍ਰੈਸ ਦੀ ਅਜ਼ਾਦੀ ਵਿੱਚ ਕਈ ਸਰਕਾਰਾਂ ਵੱਲੋਂ ਵੀ ਰੋੜੇ ਅਟਕਾਏ ਜਾ ਰਹੇ ਹਨ।

ਬਹੁਤੇ ਰਾਜਨੇਤਾ ਮੀਡੀਆ ਨੂੰ ਅਪਣੇ ਅਨੁਸਾਰ ਵਰਤਣ ਦੀ ਕੋਸਿਸ ਕਰਦੇ ਹਨ ਅਤੇ ਅਜਿਹੇ ਰਾਜਨੇਤਾਵਾਂ ਅਨੁਸਾਰ ਕੰਮ ਨਾਂ ਕਰਨ ਵਾਲੇ ਪੱਤਰਕਾਰਾਂ ਤੇ ਹਰ ਤਰਾਂ ਦਾ ਖਤਰਾ ਮੰਡਰਾਂਉਦਾ ਹੈ। ਭਾਰਤੀ ਪ੍ਰੈਸ ਪਰਿਸ਼ਦ ਨੇ ਵੀ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ 'ਭਾਰਤ ਵਿੱਚ ਪ੍ਰੈਸ ਨੇ ਜ਼ਿਆਦਾ ਗਲਤੀਆ ਕੀਤੀਆਂ ਹਨ ਅਤੇ ਅਧਿਕਾਰੀਆਂ ਦੀ ਤੁਲਨਾ ਵਿੱਚ ਪ੍ਰੈਸ ਦੇ ਖਿਲਾਫ ਜ਼ਿਆਦਾ ਸ਼ਕਾਇਤਾਂ ਦਰਜ ਹਨ। ਮੀਡੀਆ ਵਿੱਚ ਕਈ ਸਰਕਾਰੀ ਵਿਭਾਗਾਂ ਦੇ ਕਰਮਚਾਰੀਆਂ ਪੱਤਰਕਾਰ ਵਜੋਂ ਕੰਮ ਕਰ ਰਹੇ ਹਨ ਅਤੇ ਅਜਿਹੇ ਪੱਤਰਕਾਰ ਨਿਰਪੱਖ ਹੋਕੇ ਕੰਮ ਨਹੀਂ ਕਰ ਪਾਂਦੇ ਹਨ। ਸਰਕਾਰੀ ਕਰਮਚਾਰੀ ਕੰਡਕਟ ਐਕਟ 1966 ਅਨੁਸਾਰ ਕੋਈ ਵੀ ਸਰਕਾਰੀ ਮੁਲਾਜ਼ਮ ਸਰਕਾਰ ਦੀ ਪੂਰਵ-ਪ੍ਰਵਾਨਗੀ ਤੋਂ ਬਿਨਾਂ ਅਖਬਾਰਾਂ ਲਈ ਆਰਟੀਕਲ ਨਹੀਂ ਲਿਖ ਸਕਦਾ ਅਤੇ ਆਪ ਜਾਂ ਕਿਸੇ ਹੋਰ ਨਾਮ ਤੇ ਅਖਬਾਰ ਦੇ ਪੱਤਰਕਾਰ ਦੇ ਤੌਰ ਤੇ ਕੰਮ ਨਹੀਂ ਕਰ ਸਕਦਾ ਅਤੇ ਇਹਨਾਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਉਸਦੇ ਖਿਲਾਫ ਪੰਜਾਬ ਸਿਵਲ ਸਰਵਿਸਜ਼ (ਦੰਡ ਅਤੇ ਅਪੀਲ) ਰੂਲਜ਼ 1970 ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ। ਅੱਜ ਮੀਡੀਆ ਦੀ ਅਜਾਦੀ ਖਤਰੇ ਵਿੱਚ ਹੈ ਕਿਉਂਕਿ ਹੁਣ ਬਹੁਤੇ ਮੀਡੀਆ ਤੇ ਰਾਜਨੀਤਿਕ ਨਿਯੰਤਰਣ ਹੈ। ਪਿਛਲੇ ਸਮੇਂ ਦੌਰਾਨ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਹੋਈਆਂ ਚੋਣਾਂ ਦੌਰਾਨ ਸਾਹਮਣੇ ਆਏ ਪੇਡ ਨਿਊਜ਼ ਦੇ ਹਜ਼ਾਰਾਂ ਮਾਮਲਿਆਂ ਨੇ ਵੀ ਪ੍ਰੈਸ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾਇਆ ਹੈ ਜੋਕਿ ਪ੍ਰੈਸ ਦੀ ਅਜ਼ਾਦੀ ਲਈ ਖਤਰਾ ਹੈ।

ਜੇਕਰ ਇਸ ਪ੍ਰਤੀ ਗੰਭੀਰਤਾ ਨਾਲ ਨਾ ਸੋਚਿਆ ਤਾਂ 03 ਮਈ ਦਾ ਦਿਹਾੜਾ ਜੋ ਕਿ ਵਿਸ਼ੇਸ਼ ਤੌਰ ਤੇ ਪ੍ਰੈਸ ਦੇ ਅਜਾਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ ਦੇ ਕੋਈ ਅਰਥ ਨਹੀਂ ਰਹਿ ਜਾਣਗੇ ਅਤੇ ਮੀਡੀਆ ਸਰਕਾਰ ਅਤੇ ਪ੍ਰਭਾਵਸ਼ਾਲੀ ਲੋਕਾਂ ਦੇ ਪ੍ਰਭਾਵ ਅਧੀਨ ਕੰਮ ਕਰੇਗਾ ਜੋ ਕਿ ਸਮਾਜ ਅਤੇ ਦੇਸ਼ ਲਈ ਖਤਰਨਾਕ ਸਾਬਿਤ ਹੋਵੇਗਾ। ਇਸ ਲਈ ਸਰਕਾਰਾਂ, ਮੀਡੀਆ ਘਰਾਣਿਆਂ, ਪੱਤਰਕਾਰਾਂ ਆਦਿ ਨੂੰ ਪੱਤਰਕਾਰਤਾ ਨੂੰ ਨਿਰਪੱਖ ਅਤੇ ਅਜਾਦ ਰੱਖਣ ਲਈ ਗੰਭੀਰਤਾ ਨਾਲ ਸੋਚਣਾ ਅਤੇ ਕੰਮ ਕਰਨਾ ਚਾਹੀਦਾ ਹੈ।

# ਕੋਰੋਨਾ ਕੁਦਰਤੀ ਕਹਿਰ ਤੋਂ ਮਨੁੱਖ ਨੂੰ ਭਵਿੱਖ 'ਚ ਸਬਕ ਸਿੱਖਣ ਦੀ ਲੋੜ



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਕੋਰੋਨਾ ਵਾਇਰਸ ਨੇ ਪੂਰੀ ਦੁਨੀਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਮਨੁੱਖ ਜਾਤੀ ਕੋਰੋਨਾ ਵਾਇਰਸ ਦੀ ਦਹਿਸ਼ਤ ਹੇਠ ਘਰਾਂ ਦੀ ਕੰਧਾਂ ਚ ਕੈਦ ਚ ਸਹਿਮ ਦੀ ਜ਼ਿੰਦਗੀ ਜੀਅ ਨਹੀਂ ਰਹੀ, ਬਲਕਿ ਮੁਸ਼ਕਿਲਾਂ ਭਰੇ ਦਿਨ ਕੱਟ ਰਹੀ ਹੈ। ਇਸਨੂੰ ਮਨੁੱਖ ਜਾਤੀ ਤੇ ਕੁਦਰਤ ਦੀ ਕਰੋਪੀ ਹੀ ਕਿਹਾ ਜਾ ਸਕਦਾ ਹੈ। ਅੱਜ ਮਨੁੱਖ ਇੱਕ ਦੂਜੇ ਨੂੰ ਮਿਲਣ,ਹੱਥ ਮਿਲਾਉਣ, ਨੇੜੇ ਲੱਗਣ, ਘਰ ਜਾਣ ਜਾਂ ਕਿਸੇ ਦੇ ਘਰ ਆਉਣ ਤੋਂ ਕੰਨੀ ਕਤਰਾ ਰਿਹਾ ਹੈ।ਕੁਦਰਤ ਦਾ ਖੇਲ ਦੇਖੋ ਇੱਕ ਕੋਰੋਨਾ ਜੀਵ ਡਾਕਟਰਾਂ, ਖੋਜੀਆਂ, ਸਾਇੰਸਦਾਨਾਂ, ਜੋਤਿਸ਼ ਵਿਗਿਆਨ, ਵਸਤੂ ਸ਼ਾਸਤਰ, ਕੰਪਿਊਟਰ ਸਾਫਟਵੇਅਰ ਆਦਿ ਦੀ ਪਹੁੰਚ ਤੋਂ ਬਿਲਕੁਲ ਪਰੇ ਹੈ। ਮਨੁੱਖ ਨੇ ਵੀ ਕੁਦਰਤ ਨਾਲ ਬੇਤਹਾਸ਼ਾ ਖਿਲਵਾੜ ਕੀਤਾ ਹੈ। ਸਮੁੰਦਰ, ਨਦੀਆਂ, ਨਾਲੇ, ਧਰਤੀ, ਵਾਤਾਵਰਨ, ਪਾਣੀ ਨੂੰ ਪ੍ਰਦੂਸ਼ਣ ਕਰਨ ਚ ਕੋਈ ਕਸਰ ਬਾਕੀ ਨਹੀਂ ਛੱਡੀ। ਧਰਤੀ ਤੋਂ ਬਨਸਪਤੀ ਦਾ ਵਿਕਾਸ ਦੀ ਆੜ ਹੇਠ ਵਿਨਾਸ਼ ਕਰ ਦਿੱਤਾ ਹੈ। ਪਸ਼ੂਆਂ, ਪੰਛੀਆਂ, ਜਾਨਵਰਾਂ ਅਤੇ ਹੋਰ ਜੀਵਾਂ ਦੇ ਰੈਣ ਬਸੇਰੇ ਖਤਮ ਕਰਕੇ ਉਹਨਾਂ ਦੀ ਜ਼ਿੰਦਗੀ ਦੁੱਭਰ ਕਰ ਦਿੱਤੀ ਹੈ।ਜਿਸ ਤਰ੍ਹਾਂ ਬੇਪਰਵਾਹ ਇਨਸਾਨ ਨੂੰ ਖੁਦ ਡਾਢੇ ਦੀ ਬਖਸ਼ਿਸ਼ ਕੁਦਰਤੀ ਆਬੋ ਹਵਾ ਮੁਕਤ ਪ੍ਰਦੂਸ਼ਣ ਭਰਪੂਰ ਵਾਤਾਵਰਣ ਚ ਸ਼ਾਹ ਲੈਣਾ ਔਖਾ ਹੈ,ਉਸੇ ਤਰ੍ਹਾਂ ਪੰਛੀਆਂ, ਜਾਨਵਰਾਂ, ਪਸ਼ੂਆਂ, ਜੀਵਾਂ ਦੀ ਜ਼ਿੰਦਗੀ ਵੀ ਸੁਖਾਲੀ ਨਹੀਂ।ਵਿਗਿਆਨਕ ਤਰੱਕੀ ਦੇ ਸਾਧਨਾਂ ਨਾਲ ਕੁਦਰਤੀ ਸਾਧਨਾਂ ਦੀ ਬੇਕਦਰੀ ਕਰਕੇ ਮਨੁੱਖ ਨੇ ਕੁਦਰਤ ਨੂੰ ਸ਼ਾਇਦ ਇਹ ਵਰਤਾਰਾ ਕਰਨ ਲਈ ਮਜਬੂਰ ਕੀਤਾ ਹੋਵੇ। ਜੀਵਾਂ ਚੋਂ ਖੱਬੀ ਖਾਨ ਕਹਾਉਣ ਵਾਲਾ ਵਿਚਾਰਾ ਬਣਿਆ ਅੱਜ ਸਭ ਕਾਸੇ ਤੋਂ ਬੇਵੱਸ ਅਤੇ ਮਜਬੂਰ ਘਰਾਂ ਚ ਦੜੇ ਬੈਠੇ ਮਨੁੱਖ ਨੂੰ ਮਨੁੱਖ ਨਾਲ ਮਿਲਣ ਸਕਣ ਦੀ ਖੁੱਲ ਨਹੀਂ।ਕੁਦਰਤ ਦੇ ਪਸ਼ੂਆਂ, ਪੰਛੀਆਂ, ਜਾਨਵਰਾਂ ਆਦਿ ਦੀ ਆਜ਼ਾਦੀ ਨੂੰ ਪਿੰਜਰਿਆਂ ਚ ਕੈਦ ਕਰਨ ਦਾ ਸ਼ਾਇਦ ਇਹ ਨਤੀਜਾ ਹੋਵੇ।

ਮਨੁੱਖ ਨੇ ਵਿਗਿਆਨ ਦੀ ਮੱਦਦ ਨਾਲ ਧਰਤੀ ਦੇ ਧੁਰ ਅੰਦਰ ਜਾਣ, ਆਸਮਾਨ ਨੂੰ ਧਾਹ ਪਾਉਣ, ਸਮੁੰਦਰਾਂ ਦੀਆਂ ਗਹਿਰਾਈਆਂ ਚ ਜਾਣ, ਚੰਦਰਮਾ ਤੇ ਜਾਣ, ਅਵਾਜਾਈ ਦੇ ਆਵਾਜ਼ ਤੋਂ ਵੀ ਤੇਜ਼ ਚੱਲਣ ਵਾਲੇ ਸਾਧਨ ਬਣਾਉਣ, ਜਨਮ ਮਰਨ ਤੋਂ ਮੁਕਤ ਕਰਨ ਵਾਲਾ ਦਾਅਵਾ, ਗ੍ਰਹਿਆਂ ਦੀਆਂ ਦੂਰੀਆਂ, ਡਾਕਟਰੀ ਖੋਜਾਂ, ਇੰਜੀਨੀਅਰਿੰਗ, ਵਾਸਤੂਸ਼ਾਸਤਰ, ਚਾਣਕਿਆ ਵਿਧੀਆਂ, ਟੇਵੇ ਆਦਿ ਸਭ ਦਾਅਵੇ ਕੁਦਰਤ ਦੇ ਜੀਵ ਕੋਰੋਨਾ ਵਾਇਰਸ ਅੱਗੇ ਫੇਲ੍ਹ ਹੋ ਗਏ ਜਾਪਦੇ



ਹਨ,ਅਸਮਾਨ ਸੜਕਾਂ, ਸਮੁੰਦਰ, ਰੇਲਾਂ ਸਭ ਸੁੰਨਸਾਨ ਨਜ਼ਰ ਆਉਂਦੇ ਹਨ । ਮਨੁੱਖ ਅੱਜ ਆਪਣੇ ਹੀ ਆਲ੍ਹਣਿਆਂ ਚ ਕੈਦ ਭਰੀ ਜ਼ਿੰਦਗੀ ਕੱਟਣ ਲਈ ਮਜਬੂਰ ਹੈ, ਜਦਕਿ ਕੁਦਰਤ ਦੇ ਬਾਕੀ ਜੀਵ ਆਜ਼ਾਦੀ ਅਤੇ ਸੁਖਦ ਮਹਿਸੂਸ ਕਰ ਰਹੇ ਹਨ।ਅੱਜ ਮਸ਼ੀਨਰੀ ਦਾ ਖੜਾਕ,ਅਸਹਿ ਹੌਰਨ, ਰੇਲ ਦੀਆਂ ਕੂਕਾਂ, ਜਹਾਜ਼ਾਂ ਦੀ ਗੜਗੜਾਹਟ, ਡੀਜੇ ਦੀਆਂ ਕੰਨ ਪਾੜਵੀਆਂ ਆਵਾਜ਼ਾਂ ਦੀ ਥਾਂ ਪੰਛੀਆਂ ਦੀਆਂ ਗੀਤਾਂ ਰੂਪੀ ਮਿੱਠੀਆਂ ਆਵਾਜ਼ਾਂ ਕੰਨਾਂ ਚ ਰੂਹਾਨੀਅਤ ਰਸ ਘੋਲਦੀਆਂ ਹਨ। ਵੱਡੇ ਵੱਡੇ ਮਾਲ, ਸ਼ੋ ਰੂਮ, ਸਿਨੇਮੇ, ਮੰਡੀਆਂ, ਬਾਜ਼ਾਰ, ਸੜਕਾਂ, ਗਲੀਆਂ ਆਦਿ ਸਭ ਸੁੰਨੇ ਪਏ ਮਨੁੱਖ ਦਾ ਮੂੰਹ ਚਿੜਾਉਂਦੇ ਉਸਨੂੰ ਭਵਿੱਖ ਚ ਆਪਣੇ ਵਿਵਹਾਰ ਚ ਤਬਦੀਲੀ ਅਤੇ ਸੁਧਾਰ ਲਈ ਜਾਗਰੂਕ ਕਰਦੇ ਜਾਪਦੇ ਹਨ। ਮਨੁੱਖ ਨੂੰ ਆਪਣੇ ਅੰਦਰ ਸਹਿਜਤਾ, ਸੰਤੋਖ਼ ਅਤੇ ਸਬਰ ਭਰਪੂਰ ਜੀਵਨ ਜੀਣ ਲਈ ਪ੍ਰੇਰਿਤ ਕਰਦੇ ਹਨ।

ਰੱਬ ਦੇ ਰੰਗ ਦੇਖੋ ਅੱਜ ਧਾਰਮਿਕ ਸਥਾਨਾਂ, ਰੱਬ ਦੇ ਘਰਾਂ,ਦੇਵੀ-ਦੇਵਤਿਆਂ ਦੀਆਂ ਅਖੌਤੀ ਰਹਿਣਗਾਹਾਂ, ਡੇਰਿਆਂ,ਪੂਜਾ ਘਰਾਂ ਆਦਿ ਸਭ ਨੇ ਵੀ ਮਨੁੱਖ ਜਾਤੀ ਲਈ ਦਰਵਾਜ਼ੇ ਭੇੜ ਲਏ ਹਨ। ਜਦਕਿ ਸਰਕਾਰੀ ਹਸਪਤਾਲਾਂ ਦੇ ਡਾਕਟਰ, ਸਿਹਤ ਵਿਭਾਗ ਦਾ ਅਮਲਾ, ਨਰਸਾਂ ਆਦਿ ਸਭ ਇਸ ਵਾਇਰਸ ਤੋਂ ਪੀੜਤ ਮਰੀਜ਼ਾਂ ਅਤੇ ਆਮ ਲੋਕਾਂ ਲਈ ਨਿਡਰਤਾ, ਬੇਝਿਜਕ ਅਤੇ ਬੇ ਡਰ ਹੋਕੇ ਰੱਬ ਬਣਕੇ ਕੰਮ ਕਰ ਰਹੇ ਹਨ।

ਅੱਜ ਪੂਰੀ ਦੁਨੀਆ ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਸਿੱਖ ਧਰਮ ਨੇ ਹੀ ਦੁਖਦਾਈ ਘੜੀ ਚ ਇੱਕ ਰਹਿਬਰ ਦਾ ਰੋਲ ਅਦਾ ਕੀਤਾ ਹੈ। ਸ੍ਰੀ ਆਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਹਰਪ੍ਰੀਤ ਸਿੰਘ ਜੀ ਵੱਲੋਂ ਸਿੱਖਾਂ ਦੇ ਸਿਰਮੌਰ ਆਕਾਲ ਤਖਤ ਸਾਹਿਬ ਤੋਂ ਸਿੱਖਾਂ ਦੇ ਨਾਮ ਹੁਕਮਨਾਮਾ ਸਾਹਿਬ ਜਾਰੀ ਕਰਕੇ ਦੁਨੀਆ ਚ ਕਿਸੇ ਵੀ ਮਨੁੱਖ ਨੂੰ ਭੋਜਨ ਬਿਨ ਭੁੱਖਾਂ ਨਾ ਰਹਿਣ ਦੇਣ ਦੀ ਤਾਕੀਦ ਨੇ ਲੰਗਰਾਂ ਦਾ ਹੜ੍ਹ ਲਿਆ ਦਿੱਤਾ ਹੈ। ਗੁਰੂ ਦੇ ਭਾਣੇ ਚ ਰਹਿੰਦਿਆਂ, ਗੁਰਬਾਣੀ ਦਾ ਜਾਪ ਕਰਦਿਆਂ ਕੋਰੋਨਾ ਵਾਇਰਸ ਦੀ ਲਾਗ ਤੋਂ ਬੇਪਰਵਾਹ ਸਿੱਖ ਸੰਗਤਾਂ ਲੰਗਰ ਦੀ ਸੇਵਾ ਨਿਭਾ ਰਹੀਆਂ ਹਨ। ਸਿੱਖ ਧਰਮ ਦੇ ਫਲਸਫੇ ਚ ਗੁਰਦੁਆਰਾ ਸਾਹਿਬ ਦੇ ਸਿਧਾਂਤ ਨੂੰ ਪ੍ਰਮਾਣਿਕਤਾ ਮਿਲ ਗਈ ਹੈ। ਦੁਨੀਆਂ ਦੀ ਤਾਕਤਵਰ ਸ਼ਕਤੀ ਅਮਰੀਕਾ ਦੇ ਰਾਸ਼ਟਰਪਤੀ ਨੇ ਵੀ ਸਿੱਖ ਧਰਮ ਦੀਆਂ ਸੇਵਾਵਾਂ ਪ੍ਰਤੀ ਖੁਸ਼ੀ ਜ਼ਾਹਰ ਕਰਦਿਆਂ ਅਮਰੀਕਾ ਦੇ ਹਰ ਸ਼ਹਿਰ ਚ ਗੁਰਦੁਆਰਾ ਸਾਹਿਬ ਸਥਾਪਤ ਕਰਨ ਦੀ ਤਾਕੀਦ ਕੀਤੀ ਹੈ ਅਤੇ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ ਹੈ। ਮਨੁੱਖ ਨੂੰ ਆਪੇ ਬਣਾਏ ਕਾਨੂੰਨ ਨੂੰ ਆਪੇ ਮੰਨਣ ਲਈ ਸਖ਼ਤਾਈ ਵਰਤੀ ਜਾ ਰਹੀ ਹੈ। ਇਸ ਸਭ ਕਾਸੇ ਦੀ ਜੇਕਰ ਪੜਚੋਲ ਕਰੀਏ ਤਾਂ ਮਨੁੱਖ ਲਈ ਇੱਕ ਬਹੁਤ ਵੱਡਾ ਸਬਕ ਹੈ ਅਤੇ ਭਵਿੱਖ ਲਈ ਗੰਭੀਰ ਚੁਣੌਤੀ ਹੈ।

ਸਰਕਾਰਾਂ ਨੂੰ ਇਸ ਮਹਾਂਮਾਰੀ ਦੀ ਸਥਿਤੀ ਤੋਂ ਗੰਭੀਰ ਸਬਕ ਸਿੱਖਣ ਅਤੇ ਸਿਹਤ ਸਹੂਲਤਾਂ ਨੂੰ ਪਹਿਲ ਦੇ ਆਧਾਰ ਤੇ ਸਥਾਪਤ ਕਰਨ ਦੀ ਲੋੜ੍ਹ ਹੈ।

ਮਨੁੱਖ ਨੂੰ ਧਰਤੀ ਨੂੰ ਹਰਿਆ ਭਰਿਆ ਕਰਨ ਲਈ ਵੱਧ ਤੋਂ ਵੱਧ ਦਰੱਖਤ ਲਗਾਉਣ ਤੇ ਜ਼ੋਰ ਦੇਣਾ ਚਾਹੀਦਾ ਹੈ ਤਾਂ ਜ਼ੋ ਕੁਦਰਤੀ ਜੀਵ, ਜੰਤੂਆਂ, ਪੰਛੀਆਂ ਆਦਿ ਕੁਦਰਤੀ ਰਹਿਣ ਬਸੇਰੇ ਬਣ ਸਕਣ। ਕੁਦਰਤੀ ਖ਼ੂਬਸੂਰਤੀ ਪ੍ਰਤੀ ਸੁਹਿਰਦ ਅਤੇ ਸੁਚੇਤ ਹੋਣ ਦੀ ਲੋੜ੍ਹ ਹੈ।

# ਭਵਿੱਖ ਵਿੱਚ ਮਹਾਂਮਾਰੀਆਂ ਤੋ ਬਚਾਅ ਲਈ ਆਸਟ੍ਰੇਲੀਆ ਦੀ ਪਹਿਲ ਕਦਮੀ



ਡਾ. ਸੁਰਜੀਤ ਸਿੰਘ ਭਦੌੜ
91-98884-88060

ਕੋਵਿਡ-19 ਨਾਲ ਸਾਹਮਣੇ ਆਇਆ ਹੈ ਕਿ ਪਸ਼ੂਆਂ ਤੋਂ ਸ਼ੁਰੂ ਹੋਣ ਵਾਲੀਆਂ ਇਹ ਅਲਾਮਤਾਂ ਅੰਤਰ-ਰਾਸ਼ਟਰੀ ਸਰਹੱਦਾਂ ਤੋ ਪਾਰ ਮਨੁੱਖ ਤੋਂ ਮਨੁੱਖ ਦਰਮਿਆਨ ਫੈਲ ਕੇ ਦੁਨੀਆਂ ਦੀ ਆਰਥਿਕਤਾ ਅਤੇ ਮਨੁੱਖਤਾ ਦੀ ਸਿਹਤ ਨੂੰ ਬਹੁਤ ਗੰਭੀਰ ਰੂਪ ਨਾਲ ਪ੍ਰਭਾਵਤ ਕਰਦੀਆਂ ਹਨ । ਇਸ ਲਈ ਮਨੁੱਖਾਂ ਨੂੰ ਭਿਆਨਕ ਬਿਮਾਰੀਆਂ ਤੋਂ ਬਚਾਉਣ ਲਈ ਮਨੁੱਖਾਂ ਵਿੱਚ ਫੈਲਣ ਤੋਂ ਪਹਿਲਾਂ ਇਨਾਂ ਬਿਮਾਰੀਆਂ ਅਤੇ ਜਰਾਸੀਮਾਂ ਨੂੰ ਪਾਲਤੂ ਅਤੇ ਜੰਗਲੀ ਜਾਨਵਰਾਂ ਵਿੱਚ ਖੋਜ ਕੀਤੇ ਜਾਣ ਦੀ ਜਰੂਰਤ ਹੈ । ਵਿਸ਼ਵ ਪੱਧਰ ਤੇ ਇਹ ਪਹਿਲਕਦਮੀ ਆਸਟ੍ਰੇਲੀਆ ਨੇ ਕਰਨ ਦਾ ਐਲਾਨ ਕੀਤਾ ਹੈ । ਦੁਨੀਆਂ ਭਰ ਨੂੰ ਭਵਿੱਖ ਵਿੱਚ ਸਿਹਤ ਮਹਾਂਮਾਰੀਆਂ ਤੋਂ ਬਚਾਉਣ ਲਈ ਆਸਟ੍ਰੇਲੀਆ ਦੀਆਂ ਯੂਨੀਵਰਸਿਟੀਆਂ ਦੱਖਣ-ਪੂਰਬੀ ਏਸ਼ੀਆ ਵਿੱਚ ਵਿਅਕਤੀਆਂ ਨੂੰ "ਪਸ਼ੂ ਬਿਮਾਰੀ ਨਿਗਰਾਨ" ਵਜੋਂ ਸਿੱਖਿਅਤ ਕਰਨਗੀਆਂ। ਇਹ ਨਿਗਰਾਨ ਪਸ਼ੂਆਂ ਵਿੱਚ ਸੰਭਾਵਤ ਨਵੀਆਂ ਬਿਮਾਰੀਆਂ ਅਤੇ ਜਰਾਸੀਮਾਂ ਦੀ ਪਛਾਣ ਅਤੇ ਕਿਸੇ ਵੀ ਕਿਸਮ ਦੇ ਪ੍ਰਕੋਪ ਨੂੰ ਕਾਬੂ ਕਰਨ ਲਈ ਕਾਰਗਰ ਸਿੱਧ ਹੋਣਗੇ। ਇਸ ਪ੍ਰੋਗਰਾਮ ਵਿੱਚ ਆਸਟ੍ਰੇਲੀਆ ਦੀਆਂ ਸਿਡਨੀ, ਮੈਲਬਰਨ, ਕੂਈਨਜਲੈਂਡ,ਐਡੀਲੇਡ, ਚਾਰਲਸ ਸਟੂਅਰਟ, ਮਰਡਕ, ਜੇਮਜ ਕੁੱਕ ਤੋਂ ਇਲਾਵਾ ਮੈਸੀ ਯੂਨੀਵਰਸਿਟੀ ਨਿਊਜ਼ੀਲੈਂਡ ਅਤੇ ਅਮਰੀਕਾ ਦੀ ਯੂਨੀਵਰਸਿਟੀ ਆਫ ਮਿਨਸੋਟਾ ਸ਼ਾਮਲ ਹਨ। ਆਸਟ੍ਰੇਲੀਆ ਦੇ ਵਿਗਿਆਨੀਆਂ ਦੀ ਇਸ ਪਹਿਲਕਦਮੀ ਨੂੰ ਪੂਰੇ ਵਿਸ਼ਵ ਭਰ ਵਿੱਚ ਭਵਿੱਖ ਵਿੱਚ ਮਨੁੱਖਾਂ ਨੂੰ ਕਿਸੇ ਵੱਡੀ ਸਿਹਤ ਮੁਸੀਬਤ ਤੋਂ ਬਚਾਉਣ ਦੇ ਮਾਨਵਵਾਦੀ ਯਤਨਾਂ ਦੀ ਸ਼ੁਰੂਆਤ ਵਜੋ ਦੇਖਿਆ ਜਾ ਰਿਹਾ ਹੈ। ਵਿਸ਼ਵ ਪੱਧਰੀ ਇਸ ਪਹਿਲਕਦਮੀ ਦੀ ਅਗਵਾਈ ਕਰਨ ਦਾ ਮਾਣ ਜਿਲਾ ਲੁਧਿਆਣਾ ਦੇ ਸਮਰਾਲਾ ਨੇੜਲੇ ਪਿੰਡ ਸਿਹਾਲਾ ਦੇ ਵਸਨੀਕ ਨੌਜਵਾਨ ਡਾ. ਨਵਨੀਤ ਢੰਡ ਨੂੰ ਪ੍ਰਾਪਤ ਹੋਇਆ ਹੈ, ਜੋ ਇਸ ਵੇਲੇ ਯੂਨੀਵਰਸਿਟੀ ਆਫ ਸਿਡਨੀ ਦੇ ਸਕੂਲ ਆਫ ਵੈਟਰਨਰੀ ਸਾਇੰਸ ਵਿੱਚ ਐਸੋਸੀਏਟ ਪ੍ਰੋਫੈਸਰ ਵਜੋਂ ਤਾਇਨਾਤ ਹੈ। ਡਾ. ਨਵਨੀਤ ਪੰਜਾਬ ਖੇਤੀਬਾੜੀ ਯੂਨੀ-ਵਰਸਿਟੀ ਲੁਧਿਆਣਾ ਦਾ ਵੈਟਰਨਰੀ ਵਿਗਿਆਨ ਵਿਚ ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਹੈ । ਡਾ. ਨਵਨੀਤ ਦਾ ਕਹਿਣਾ ਹੈ ਕਿ ਚੀਨ ਦੀ ਵੂਹਾਨ ਮਾਰਕੀਟ ਤੋਂ ਚਮਗਾਦੜ ਦੇ ਜਰੀਏ ਕੋਰੋਨਾ ਵਾਇਰਸ ਦੀ ਫੈਲੀ ਮਹਾਂਮਾਰੀ ਇਹ ਸਮਝਣ ਲਈ ਕਾਫੀ ਹੈ ਕਿ ਜਿਆਦਾਤਰ ਉਭਰਨ ਵਾਲੀਆਂ ਛੂਤ ਦੀਆਂ ਬਿਮਾਰੀਆਂ ਜੂਨੋਟਿਕ ਭਾਵ ਪਸ਼ੂਆਂ ਤੋਂ ਮਨੁੱਖਾਂ ਵਿੱਚ ਫੈਲਣ ਵਾਲੀਆਂ




ਬਿਮਾਰੀਆਂ ਹੁੰਦੀਆਂ ਹਨ । ਇਸ ਕਾਰਜ ਨੂੰ ਪੂਰਾ ਕਰਨ ਲਈ ਪਸ਼ੂਆਂ ਦੀਆਂ ਬਿਮਾਰੀਆਂ ਤੇ ਨਿਗਰਾਨੀ ਰੱਖਣ ਲਈ ਸਿੱਖਿਅਤ ਪਸ਼ੂ ਸਿਹਤ ਸੰਭਾਲ ਫੌਜ ਤਿਆਰ ਕਰਨੀ ਹੋਵੇਗੀ । ਇਹ ਪਸ਼ੂ ਬਿਮਾਰੀ ਨਿਗਰਾਨ ਦੀ ਫੌਜ ਛੂਤ ਦੀਆਂ ਬਿਮਾਰੀਆਂ ਨੂੰ ਲੱਭਣ ਲਈ ਪੁਲੀਸ ਨਿਗਰਾਨ ਜਾਂ ਜਾਸੂਸ ਦਾ ਭਾਂਤੀ ਮੰਨੀ ਜਾਵੇਗੀ, ਜੋ ਭਵਿੱਖ ਵਿੱਚ ਵੱਡੇ ਪ੍ਰਕੋਪ ਦਾ ਕਾਰਨ ਬਨਣ ਵਾਲੇ ਬਿਮਾਰੀਆਂ ਦੇ ਕਣਾਂ ਦਾ ਪਤਾ ਲਗਾਵੇਗੀ। ਪ੍ਰੰਤੂ ਜੇ ਇਹ ਬਿਮਾਰੀਆਂ ਦੇ ਕਣ ਜਾਂ ਜਰਾਸੀਮ ਵੱਡੀ ਮਹਾਂਮਾਰੀ ਦਾ ਕਾਰਨ ਬਣ ਵੀ ਜਾਂਦੇ ਹਨ ਤਾਂ ਪੁਲਿਸ ਜਾਸੂਸਾਂ ਵਾਂਗ ਇਹ ਪਸ਼ੂ ਬਿਮਾਰੀ ਨਿਗਰਾਨ ਮਹਾਂਮਾਰੀ ਦੇ ਨੁਕਸਾਨ ਨੂੰ ਘਟਾਉਣ ਵਿੱਚ ਵੱਡਾ ਰੋਲ ਨਿਭਾ ਸਕਣਗੇ। ਡਾ. ਢੰਡ ਨੇ ਦੱਸਿਆ ਕਿ ਇਸ ਪ੍ਰੋਗਰਾਮ ਨਾਲ ਸਾਡਾ ਉਦੇਸ਼ ਦੇਸ਼ਾਂ ਦੀਆਂ ਵੈਟਰਨਰੀ ਸੰਸਥਾਵਾਂ ਨੂੰ ਪਸ਼ੂਆਂ ਦੀ ਸਿਹਤ ਪੈਟਰਨ ਵਿੱਚ ਆਉਂਦੀ ਕਿਸੇ ਵੀ ਤਬਦੀਲੀ ਦੀ ਨਿਗਰਾਨੀ ਲਈ ਮੱਦਦ ਕਰਨਾ ਹੈ ਤਾਂ ਕਿ ਕਿਸੇ ਵੀ ਬਿਮਾਰੀ ਦੇ ਫੈਲਣ ਤੋਂ ਪਹਿਲਾਂ ਹੀ ਰੋਕਣ ਸੰਬੰਧੀ ਤਰੀਕਿਆਂ ਨੂੰ ਅਪਨਾਇਆ ਜਾ ਸਕੇ।

ਦੱਸਣਯੋਗ ਹੈ ਕਿ ਇਸ ਆਸਟ੍ਰੇਲੀਆ ਦੇ ਵਿਦੇਸ਼ ਮਾਮਲੇ ਅਤੇ ਟਰੇਡ ਵਿਭਾਗ ਦੁਆਰਾ 4.3 ਮਿਲੀਅਨ ਡਾਲਰ ਦੀ ਗ੍ਰਾਂਟ ਵਾਲੇ ਇਸ ਪ੍ਰੋਗਰਾਮ ਨੂੰ ਪਹਿਲੀ ਪੱਧਰ ਤੇ ਕੰਬੋਡੀਆ, ਫਿਜੀ, ਇੰਡੋਨੇਸ਼ੀਆ, ਲਾਓਸ, ਮਿਆਂਮਾਰ, ਪਾਪੂਆ ਨਿਊ ਗਿਨੀਜ, ਫਿਲਪੀਨਜ, ਸੋਲੋਮਨ ਆਈਲੈਂਡ, ਤੈਮੂਰ ਅਤੇ ਵੀਅਤਨਾਮ ਆਦਿ ਦੇਸ਼ਾਂ ਵਿੱਚ ਆਉਣ ਵਾਲੇ ਤਿੰਨ ਸਾਲਾਂ ਲਈ ਚਲਾਇਆ ਜਾਵੇਗਾ । ਇਸ ਪ੍ਰੋਗਰਾਮ ਵਿੱਚ ਆਸਟ੍ਰੇਲੀਆ, ਨਿਊਜੀਲੈਂਡ ਅਤੇ ਅਮਰੀਕਾ ਦੇ ਵਿਸ਼ਵ ਪ੍ਰਸਿੱਧ ਮਹਾਂਮਾਰੀ ਵਿਗਿਆਨੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ, ਜੋ ਵਿਸ਼ਵ ਸਿਹਤ ਸੰਗਠਨ, ਸੰਯੁਕਤ ਰਾਸ਼ਟਰ ਭੋਜਨ ਅਤ ਖੇਤੀਬਾੜੀ ਸੰਸਥਾ ਅਤੇ ਅਮਰੀਕਨ ਬਿਮਾਰੀ ਰੋਕਥਾਮ ਸੈਂਟਰ ਦੇ ਸਹਿਯੋਗ ਨਾਲ ਕੰਮ ਕਰੇਗਾ ।

# ਹਥਿਆਰਾਂ ਤੋਂ ਵੀ ਵੱਧ ਮੁਨਾਫ਼ੇ ਵਾਲੀ ਹੈ ਦਵਾਈਆਂ ਅਤੇ ਵੈਕਸੀਨ ਸਨਅਤ

ਡਾ. ਸ਼ਿਆਮ ਸੁੰਦਰ ਦੀਪਤੀ
ਪ੍ਰੋਫੈਸਰ, ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ

ਜਦੋਂ ਬਿਮਾਰੀ ਪੂਰੀ ਤਰ੍ਹਾਂ ਸਮਝ ਨਾ ਆ ਰਹੀ ਹੋਵੇ, ਨਾਲ ਹੀ ਉਸ ਤੋਂ ਛੁਟਕਾਰਾ ਪਾਉਣ ਲਈ ਕੀਤੇ ਜਾ ਰਹੇ ਉਪਾਅ ਵੀ ਵਿਗਿਆਨਕ ਤਰਜ਼ ਨਾਲ ਮੇਲ ਨਾ ਖਾ ਰਹੇ ਹੋਣ ਤਾਂ ਇਕ ਸਮੇਂ 'ਤੇ ਆ ਕੇ ਲੋਕ ਆਪੋ-ਆਪਣੇ ਅੰਦਾਜ਼ੇ ਲਗਾਉਣੇ ਸ਼ੁਰੂ ਕਰ ਦਿੰਦੇ ਹਨ। ਕਈ ਤਰ੍ਹਾਂ ਦੀਆਂ ਅਫ਼ਵਾਹਾਂ ਤੇ ਗ਼ਲਤ ਫਹਿਮੀਆਂ ਦਾ ਬਾਜ਼ਾਰ ਗਰਮ ਹੋ ਜਾਂਦਾ ਹੈ। ਅਸੀਂ ਦੇਖ ਸਕਦੇ ਹਾਂ ਕਿ ਚਾਰ ਮਹੀਨੇ ਤੋਂ ਦੁਨੀਆਂ ਭਰ ਵਿਚ ਅਤੇ ਸਾਡੇ ਆਪਣੇ ਮੁਲਕ ਵਿਚ ਡੇਢ ਮਹੀਨੇ ਤੋਂ ਹਾਲਤ ਸਪਸ਼ਟ ਹੋਣ ਦੀ ਜਗ੍ਹਾ ਭੰਬਲਭੂਸੇ ਵਾਲੀ ਵੱਧ ਹੈ। ਇਸ ਦੇ ਦੂਸਰੇ ਪੱਖ ਤੋਂ ਜੇ ਬਿਮਾਰੀ ਦੀ ਰਿਪੋਰਟਿੰਗ ਲਈ ਸਿਹਤ ਜਾਂ ਸੂਖ਼ਮ ਜੀਵ ਵਿਗਿਆਨੀ/ਮਾਹਿਰ (ਮਾਈਕ੍ਰੋਬ-ਾਇਓਲੋਜਿਸਟ) ਦੀ ਜਗ੍ਹਾ ਸਿਆਸੀ ਬਿਆਨਬਾਜ਼ੀ ਭਾਰੂ ਹੋ ਰਹੀ ਹੋਵੇ ਤਾਂ ਇਸ ਵਿਚ ਸ਼ੱਕ ਦੀ ਹਾਲਤ ਹੋਰ ਵਧ ਜਾਂਦੀ ਹੈ। ਇਸ ਤਰ੍ਹਾਂ ਦੇ ਮਾਹੌਲ ਵਿਚ, ਹੁਣ ਕਈ ਤਰ੍ਹਾਂ ਦੇ ਹੋਰ ਬਿਆਨ ਵੀ ਸੋਸ਼ਲ ਮੀਡੀਆ 'ਤੇ ਫਿਰ ਰਹੇ ਹਨ, ਜਿਵੇਂ ਜਦੋਂ ਕੇਸ 300 ਸੀ, ਉਦੋਂ ਤਾਲਾਬੰਦੀ ਕਰ ਦਿੱਤੀ, ਹੁਣ ਜਦੋਂ ਚਾਲੀ ਹਜ਼ਾਰ ਦੇ ਨੇੜੇ ਪਹੁੰਚੇ ਤਾਂ ਤਾਲਾਬੰਦੀ ਖੋਲ੍ਹ ਦਿੱਤੀ। ਇਕ ਹੋਰ ਤਬਸਰਾ ਹੈ ਕਿ ਇਹ ਸਭ 5-10 ਫ਼ੀਸਦੀ ਲੋਕਾਂ ਨੂੰ ਬਚਾਉਣ ਲਈ ਹੀ ਹੋ ਰਿਹਾ ਹੈ। ਇਕ ਸਿੱਧਾ ਰਾਜਨੀਤਕ ਕਾਰਟੂਨ ਹੈ, ਜਿਸ ਵਿਚ ਪ੍ਰਧਾਨ ਮੰਤਰੀ, ਵਿੱਤ ਮੰਤਰੀ ਨੂੰ ਕਹਿ ਰਿਹਾ ਹੈ, "ਆਰਥਿਕ ਮੰਦੀ ਦਾ ਸਾਰਾ ਠੀਕਰਾ, ਹੁਣ ਕਰੋਨਾ 'ਤੇ ਆਪੇ ਪੈ ਜਾਵੇਗਾ।"

ਚੀਨ ਅਤੇ ਅਮਰੀਕਾ ਦੀ ਆਪਸੀ ਦੁਸ਼ਣਬਾਜ਼ੀ ਹੁਣ ਜੱਗ ਜ਼ਾਹਿਰ ਹੈ। ਦੋਵੇਂ ਦੇਸ਼ ਵਿਚਾਰਧਾਰਕ ਅਤੇ ਰਾਜਨੀਤਕ ਪੱਖ ਤੋਂ ਭਾਵੇਂ ਬਿਲਕੁਲ ਵੱਖਰੇ ਹਨ, ਪਰ ਦੋਹਾਂ ਦਾ ਨਿਸ਼ਾਨਾ 'ਵਿਸ਼ਵ ਬਾਜ਼ਾਰ' ਤਾਂ ਹੈ ਹੀ। ਇਕ ਦੇਸ਼ ਪੂੰਜੀਵਾਦ ਦੇ ਮਾਡਲ 'ਤੇ ਉਸਰਿਆ ਹੈ ਤੇ ਦੂਸਰਾ ਮਾਰਕਸ-ਮਾਉ ਦੀ ਵਿਚਾਰਕ ਬੁਨਿਆਦ 'ਤੇ।

ਅੱਜ ਪੂਰੇ ਵਿਸ਼ਵ ਵਿਚ ਪੂੰਜੀਵਾਦ ਦਾ ਦਬਦਬਾ ਹੈ। ਭਾਵੇਂ ਵਿਸ਼ਵ ਵਿਚ ਜਾਤ, ਧਰਮ, ਖਿੱਤੇ ਦੇ ਆਧਾਰ 'ਤੇ ਲੋਕਾਂ ਨੂੰ ਵੰਡ ਕੇ ਦੇਖਿਆ-ਸਮਝਿਆ ਜਾਂਦਾ ਹੈ, ਪਰ ਦੁਨੀਆਂ ਦੇ ਮਹਾਨ ਚਿੰਤਕ ਕਾਰਲ ਮਾਰਕਸ (ਜਿਸ ਦਾ 5 ਮਈ ਨੂੰ ਜਨਮ ਦਿਨ ਹੈ) ਨੇ ਸਪੱਸ਼ਟ ਤੌਰ 'ਤੇ ਇਹ ਵਿਸ਼ਲੇਸ਼ਣ ਪੇਸ਼ ਕੀਤਾ ਕਿ ਦੁਨੀਆਂ ਵਿਚ ਸਿਰਫ਼ ਦੋ ਵਰਗ ਹਨ; ਇਕ ਮਾਲਕਾਂ ਦਾ ਤੇ ਦੂਸਰਾ ਮਜ਼ਦੂਰਾਂ-ਕਾਮਿਆਂ ਦਾ।

ਪੂੰਜੀਵਾਦ ਦਾ ਇਕੋ ਇਕ ਕੇਂਦਰੀ ਨੁਕਤਾ, ਇਕ ਅਹਿਮ ਮੰਤਰ ਹੈ-ਮੁਨਾਫ਼ਾ। ਇਸ ਪਹਿਲੂ ਤੋਂ ਜਦੋਂ ਵਿਚਾਰਾਂ ਹੁੰ-ਦੀਆਂ ਹਨ ਤਾਂ ਕਈ ਵਾਰ ਕੁਝ ਸੰਕੇਤ ਇਸ ਪੂੰਜੀਵਾਦੀ ਮਾਨਸਿਕਤਾ ਵੱਲ ਜਾਂਦਾ ਹੈ।

ਸ਼ੁਰੂ ਤੋਂ ਹੀ ਕਰੋਨਾ ਨੂੰ ਲੈ ਕੇ ਦਵਾਈਆਂ ਦੇ ਇਲਾਜ ਤੋਂ ਵੱਧ, ਵੈਕਸੀਨ ਦੀ ਗੱਲ ਹੁੰਦੀ ਰਹੀ। ਹੁਣ ਵੀ ਜਦੋਂ ਚਾਰ ਮਹੀਨੇ ਬਾਅਦ ਇਸ ਦਿਸ਼ਾ ਵਿੱਚ ਲੱਗੇ ਕਈ ਮੁਲਕਾਂ ਦੇ ਨਾਂ ਗਿਣੇ ਜਾ ਸਕਦੇ ਹਨ ਤਾਂ ਮੋਹਰੀ ਰੂਪ ਵਿਚ ਅਮਰੀਕਾ ਅਤੇ ਚੀਨ ਦੀਆਂ ਕੰਪ-ਨੀਆਂ ਹੀ ਗਿਣੀਆਂ ਜਾਂਦੀਆਂ ਹਨ। ਅੱਜ ਦੁਨੀਆਂ ਵਿਚ ਹਥਿਆਰਾਂ ਤੋਂ ਵੀ ਵੱਧ ਮੁਨਾਫ਼ਾ ਕਮਾਉਣ ਵਾਲੀ ਸਨਅਤ ਦਵਾਈਆਂ ਅਤੇ ਵੈਕਸੀਨ ਦੀ ਹੈ।

ਇਸ ਬਿਮਾਰੀ ਨੇ ਸਰਮਾਏਦਾਰੀ ਦੇ ਚਿਹਰੇ ਨੂੰ ਹੋਰ ਵੀ ਕਈ ਪੱਖਾਂ ਤੋਂ ਨੰਗਾ ਕੀਤਾ ਹੈ, ਜਦੋਂ ਯੂਰੋਪੀਅਨ ਯੂਨ-ਿਅਨ ਦੇ ਨਾਂ 'ਤੇ ਬਾਰਡਰ ਰਹਿਤ ਦੇਸ਼ਾਂ ਨੇ ਇਕ ਦੂਸਰੇ ਦਾ ਹੱਥ ਫੜਨ ਦੀ ਜਗ੍ਹਾ ਆਪੋ-ਆਪਣੇ ਦੇਸ਼ਾਂ ਦੇ ਬਾਰਡਰ ਸੀਲ ਕਰ ਦਿੱਤੇ। ਇਸੇ ਦੌਰਾਨ ਅਮਰੀਕਾ ਵਿਚ ਤੇਜ਼ੀ ਨਾਲ ਫੈਲੇ ਵਾਇਰਸ ਨਾਲ ਆਪਣੀਆਂ ਗ਼ਲਤ ਨੀਤੀਆਂ ਨੂੰ ਵਿਚਾਰਨ ਦੀ ਜਗ੍ਹਾ, ਟੈਕਸਸ ਸਟੇਟ ਦੇ ਗਵਰਨਰ ਡਾਨਪੈਟਰਿਕਨ ਨੇ ਕਿਹਾ ਕਿ ਬਜ਼ੁਰਗ ਲੋਕਾਂ ਨੂੰ ਅਮਰੀਕੀ ਅਰਥਚਾਰੇ ਲਈ ਆਪਣੀ ਜਾਨ ਦੇ ਦੇਣੀ ਚਾਹੀਦੀ ਹੈ ਤੇ ਅਮਰੀਕਾ ਦੇ ਖ਼ਰਬਪਤੀ ਟੌਮ ਗੈਲੀਸੈਨੋ ਨੇ ਇੰਟਰਵਿਊ ਵਿਚ ਕਿਹਾ ਕਿ ਅਰਥ-ਵਿਵਸਥਾ ਨੂੰ ਬੰਦ ਕਰਨ ਨਾਲੋਂ ਚੰਗਾ ਹੈ ਕਿ ਕੁੱਝ ਲੋਕ ਮਰ ਜਾਣ।

ਵਾਇਰਸ ਤੋਂ ਬਚਾਅ ਸਬੰਧੀ ਵੈਕਸੀਨ ਦੀ ਭੂਮਿਕਾ ਹਮੇਸ਼ਾ ਸਵਾਲਾਂ ਦੇ ਘੇਰੇ ਵਿਚ ਰਹੀ ਹੈ। ਕਰੋਨਾ ਦੇ ਤਿੰਨ ਤੋਂ ਚਾਰ ਸਟਰੇਨ (ਕਿਸਮਾਂ) ਬਾਰੇ ਚਰਚਾ ਹੋ ਰਹੀ ਹੈ। ਸਵਾਈਨ ਫਲੂ, ਸਾਰਸ ਆਦਿ ਇਸੇ ਪਰਿਵਾਰ ਤੋਂ ਹਨ ਤੇ ਵੈਕਸੀਨ ਵਿਕਸਤ ਕੀਤੇ ਗਏ, ਪਰ ਉਹ ਇਸ ਹਾਲਤ ਵਿਚ ਕਿੰਨਾ ਕੁ ਅਸਰਦਾਰ ਹਨ ਜਾਂ ਉਨ੍ਹਾਂ ਦੇ ਫਿਰ ਤੋਂ ਫੈਲਣ 'ਤੇ ਵੀ ਕਿੰਨਾ ਕੁ ਬਚਾਅ ਹੋਵੇਗਾ, ਕਈ ਸਵਾਲ ਹਨ।

ਵੈਕਸੀਨ ਦੀ ਸਨਅਤ, ਦਵਾਈਆਂ ਤੋਂ ਵੀ ਅੱਗੇ ਨਿਕਲ ਗਈ ਹੈ। ਦਵਾਈ ਦਾ ਨਿਸ਼ਾਨਾ ਦਸ ਫ਼ੀਸਦੀ ਲੋਕ ਵੀ ਨਹੀਂ ਹੁੰਦੇ, ਜਿਨ੍ਹਾਂ ਨੂੰ ਕੋਈ ਲੱਛਣ ਹੁੰਦਾ ਹੈ, ਪਰ ਵੈਕਸੀਨ ਦੇ ਘੇਰੇ ਵਿਚ ਸੌ ਫ਼ੀਸਦੀ ਆਬਾਦੀ ਆ ਜਾਂਦੀ ਹੈ। ਨਾਲੇ ਵੈਕਸੀਨ ਕੋਈ ਤਾਉਮਰ ਦਾ ਇਲਾਜ ਵੀ ਨਹੀਂ। ਹਰ ਵਾਰੀ ਨਵਾਂ ਵਾਇਰਸ ਹੋਣਾ ਤਾਂ ਵੱਖਰੀ ਗੱਲ ਹੈ, ਭਾਵੇਂ ਬਿਲਕੁਲ ਉਹੀ ਵਾਇਰਸ ਹੋਵੇ, ਮੌਸਮ ਪੂਰੇ ਹੋਣ 'ਤੇ ਹਦਾਇਤ ਹੋਵੇਗੀ ਕਿ ਟੀਕਾਕਰਨ ਕਰਵਾਓ। ਸੋਚੋ! ਕਿੰਨਾ ਵੱਡਾ ਬਾਜ਼ਾਰ ਹੈ। ਦੁਨੀਆਂ ਦੀ ਆਬਾਦੀ 8 ਅਰਬ ਤੋਂ ਵੱਧ ਹੈ, ਬਿਮਾਰ ਸਿਰਫ਼ ਚਾਰ ਲੱਖ ਹੋਏ ਹਨ, ਠੀਕ ਵੀ ਹੋਏ, ਮਰੇ ਵੀ ਹਨ। ਭਾਰਤ 'ਚ ਇਹ ਅਨੁਮਾਨ ਪੰਜ ਹਜ਼ਾਰ ਗੁਣਾ ਹੈ। ਸਵਾਲ ਦੀ ਘੋਖ ਕਰਨਾ ਤਾਂ ਵਾਜਬ ਹੈ, ਭਾਵੇਂ ਇਸ ਨਾਲ ਜੁੜੇ ਹੋਰ ਵੀ ਪਹਿਲੂ ਹਨ।



ਅਮਰਜੀਤ ਚੰਦਰ

# ਇਹ ਭੁੱਖ ਦੀ ਰਾਜਨੀਤੀ

ਇੱਕ ਮੁੱਠੀ ਅਨਾਜ ਦਾ ਸਵਾਲ ਹੈ ਅਤੇ ਤਮਾਮ ਰਾਜਨੀਤੀ ਵੋਟ ਦੀ ਰਾਜਨੀਤੀ ਇਸੇ ਇੱਕ ਮੁੱਠੀ ਅਨਾਜ ਦੇ ਨੇੜੇ-ਤੇੜੇ ਘੁੰਮਦੀ ਨਜ਼ਰ ਆ ਰਹੀ ਹੈ।ਮਿੱਡ ਡੇ ਮੀਲ ਯੋਜਨਾ 'ਤੇ ਵੀ ਇਹੋ ਜਿਹੀ ਹੀ ਰਾਜਨੀਤੀ ਹੋ ਰਹੀ ਹੈ।

ਪੇਟ ਦੇ ਸਵਾਲ 'ਤੇ ਜਿੰਨੀਆਂ ਵੀ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ,ਉਹ ਸਾਰੀਆਂ ਭੁੱਖ ਦੀ ਰਾਜਨੀਤੀ ਦਾ ਸ਼ਿਕਾਰ ਹਨ ਜੋ ਆਖਰਕਾਰ ਵੋਟ ਦੀ ਰਾਜਨੀਤੀ ਹੈ ਤਦੇ ਸ਼ਾਸਕ ਦਲ ਇਹੋ ਜਿਹੀਆਂ ਯੋਜਨਾਵਾਂ ਨੂੰ ਚੋਣਾਂ ਦੇ ਲਾਗੇ-ਸਾਗੇ ਸ਼ੁਰੂ ਕਰਦੇ ਹਨ।ਖੁਰਾਕ ਸੁਰੱਖਿਆ ਬਿਲ ਵੀ ਇਸੇ ਦੀ ਤਾਜ਼ਾ ਉਦਾਹਰਣ ਹੈ।

ਹਾਲ ਵਿਚ ਹੀ ਮਿੱਡ ਡੇ ਮੀਲ ਯੋਜਨਾ ਦੀ ਬਹੁਤ ਕਿਰਕਿਰੀ ਹੋ ਚੁੱਕੀ ਹੈ,ਫਿਰ ਚਾਹੇ ਉਹ ਕੋਈ ਵੀ ਰਾਜ ਕਿਉਂ ਨਾ ਹੋਵੇ। ਬਿਹਾਰ ਸਮੇਤ ਅਸਮ, ਹਰਿਆਣਾ, ਤਾਮਿਲਨਾਡੂ, ਉਡੀਸਾ, ਮਹਾਰਾਸ਼ਟਰਾ ਅਤੇ ਗੋਆ ਤੋਂ ਮਿਡ ਡੇ ਮੀਲਾਂ ਖਾ ਕੇ ਕਈ ਬੱਚਿਆਂ ਦੇ ਬੀਮਾਰ ਹੋਣ ਦੀਆਂ ਖਬਰਾਂ ਆਈਆਂ ਹਨ।

ਪੱਛਮੀ ਬੰਗਾਲ ਦੇ ਪਿੰਡ ਨਹੀਂ,ਖਾਸ ਕੋਲਕਾਤਾ ਦੇ ਰਾਜਾਬਜ਼ਾਰ ਇਲਾਕੇ ਦੀ ਅੰਨੀ ਗਲੀ ਵਿਚ 'ਕ੍ਰਾਈ'(ਚਾਇਲਡ ਰਾਇਟਸ ਏਂਡ ਯੂ)ਦੇ ਲਈ ਕੰਮ ਕਰਨ ਵਾਲੇ ਅਫਸਰ ਅਤਿੰਦਰ ਨਾਥ ਦਾਸ ਦਾ ਅਨੁਭਵ ਕੋਈ ਬਹੁਤ ਚੰਗਾ ਨਹੀਂ ਰਿਹਾ ਹੈ।

ਮੱਧ ਕੋਲਕਾਤਾ ਦੇ ਰਾਜਾਬਜ਼ਾਰ ਦੀਆਂ ਝੁੱਗੀਆਂ ਦੇ ਕੁੱਝ ਇਹੋ ਜਿਹੇ ਬੱਚਿਆਂ ਦੀ ਮਦਦ ਨਾਲ ਅਤਿੰਦਰ ਨਾਥ ਕੰਮ ਕਰਦੇ ਹਨ,ਜਿੰਨਾ ਨੂੰ ਹਾਲ ਵਿਚ ਹੀ ਵੋਟ ਪਾਉਣ ਦਾ ਅਧਿਕਾਰ ਮਿਲਿਆ ਹੈ।

ਇਹ ਨੌਜਵਾਨ 'ਕ੍ਰਾਈ' ਵਲੋਂ ਸਕੂਲ ਮੋਨਿਟਰਿੰਗ ਦਾ ਕੰਮ ਕਰਦੇ ਹਨ।ਉਹਨਾਂ ਦੇ ਅਨੁਸਾਰ ਕੋਲਕਾਤਾ ਦੇ ਸਕੂਲਾਂ ਵਿਚ ਝੌਂਪੜਪੱਟੀ ਇਲਾਕੇ ਵਿਚ ਰਹਿਣ ਵਾਲੇ ਬੱਚੇ ਵੀ ਮਿੱਡ ਡੇ ਮੀਲ ਨਹੀ ਖਾਣ ਚਾਹੁੰਦੇ ਹਨ।

ਦੇਸ਼ ਵਿਚ "ਅੰਤਯੋਦਿਆਗਣ ਯੋਜ਼ਨਾ, ਮਨਪੂਰਵਾਂ ਯੋਜਨਾ,ਬੀ ਪੀ ਐਲ,ਏ ਪੀ ਕਾਰਡ ਯੋਜਨਾਵਾਂ ਵੀ ਖਾਸ ਹਨ।ਇੰਨਾਂ ਦੇ ਇਲਾਵਾ ਹੋਰ ਵੀ ਕਈ ਯੋਜਨਾਵਾਂ ਹਨ,ਜੋ ਇਕ ਹੱਦ ਤੱਕ ਕਾਗ਼ਜ਼ੀ ਹਨ ਅਤੇ ਮੀਡੀਆ ਵਿਚ ਖਾਸ ਮਸ਼ਹੂਰ ਨਹੀ ਹਨ। ਮਸਲਨ, ਆਪਾਤਕਾਲੀਨ ਖੁਰਾਕ ਯੋਜਨਾ, ਰਾਜੀਵ ਗਾਂਧੀ ਕਿਸ਼ੋਰੀ ਸਸ਼ਕਤੀ ਕਰਣ ਯੋਜਨਾ ਆਦਿ-

ਆਪਾਤਕਾਲੀਨ ਯੋਜਨਾ ਉਡੀਸਾ ਦੇ ਕਾਲਾਹਾਂਡੀ, ਬੋਲਾਂਗੀਰ ਅਤੇ ਕੋਰਾਪੁੱਟ,ਜਿਹੇ ਬਹੁਤ ਜਿਆਦਾ ਪਛੜੇ ਇਲਾਕਿਆਂ ਦੇ ਲਈ ਸ਼ੁਰੂ ਕੀਤੀ ਗਈ ਸੀ, ਜਿਸ ਦੇ ਤਹਿਤ ਦਿਨ ਵਿਚ ਇਕ ਬਾਰ ਦਾ ਭੋਜਨ (ਚਾਵਲ, ਦਾਲ ਅਤੇ ਸਬਜੀ) ਦੇਣ ਦੀ ਯੋਜਨਾ ਸੀ।

ਇਸ ਯੋਜਨਾ ਵਿਚ ਤਕਰੀਬਨ ਦੋ ਲੱਖ ਲੋਕਾਂ ਨੂੰ ਲਾਭ ਮਿਲਣ ਦਾ ਦਾਅਵਾ ਕੀਤਾ ਗਿਆ ਸੀ,ਉਥੇ ਰਾਜੀਵ ਗਾਂਧੀ ਸਸ਼ਕਤੀਕਰਣ ਯੋਜਨਾ ਦੇ ਤਹਿਤ 11 ਤੋਂ 18 ਸਾਲ ਤੱਕ ਦੀਆਂ ਲੜਕੀਆਂ ਦੇ ਲਈ ਸਾਲ ਦੇ 300 ਦਿਨਾਂ ਵਿਚ ਪੋਸ਼ਟਿਕ ਖਾਣਾ ਦਿੱਤੇ ਜਾਣ ਦੀ ਯੋਜਨਾ ਹੈ।ਇਹੋ ਜਿਹੀਆਂ ਯੋਜਨਾਵਾਂ ਸਿਰਫ ਕਾਗਜੀ ਹੀ ਹਨ।

ਬਹਰਹਾਲ,ਮਿਡ ਡੇ ਮੀਲ ਖਾਣਾ ਕਿਹੋ ਜਿਹਾ ਲੱਗਦਾ ਹੈ? ਇਸ ਸਵਾਲ 'ਤੇ ਰਾਜਾਬਜ਼ਾਰ ਦੀਆਂ ਭੀੜੀਆਂ ਗਲੀਆਂ ਵਿਚ ਰਹਿਣ ਵਾਲੇ ਭਾਰਤ ਦੇ ਇਹ ਛੋਟੇ-ਛੋਟੇ ਬੱਚੇ ਯਕਦਮ ਇਕ ਬੰਬ ਦੀ ਤਰ੍ਹਾਂ ਫੁਟ ਪੈਦੇ ਹਨ,"ਬਹੁਤ ਗੰਦਾ,ਬਹੁਤ ਗੰਦਾ ਖਾਣਾ ਹੁੰਦਾ ਹੈ।

ਘੋਪਾਲ ਦਾਸ ਕਹਿੰਦਾ ਹੈ ਕਿ,"ਇਹ ਖਾਣਾ ਸੰਘੋਂ ਹੇਠਾਂ ਜਾਂਦਾ ਹੀ ਨਹੀ ਹੈ;ਇਸ ਲਈ ਅਸੀ ਆਪਣਾ ਖਾਣਾ ਘਰੋਂ ਹੀ ਲੈ ਕੇ ਆਉਦੇ ਹਾਂ।"

ਸ੍ਰੇਮੀ ਦਾ ਆਖਣਾ ਹੈ, "ਹਰ ਰੋਜ਼ ਖਾਣੇ ਵਿਚ ਕੀੜੇ ਨਜ਼ਰ ਆਉਦੇ ਹਨ, ਸਬਜ਼ੀ ਵਿਚ ਵੀ।"

ਰਾਨੂੰ ਕਰਮਕਾਰ ਦਾ ਕਹਿਣਾ ਹੈ,"ਥਾਲੀ ਵਿਚ ਸਬਜ਼ੀ ਘੱਟ, ਰੋੜੇ ਵੱਧ ਹੁੰਦੇ ਹਨ।"

ਅਤਿੰਦਰ ਨਾਥ ਦਾ ਕਹਿਣਾ ਹੈ ਕਿ ਛਪਰਾ ਵਿਚ 23 ਬੱਚਿਆਂ ਦੀ ਮੌਤ ਤੋਂ ਸਵਾਲ ਉਠਦਾ ਹੈ ਕਿ ਕੀ ਸੱਚਮੁੱਚ ਦੇਸ਼ ਦੇ ਬੱਚਿਆਂ ਦੀ ਸਿਹਤ, ਪੜ੍ਹਾਈ ਲਿਖਾਈ ਅਤੇ ਸੁਰੱਖਿਆ ਦੇ ਪ੍ਰਤੀ ਸਰਕਾਰਾਂ ਗੰਭੀਰ ਹਨ?

ਉਹ ਕਹਿੰਦੇ ਹਨ ਕਿ ਸਾਲ 2009 ਵਿਚ ਸਿਖਿਆ ਦਾ ਅਧਿਕਾਰ ਕਾਨੂੰਨ ਲਾਗੂ ਹੋਣ ਦੇ ਤਿੰਨ ਸਾਲ ਬਾਅਦ ਸਾਲ 2013 ਵਿਚ ਮਿੱਡ ਡੇ ਮੀਲ ਯੋਜਨਾ ਨੂੰ ਲੈ ਕੇ "ਕ੍ਰਾਈ" ਦੇ ਵਲੋਂ ਦੇਸ਼ ਦੇ 13 ਰਾਜਾਂ ਦੇ ਜਿਲਿਆਂ ਵਿਚ ਇਕ ਸਰਵੇ ਕੀਤਾ ਗਿਆ ਸੀ। ਇਸ ਸਰਵੇ ਦੇ ਨਤੀਜੇ ਕਾਫੀ ਹੈਰਾਨ ਕਰਨ ਵਾਲੇ ਹਨ।

ਪਤਾ ਲੱਗਾ ਹੈ ਕਿ 18 ਫੀਸਦੀ ਸਕੂਲਾਂ ਵਿਚ ਖਾਣਾ ਬਣਾਉਣ ਦੇ ਲਈ ਕੋਈ ਵੀ ਢੁੱਕਵੀ ਥਾਂ ਨਹੀ ਹੈ। 20 ਫੀਸਦੀ ਸਕੂਲਾਂ ਵਿਚ ਪੀਣ ਦੇ ਲਈ ਸਾਫ ਪਾਣੀ ਨਹੀ ਹੈ। 12 ਫੀਸਦੀ ਸਕੂਲਾਂ ਵਿਚ ਹੈਡਪੰਪ ਦਾ ਪ੍ਰਬੰਧ ਸਕੂਲ ਤੋਂ ਬਾਹਰ ਪਾਇਆ ਗਿਆ ਹੈ, ਜਦ ਕਿ ਸਿਖਿਆ ਦੇ ਅਧਿਕਾਰ ਕਨੂੰਨ ਵਿਚ ਸਾਫ ਤੌਰ 'ਤੇ ਕਿਹਾ ਗਿਆ ਹੈ ਕਿ ਮਿੱਡ ਡੇ ਮੀਲ ਦੇ ਲਈ ਵੱਖਰਾ ਇੰਤਜ਼ਾਮ ਹੋਵੇ।

ਹਾਲਾਂਕਿ, ਬਿਹਾਰ ਦੇ ਛਪਰਾ ਤੋਂ 23 ਬੱਚਿਆਂ ਦੀ ਮੌਤ ਦੇ ਬਾਅਦ ਮਮਤਾ ਬਨਰਜੀ ਨੇ ਫਰਮਾਨ ਜਾਰੀ ਕੀਤਾ ਹੈ ਕਿ ਮਿੱਡ ਡੇ ਮੀਲ ਪਰੋਸੇ ਜਾਣ ਤੋਂ ਪਹਿਲਾਂ ਸਕੂਲ ਦੇ ਪ੍ਰਿਸੀਪਲ ਖ਼ੁੱਦ ਉਸ ਨੂੰ ਖਾਣਗੇ।

ਸੁਨਣ ਵਿਚ ਇਹ ਫਰਮਾਨ ਚੰਗਾ ਜਰੂਰ ਲੱਗਦਾ ਹੈ ਪਰ ਦੱਸਿਆਂ ਜਾਂਦਾ ਹੈ ਕਿ ਬਿਹਾਰ ਵਿਚ ਇਹੋ ਜਿਹਾ ਹੀ ਨਿਰਦੇਸ਼ ਜਾਰੀ ਕੀਤਾ ਗਿਆ ਸੀ, ਇਸ ਦੇ ਬਾਵਜੂਦ ਛਪਰਾ ਵਿਚ ਮਸੂਮਾਂ ਦੀ ਮੌਤ ਦਾ ਨੰਗਾ ਨਾਚ ਹੋਇਆ।

ਬਹਰਹਾਲ ਅਤਿੰਦਰ ਨਾਥ ਕਹਿੰਦੇ ਹਨ ਕਿ ਐਨੇ ਸਾਰੇ ਬੱਚਿਆਂ ਦੀਆਂ ਲਾਸ਼ਾਂ ਦੇਸ਼ ਦੇ ਲਈ ਇਕ ਸਮਾਜਿਕ ਸ਼ੋਕ ਜਿਹਾ ਹੈ। ਦੇਸ਼ ਦੇ 12 ਕਰੋੜ ਬੱਚਿਆਂ ਦੇ ਲਈ ਸ਼ੁਰੂ ਕੀਤੀ ਗਈ ਮਿੱਡ ਡੇ ਮੀਲ ਯੋਜਨਾ ਨੂੰ ਲੈ ਕੇ ਬਹੁਤ ਸਵਾਲ ਹਨ।ਇਹੋ ਜਿਹੀ ਯੋਜਨਾ ਦੇ ਨਾਲ ਜਿੰਨਾਂ ਬੱਚਿਆਂ ਦੇ ਪਰਿਵਾਰਾਂ ਦਾ ਵਾਹ ਪੈਂਦਾ ਹੈ, ਉਨਾਂ ਦੇ ਮਨ ਵਿਚ ਖੌਫ ਹੈ।ਹਰ ਰੋਜ਼ ਭੋਜਨ ਦੇ ਵਿਚ ਕਿਤੇ ਕਿਰਲੀ, ਤਾਂ ਕਿਤੇ ਡੱਡੂ ਪਾਇਆ ਜਾ ਰਿਹਾ ਹੈ।

ਭੋਜਨ ਦਾ ਲਾਲਚ ਦੇ ਕੇ ਸਿਖਿਆ ਦੇ ਅੰਕੜਿਆਂ ਨੂੰ ਵਧਾਉਣ ਦੇ ਲਈ ਇਸ ਯੋਜਨਾ ਨੂੰ ਸ਼ੁਰੂ ਕੀਤਾ ਗਿਆ ਸੀ।ਪਰ ਦੇਸ਼ ਵਿਚ ਪਸ਼ੂਆਂ ਦੇ ਚਾਰੇ ਨੂੰ ਨੇਤਾ ਖਾ ਜਾਂਦੇ ਹਨ ਅਤੇ ਡਕਾਰ ਵੀ ਨਹੀ ਲੈਣ ਦਿੰਦੇ,ਉੱਥੇ ਬੱਚਿਆਂ ਦੇ ਨਾਂ ਤੇ ਸ਼ੁਰੂ ਕੀਤੀ ਗਈ ਇਸ ਯੋਜਨਾ ਦੇ ਨਾਂ 'ਤੇ ਜੋ ਹੁੰਦਾ ਹੈ, ਉਹੀ ਹੋ ਰਿਹਾ ਹੈ। ਐਨੇ ਵੱਡੇ ਵੱਡੇ ਭ੍ਰਿਸ਼ਟਾਚਾਰਾਂ ਦੇ ਵਿਚਾਲੇ ਮਿੱਡ ਡੇ ਮੀਲ ਤਾਂ ਬਹੁਤ ਅਦਨਾ ਜਿਹਾ ਭ੍ਰਿਸ਼ਟਾਚਾਰ ਹੈ।

ਖੈਰ, ਇਹ ਵੀ ਕਹਿਣਾ ਸੱਚ ਹੈ ਕਿ ਇਹੋ ਹਿੀਆਂ ਮੌਤਾਂ ਦੁਨੀਆਂ ਦੇ ਸੱਭ ਤੋਂ ਵੱਡੇ ਲੋਕਤੰਤਰ ਨੂੰ ਮੂੰਹ ਚਿੜਾਉਦੀਆਂ ਹਨ। ਸ਼ਾਇਦ ਇਸ ਲਈ ਇਕ ਸਰਕਾਰ ਵਲੋਂ ਮਿੱਡ ਡੇ ਮੀਲ ਯੋਜਨਾ ਦੀ ਜਾਂਚ ਕਰਨ ਦੇ ਲਈ ਇਕ ਸਮਿਤੀ ਬਣਾਉਣ ਦਾ ਐਲਾਨ ਕਿਤਾ ਗਿਆ ਹੈ, ਜੋ ਸਾਲ ਵਿਚ ਦੋ ਬਾਰ ਆਪਣੀ ਰਿਪੋਰਟ ਸਰਕਾਰ ਨੂੰ ਦੇਵੇਗੀ।

## ਮਜ਼ਬੂਰ ਕਾਮੇ

ਦੇਸ਼ ਆਪਣੇ 'ਚ ਹੀ ਘਰ ਜਾਣਾ ਨਾਕਾਮ ਹੋ ਗਿਆ,
ਫਸ ਗਏ ਮਜ਼ਬੂਰ ਕਾਮੇ ਜੀਣਾ ਹਰਾਮ ਹੋ ਗਿਆ।
ਨੱਠ-ਭੱਜ ਦੀ ਚਿੰਤਾ 'ਚ' ਖੰਘ, ਜ਼ੁਕਾਮ ਹੋ ਗਿਆ,
ਫਸ ਗਏ ਮਜ਼ਬੂਰ ਕਾਮੇ ਜੀਣਾ ਹਰਾਮ ਹੋ ਗਿਆ ।

ਕਰੋਨੇ ਦੇ ਲਾਕਡਾਉਨ ਕੰਮ ਧੰਦਾ ਮੁੱਕਾਇਆ ਏ ,
ਝੁੱਗਾ ਹੋਇਆ ਚੌੜ ਮਨ ਚਿੱਤ ਘਬਰਾਇਆ ਏ ।
ਰੇਲ,ਬੱਸ ਬੰਦ ਨਾਲ ਸਾਰਾ ਚੱਕਾ ਜਾਮ ਹੋ ਗਿਆ,
ਫਸ ਗਏ ਮਜ਼ਬੂਰ ਕਾਮੇ ਜੀਣਾ ਹਰਾਮ ਹੋ ਗਿਆ ।

ਪੈ ਗਈ ਭੁੱਖ ਪੱਲੇ ਦਿਲ ਤੰਗੀ ਨੇ ਕੰਬਾਇਆ ਏ ,
ਰੋਂਦੇ ਕੁਰਲਾਂਦੇ ਬੱਚਿਆਂ ਨੇ ਫ਼ੋਨ ਘਰੋਂ ਲਾਇਆ ਏ।
ਕਹਿੰਦੇ ਅਬਾ ਆਜਾ ਛੇਤੀ ਘਰ ਤਮਾਮ ਹੋ ਗਿਆ,
ਫਸ ਗਏ ਮਜ਼ਬੂਰ ਕਾਮੇ ਜੀਣਾ ਹਰਾਮ ਹੋ ਗਿਆ ।

ਬਾਹਰੋਂ ਦੇਸ਼ ਉਡਾਣਾ ਰਾਂਹੀ ਵਿਦੇਸ਼ੀ ਲਈ ਜਾਂਦੇ ਨੇ,
ਦੇਸੀ ਕਾਮੇ ਘਰੋਂ ਦੂਰ ਬੈਠ ਪਰੇਸ਼ਾਨੀ ਹੰਢਾਉਦੇ ਨੇ।
ਭੁੱਖ ਹੋਈ ਏ ਗੁੰਮ ਸੁੰਮ ਫ਼ੇਲ ਇੰਤਜਾਮ ਹੋ ਗਿਆ ,
ਫਸ ਗਏ ਮਜ਼ਬੂਰ ਕਾਮੇ ਜੀਣਾ ਹਰਾਮ ਹੋ ਗਿਆ ।

ਜਾਣਦੇ ਨੇ ਲੋਕ ਕਰੋਨੇ ਦਾ ਕਹਿਰ ਬੜਾ ਭਾਰਾ ਹੈ,
ਪਰ ਕੰਮ ਬਿਨਾ ਰੱਖਣਾ ਕਰੀ ਬੇਘਰ ਵੀ ਮਾੜਾ ਹੈ ।
ਕਰਨਾ ਪੈਣਾ ਛੇਤੀ ਹੱਲ ਕਾਮਾ ਬੇਅਰਾਮ ਹੋ ਗਿਆ,
ਫਸ ਗਏ ਮਜ਼ਬੂਰ ਕਾਮੇ ਜੀਣਾ ਹਰਾਮ ਹੋ ਗਿਆ ।



– ਰਬਿੰਦਰ ਸ਼ਰਮਾ
ravinder_sarja@yahoo.co.in

## ਨਾਰੀ ਦਾ ਸਤਿਕਾਰ

ਖੋ ਰਿਹਾ ਹੈ ਅੱਜਨਾਰੀ ਦਾ ਸਤਿਕਾਰ
ਦਿਖਾਵੇ ਲਈ ਪੂਜ ਰਹੇ ਹਾਂਨਿਰਾਕਾਰ
ਦੇਸ਼ ਵਿੱਚ ਹਰ ਘੰਟੇ ਹੋ ਰਿਹਾ ਬਲਾਤਕਾਰ
ਨਾਰੀ ਦਾ ਜਿਊਣਾ ਹੋ ਰਿਹਾ ਹੈ ਦੁਸ਼ਵਾਰ
ਟਾਖਰ ਕੌਣ ਹੈ ਇਸ ਸਭ ਦਾ ਜਿੰਮੇਵਾਰ
ਲਗਦਾ ਹੈ ਖਤਮ ਹੋ ਰਹੇ ਨੇ ਸੰਸਕਾਰ
ਸਮਾਜ ਦੀ ਮਾਨਸਿਕਤਾ ਵੀ ਹੈ ਬਿਮਾਰ
ਲੱਚਰ ਗੀਤਾਂ, ਨਾਟਕਾਂ ਅਤੇ ਫਿਲਮਾਂ ਦੀ
ਚਾਰੇ ਪਾਸੇ ਅੱਜ ਹੋ ਰਹੀ ਹੈ ਭਰਮਾਰ
ਸੈਂਸਰ ਬੋਰਡ ਵੀ ਹੈ ਇਸ ਦਾ ਜਿੰਮੇਵਾਰ
ਨਹੀਂਰੋਕ ਰਿਹਾ ਜੋ ਅਸ਼ਲੀਲਤਾ ਦਾ ਪ੍ਰਚਾਰ
ਗੈਂਗਰੇਪ ਦੀਆਂ ਘਟਨਾਵਾਂ ਕੀਤਾ ਸ਼ਰਮਸਾਰ
ਆਉ ਸਖ਼ਤ ਕਾਨੂੰਨ ਬਣਾ ਕੇ ਰੱਖੀਏ
ਨਿਆਂਪਾਲਿਕਾ ਦੀ ਸ਼ਾਨ ਬਰਕਰਾਰ
ਦੇਖੋ ਹੁਣ ਮਾਂ ਭੈਣ ਅਤੇ ਬੇਟੀ ਨਾ ਬਣੇ
ਕਿਸੇ ਵੀ ਤਰਾਂ ਦਰਿੰਦਗੀ ਦਾ ਸ਼ਿਕਾਰ
ਔਰਤ ਨੂੰ ਦਈਏ ਜਿਉਣ ਦਾ ਅਧਿਕਾਰ
ਇਹੀ ਹੈ ਸਾਡੇ ਗੁਰੂ ਪੀਰਾਂ ਦਾ ਪ੍ਰਚਾਰ।



ਸੰਜੇ ਕੁਮਾਰ,
ਨਾਭਾ
91-95010-21184

## ਆਖ਼ਿਰ ਇਸ ਉੱਗ ਆਉਣਾ

ਅਸੀਂ ਕਿਸ ਦੇਸ ਹੈ ਜਾਣਾ
ਅਸੀਂ ਕਿਸ ਦੇਸ ਹੈ ਮਰਨਾ
ਅਸੀਂ ਕਿਸੇ ਦੇਸ ਨਾ ਜਾਣਾ
ਅਸੀਂ ਇਸੇ ਦੇਸ ਹੈ ਮਰਨਾ।

ਇਸ ਦੇਸ ਦੀ ਧਰਤੀ ਵਿਚੋਂ
ਅਸੀਂ ਹਾਂ ਉੱਗੇ ਹੋਏ
ਸੜਦੇ ਸਿਖਰ ਦੁਪਹਿਰੇ ਵਿਚ ਹੈ
ਸਿੱਖ ਲਿਆ ਅਸੀਂ ਰਹਿਣਾ।

ਘਾਹ ਨੂੰ ਭਾਵੇਂ ਅੱਗਾਂ ਲਾਵੋ
ਭਾਵੇਂ ਜੜ੍ਹੋਂ ਉਖੇੜੋ
ਜੇਠ-ਹਾੜ੍ਹ ਦੇ ਲੰਘਣ ਮਗਰੋਂ
ਆਖ਼ਿਰ ਇਸ ਉੱਗ ਆਉਣਾ।

ਜਿੱਥੇ ਕਣਕ ਸੁਨਹਿਰੀ ਮਹਿਕੇ
ਫੁੱਲ ਗੁਲਾਬੀ ਟਹਿਕਣ
ਕਾਲੀਆਂ ਰਾਤਾਂ ਮਗਰੋਂ ਆਖ਼ਿਰ
ਦਿਨ ਨੇ ਹੈ ਚੜ੍ਹ ਆਉਣਾ।

ਪਾਣੀਆਂ ਨੂੰ ਲੱਖ ਡਾਂਗਾਂ ਮਾਰੋ
ਭਾਵੇਂ ਲੀਕਾਂ ਫੇਰੋ
ਤੂਫ਼ਾਨਾਂ ਦੇ ਮਗਰੋਂ ਵੀ ਪਰ
ਸਾਗਰ ਬਣ ਕੇ ਰਹਿਣਾ।

– ਰਿਪੁਦਮਨ ਸਿੰਘ ਰੂਪ



## ਕਰੋਨਾ ਲਈ ਕਵਿਤਾ

ਹੱਥ ਧੋ ਧੋ ਕੇ ਅੱਕਗੇ ਅਸੀਂ,
ਟੀ. ਵੀ. ਦੇਖ-ਦੇਖ ਕੇ ਅੱਕਗੇ ਅਸੀਂ।
ਵਿਹਲਿਆਂ ਨੂੰ ਹੁਣ ਨੀਂਦ ਨੀ ਆਉਂਦੀ,
ਕੋਈ ਯਾਦ ਸਤਾਉਂਦੀ ਹੀ ਰਹਿੰਦੀ।
ਬੈਠ ਬੈਠ ਕੇ ਸੋਫੇ ਘਸਗੇ,
ਘਰਦਿਆਂ ਨਾਲ ਲੜ ਕੇ ਹਟਗੇ।
ਮਸਾਂ ਮਸਾਂ ਕਰਫਿਊ ਖੁੱਲ੍ਹਣ ਲੱਗਾ,
ਦਾਰੂ ਦਾ ਚਸਕਾ ਭੁੱਲਣ ਸੀ ਲੱਗਾ।
ਪੱਤਰਕਾਰਾਂ ਕਿਉਂ ਸ਼ੋਰ ਮਚਾਇਆ,
ਗਰੀਬ ਦਾ ਦਰਦ ਚੇਤੇ ਨਾ ਆਇਆ।
ਉਹਨਾਂ ਉਹੀ ਕਮਾਣਾ ਉਹੀ ਖਾਣਾ,
ਪਰ ਮੰਗਣ ਕਿਸੇ ਨਾ ਜਾਣਾ।
ਇਨ੍ਹਾਂ ਦੀ ਕੋਈ ਸੁਣੋ ਅਰਜੋਈ,
ਢਿੱਡ ਦੀ ਭੁੱਖ ਕਰੋਨਾ ਤੋਂ ਵੱਡੀ ਹੋਈ।

-ਸੁਖਚਰਨ ਸਿੰਘ 'ਸਾਹੋਕੇ''

## ਹਾਲਾਤ-ਏ-ਵਰਤਮਾਨ!



ਲੌਕਡਾਊਨ ਨੇ ਪੱਕਾ ਹੀ 'ਲੌਕ' ਲਾ ਕੇ
ਦੱਬ ਦਿੱਤੇ ਨੇ ਦਿਲੀ ਅਰਮਾਨ ਸਾਡੇ।
ਹੁਣ ਨਾ ਖੜਕਦਾ ਕਦੇ ਵੀ ਗੇਟ ਬੂਹਾ
ਆਵੇ ਘਰੇ ਨਾ ਕੋਈ ਮਹਿਮਾਨ ਸਾਡੇ।
ਕੋਈ ਖੰਘੇ ਜਾਂ ਕਿਸੇ ਨੂੰ ਛਿੱਕ ਆ ਜਏ
ਡਰ ਸਹਿਮ ਸੁਕਾਉਂਦਾ ਏ ਪ੍ਰਾਨ ਸਾਡੇ।
ਫੜਕੇ ਕੰਨਾਂ ਤੋਂ ਕੁਦਰਤ ਨੇ ਕਰੇ ਲਾਗੇ
ਚਾਹੀਏ ਬਦਲਨੇ 'ਸੁਰ' ਤੇ 'ਤਾਨ' ਸਾਡੇ।
ਜਾਣ ਲਈ ਬਾਜਾਰ ਨੂੰ ਤਰਸ ਗਈਆਂ
ਘਰੀਂ ਬੈਠੀਆਂ ਬੀਬੀਆਂ ਜਕੜੀਆਂ ਜੀ।
'ਹੱਥ ਧੋਣ' ਦੇ ਮਗਰ ਪਏ 'ਹੱਥ ਧੋ ਕੇ'
ਛੱਡੇ ਹੱਥ ਮਿਲਾਉਣੇ ਗਲਵੱਕੜੀਆਂ ਜੀ !

-ਤਰਲੋਚਨ ਸਿੰਘ ਦੁਪਾਲਪੁਰ
81950-25579

## ਇੱਕ ਫੁੱਲ

ਇੱਕ ਫੁੱਲ ਮੇਰੇ ਘਰ ਦੇ ਵਿਹੜੇ
ਖਿੜਿਆ, ਸੋਹਣਾ ਫਬਿਆ
ਇੰਵ ਜਾਪੇ ਜਿਉਂ ਚੰਨ ਦੀਆਂ ਰਿਸ਼ਮਾਂ
ਨੂਰ ਨਾਲ ਉਹ ਸਿੰਜਿਆ।

ਪੱਤੀ-ਪੱਤੀ ਦੇ ਵਿੱਚ ਡਲ੍ਹਕੇ
ਰੂਹ ਉਹਦੀ ਦਾ ਖੇੜਾ
ਇਉਂ ਜਾਪੇ ਜਿਉਂ ਰਲ਼ ਤਾਰਿਆਂ ਨੇ
ਰੰਗਿਆ ਸੀ ਮੇਰਾ ਵਿਹੜਾ।

ਐਪਰ ਉਸ ਦਿਨ ਨ੍ਹੇਰੀ-ਮੀਂਹਾਂ
ਰਲ਼ ਕੇ ਮਤਾ ਪਕਾਇਆ
ਇਹ ਸਾਡੇ ਵਲ ਕੱਢਦੈ ਅੱਖਾਂ
ਡਰ ਨਹੀਂ ਇਸ ਨੂੰ ਆਇਆ।

ਚਲ ਰਲ਼ ਇਹਨੂੰ ਸਬਕ ਸਿਖਾਈਏ
ਕਰੀਏ ਨਿੰਮੋਝੂਣਾ
ਜਗ ਦੀਆਂ ਮਾਰਾਂ ਅਸਾਂ ਖਾਧੀਆਂ
ਇਹ ਤਾਂ ਅਜੇ ਪਲੂਣ ਆਂ।

ਪਹਿਲੋਂ ਮੀਂਹ ਨੇ ਹੱਲਾ ਕੀਤਾ
ਫੁੱਲ ਦੀਆਂ ਪੱਤੀਆਂ ਭਿੱਜੀਆਂ
ਮਗਰੋਂ ਨ੍ਹੇਰੀ ਰੰਗ ਦਿਖਾਇਆ
ਸੱਧਰਾਂ ਗਈਆਂ ਮਿੱਧੀਆਂ।

ਜਿਸ ਟਾਹਣੀ ਨੂੰ ਫੁੱਲ ਸੀ ਖਿੜਿਆ
ਅੱਧ ਵਿਚਕਾਰੋਂ ਮੁੜ ਗਈ
ਤੜਪ ਜਹਾਨੋਂ ਜਾਂਦੇ ਫੁੱਲ ਨੇ
ਮਾਂ ਟਾਹਣੀ ਤਦ ਚੁੰਮ ਲਈ।

ਜਦ ਮੈਂ ਬਾਹਰ ਆਇਆ, ਦੇਖੀ,
ਫੁੱਲ ਦੀ ਐਸੀ ਹਾਲਤ
ਸੋਚਾਂ, ਕੈਸੇ ਸੋਹਣੇ ਫੁੱਲ ਦੀ
ਹੋਈ ਕੈਸੀ ਹਾਲਤ।

ਜੇਕਰ ਕਿਸੇ ਵਿਉਂਤ ਸੰਗ ਇਹ
ਬਚ ਜੇ' ਫੁੱਲ ਬਚਾਵਾਂ
ਐਪਰ ਘਰ ਦੀ ਰੌਣਕ ਨੂੰ ਮੈਂ
ਮੁੜ ਕੇ ਮੋੜ ਲਿਆਵਾਂ।

ਹੌਲ਼ੀ ਜਿਹੇ ਹਿਲਾ ਕੇ ਪੱਤੀਆਂ
ਪਹਿਲਾਂ ਭਾਰ ਛੁਡਾਇਆ
ਆਈ ਫੁੱਲ ਨੂੰ ਸੁਰਤ ਤਦੋਂ ਕੁਝ
ਕੁਝ-ਕੁਝ ਸਾਹ ਵੀ ਆਇਆ।

ਤੀਲ੍ਹੇ ਰੁੱਖਾਂ ਦੇ ਲੈ ਕੁਝ, ਬੰਨ੍ਹ,
ਟਾਹਣੀ ਸਿੱਧੀ ਕੀਤੀ
ਜਾਪਿਆ ਜਿਵੇਂ ਸੰਭਲ਼ ਗਈ ਹੋਵੇ
ਟੁੱਟੀ ਜੀਵਨ-ਰੀਤੀ।

ਸ਼ਾਮੀਂ ਮੁੜ ਜਦ ਤੱਕਿਆ ਫੁੱਲ ਨੂੰ
ਮੁੜ ਆਇਆ ਸੀ ਖੇੜਾ
ਪਹਿਲਾਂ ਵਰਗਾ ਸੱਜਣੋ ਸੀ ਫਿਰ
ਖਿੜ ਪਿਆ ਸਾਡਾ ਵਿਹੜਾ।

ਮੀਂਹ-ਨੇਰ੍ਹੀ ਨੇ ਰਲ਼ ਕੇ ਵੀ
ਦੋਹਾਂ ਨੇ ਕੁਝ ਨਾ ਪਾਇਆ
ਪਰ ਇੱਕ ਕੋਸ਼ਿਸ਼ ਨੇ ਮਨ ਮੇਰਾ
ਮਹਿਕਾਂ ਸੰਗ ਮਹਿਕਾਇਆ।
(ਪਲੂਣ × ਮਲੂਕ। ਜਿਸ ਨੂੰ
ਅਜੇ ਜੀਵਨ-ਤਜਰਬਾ ਨਹੀਂ ਹੋਇਆ।)

-ਡਾ. ਬਲਵੀਰ ਮੰਨਣ
91-94173-45485



## ਮਿੰਨੀ ਕਹਾਣੀ/ ਕੈਸਾ ਕਿਰਦਾਰ



ਮੇਜਰ ਸਿੰਘ ਨਾਭਾ
91-94635-53962

ਅੱਜ ਗੁਰਮੇਲ ਸਿੰਘ ਦੇ ਬੇਟੇ ਦੇ ਪੇਟ 'ਚ ਦਰਦ ਕਾਰਨ ਤਕਲੀਫ ਵੱਧ ਗਈ ।ਪਹਿਲਾਂ ਉਹ ਸ਼ਹਿਰ ਦੇ ਮੰਨੇ-ਪ੍ਰਮੰਨੇ ਪੇਟ ਦੇ ਰੋਗਾਂ ਦੇ ਮਾਹਿਰ ਡਾਕਟਰ ਕੋਲ ਬੇਟੇ ਨੂੰ ਚੈਕ ਕਰਵਾ ਕੇ ਦਵਾਈ ਦਵਾ ਲਿਆਇਆ ਸੀ।ਕੋਰੋਨਾ ਦੀ ਦਹਿਸ਼ਤ ਕਾਰਨ ਕਰਫਿਊ ਲੱਗਣ ਕਾਰਨ ਡਾਕਟਰਾਂ ਦੇ ਮਰੀਜ਼ਾਂ ਪ੍ਰਤੀ ਵਤੀਰਾ ਬਦਲ ਚੁੱਕਿਆ ਸੀ। ਟੈਲੀਫੋਨ ਤੇ ਸਮਾਂ ਲੈਣ ਤੇ ਉਹ ਡਾਕਟਰ ਸਾਬ੍ਹ ਕੋਲ ਚਲੇ ਗਏ ।ਰਸਤੇ 'ਚ ਜਾਂਦਾ ਉਹ ਸੋਚ ਰਿਹਾ ਸੀ ਕਿ ਸਾਇਦ ਡਾਕਟਰ ਇਸ ਲੌਕਡਾਊਨ ਦੀ ਔਖੀ ਘੜੀ 'ਚ ਫੀਸ ਨਾ ਹੀ ਲਵੇ ਜਾਂ ਘੱਟ ਲਵੇ। ਰਿਸੈਪਸਨ ਤੇ ਬੈਠੀ ਲੜਕੀ ਨੇ ਚਾਰ ਸੌ ਦੀ ਫੀਸ ਦੀ ਪਰਚੀ ਕੱਟ ਕੇ ਬਾਹਰ ਹੀ ਬੈਂਚ ਤੇ ਬੈਠਣ ਲਈ ਕਿਹਾ ਅਤੇ ਪੁਰਾਣੀ ਪਰਚੀ ਸੈਨੇਟਾਈਜ਼ ਕਰਕੇ ਡਾਕਟਰ ਕੋਲ ਭੇਜ ਦਿੱਤੀ।ਪਹਿਲੀ ਵਾਰ ਇਹ ਫੀਸ ਦੀ ਪਰਚੀ ਪੰਜ ਸੌ ਰੁਪਏ ਦੀ ਕੱਟੀ ਗਈ ਸੀ।ਭਾਵੇਂ ਇਥੇ ਕੋਰੋਨਾ ਦੇ ਮਰੀਜ਼ ਆਉਣ ਦੀ ਸੰਭਾਵਨਾ ਨਹੀਂ ਸੀ।ਆਮ ਮਰੀਜ਼ ਤੋਂ ਡਾਕਟਰਾਂ ਦੇ ਮਨਾਂ 'ਚ ਡਰ ਜਰੂਰ ਬੈਠ ਗਿਆ ਲੱਗਦਾ। ਲੜਕੀ ਨੇ ਵਾਰੀ ਆਉਣ ਤੇ ਗੁਰਮੇਲ ਸਿੰਘ ਨੂੰ ਬੁਲਾ ਕੇ ਸਾਹਮਣੇ ਸ਼ੀਸ਼ੇ ਦੇ ਕੈਬਿਨ 'ਚ ਬੈਠੇ ਡਾਕਟਰ ਨਾਲ ਫੋਨ ਤੇ ਹੀ ਵੀਡੀਉ ਕਾਲ ਕਰਵਾ ਕੇ ਗੱਲਬਾਤ ਕਰਾ ਦਿੱਤੀ।ਫੋਨ ਤੇ ਗੱਲ ਕਰਨ ਬਾਅਦ ਡਾਕਟਰ ਨੇ ਅੰਦਰੋਂ ਹੀ ਪਰਚੀ ਤੇ ਦਵਾਈ ਲਿਖ ਦਿੱਤੀ ਜੋ ਲੜਕੀ ਛੋਟੀ ਖਿੜਕੀ ਚੋਂ ਫੜ੍ਹ ਲਿਆਈ ਤੇ ਗੁਰਮੇਲ ਸਿੰਘ ਨੂੰ ਦੇ ਦਿੱਤੀ।ਪਹਿਲੀ ਵਾਰ ਡਾਕਟਰ ਨੇ ਬੇਟੇ ਦੇ ਪੇਟ ਨੂੰ ਚੰਗੀ ਤਰ੍ਹਾਂ ਹੱਥ ਨਾਲ ਟੋਹ ਟੋਹ ਕੇ ਚੈਕ ਕੀਤਾ ਸੀ।ਪਰ ਹੁਣ ਦੂਰੋਂ ਹੀ ਗੱਲਬਾਤ ਕਰਕੇ ਚਵਾਈ ਪਤਾ ਨਹੀਂ ਕਿਹੜੀ ਨਵੀਂ ਵਿਗਿਆਨਕ ਵਿਧੀ ਰਾਹੀਂ ਡਾਕਟਰ ਨੇ ਦਿੱਤੀ ,ਗੁਰਮੇਲ ਸਿੰਘ ਸੋਚ ਰਿਹਾ ਸੀ ਕਿ ਜਾਂ ਤਾਂ ਪਹਿਲਾਂ ਡਾਕਟਰ ਚੈਕ ਕਰਨ ਦਾ ਵਿਖਾਵਾ ਕਰਦਾ ਸੀ ਜਾਂ ਹੁਣ ਤੁੱਕੇ ਨਾਲ ਦਵਾਈ ਦੇ ਕੇ ਬੁੱਤਾ ਸਾਰ ਦਿੱਤਾ,ਪਰ ਫੀਸ ਉਹੀ ਪੂਰੀ।

## ਸਾਡੀ ਹੋ ਗਈ ਬੱਸ ਕਰੋਨਾ

ਅੰਦਰ ਬਹਿ ਬਹਿ ਥੱਕ ਗਏ ਹਾਂ ,
ਦਾਲਾਂ ਖਾ ਖਾ ਅੱਕ ਗਏ ਹਾਂ,
ਰਾਸ਼ਨ ਜੋ ਸੀ, ਛੱਕ ਗਏ ਹਾਂ।
ਹੁਣ ਤੇ ਮਗਰੋਂ ਲੱਥ ਕਰੋਨਾ ,
ਸਾਡੀ ਹੋ ਗਈ ਬੱਸ ਕਰੋਨਾ।

ਬਾਰ ਬਾਰ ਹੱਥ ਧੋਈ ਜਾਈਏ,
ਤੇਰੀ ਜਾਨ ਨੂੰ ਰੋਈ ਜਾਈਏ,
ਸਰੀਰੋਂ ਲਿਸੇ ਹੋਈ ਜਾਈਏ।
ਨਿਕਲੇ ਪਏ ਨੇ ਵੱਟ ਕਰੋਨਾ,
ਹੁਣ ਤੇ ਮਗਰੋਂ ਲੱਥ ਕਰੋਨਾ।

ਤੂੰ ਸਭ ਰਿਸ਼ਤੇਦਾਰ ਛੁੱਡਾਏ,
ਡਰਦਾ ਕੋਈ ਮਿਲਣ ਨਾ ਆਏ,
ਫੋਨਾਂ ਨਾਲ ਹੀ ਕੰਮ ਚਲਾਏ।
ਸਾਕਾਂ ਦੀ ਰੋਲੈਂ ਪੱਤ ਕਰੋਨਾ,
ਹੁਣ ਤੇ ਮਗਰੋਂ ਲੱਥ ਕਰੋਨਾ।

ਤਾਸ਼ ਖੇਡ ਚੜੱਕਿੱਲੀ ਮਾਰਨ,
ਕਈ ਜਿੱਤੀ ਹੋਈ ਬਾਜ਼ੀ ਹਾਰਨ,
ਕੁੱਝ ਵੇਖਕੇ ਬੁੱਤਾ ਸਾਰਣ।
ਚੇਤੇ ਆਉਂਦੀ ਸੱਥ ਕਰੋਨਾ,
ਹੁਣ ਤੇ ਮਗਰੋਂ ਲੱਥ ਕਰੋਨਾ।

ਕਿਉਂ ਲੋਕਾਂ ਨੂੰ ਮਾਰੀ ਜਾਵੈਂ ,
ਵੱਸਦੇ ਘਰ ਉਜਾੜੀ ਜਾਵੈਂ,
ਧੁਰ ਦੀ ਗੱਡੀ ਚਾੜ੍ਹੀ ਜਾਵੇ।
ਕਾਹਤੋਂ ਚੁੱਕੀ ਅੱਤ ਕਰੋਨਾ ,
ਹੁਣ ਤੇ ਮਗਰੋਂ ਲੱਥ ਕਰੋਨਾ ।

ਕੋਈ ਵੇਖੇ ਤਾਂ ਅੱਖ ਚੁਰਾਈਏ,
ਦੂਰੋਂ ਵੇਖਕੇ ਹੱਥ ਹਲਾਈਏ,
ਔਖੇ ਹੋ ਕੇ ਮਾਸਕ ਪਾਈਏ।
ਢੱਕਿਆਂ ਮੂੰਹ ਤੇ ਨੱਕ ਕਰੋਨਾ ,
ਹੁਣ ਤੇ ਮਗਰੋਂ ਲੱਥ ਕਰੋਨਾ ।

ਖੰਘ ਆਵੇ ਡਰਦੇ ਨਾ ਖੰਘੀਏ,
ਹਸਪਤਾਲ ਲਾਗੀਂ ਨਾ ਲੰਘੀਏ,
ਹਰ ਇਕ ਦੀ ਖੈਰ ਸੁੱਖ ਮੰਗੀਏ।
ਨਾ ਲੋਕਾਂ ਨੂੰ ਡੱਸ ਕਰੋਨਾ,
ਹੁਣ ਤੇ ਮਗਰੋਂ ਲੱਥ ਕਰੋਨਾ,
ਸਾਡੀ ਹੋ ਗਈ ਬੱਸ ਕਰੋਨਾ।'

## ਗ਼ਜ਼ਲ

ਕਾਲੇ ਸਿਆਹ ਨਾ ਹੁੰਦੇ, ਨ੍ਹੇਰੇ ਨੂੰ ਢੋਣ ਵਾਲੇ ।
ਮਨ ਦੇ ਨਾ ਮੈਲੇ ਹੁੰਦੇ, ਮੈਲੇ ਨੂੰ ਧੋਣ ਵਾਲੇ ।
ਸੰਘਰਸ਼ ਜਿੰਦਗੀ ਹੈ, ਉਹ ਭੁੱਲ ਜਾਂਦੇ ਬਿਲਕੁਲ,
ਦਿਨ ਰਾਤ ਹੰਝੂਆਂ ਦੀ, ਮਾਲਾ ਪਰੋਣ ਵਾਲੇ।
ਬਿਰਹੋਂ ਦਾ ਰੋਗ ਚੰਨਾ, ਦਿਲ ਤਾਈਂ ਲਾ ਗਿਆ ਜੋ,
ਲੱਭਣਗੇ ਵੈਦ ਕਿੱਥੋਂ, ਨਾੜੀ ਨੂੰ ਟੋਹਣ ਵਾਲੇ ?
ਬਚ ਕੇ ਰਹੀਂ ਇਨ੍ਹਾਂ ਤੋਂ, ਇਹ ਮਿੱਤ ਕਿਸੇ ਦੇ ਨਾਹੀਂ,
ਹੁਸਨਾਂ ਦੇ ਇਹ ਛਲਾਵੇ, ਦਿਲ ਤਾਈਂ ਮੋਹਣ ਵਾਲੇ।
ਧੀ ਪੁੱਤ ਵੇਚ ਦਿੱਤੇ, ਖੱਟੇ ਨੇ ਪੌਂਡ ਡਾਲਰ,
ਹੁਣ ਬਣ ਗਏ ਵਪਾਰੀ, ਮੱਝਾਂ ਨੂੰ ਚੋਣ ਵਾਲੇ।
ਕਿਰਤੀਓ ਹੱਥ ਨਾ ਅੱਡੋ, ਜਾਲਮ ਦੇ ਹੱਥ ਵੱਢੋ,
ਹੱਥਾਂ ਤੇ ਹੱਕ ਰੱਖਣ, ਹੱਕਾਂ ਨੂੰ ਖੋਹਣ ਵਾਲੇ।
ਪੀਂਦੇ ਨੇ ਜੋ ਸਿਤਮਗਰ, ਅੱਜ ਖ਼ੂਨ ਆਸ਼ਕਾਂ ਦਾ,
ਉੱਠਣਗੇ ਇੱਕ-ਨਾ-ਇੱਕ ਦਿਨ,ਬਰਬਾਦ ਹੋਣ ਵਾਲੇ।
ਦੇਖਾਂ ਕਿਵੇਂ ਬਚਾਵਣ,
ਆਪਾ ਇਹਦੀ ਜ਼ਹਿਰ ਤੋਂ,
"ਰੁਪਾਲ" ਨਾਗ ਜਹਿਰੀ,
ਅੰਦਰ ਲੁਕੋਣ ਵਾਲੇ ।



-ਜਸਵਿੰਦਰ ਸਿੰਘ
"ਰੁਪਾਲ"

## ਕੋਝੀ ਕੀਤੀ ਕਿਸੇ ਸ਼ਰਾਰਤ

ਕੋਝੀ ਕੀਤੀ ਕਿਸੇ ਸ਼ਰਾਰਤ
ਬਣ ਗਈ ਦੁਨੀਆ ਲਈ ਬੁਝਾਰਤ
ਵਰਲਡ ਦੀ ਮੰਦੀ ਹੋਈ ਤਜਾਰਤ
ਇਸ ਨੂੰ ਕਿਵੇਂ ਬਚਾਈ ਐ ਜੀ
ਆਓ ਕੱਠੇ ਹੋ ਕੇ ਇਸ ਨੂੰ ਸਬਕ ਸਿਖਾਈਏ ਜੀ

ਭੱਜ ਲੈ ਤੂੰ ਜਿੱਧਰ ਨੂੰ ਭੱਜਣਾ
ਕਿਧਰੇ ਥਾਂ ਨਹੀਂ ਲੁਕਣ ਨੂੰ ਲੱਭਣਾ
ਅਸਾਂ ਹੈ ਵਰਲਡ ਕੌਂਸਲ ਵਿੱਚ ਸੱਦਣਾ
ਦੋਸ਼ ਸਾਰੇ ਤਹਿ ਕਰਾਈਏ ਜੀ
ਆਓ ਕੱਠੇ ਹੋ ਕੇ ਇਸ ਨੂੰ ਸਬਕ ਸਿਖਾਈਏ ਜੀ

ਵੇਚਦਾ ਨਕਲੀ ਸਾਰਾ ਮਾਲ
ਇਨੂੰ ਪੁੱਛੋ ਸੱਦ ਬਠਾ਼ਲ
ਹੋਇਆ ਸੱਭ ਦਾ ਮੰਦੜਾ ਹਾਲ
ਇਸ ਨੂੰ ਹੈ ਸਮਝਾਈਏ ਜੀ
ਆਓ ਕੱਠੇ ਹੋ ਕੇ ਇਸ ਨੂੰ ਸਬਕ ਸਿਖਾਈਏ ਜੀ

ਬਿਜਨਸ ਗਏ ਜਗਤ ਦੇ ਠੱਪੇ
ਹਰ ਥਾਂ ਭੁੱਖ ਮਾਰੀ ਹੈ ਨੱਚੇ
ਭਾਂਬੜ ਮੰਦਹਾਲੀ ਦੇ ਮੱਚੇ
ਮਰਦੇ ਲੋਕ ਬਚਾਈਏ ਜੀ
ਆਓ ਕੱਠੇ ਹੋ ਕੇ ਇਸ ਨੂੰ ਸਬਕ ਸਿਖਾਈਏ ਜੀ

ਇਹ ਹੈ ਸਾਰੇ ਜਗਤ ਦਾ ਵੈਰੀ
ਚੱਲਦਾ ਚਾਲ ਬੜੀ ਹੈ ਗਹਿਰੀ
ਕਾਵਿ ਭੰਡਾਲ ਜੋੜਦਾ ਸੈਰੀ
ਹੋਰ ਨਾਂ ਰੋਗ ਵਧਾਈਏ ਜੀ
ਆਓ ਕੱਠੇ ਹੋ ਕੇ ਇਸ ਨੂੰ ਸਬਕ ਸਿਖਾਈਏ ਜੀ



ਗੁਰਨਾਮ ਸਿੰਘ ਭੰਡਾਲ



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop




**Buying or Selling any Business? Call Now 916-271-5404**

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




Indian Restaurant
For Sale In Stockton
All Equipment & Fixtures Included
Listing Price: $149,900




Smoke Shop for Sale in Sacramento
Monthly Gross Sales: $50K
Listing Price: $89,000




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY $1500/mo.
Listing Price to $149,000
Sacramento, CA




Liquor Store for Sale in Santa Clara
Monthly Gross Sale: $90K
Listing Price: $649,000 plus Inventory




Subway
for Sale in Sacramento
Listing Price: $224,900




Indian Restaurant
for Sale in Sacramento
Listing Price: $149,000




Coffee Shop for Sale
Monthly Gross Sales: $25,000
Listing Price: $150,000




7Eleven
7 Eleven Store For Sale in Antioch, CA
Listing Price: $550,000




3 Bedroom 1 Bath Home on
10 Acre Lot
Listing Price: $1,500,000




Elite Real Estate
Home Services
BERKSHIRE HATHAWAY




*Have you been thinking of buying Rental Properties?*

Call me and I can help you buy Rental properties in Sacramento Area with positive Cash in your pocket every month. Tenants are paying off your rental property for you and putting extra money in your pocket! What else do you want! Everyday investors are buying a home to rent in Sacramento because there is high demand for rentals in Sacramento. If you want to invest in rental properties! Call meat 916-271-5404 or email me at banga.realtor@gmail.com

**OFFICE: 7412 ELSIE AVE., SACRAMENTO, CA 95828**